# ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ

## ਇਕ ਆਲੋਚਨਾਤਮਿਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫੈਕਲਟੀ
ਅਧੀਨ ਪੀਐਚ. ਡੀ. (ਧਰਮ ਅਧਿਐਨ) ਦੀ
ਡਿਗਰੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

(ਜੁਲਾਈ, 2015)

*ਨਿਗਰਾਨ:*

**ਡਾ. ਦਰਸ਼ਨ ਸਿੰਘ**
(ਰਿਟਾ. ਪ੍ਰੋ.)

**ਖੋਜਾਰਥਣ:**

**ਪਲਵਿੰਦਰ ਕੌਰ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਪਲਵਿੰਦਰ ਕੌਰ ਨੇ ***ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ : ਇਕ ਆਲੋਚਨਾਤਮਿਕ ਵਿਸ਼ਲੇਸ਼ਣ*** ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਤੇ ਉਸ ਦੀ ਮਿਹਨਤ ਦਾ ਫਲ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫਾਰਿਸ਼ ਕਰਦਾ ਹਾਂ।

**ਮਿਤੀ :** 3/7/2015

**ਡਾ. ਦਰਸ਼ਨ ਸਿੰਘ**
(ਰਿਟਾ. ਪ੍ਰੋ.)

**ਇ**ਸ ਧਰਤੀ ਉਤੇ ਮਨੁਖ ਦੀ ਆਮਦ ਇਕ ਵਚਿਤਰ ਤੇ ਅਦਭੁਤ ਘਟਨਾ ਹੈ। ਸੰਸਾਰ ਵਿਚ ਕੁਝ ਅਜਿਹੇ ਮਨੁਖ ਵੀ ਆਉਂਦੇ ਹਨ ਜਿਹੜੇ ਆਪਣੀ ਉਚ ਕਰਨੀ ਰਾਹੀਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਉਤੇ ਆਪਣੀਆਂ ਅਭੁਲ ਯਾਦਾਂ ਛਡ ਜਾਂਦੇ ਹਨ। ਸਿੱਖ ਇਤਿਹਾਸ ਅਜਿਹੇ ਮਨੁਖਾਂ ਦੀ ਦਾਸਤਾਨ ਨਾਲ ਭਰਿਆ ਹੋਇਆ ਹੈ। ਇਨ੍ਹਾਂ ਵਿਚ ਮਹਾਂਪੁਰਖ, ਸੰਤ, ਮਹਾਤਮਾ, ਸੂਰਮੇ, ਦਾਨੀ, ਵਿਦਵਾਨ, ਆਦਿ ਅਨੇਕ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਵੀਹਵੀਂ ਸਦੀ ਦੇ ਮੁਢਲੇ ਦਹਾਕੇ ਵਿਚ ਅਜਿਹੇ ਅਨੇਕ ਸਤਿਕਾਰਤ ਪੁਰਸ਼ ਪੈਦਾ ਹੋਏ, ਜਿਨ੍ਹਾਂ ਨੇ ਇਤਿਹਾਸ ਦੇ ਸਫ਼ਿਆਂ ਉਤੇ ਆਪਣੀਆਂ ਡੂੰਘੀਆਂ ਪੈੜਾਂ ਛਡੀਆਂ। ਇਨ੍ਹਾਂ ਵਿਚੋਂ ਡਾ. ਸ਼ੇਰ ਸਿੰਘ ਇਕ ਅਜਿਹੀ ਵਿਲਖਣ ਸ਼ਖਸੀਅਤ ਦਾ ਨਾਂ ਹੈ, ਜਿਸ ਦਾ ਜ਼ਿਕਰ ਅਕਾਦਮਿਕ ਜਗਤ ਵਿਚ ਬਹੁਤ ਮਾਣ ਨਾਲ ਲਿਆ ਜਾਂਦਾ ਹੈ। ਡਾ. ਸ਼ੇਰ ਸਿੰਘ ਨੇ ਗੁਰਮਤਿ ਆਸ਼ਿਆਂ ਦੀ ਨਿਵੇਕਲੀ ਵਿਆਖਿਆਕਾਰੀ ਕਰਕੇ ਸਿੱਖ ਇਤਿਹਾਸ ਦੇ ਵਰਕਿਆਂ ਉਤੇ ਆਪਣੇ ਲਈ ਚਿਰਜੀਵੀ ਥਾਂ ਬਣਾਈ ਹੈ। ਇਸ ਅਧਿਆਇ ਦੇ ਦੋ ਮੁਖ ਭਾਗ ਹਨ : ਜੀਵਨ ਅਤੇ ਸ਼ਖਸੀਅਤ।

## ੳ.1. ਜੀਵਨ

ਡਾ. ਸ਼ੇਰ ਸਿੰਘ ਦੇ ਜੀਵਨ ਨੂੰ ਹੇਠਲੇ ਬਿੰਦੂਆਂ ਉਤੇ ਕੇਂਦਰਿਤ ਕੀਤਾ ਗਿਆ ਹੈ:

### 1.1 ਜਨਮ

ਡਾ. ਸ਼ੇਰ ਸਿੰਘ ਦਾ ਜਨਮ 1 ਫਰਵਰੀ, 1903 ਈ. ਨੂੰ ਪਿੰਡ ਬਿਲਾਸਪੁਰ[1], ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ।[2] ਇਹ ਪਿੰਡ ਮੋਗਾ-ਬਰਨਾਲਾ ਰੋਡ ਉਤੇ ਲਗਪਗ ਵੀਹ ਮੀਲ ਦੀ ਦੂਰੀ ਉਤੇ ਹੈ। ਆਪ ਦੇ ਪਿਤਾ ਸ. ਵਰਿਆਮ ਸਿੰਘ ਤੇ ਮਾਤਾ ਪ੍ਰੀਤ ਕੌਰ ਸਧਾਰਨ

---

[1] ਪੰਜਾਬ ਵਿਚ ਨਵੇਂ ਜ਼ਿਲ੍ਹੇ ਬਣਨ ਕਾਰਨ ਅਜਕਲ੍ਹ (2015) ਇਹ ਪਿੰਡ ਜ਼ਿਲ੍ਹਾ ਮੋਗਾ ਅਧੀਨ ਪੈਂਦਾ ਹੈ।

[2] ਡਾ. ਸ਼ੇਰ ਸਿੰਘ ਦੇ ਜਨਮ ਅਸਥਾਨ ਬਾਰੇ ਕੋਈ ਇਕ ਮਤ ਪ੍ਰਾਪਤ ਨਹੀਂ ਹੋ ਸਕਿਆ। ਗਿਆਨੀ ਹਰੀ ਸਿੰਘ ਤੇ ਬੀਬੀ ਰਾਜਿੰਦਰ ਕੌਰ ਨੇ ਉਨ੍ਹਾਂ ਦਾ ਜਨਮ, ਪਿੰਡ ਬਿਲਾਸਪੁਰ ਦਾ ਦਸਿਆ ਹੈ। ਵੇਖੋ : ਹਰੀ ਸਿੰਘ ਗਿਆਨੀ ਅਤੇ ਪਰਮਦੀਪ, *ਵਿਦਿਆ ਦੇ ਪਿੜ ਵਿਚ,* ਮਹਿੰਦਰਾ ਆਰਟ ਪ੍ਰੈਸ, ਲੁਧਿਆਣਾ, 1975, ਪੰਨਾ 24 ; ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1986, ਪੰਨਾ 1 ; ਪ੍ਰੋ. ਪ੍ਰੀਤਮ ਸਿੰਘ ਜੀ ਨੇ ਡਾ. ਸ਼ੇਰ ਸਿੰਘ ਦਾ ਜਨਮ ਅਸਥਾਨ ਪਟਿਆਲਾ ਯੂਨੀਅਨ ਦਾ ਇਕ ਪਿੰਡ ਅਕਾਲੀਆਂ ਕਲਾਂ ਦਸਿਆ ਹੈ। ਵੇਖੋ : ਪ੍ਰੀਤਮ ਸਿੰਘ (ਸੰਪਾ.), *ਭਾਵ-ਚਿਤਰ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1954 (ਦੂਜੀ ਵਾਰ), ਪੰਨਾ 114. ਇਸੇ ਤਰ੍ਹਾਂ *ਪੰਜਾਬੀ ਦੁਨੀਆ* ਦੇ ਅੰਕ, ਮਈ, 1975, ਪੰਨਾ 213 ਉਤੇ ਛਪੇ ਇਕ ਲੇਖ ਵਿਚ ਡਾ. ਸ਼ੇਰ ਸਿੰਘ ਦਾ ਜਨਮ ਸਥਾਨ ਨਾਭਾ ਸ਼ਹਿਰ ਲਿਖਿਆ ਗਿਆ ਹੈ। ਇਨ੍ਹਾਂ ਉਪਰੋਕਤ ਵਿਦਵਾਨਾਂ ਤੋਂ ਇਲਾਵਾ ਡਾ. ਸ਼ੇਰ ਸਿੰਘ ਦੇ ਸਪੁਤਰਾਂ ਸ. ਗੁਰਭਜਨ ਸਿੰਘ ਅਤੇ ਸ. ਹਰਭਜਨ ਸਿੰਘ ਨਾਲ ਕੀਤੀ ਨਿਜੀ ਮੁਲਾਕਾਤ ਅਨੁਸਾਰ ਉਨ੍ਹਾਂ ਨੂੰ ਵੀ ਇਸ ਬਾਬਤ ਕੋਈ ਪੁਖਤਾ ਜਾਣਕਾਰੀ ਨਹੀਂ।

ਕਿਰਸਾਣ ਪਰਿਵਾਰ ਨਾਲ ਸੰਬੰਧਿਤ ਸਨ। ਪਿਤਾ ਦੀ ਯੋਗ ਅਗਵਾਈ ਤੇ ਧਾਰਮਿਕ ਪਰਵਿਰਤੀ ਦਾ ਆਪ ਦੇ ਜੀਵਨ ਉਤੇ ਡੂੰਘਾ ਅਸਰ ਹੋਇਆ। ਉਸ ਸਮੇਂ ਦੌਰਾਨ ਨਾਮਧਾਰੀਆਂ ਦੇ ਵਧਦੇ ਪ੍ਰਭਾਵ ਕਾਰਨ ਆਪ ਦੇ ਪਿਤਾ ਇਨ੍ਹਾਂ ਵਿਚ ਸ਼ਾਮਿਲ ਹੋ ਗਏ, ਜਿਸ ਕਾਰਨ ਉਨ੍ਹਾਂ ਦੀ ਗੁਰਬਾਣੀ ਪ੍ਰਤੀ ਵਿਸ਼ੇਸ਼ ਰੁਚੀ ਬਣੀ। ਆਪ ਦੇ ਪਿਤਾ ਬਹੁਤ ਹੀ ਇਮਾਨਦਾਰ ਅਤੇ ਮਿਹਨਤੀ ਵਿਅਕਤੀ ਸਨ। ਉਨ੍ਹਾਂ ਦੀ ਐਨੀ ਸਮਰਥਾ ਨਹੀਂ ਸੀ ਕਿ ਉਹ ਆਪਣੇ ਸੀਮਿਤ ਆਰਥਿਕ ਸਾਧਨਾਂ ਨਾਲ ਬਾਲਕ ਸ਼ੇਰ ਸਿੰਘ ਨੂੰ ਪੜ੍ਹਾ-ਲਿਖਾ ਸਕਦੇ, ਕਿਉਂਕਿ ਉਨ੍ਹਾਂ ਕੋਲ ਆਪਣੇ ਪਰਿਵਾਰ ਦੇ ਜੀਵਨ-ਨਿਰਬਾਹ ਲਈ ਕੁਝ ਕੁ ਵਾਹੀ ਯੋਗ ਜ਼ਮੀਨ ਸੀ। ਸ਼ੇਰ ਸਿੰਘ ਦੇ ਤਾਇਆ ਗਿ. ਹਰਦਿਤ ਸਿੰਘ ਵਿਦਿਆ ਦੇ ਬਹੁਤ ਕਦਰਦਾਨ ਸਨ, ਉਨ੍ਹਾਂ ਨੇ ਸ਼ੇਰ ਸਿੰਘ ਨੂੰ ਪੜ੍ਹਾਈ ਕਰਨ ਲਈ ਪ੍ਰੇਰਿਆ। ਪ੍ਰੇਰਨ ਦੇ ਨਾਲ-ਨਾਲ ਉਨ੍ਹਾਂ ਨੇ ਸ਼ੇਰ ਸਿੰਘ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲੈ ਲਈ। ਗਿ. ਹਰਦਿਤ ਸਿੰਘ ਦੁਆਰਾ ਦਿਤੀ ਆਰਥਿਕ ਮਦਦ ਸਦਕਾ ਹੀ ਸ਼ੇਰ ਸਿੰਘ ਮੁਢਲੀ ਵਿਦਿਆ ਪ੍ਰਾਪਤ ਕਰਨ ਵਿਚ ਕਾਮਯਾਬ ਹੋ ਸਕੇ।

## 1.2 ਪਰਿਵਾਰ

ਡਾ. ਸ਼ੇਰ ਸਿੰਘ ਦਾ ਵਿਆਹ ਸੁਧਾਰ ਨਿਵਾਸੀ ਸੂਬੇਦਾਰ ਹਰਦਿਤ ਸਿੰਘ ਗਿਲ ਦੀ ਸਪੁਤਰੀ ਬੀਬੀ ਅਮਰਜੀਤ ਕੌਰ ਨਾਲ 1928 ਈ. ਵਿਚ ਹੋਇਆ। ਵਿਆਹ ਤੋਂ ਕੁਝ ਚਿਰ ਮਗਰੋਂ ਵਾਹਿਗੁਰੂ ਨੇ ਕ੍ਰਮਵਾਰ ਆਪ ਨੂੰ ਦੋ ਲੜਕੇ ਤੇ ਇਕ ਲੜਕੀ ਦੀ ਦਾਤ ਬਖਸ਼ੀ। ਆਪਣੇ ਬਚਿਆਂ ਨੂੰ ਆਪ ਨੇ ਉਚ ਵਿਦਿਆ ਦੇ ਕੇ ਚੰਗੇ ਇਨਸਾਨ ਬਣਾਇਆ। ਆਪ ਦੇ ਦੋਨੋਂ ਲੜਕੇ ਸ. ਗੁਰਭਜਨ ਸਿੰਘ (ਵਡੇ) ਤੇ ਸ. ਹਰਭਜਨ ਸਿੰਘ (ਛੋਟੇ) ਅਜਕਲ੍ਹ (2015) ਭਾਰਤੀ ਰੇਲਵੇ ਵਿਚੋਂ ਬਤੌਰ ਚੀਫ਼ ਇੰਜਨੀਅਰ ਸੇਵਾ ਮੁਕਤ ਹੋ ਕੇ ਆਪੋ-ਆਪਣੇ ਪਰਿਵਾਰਾਂ ਨਾਲ ਪੰਜਾਬ ਮਾਤਾ ਨਗਰ, ਲੁਧਿਆਣਾ ਵਿਖੇ ਰਹਿ ਰਹੇ ਹਨ। ਆਪ ਦੀ ਸਪੁਤਰੀ ਸੰਨ 1993 ਵਿਚ ਅਕਾਲ ਚਲਾਣਾ ਕਰ ਗਈ।

## 1.3 ਵਿਦਿਆ

ਡਾ. ਸ਼ੇਰ ਸਿੰਘ ਦੀ ਬਚਪਨ ਤੋਂ ਹੀ ਪੜ੍ਹਨ ਵਿਚ ਵਿਸ਼ੇਸ਼ ਰੁਚੀ ਸੀ। ਉਨ੍ਹਾਂ ਨੇ ਆਪਣੀ ਮੁਢਲੀ ਪੜ੍ਹਾਈ ਪਿੰਡ ਤਖਤਪੁਰਾ ਤੇ ਪਿੰਡ ਬੁੱਟਰ ਦੇ ਸਕੂਲਾਂ ਵਿਚ ਪ੍ਰਾਪਤ ਕੀਤੀ।[3] 1915 ਵਿਚ

[3] ਇਹ ਦੋਵੇਂ ਪਿੰਡ ਮੋਗੇ ਜਿਲ੍ਹੇ ਵਿਚ ਹਨ।

ਪ੍ਰਾਇਮਰੀ ਦਾ ਇਮਤਿਹਾਨ ਪਾਸ ਕਰਨ ਉਪਰੰਤ ਵਰਨੈਕੂਲਰ ਮਿਡਲ ਸਕੂਲ, ਬੁੱਟਰ ਵਿਚ ਦਾਖ਼ਲਾ ਲਿਆ। ਇਸ ਸਕੂਲ ਵਿਚ ਉਨ੍ਹਾਂ ਨੇ ਮਿਹਨਤ ਕਰਕੇ ਚੰਗੇ ਨੰਬਰਾਂ ਨਾਲ ਨੌਵੀਂ ਪਾਸ ਕੀਤੀ। 1922 ਵਿਚ ਦਸਵੀਂ ਦੇ ਇਮਤਿਹਾਨ ਪ੍ਰਾਈਵੇਟ (ਨਿਜੀ) ਤੌਰ 'ਤੇ ਪਹਿਲੇ ਦਰਜੇ ਵਿਚ ਪਾਸ ਕੀਤੇ। ਪ੍ਰਾਈਵੇਟ ਇਮਤਿਹਾਨ ਦੇਣ ਦਾ ਕਾਰਨ ਕੁਝ ਇਉਂ ਬਣਿਆ ਕਿ ਗਾਂਧੀ ਨੇ 1920 ਵਿਚ ਸਵਰਾਜ ਦੀ ਪ੍ਰਾਪਤੀ ਲਈ ਨਾ-ਮਿਲਵਰਤਨ ਲਹਿਰ ਸ਼ੁਰੂ ਕੀਤੀ ਸੀ। ਇਸ ਲਹਿਰ ਵਿਚ ਗਾਂਧੀ ਨੇ ਨੌਜਵਾਨ ਵਿਦਿਆਰਥੀਆਂ ਨੂੰ ਵਧ-ਚੜ੍ਹ ਕੇ ਹਿਸਾ ਲੈਣ ਲਈ ਪ੍ਰੇਰਿਆ। ਇਸੇ ਪ੍ਰੇਰਨਾ ਸਦਕਾ ਸ਼ੇਰ ਸਿੰਘ 1922 ਵਿਚ ਪਹਿਲ ਦੇ ਅਧਾਰ 'ਤੇ ਇਸ ਲਹਿਰ ਵਿਚ ਸ਼ਾਮਿਲ ਹੋਏ। ਇਸ ਕਿਸਮ ਦੀ ਸ਼ਮੂਲੀਅਤ ਉਸ ਸਮੇਂ ਅੰਗਰੇਜ਼ ਸਰਕਾਰ ਦੀ ਨਜ਼ਰ ਵਿਚ ਦੇਸ਼-ਵਿਦਰੋਹ ਸਮਝੀ ਜਾਂਦੀ ਸੀ। ਇਸ ਲਈ ਮਹਾਤਮਾ ਗਾਂਧੀ ਵਲੋਂ ਸ਼ੁਰੂ ਕੀਤੀ ਇਸ ਨਾ-ਮਿਲਵਰਤਨ ਲਹਿਰ ਵਿਚ ਸ਼ਾਮਿਲ ਹੋਣ ਕਾਰਨ ਕਿਸੇ ਵੀ ਸਕੂਲ ਵਿਚ ਸ਼ੇਰ ਸਿੰਘ ਨੂੰ ਦਾਖ਼ਲਾ ਨਾ ਮਿਲ ਸਕਿਆ।

1922 ਵਿਚ ਹੀ ਉਨ੍ਹਾਂ ਨੇ ਦਸਵੀਂ ਦੇ ਨਾਲ-ਨਾਲ ਗਿਆਨੀ ਦਾ ਇਮਤਿਹਾਨ ਵੀ ਪਹਿਲੇ ਦਰਜੇ ਵਿਚ ਪਾਸ ਕੀਤਾ। 1924 ਵਿਚ ਸ਼ੇਰ ਸਿੰਘ ਨੇ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਐਫ. ਏ. ਪਾਸ ਕੀਤੀ। ਜ਼ਿਕਰਯੋਗ ਹੈ ਕਿ ਉਸ ਸਮੇਂ ਇਸ ਕਾਲਜ ਦੀ ਹਾਲਤ ਬਹੁਤ ਤਰਸਯੋਗ ਸੀ। ਇਸ ਕਾਲਜ ਦਾ ਪ੍ਰਬੰਧ ਝੋਲੀ ਚੁਕਾਂ ਤੇ ਸਰਕਾਰੀ ਪਿਠੂਆਂ ਹਥ ਸੀ। ਇਨ੍ਹਾਂ ਹਥੋਂ ਕਾਲਜ ਦਾ ਪ੍ਰਬੰਧ ਸੁਤੰਤਰ ਕਰਵਾਉਣ ਲਈ ਕੁਝ ਸੁਹਿਰਦ ਵਿਦਿਆਰਥੀਆਂ ਦੁਆਰਾ ਇਕ ਲਹਿਰ ਚਲਾਈ ਜਾ ਰਹੀ ਸੀ। ਇਸ ਲਹਿਰ ਨੂੰ ਦੇਖ ਕੇ ਸ਼ੇਰ ਸਿੰਘ ਵੀ ਸਰਗਰਮ ਹੋ ਗਏ ਅਤੇ ਉਨ੍ਹਾਂ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਸੰਗਠਿਤ ਕਰਕੇ ਹੜਤਾਲ ਅਤੇ ਮੁਜ਼ਾਹਰੇ ਕੀਤੇ, ਜਿਸ ਸਦਕਾ ਕਾਲਜ ਦੇ ਨਵੇਂ ਬਣੇ ਪ੍ਰਿੰਸੀਪਲ ਰਾਇ ਬਹਾਦਰ ਮਿਸਟਰ ਮਨਮੋਹਨ ਨੇ ਸ਼ੇਰ ਸਿੰਘ ਦੇ ਨਾਂ ਇਕ ਪਤਰ ਲਿਖਿਆ, ਜਿਸ ਦੇ ਕੁਝ ਸ਼ਬਦ ਇਉਂ ਸਨ:

> *ਪਿਛਲੇ ਕੁਝ ਸਮੇਂ ਤੋਂ ਖਾਲਸਾ ਕਾਲਜ ਵਿਚ ਵਿਦਿਆ ਦੇਣ ਦੇ ਕੰਮ ਵਿਚ ਵਿਘਨ ਪਾ ਕੇ ਇਸ ਨੂੰ ਅਸੰਭਵ ਬਣਾਉਣ ਲਈ ਤੁਸੀਂ ਜੋ ਕੁਝ ਕਰਦੇ ਰਹੇ ਹੋ, ਉਸ ਕਰਕੇ ਸਾਨੂੰ, ਕਾਲਜ ਨੂੰ ਗਰਮੀ ਦੀਆਂ ਲੰਮੀਆਂ ਛੁਟੀਆਂ ਲਈ ਬਹੁਤ ਅਗਾਊਂ ਬੰਦ ਕਰਨਾ ਪਿਆ... ਚੂੰਕਿ*

*ਇਹ ਕਾਲਜ ਸਿੱਖਾਂ ਦਾ ਹੈ ਤੇ ਤੁਸੀਂ ਇਕ ਸਿੱਖ ਯੁਵਕ ਹੋ, ਇਸ ਲਈ ਤੁਹਾਡੇ ਵਤੀਰੇ ਕਰਕੇ ਤੁਹਾਨੂੰ ਘਟ ਤੋਂ ਘਟ ਦੰਡ ਦੇਣ ਦਾ ਫੈਸਲਾ ਹੋਇਆ ਹੈ। ਜਿਹੜਾ ਯੂਨੀਵਰਸਿਟੀ ਇਮਤਿਹਾਨ ਤੁਸਾਂ ਦਿਤਾ ਹੈ, ਉਸ ਵਿਚ ਤੁਸੀਂ ਪਾਸ ਹੋਵੋ ਜਾਂ ਫੇਲ੍ਹ, ਤੁਹਾਨੂੰ ਮੁੜ ਦਾਖਲ ਨਹੀਂ ਕੀਤਾ ਜਾਵੇਗਾ। ਇਸ ਕਾਲਜ ਵਿਚ ਅਜਿਹੇ ਬੰਦਿਆਂ ਲਈ ਕੋਈ ਥਾਂ ਹੀਂ ਹੈ ਜਿਹੜੇ ਕਿ ਇਸ ਕਾਲਜ ਨੂੰ ਬਰਬਾਦ ਕਰਨ ਉਤੇ ਤੁਲੇ ਹੋਏ ਹੋਣ।*[4]

ਇਸ ਤੋਂ ਬਾਅਦ ਡਾ. ਸ਼ੇਰ ਸਿੰਘ ਨੂੰ (ਐਫ. ਏ. ਵਿਚੋਂ ਚੰਗੇ ਨੰਬਰ ਹੋਣ ਕਾਰਨ) ਸਰਕਾਰੀ ਕਾਲਜ, ਲਾਹੌਰ ਵਿਚ ਦਾਖਲਾ ਮਿਲ ਗਿਆ। 1926 ਵਿਚ ਬੀ.ਏ.[5] ਤੇ 1928 ਵਿਚ ਐਮ.ਏ. (ਫ਼ਾਰਸੀ) ਸਰਕਾਰੀ ਕਾਲਜ, ਲਾਹੌਰ ਤੋਂ ਹੀ ਪਾਸ ਕੀਤੀ। ਇਨ੍ਹਾਂ ਡਿਗਰੀਆਂ ਤੋਂ ਇਲਾਵਾ ਉਨ੍ਹਾਂ ਨੇ ਐਮ.ਓ.ਐਲ (M.O.L.) ਮੁਨਸ਼ੀ ਫ਼ਾਜ਼ਿਲ (ਫਾਰਸੀ ਦੀ ਗਿਆਨੀ) ਵੀ ਅਵਲ ਦਰਜੇ ਵਿਚ ਪਾਸ ਕੀਤੀ। ਇਸ ਉਪਰੰਤ ਐਮ.ਏ. ਫਿਲਾਸਫ਼ੀ ਵੀ ਕੀਤੀ।[6] 1927-28 ਦੌਰਾਨ ਇਕੋ ਸਮੇਂ ਹੀ ਇਹ ਤਿੰਨੋਂ ਡਿਗਰੀਆਂ ਪ੍ਰਾਪਤ ਕੀਤੀਆਂ। ਇਹ ਡਿਗਰੀਆਂ ਕਰਨ ਤੋਂ ਬਾਅਦ ਵੀ ਡਾ. ਸ਼ੇਰ ਸਿੰਘ ਦਾ ਰੁਝਾਣ ਉਚ ਡਿਗਰੀ (ਪੀਐਚ.ਡੀ.) ਹਾਸਲ ਕਰਨ ਦਾ ਸੀ। ਆਪਣੀ ਇਸ ਇਛਾ ਦਾ ਖੁਲਾਸਾ ਉਨ੍ਹਾਂ ਨੇ ਇਕ ਦਿਨ ਮਾਸਟਰ ਤਾਰਾ ਸਿੰਘ ਕੋਲ ਵੀ ਕੀਤਾ, ਜਿਸ ਵਿਚ ਉਨ੍ਹਾਂ ਨੇ ਵਿਦੇਸ਼ ਜਾਣ ਲਈ ਮਾਇਆ ਦੀ ਤੰਗੀ ਬਾਰੇ ਵੀ ਇਸ਼ਾਰਾ ਦਿਤਾ। ਡਾ. ਸ਼ੇਰ ਸਿੰਘ ਦੀ ਇਹ ਇਛਾ ਇਨ੍ਹਾਂ ਸਤਰਾਂ ਤੋਂ ਸਪਸ਼ਟ ਹੁੰਦੀ ਹੈ :

*ਪ੍ਰੋ. ਸ਼ੇਰ ਸਿੰਘ ਨੇ ਮਾਸਟਰ (ਮਾ. ਤਾਰਾ ਸਿੰਘ) ਜੀ ਨੂੰ ਕਿਹਾ ਕਿ, "ਜਦ ਤਕ ਕਿਸੇ ਵਿਦੇਸ਼ੀ ਯੂਨੀਵਰਸਿਟੀ ਤੋਂ ਡਿਗਰੀ ਨਾ ਕਰ ਆਵੋ ਇਹ ਅੰਗ੍ਰੇਜ਼ ਦੇਸੀ ਲੋਕਾਂ ਦੀ ਗੱਲ ਨੂੰ ਵਜ਼ਨ ਨਹੀਂ ਦਿੰਦੇ।" ਮਾਸਟਰ ਜੀ ਨੇ ਪੁਛਿਆ, "ਕਿਹੜੇ ਦੇਸ਼ ਵਿਚ ਜਾਣਾ ਚਾਹੁੰਦੇ*

---

[4] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 3.

[5] ਬੀ.ਏ. ਦੇ ਨਾਲ-ਨਾਲ ਸ਼ੇਰ ਸਿੰਘ ਨੇ ਬੀ.ਏ. ਆਨਰਜ਼ (ਮਨੋਵਿਗਿਆਨ) ਵੀ ਪਾਸ ਕੀਤੀ, ਵੇਖੋ : *ਪੰਜਾਬੀ ਦੁਨੀਆ* (ਮਈ, 1975), ਪੰਨਾ 4.

[6] ਮੂਲ ਰੂਪ ਵਿਚ ਇਸ ਦੇ ਸੰਨ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ।

*ਹੋ?" ਪ੍ਰੋ. ਸ਼ੇਰ ਸਿੰਘ ਨੇ ਇੰਗਲੈਂਡ ਦਾ ਨਾਮ ਲਿਆ। ਸੋ ਤੈਅ ਹੋਇਆ ਕਿ ਫਿਲਹਾਲ ਇਕ-ਦੰਮ ਪ੍ਰੋ. ਸ਼ੇਰ ਸਿੰਘ ਦੇ ਜਾਣ ਦੇ ਖਰਚ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵਲੋਂ ਹੋਵੇ; ਬਾਅਦ ਵਿਚ ਜੇਕਰ ਇਨ੍ਹਾਂ ਕੋਲੋਂ ਸਰੇ ਤਾਂ ਰਕਮ ਵਾਪਸ ਕਰ ਦੇਣਗੇ।*[7]

ਆਪਣੀ ਇਛਾ ਦੀ ਪੂਰਤੀ ਹਿਤ ਡਾ. ਸ਼ੇਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸੋਂ ਵਜੀਫਾ ਪ੍ਰਾਪਤ ਕਰਕੇ ਉਚ ਵਿਦਿਆ (ਪੀਐਚ.ਡੀ.) ਹਾਸਲ ਕਰਨ ਲਈ ਸਤੰਬਰ, 1936 ਨੂੰ ਯੂਨੀਵਰਸਿਟੀ ਆਫ ਲੰਡਨ (ਇੰਗਲੈਂਡ) ਵਿਚ ਦਾਖਲਾ ਲਿਆ। ਇਥੇ ਉਨ੍ਹਾਂ ਨੇ ਡਾ. ਟੀ. ਗਰਾਹਮ ਬੈਲੀ (Dr. T. Grahame Bailey) ਦੀ ਨਿਗਰਾਨੀ ਹੇਠ *Philosophy of Sikhism* ਵਿਸ਼ੇ ਉਤੇ ਅੰਗਰੇਜ਼ੀ ਵਿਚ ਸ਼ੋਧ-ਪ੍ਰਬੰਧ ਲਿਖ ਕੇ ਜੁਲਾਈ, 1938 ਵਿਚ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।[8]

ਜ਼ਿਕਰਯੋਗ ਹੈ ਕਿ ਡਾ. ਸ਼ੇਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਦੇਸ਼ ਜਾ ਕੇ ਪੜ੍ਹਾਈ ਕਰਨ ਲਈ ਦਿਤੀ ਆਰਥਿਕ ਮਦਦ ਨੂੰ ਕਈ ਸਜਣ ਠੀਕ ਨਹੀਂ ਸਮਝਦੇ ਸਨ, ਪਰ ਇਹ ਖਿਆਲ ਗ਼ਲਤ ਹੈ ਕਿ ਡਾ. ਸ਼ੇਰ ਸਿੰਘ 'ਗੁਰਦੁਆਰੇ ਦੇ ਪੈਸੇ' ਉਪਰ ਵਲੈਤ ਗਏ। ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਪੰਥਕ ਸੰਸਥਾ ਹੈ, ਜਿਹੜੀ ਕਿ ਸੈਂਕੜੇ ਅਜਿਹੇ ਵਜੀਫੇ ਦੇਣ ਦੇ ਨਾਲ-ਨਾਲ ਕਈ ਕਾਲਜ ਵੀ ਚਲਾ ਰਹੀ ਹੈ। ਇਕ ਪੰਥਕ ਬਿਰਤੀ ਵਾਲੇ ਹੋਣਹਾਰ ਵਿਦਿਆਰਥੀ ਨੂੰ ਜੇਕਰ ਕੌਮ ਸਨਮਾਨਦੀ ਹੈ (ਬਾਹਰ ਪੜ੍ਹਾਉਣ ਭੇਜਦੀ ਹੈ) ਤਾਂ ਇਹ ਕਿਸੇ ਕਾਬਲ ਵਿਅਕਤੀ ਦਾ ਕੌਮੀ ਸਨਮਾਨ ਹੈ। ਇਸ ਪ੍ਰਸੰਗ ਵਿਚ ਡਾ. ਸ਼ੇਰ ਸਿੰਘ ਦੀ ਕਾਬਲੀਅਤ ਅਦੁਤੀ ਸੀ।

---

[7] ਹਿੰਮਤ ਸਿੰਘ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ (xiv-xv).

[8] ਡਾ. ਸ਼ੇਰ ਸਿੰਘ ਦੇ ਵਿਦੇਸ਼ ਜਾਣ ਦੇ ਸਮੇਂ ਸੰਬੰਧੀ ਕੁਝ ਭੁਲੇਖੇ ਹਨ। ਰਾਜਿੰਦਰ ਕੌਰ ਲਿਖਦੀ ਹੈ ਕਿ ਆਪ 1938 ਵਿਚ ਲੰਡਨ ਯੂਨੀਵਰਸਿਟੀ ਵਿਖੇ ਪੜ੍ਹਨ ਗਏ ਤੇ 1940 ਵਿਚ ਉਥੋਂ ਵਾਪਿਸ ਪਰਤੇ। ਇਕ ਹੋਰ ਥਾਂ ਉਤੇ ਉਹ ਇਨ੍ਹਾਂ ਦੀ ਵਿਦੇਸ਼ ਯਾਤਰਾ ਦੀ ਤਾਰੀਖ ਸਤੰਬਰ, 1936 ਤੋਂ 22 ਜੁਲਾਈ, 1939 ਦਸੀ ਹੈ, ਵੇਖੋ : *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨੇ 4, 27 । ਪਰੰਤੂ *ਪ੍ਰਦੇਸ ਯਾਤਰਾ* ਵਿਚਲੇ ਮੁਖ ਬੰਦ ਵਿਚ ਇਨ੍ਹਾਂ ਦੀ ਸੁਪਤਨੀ ਬੀਬੀ ਅਮਰਜੀਤ ਕੌਰ ਨੇ ਵਿਦੇਸ਼ ਯਾਤਰਾ ਦਾ ਜ਼ਿਕਰ 1936 ਤੋਂ 1938 ਕੀਤਾ ਹੈ। ਇਸ ਤੋਂ ਇਲਾਵਾ ਡਾ. ਸ਼ੇਰ ਸਿੰਘ ਨੇ ਆਪਣੀ ਪੁਸਤਕ *Philosophy of Sikhism* ਦੀ ਭੂਮਿਕਾ (ਪੰਨਾ 1) ਵਿਚ ਸਪਸ਼ਟ ਕੀਤਾ ਹੈ ਕਿ ਉਹ 1936 ਤੋਂ 38 ਤਕ ਪੀਐਚ.ਡੀ. ਕਰਨ ਲਈ ਵਿਦੇਸ਼ ਗਏ ਸਨ।

ਇਸ ਗਲ ਦਾ ਇਕ ਪਖ ਇਹ ਵੀ ਹੈ ਕਿ ਡਾ. ਸ਼ੇਰ ਸਿੰਘ ਨੇ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕਰਨ ਲਈ ਲਿਖੇ ਖੋਜ-ਪ੍ਰਬੰਧ ਦਾ ਖੁਦ ਆਪ ਬਾਅਦ ਵਿਚ ਤਰਜ਼ਮਾ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਕਾਸ਼ਿਤ ਕਰਨ ਲਈ ਸੌਂਪਿਆ, ਜਿਸ ਦਾ ਉਨ੍ਹਾਂ ਨੇ ਕਿਸੇ ਕਿਸਮ ਦਾ ਮੁਲ ਨਹੀਂ ਵਟਿਆ। ਇਸ ਪੁਸਤਕ ਦੀਆਂ ਅਜ ਤਕ ਹਜਾਰਾਂ ਕਾਪੀਆਂ ਵਿਕ ਚੁਕੀਆਂ ਹਨ, ਪਰੰਤੂ ਡਾ. ਸ਼ੇਰ ਸਿੰਘ ਨੇ ਨਾ ਆਪਣੇ ਜਿਉਂਦੇ ਜੀਅ ਇਸ ਦੀ ਰਾਇਲਟੀ (royalty) ਲਈ, ਨਾ ਹੀ ਮਰਨ ਮਗਰੋਂ ਇਸ ਦਾ ਹਕ ਆਪਣੇ ਕਿਸੇ ਬੱਚੇ ਨੂੰ ਦਿਤਾ।

## 1.4 ਨੌਕਰੀਆਂ

ਡਾ. ਸ਼ੇਰ ਸਿੰਘ ਨੇ ਆਪਣੇ ਸਮੁਚੇ ਜੀਵਨ ਦੌਰਾਨ ਅਨੇਕ ਸੰਸਥਾਵਾਂ ਵਿਚ ਅਧਿਆਪਕ ਵਜੋਂ ਨੌਕਰੀ ਕੀਤੀ। ਉਨ੍ਹਾਂ ਦਾ ਅਧਿਆਪਕ ਜੀਵਨ 1931 ਵਿਚ ਖਾਲਸਾ ਕਾਲਜ, ਲਾਇਲਪੁਰ ਤੋਂ ਸ਼ੁਰੂ ਹੋਇਆ। 1932 ਵਿਚ ਉਹ ਸਰਕਾਰੀ ਕਾਲਜ, ਪਸਰੂਰ [9] ਵਿਖੇ ਨਿਯੁਕਤ ਹੋਏ। ਇਥੇ ਲਗਪਗ ਅਠ ਸਾਲ ਨੌਕਰੀ ਕਰਨ ਉਪਰੰਤ ਉਨ੍ਹਾਂ ਦੀ ਬਦਲੀ ਸਰਕਾਰੀ ਕਾਲਜ, ਸ਼ਾਹਪੁਰ ਹੋ ਗਈ, ਪਰੰਤੂ ਇਥੇ ਸੁਖਾਵਾਂ ਵਾਤਾਵਰਣ ਨਾ ਹੋਣ ਕਾਰਨ ਉਹ ਬਦਲੀ ਕਰਵਾ ਕੇ ਸਰਕਾਰੀ ਕਾਲਜ, ਲੁਧਿਆਣਾ ਵਿਖੇ ਚਲੇ ਗਏ। ਇਸ ਕਾਲਜ ਵਿਚ ਉਹ ਪੰਜਾਬੀ ਅਤੇ ਫ਼ਿਲਾਸਫ਼ੀ ਵਿਭਾਗਾਂ ਦੇ ਮੁਖੀ ਵੀ ਰਹੇ। ਇਥੇ ਕੁਝ ਸਮਾਂ ਅਧਿਆਪਨ ਕਰਨ ਮਗਰੋਂ 1958 ਵਿਚ ਉਨ੍ਹਾਂ ਦੀ ਨਿਯੁਕਤੀ ਬਤੌਰ ਪ੍ਰਿੰਸੀਪਲ ਸਰਕਾਰੀ ਕਾਲਜ, ਮੁਕਤਸਰ ਹੋ ਗਈ, ਜਿਥੋਂ ਸੇਵਾ ਮੁਕਤ ਹੋਣ ਤੋਂ ਬਾਅਦ ਉਨ੍ਹਾਂ ਨੇ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਦੇ ਪ੍ਰਿੰਸੀਪਲ ਵਜੋਂ ਸੇਵਾ ਸੰਭਾਲੀ। ਆਪਣੇ ਅੰਤਿਮ ਸਮੇਂ (1970) ਤਕ ਉਹ ਇਥੇ ਹੀ ਬਤੌਰ ਅਧਿਆਪਕ ਸੇਵਾ ਕਰਦੇ ਰਹੇ।

## 1.5 ਸੇਵਾਵਾਂ

ਡਾ. ਸ਼ੇਰ ਸਿੰਘ ਨੇ ਆਪਣੇ ਜੀਵਨ ਦੌਰਾਨ ਕਈ ਸੰਸਥਾਵਾਂ ਵਿਚ ਵਡਮੁਲੀ ਸੇਵਾ ਨਿਭਾਈ, ਜਿਸ ਸਦਕਾ ਉਨ੍ਹਾਂ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਖੇਤਰ ਵਿਚ ਸਭ ਤੋਂ

---

[9] ਪਸਰੂਰ (ਹੁਣ ਪਾਕਿਸਤਾਨ), ਜਿਲ੍ਹਾ ਸਿਆਲਕੋਟ ਦੀ ਇਕ ਤਹਿਸੀਲ ਦਾ ਪ੍ਰਧਾਨ ਨਗਰ ਹੈ, ਜੋ ਸਿਆਲਕੋਟ ਤੋਂ 19 ਮੀਲ ਦੱਖਣ ਵਲ ਹੈ। ਇਸ ਤੋਂ ਪੂਰਵ ਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦਾ ਅਸਥਾਨ ਹੈ, ਜਿਸ ਨੂੰ ਹੁਣ 'ਦਿਉਕਾ' ਆਖਦੇ ਹਨ, ਗੁਰੂ ਜੀ ਸਿਆਲਕੋਟ ਵਲੋਂ ਇਥੇ ਪਧਾਰੇ ਸਨ। ਉਸ ਵੇਲੇ ਇਥੇ ਡੇਕ ਨਾਮੀ ਨਦੀ ਵਗਦੀ ਸੀ, ਜੋ ਹੁਣ ਵਿਥ ਉਤੇ ਹੋ ਗਈ ਹੈ, ਵੇਖੋ : *ਮਹਾਨ ਕੋਸ਼,* ਪੰਨਾ 728.

ਪਹਿਲਾਂ ਆਪ ਨੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੀ ਕਈ ਵਰ੍ਹੇ ਬਤੌਰ ਜਨਰਲ ਸਕੱਤਰ ਅਤੇ ਮੀਤ-ਪ੍ਰਧਾਨ ਵਜੋਂ ਸੇਵਾ ਕੀਤੀ।[10] ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੈਨੇਟ ਦੇ ਲਗਾਤਾਰ ਵੀਹ ਸਾਲ ਮੈਂਬਰ ਵੀ ਰਹੇ।[11] ਸਿੰਡੀਕੇਟ, ਅਕਾਦਮਿਕ ਕੌਂਸਲ, ਫੈਕਲਟੀਆਂ ਦੇ ਬੋਰਡਾਂ ਵਿਚ ਆਪ ਨੇ ਬੜੀ ਦ੍ਰਿੜਤਾ ਤੇ ਇਮਾਨਦਾਰੀ ਨਾਲ ਸੇਵਾ ਨਿਭਾਈ। ਆਪਣੀ ਲਿਆਕਤ ਅਤੇ ਨਿਸ਼ਕਾਮ ਸੇਵਾ ਭਾਵਨਾ ਕਰਕੇ ਸ਼ੇਰ ਸਿੰਘ ਪੰਜ ਵਾਰ ਲਗਾਤਾਰ ਪੰਜਾਬ ਯੂਨੀਵਰਸਿਟੀ ਦੇ ਫੈਲੋ ਚੁਣੇ ਗਏ।[12] ਡਾ. ਸ਼ੇਰ ਸਿੰਘ ਦੋ ਸੁਸਾਇਟੀਆਂ- ਬ੍ਰਿਟਿਸ਼ ਇੰਨਸਟੀਚਿਊਟ ਆਫ਼ ਫਿਲਾਸਫੀ (British Institute of Philosophy) ਤੇ ਇੰਸਟੀਚਿਊਟ ਆਫ਼ ਸੋਸ਼ਿਆਲੋਜੀ (Institute of Sociology) ਦੇ ਵੀ ਮੈਂਬਰ ਰਹੇ। ਇਸ ਦੇ ਨਾਲ ਹੀ ਉਹ ਯੂਥ ਹੋਸਟਲ ਐਸੋਸ਼ੀਏਸ਼ਨ (Youth Hostel Association )[13] ਦੇ ਮੈਂਬਰ ਵੀ ਰਹੇ।[14] ਡਾ. ਸ਼ੇਰ ਸਿੰਘ ਗੌਰਮਿੰਟ ਕਾਲਜ, ਲਾਹੌਰ ਦੇ ਵਿਦਿਆਰਥੀਆਂ ਦੁਆਰਾ ਕਾਇਮ ਕੀਤੀ ਗਈ ਪੰਜਾਬੀ ਸਭਾ (1925-26) ਦੇ ਪ੍ਰਧਾਨ ਵੀ ਸਨ।[15] ਡਾ. ਸ਼ੇਰ ਸਿੰਘ ਲਾਹੌਰ ਵਿਚ 'ਰਾਵੀ' ਪਤ੍ਰਿਕਾ ਦੇ ਸੰਪਾਦਕ ਵੀ ਰਹੇ।[16]

## 1.6 ਅੰਤਿਮ ਸਮਾਂ

ਡਾ. ਸ਼ੇਰ ਸਿੰਘ ਦਾ ਜੀਵਨ ਬੜਾ ਸਾਦਗੀ ਵਾਲਾ ਸੀ। ਮਰਨਾ ਅਟਲ ਸਚਾਈ ਜਰੂਰ ਹੈ, ਪਰੰਤੂ ਕਈ ਵਾਰ ਇਹ ਮੌਤ ਬੜੀ ਦੁਖ-ਦਾਈ ਸਿਧ ਹੁੰਦੀ ਹੈ। ਡਾ. ਸ਼ੇਰ ਸਿੰਘ ਨਾਲ ਵੀ ਅਜਿਹਾ ਹੀ ਕੁਝ ਹੋਇਆ। 25 ਫਰਵਰੀ, 1970 ਨੂੰ ਉਹ ਮਾਲਵਾ ਟ੍ਰੇਨਿੰਗ ਕਾਲਜ (ਲੁਧਿਆਣਾ) ਤੋਂ ਸਾਈਕਲ

---

[10] ਇਸ ਸੇਵਾ ਕਾਲ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲ ਸਕੀ।

[11] ਉਹੀ.

[12] ਉਹੀ.

[13] ਡਾ. ਸ਼ੇਰ ਸਿੰਘ ਦੀ ਜ਼ਬਾਨੀ ਯੂਥ ਹੋਸਟਲ ਐਸੋਸ਼ੀਏਸ਼ਨ (Y.H.A.) ਵਲਾਇਤ ਵਿਚ ਉਸ ਸਮੇਂ ਇਕ ਬਹੁਤ ਮਸ਼ਹੂਰ ਸੰਸਥਾ ਸੀ। ਇਸ ਦੀਆਂ ਸ਼ਾਖਾਵਾਂ ਯੂਰਪ ਦੇ ਹਰ ਇਕ ਮੁਲਕ ਵਿਚ ਮੌਜੂਦ ਹਨ। ਇਸ ਐਸੋਸੀਏਸ਼ਨ ਦਾ ਮੰਤਵ ਵਾਕਫ਼ੀਅਤ ਵਧਾਉਣ ਵਾਸਤੇ, ਪੇਂਡੂ ਜ਼ਿੰਦਗੀ ਦਾ ਪਿਆਰ ਤੇ ਪਿੰਡਾਂ ਦਾ ਸਤਿਕਾਰ ਪੈਦਾ ਕਰਨਾ, ਸਾਰਿਆਂ ਨੂੰ (ਖ਼ਾਸ ਕਰ ਕੇ ਨੌਜਵਾਨਾਂ ਨੂੰ) ਸਫ਼ਰ ਕਰਨ ਲਈ ਉਤਸ਼ਾਹਿਤ ਕਰਨਾ, ਉਨ੍ਹਾਂ ਦੇ ਰਹਿਣ-ਸਹਿਣ ਲਈ ਸਾਦਾ ਪ੍ਰਬੰਧ ਕਰਨਾ ਜਾਂ ਹੋਸਟਲ ਖੋਲ੍ਹਣੇ ਸੀ। ਵੇਖੋ : *ਪ੍ਰਦੇਸ ਯਾਤ੍ਰਾ,* ਪੰਨੇ ੨੨੭-੨੮.

[14] ਇਸ ਸੇਵਾ ਕਾਲ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲ ਸਕੀ।

[15] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨਾ ix.

[16] *ਉਹੀ,* ਪੰਨਾ 4.

ਉਤੇ ਸਵਾਰ ਹੋ ਕੇ ਘਰ ਵਲ ਵਾਪਸ ਆ ਰਹੇ ਸਨ ਕਿ ਭਾਈ ਬਾਲਾ ਚੌਂਕ ਵਿਖੇ ਅਚਾਨਕ ਇਕ ਟ੍ਰੈਕਟਰ-ਟ੍ਰਾਲੀ ਨੇ ਉਨ੍ਹਾਂ ਨੂੰ ਟਕਰ ਮਾਰੀ, ਜਿਸ ਕਾਰਨ ਉਨ੍ਹਾਂ ਦੀ ਮੌਕੇ ਉਤੇ ਹੀ ਮੌਤ ਹੋ ਗਈ। ਇਹ ਹਾਦਸਾ ਐਨਾ ਭਿਆਨਕ ਸੀ ਕਿ ਕਥਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਸਿੱਖ ਅਕਾਦਮਿਕਤਾ ਦੇ ਖੇਤਰ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

### ਅ.2. ਸ਼ਖਸੀਅਤ

ਡਾ. ਸ਼ੇਰ ਸਿੰਘ ਬਚਪਨ ਤੋਂ ਹੀ ਧਾਰਮਿਕ ਪਰਵਿਰਤੀ ਦੇ ਮਾਲਿਕ ਸਨ। ਇਸ ਤਥ ਦੀ ਸਪਸ਼ਟਤਾ ਇਸ ਗਲ ਤੋਂ ਵੀ ਹੁੰਦੀ ਹੈ ਕਿ ਡਾ. ਸ਼ੇਰ ਸਿੰਘ ਜੀ ਨੇ ਸੰਤ ਸੁੰਦਰ ਸਿੰਘ ਜੀ ਦੇ ਜਥੇ ਪਾਸੋਂ ਵਿਦਿਆਰਥੀ ਜੀਵਨ ਵਿਚ ਅੰਮ੍ਰਿਤ ਪਾਨ ਕਰ ਲਿਆ ਸੀ। ਇਸ ਪ੍ਰਥਾਇ ਡਾ. ਸ਼ੇਰ ਸਿੰਘ 'ਅੰਮ੍ਰਿਤ ਜੀਵਨ' ਪੁਸਤਕ ਦੇ ਮੁਖ ਬੰਦ ਵਿਚ ਲਿਖਦੇ ਹਨ ਕਿ ਸੰਤਾਂ ਦੇ ਜਥੇ ਪਾਸੋਂ ਉਨ੍ਹਾਂ ਨੇ ਅੰਮ੍ਰਿਤ ਪਾਨ ਕੀਤਾ ਸੀ:

> *ਮੈਨੂੰ ਸੰਤ ਜੀ ਮਹਾਰਾਜ ਦੇ ਜਥੇ ਤੋਂ ਅੰਮ੍ਰਿਤ ਪਾਨ ਕਰਨ ਦਾ ਫ਼ਖਰ ਹੈ ਤੇ ਮੇਰੇ ਉਤੇ ਪਰਉਪਕਾਰ ਹੋਇਆ ਹੈ ਕਿ ਉਸੇ ਹੀ ਮਹਾਤਮਾ ਦਾ ਜੀਵਨ ਬਿਰਤਾਂਤ ਲਿਖਣਾ ਮੇਰੇ ਜ਼ਿੰਮੇ ਲਗਿਆ।*[17]

ਧਾਰਮਿਕ ਰੁਚੀਆਂ ਦੇ ਮਾਲਕ ਹੋਣ ਕਰਕੇ ਜਥੇਦਾਰ ਗੁਰਦਿਆਲ ਸਿੰਘ (ਵਿਦਿਆਰਥੀ, ਦਮਦਮੀ ਟਕਸਾਲ ਅਤੇ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹੇ ਸਨ। ਆਪ ਗੁਰਬਾਣੀ ਦੀ ਚੰਗੀ ਕਥਾ ਕਰਦੇ ਸਨ। ਮਾਡਲ ਟਾਊਨ, ਲੁਧਿਆਣਾ ਦੇ ਗੁਰਦੁਆਰਾ ਸਾਹਿਬ ਵਿਖੇ ਜਥੇਦਾਰ ਕਿਰਪਾਲ ਸਿੰਘ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਨੇ ਖੁਦ ਆਪ ਉਨ੍ਹਾਂ ਦੀ ਕਥਾ ਸੁਣੀ ਸੀ।[18] ਡਾ. ਸ਼ੇਰ ਸਿੰਘ ਨੇ ਸ਼ਾਹਪੁਰ ਰਹਿੰਦਿਆਂ ਜਪੁ ਜੀ ਸਾਹਿਬ ਦੀ ਕਥਾ ਕਰਕੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਉਹ ਤੜਕੇ ਪੰਜ ਵਜੇ ਹਰ ਰੋਜ਼ ਕਥਾ ਕਰਨ ਲਈ ਗੁਰਦੁਆਰਾ ਸਾਹਿਬ ਜਾਇਆ ਕਰਦੇ ਸਨ।

---

[17] *ਅੰਮ੍ਰਿਤ ਜੀਵਨ*, 'ਮੁਖਬੰਦ'.
[18] ਉਹੀ, 'ਭੂਮਿਕਾ'.

ਡਾ. ਸ਼ੇਰ ਸਿੰਘ ਦਾ ਪਰਮਾਤਮਾ ਵਿਚ ਅਟੁਟ ਵਿਸ਼ਵਾਸ ਸੀ। ਇਕ ਅਕਾਲ ਤੋਂ ਬਿਨਾਂ ਉਹ ਕਿਸੇ ਹੋਰ ਨੂੰ ਇਸ਼ਟ ਨਹੀਂ ਸਨ ਮੰਨਦੇ। ਇਸ ਪ੍ਰਥਾਇ ਉਹ ਕਹਿੰਦੇ ਹਨ :

> *...ਇਹ ਨਿਸਚਾ ਨਹੀਂ ਆਉਂਦਾ ਕਿ ਸਾਰੇ ਕਾਰਣਾਂ ਦਾ ਕਾਰਣ ਕੋਈ ਹੋਰ ਹੈ। ਉਹ 'ਹੋਰ' ਦੀ ਸੋਝੀ ਸਾਨੂੰ ਨਹੀਂ ਔਂਦੀ। ਜਿਤਨਾ ਚਿਰ ਸਾਡੇ ਵਿਚ 'ਮੈਂ' ਤੇ 'ਹਉਂ' ਬਣੀ ਹੋਈ ਹੈ।... ਉਹ ਤਾਕਤ ਮੈਨੂੰ ਭੀ ਚਾਹੇ ਤਾਂ ਡੇਗ ਸਕਦੀ ਹੈ ਤੇ ਚਾਹੇ ਤਾਂ ਹੋਰ ਉਚੇਰਾ ਕਰ ਸਕਦੀ ਹੈ। ਕੀ ਪਤਾ ਕਿ ਅਗੇ ਨੂੰ ਸਾਡੇ ਵਾਸਤੇ ਉਸ ਤਾਕਤ ਨੇ ਭੀ ਕੁਝ ਰਖਿਆ ਹੋਇਆ ਹੈ। ਆਓ ਜ਼ਰਾ ਜਤਨ ਕਰਦੇ ਰਿਹਾ ਕਰੀਏ ਉਸ ਤਾਕਤ ਉਤੇ ਭਰੋਸਾ ਕਰਨ ਦਾ। ਸਿਦਕ ਤੇ ਸ਼ਰਧਾ ਲਿਆਵਣ ਦਾ। ਜੇਕਰ ਕੁਝ ਵੇਹਲ ਲਗਦੀ ਹੈ ਤਾਂ ਸਾਵਧਾਨ ਹੋ ਕੇ ਗੁਰੂ ਬਾਬੇ ਦੀ ਬਾਣੀ ਪੜ੍ਹਿਆ ਕਰੋ। ਵਾਹਿਗੁਰੂ ਸਭ ਕੰਮ ਸੁਆਰੇਗਾ।*[19]

ਡਾ. ਸ਼ੇਰ ਸਿੰਘ ਦਾ ਮੰਨਣਾ ਸੀ ਕਿ ਬਚਿਆਂ ਨੂੰ ਸਕੂਲਾਂ ਅਤੇ ਘਰਾਂ ਵਿਚ ਗੁਰਮਤਿ ਦੀ ਸਿਖਿਆ ਦੇਣੀ ਲਾਜ਼ਮੀ ਹੈ। ਉਨ੍ਹਾਂ ਅਨੁਸਾਰ :

> *ਸਾਡੇ ਵਿਦਿਅਕ ਢਾਂਚੇ ਵਿਚ ਤੇ ਸਾਡੀ ਸਿਖਿਆ ਪਰਨਾਲੀ ਵਿਚ ਮਾਪਿਆਂ ਤੇ ਅਧਿਆਪਕਾਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਬਾਲਾਂ ਦੀ ਮਾਨਸਿਕ ਉਸਾਰੀ ਘਰਾਂ ਵਿਚ, ਸਕੂਲ ਤੇ ਆਸ਼੍ਰਮਾਂ ਵਿਚ ਇਸ ਢੰਗ ਨਾਲ ਕਰਨ ਕਿ ਬਾਲਕ ਇਕ ਅਕਾਲ ਤੋਂ ਬਿਨਾਂ ਕਿਸੇ ਹੋਰ ਨੂੰ ਇਸ਼ਟ ਨਾ ਮੰਨੇ, ਸਗੋਂ ਉਸ ਦਾ ਅਨੁਭਵ ਇਤਨਾ ਵਿਸ਼ਾਲ ਹੋਵੇ ਕਿ ਉਹ ਇਸ ਸਤਿ ਹਸਤੀ ਨੂੰ ਹਰ ਸ਼ੈ, ਹਰ ਸਥਾਨ, ਹਰ ਜੀਵ ਤੇ ਹਰ ਕਿਸੇ ਵਿਚ ਇਕੋ ਰੂਪ ਦੇਖੇ, ਇਕੋ ਜੋਤ ਵੇਖੇ ਤੇ ਇਕੋ ਤਤ ਅਨੁਭਵ ਕਰੇ। ਇਸ ਤਰ੍ਹਾਂ ਉਸ ਦੇ ਮਨ ਵਿਚੋਂ ਊਚ ਨੀਚ ਦਾ ਭਾਵ ਮਿਟੇਗਾ, ਮਨੁਖ ਮਨੁਖ ਨੂੰ*

---

[19] *ਪ੍ਰਦੇਸ ਯਾਤ੍ਰਾ*, ਪੰਨੇ ੧੦੨-੦੪.

*ਨਫ਼ਰਤ ਕਰਨ ਦੀ ਥਾਂ-ਪਿਆਰ ਕਰੇਗਾ। ਕਿਸੇ ਹੋਰ ਦਾ ਆਸਰਾ ਤੇ 'ਵਿਡਾਣੀ ਆਸ' ਛਡ ਕੇ ਅਕਾਲ ਦੇ ਹੁਕਮ ਵਿਚ ਰਹਿੰਦਾ ਹੋਇਆ ਸਵੈ-ਭਰੋਸਾ ਪਰਪਕ ਕਰੇਗਾ।*[20]

ਡਾ. ਸ਼ੇਰ ਸਿੰਘ ਦਾ ਗੁਰਬਾਣੀ ਨਾਲ ਬਹੁਤ ਗੂੜ੍ਹਾ ਪਿਆਰ ਸੀ। ਜਦੋਂ ਵੀ ਉਨ੍ਹਾਂ ਨੂੰ ਕੋਈ ਔਕੜ ਜਾਂ ਕਠਿਨਾਈ ਮਹਿਸੂਸ ਹੁੰਦੀ ਤਾਂ ਉਹ ਹਮੇਸ਼ਾਂ ਹੀ ਗੁਰਬਾਣੀ ਦਾ ਸਹਾਰਾ ਲੈਂਦੇ। ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਹ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲੈਂਦੇ। ਉਨ੍ਹਾਂ ਦੀ ਸ਼ਖਸੀਅਤ ਦੀ ਇਹ ਝਲਕ 'ਪ੍ਰਦੇਸ ਯਾਤ੍ਰਾ' ਪੁਸਤਕ ਤੋਂ ਥਾਂ-ਥਾਂ ਮਿਲਦੀ ਹੈ। ਜਿਵੇਂ :

*...ਉਸ ਰਾਤ ਚਕੋਂ ਬਾਹਰ ਨਿਕਲਣ ਤਕ ਮੈਂ ਪਿਤਾ ਜੀ ਜਾਂ ਕਿਸੇ ਹੋਰ ਨਾਲ ਗਲ ਨਹੀਂ ਸੀ ਕੀਤੀ। ਸਗੋਂ ਸੰਤ ਗੁਰਦਿਆਲ ਸਿੰਘ ਜੀ ਦੇ ਦਸੇ ਹੋਏ ਗੁਰਬਾਣੀ ਦੇ ਏਸ ਸ਼ਬਦ ਦਾ ਪਾਠ ਕਰਦਾ ਰਿਹਾ :*

*ਬਿਲਾਵਲ ਮਹਲਾ ੫*

*ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ॥*
*ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ॥ ਰਹਾਉ॥*
*ਜੈ ਜੈਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ॥*
*ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ॥*
*ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ॥*
*ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ॥*[21]

ਇਕ ਥਾਂ ਹੋਰ ਉਹ ਜ਼ਿਕਰ ਕਰਦੇ ਹਨ :

*ਘਰ ਦਾ ਖਿਆਲ ਆ ਕੇ ਕੁਛ ਉਦਾਸੀ ਬਹੁਤ ਰਹਿੰਦੀ ਹੈ। ਉਦਾਸੀ ਵੇਲੇ ਮੈਂ ਗੁਰਬਾਣੀ ਦਾ ਪਾਠ ਕਰਨ ਲਗ ਜਾਂਦਾ ਹਾਂ। ਸਫਰੀ ਬੀੜ ਮੇਰੇ ਪਾਸ ਹੈ।*[22]

---

[20] *ਜਪੁ ਜੀ ਦਰਸ਼ਨ*, ਪੰਨਾ ੨੯੯.
[21] ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੭-੮ ; *ਪ੍ਰਦੇਸ ਯਾਤ੍ਰਾ*, ਪੰਨਾ 6.
[22] *ਪ੍ਰਦੇਸ ਯਾਤ੍ਰਾ*, ਪੰਨਾ ੩੪.

ਡਾ. ਸ਼ੇਰ ਸਿੰਘ ਦਾ ਗੁਰਬਾਣੀ ਨਾਲ ਪ੍ਰੇਮ ਹੋਣ ਕਾਰਨ ਗੁਰੂ ਸਾਹਿਬ ਉਤੇ ਭਰੋਸਾ ਹੋਣਾ ਸੁਭਾਵਿਕ ਸੀ। ਇਸ ਲਈ ਉਹ ਆਪਣੀ ਪਤਨੀ ਨੂੰ ਪ੍ਰਦੇਸ ਵਿਚ ਰਹਿੰਦੇ ਹੋਏ ਚਿਠੀਆਂ ਰਾਹੀਂ ਗੁਰੂ ਉਤੇ ਭਰੋਸਾ ਕਰਨ ਲਈ ਨਸੀਹਤ ਦਿੰਦੇ ਹਨ। ਆਪਣੀ ਪਤਨੀ ਨੂੰ ਉਹ ਕਹਿੰਦੇ ਸਨ ਕਿ ਵਾਹਿਗੁਰੂ ਨੂੰ ਜ਼ਰੂਰ ਧਿਆਇਆ ਕਰ। ਉਨ੍ਹਾਂ ਦੇ ਪੜ੍ਹਨ-ਪੜ੍ਹਾਉਣ ਦਾ ਵਿਸ਼ਾ ਗੁਰਬਾਣੀ ਹੀ ਹੋਣ ਕਾਰਨ ਉਨ੍ਹਾਂ ਦਾ ਨਿਸਚਾ ਵਾਹਿਗੁਰੂ ਉਤੇ ਵਧਦਾ ਜਾਂਦਾ ਸੀ। ਇਸ ਕਾਰਨ ਪਰਿਵਾਰ ਤੇ ਖ਼ਾਸਕਰ ਪਤਨੀ ਨੂੰ ਵੀ ਇਸ ਰਾਹ 'ਤੇ ਤੁਰਨ ਲਈ ਕਹਿੰਦੇ ਸਨ :

> *ਆਓ ਜਰਾ ਜਤਨ ਕਰਦੇ ਰਿਹਾ ਕਰੀਏ ਉਸ ਤਾਕਤ ਉਤੇ ਭਰੋਸਾ ਕਰਨ ਦਾ। ਸਿਦਕ ਤੇ ਸ਼ਰਧਾ ਲਿਆਵਣ ਦਾ। ਜੇਕਰ ਕੁਝ ਵੇਹਲ ਲੱਗਦੀ ਹੈ ਤਾਂ ਸਾਵਧਾਨ ਹੋ ਕੇ ਗੁਰੂ ਬਾਬੇ ਦੀ ਬਾਣੀ ਪੜ੍ਹਿਆ ਕਰੋ। ਵਾਹਿਗੁਰੂ ਸਭ ਕੰਮ ਸੁਆਰੇਗਾ।*[23]

ਡਾ. ਸ਼ੇਰ ਸਿੰਘ ਅਨੁਸ਼ਾਸਨ-ਪਸੰਦ ਇਨਸਾਨ ਸਨ, ਜਿਨ੍ਹਾਂ ਨੇ ਆਪਣੀ ਸਮੁਚੀ ਜ਼ਿੰਦਗੀ ਬੜੇ ਪਕੇ ਅਨੁਸ਼ਾਸਨਾਂ ਵਿਚ ਰਹਿ ਕੇ ਬਤੀਤ ਕੀਤੀ। ਅਨੁਸ਼ਾਸਨਹੀਣਤਾ ਉਹ ਕਿਸੇ ਵੀ ਹਾਲਤ ਵਿਚ ਪਸੰਦ ਨਹੀਂ ਕਰਦੇ ਸਨ। ਉਨ੍ਹਾਂ ਦੀ ਆਪਣੇ ਬਚਿਆਂ ਪ੍ਰਤੀ ਅਗਵਾਈ ਐਨੀ ਸਖ਼ਤ ਸੀ ਕਿ ਉਨ੍ਹਾਂ ਨੇ ਆਪਣੇ ਬਚਿਆਂ ਨੂੰ ਕਦੇ ਟੀ.ਵੀ./ਸਿਨੇਮਾ ਆਦਿ ਦੇਖਣ ਦੀ ਇਜਾਜ਼ਤ ਨਹੀਂ ਸੀ ਦਿਤੀ।[24]

ਡਾ. ਸ਼ੇਰ ਸਿੰਘ ਜ਼ੁਬਾਨ ਦੇ ਐਨੇ ਸਪਸ਼ਟ ਸਨ ਕਿ ਕੌੜੇ ਤੋਂ ਕੌੜੇ ਫੈਸਲੇ ਵੀ ਦੂਜੇ ਵਿਅਕਤੀ ਦੇ ਮੂੰਹ ਉਤੇ ਬਿਨਾਂ ਕਿਸੇ ਝਿਜਕ ਕਹਿ ਦਿੰਦੇ ਸਨ, ਪਰੰਤੂ ਅਜਿਹਾ ਕਰਨ ਉਪਰੰਤ ਕਈ ਵਾਰ ਉਹ ਆਪਣੇ ਮੂੰਹੋਂ ਨਿਕਲੇ ਸ਼ਬਦਾਂ ਦਾ ਪਛਤਾਵਾ ਵੀ ਕਰਨ ਲਗ ਪੈਂਦੇ ਸਨ। ਉਨ੍ਹਾਂ ਨੇ ਆਪਣੇ ਇਸ ਸੁਭਾਅ ਨੂੰ ਬੜੀ ਦ੍ਰਿੜਤਾ ਨਾਲ ਪੇਸ਼ ਕੀਤਾ ਹੈ :

---

[23] *ਪ੍ਰਦੇਸ ਯਾਤ੍ਰਾ*, ਪੰਨਾ ੧੦੪.

[24] ਡਾ. ਸ਼ੇਰ ਸਿੰਘ ਦੇ ਪੁਤਰ ਸ. ਗੁਰਭਜਨ ਸਿੰਘ ਨਾਲ ਮਿਤੀ 01.12.2008 ਨੂੰ ਕੀਤੀ ਨਿਜੀ ਮਿਲਣੀ ਦੌਰਾਨ ਮਿਲੀ ਜਾਣਕਾਰੀ ਅਨੁਸਾਰ।

*ਮਾਨਯੋਗ ਨਿਸ਼ਕਾਮ ਸੇਵਕੋ ਤੇ ਖ਼ੁਦਗਰਜ਼ ਲੀਡਰੋ, ਇਟਾਂ ਚੂਨੇ ਦੀ ਥਾਂ ਕੌਮ ਦੀ ਉਸਾਰੀ ਕਰੋ। ਪਾਰਟੀ ਦੇ ਧੜੇ ਪ੍ਰਚਾਰ ਦੀ ਥਾਂ ਪੰਥ ਤੇ ਧਰਮ ਪ੍ਰਚਾਰ ਕਰੋ।*[25]

ਡਾ. ਸ਼ੇਰ ਸਿੰਘ ਦਾ ਸੁਭਾਅ ਝੋਲੀ-ਚੁਕਾਂ ਵਾਂਗ ਚਾਪਲੂਸੀ ਵਾਲਾ ਨਹੀਂ ਸੀ, ਜਿਸ ਕਰਕੇ ਉਨ੍ਹਾਂ ਨੇ ਆਪਣੇ ਸਮੁਚੇ ਜੀਵਨ ਵਿਚ ਜਿਥੇ ਵੀ ਕਿਤੇ ਨੌਕਰੀ ਕੀਤੀ, ਆਪਣੀ ਤਰਕੀ ਲਈ ਕਿਸੇ ਦੇ ਤਰਲੇ ਨਹੀਂ ਕੀਤੇ। ਬੇਸ਼ਕ ਸਪਸ਼ਟ ਸੁਭਾਅ ਹੋਣ ਕਾਰਨ ਉਨ੍ਹਾਂ ਨੂੰ ਇਸ ਦਾ ਹਰਜਾਨਾ ਵੀ ਭਰਨਾ ਪਿਆ, ਭਾਵ ਉਨ੍ਹਾਂ ਦੀ ਉਚ-ਵਿਦਿਆ ਹੋਣ ਦੇ ਨਾਤੇ ਵੀ ਸਮੇਂ ਸਿਰ ਤਰਕੀ ਨਾ ਹੋਈ, ਪਰੰਤੂ ਫਿਰ ਵੀ ਉਹ ਇਨ੍ਹਾਂ ਚੀਜ਼ਾਂ ਨੂੰ ਨਿਗੁਣੀਆਂ ਸਮਝਦੇ ਹੋਏ, ਆਪਣੀ ਮੰਜ਼ਿਲੇ-ਮਕਸੂਦ ਵਲ ਵਧਦੇ ਰਹੇ :

*ਸਰਕਾਰੀ ਨੌਕਰੀ ਤੇ ਤੀਹਾਂ ਵਰ੍ਹਿਆਂ ਵਿਚ ਡਾ. ਸ਼ੇਰ ਸਿੰਘ ਨੇ ਆਪਣੀ ਜ਼ਮੀਰ ਦੀ ਆਜ਼ਾਦੀ, ਆਚਰਨ ਦੀ ਉੱਚਤਾ, ਨਿਰਭੈਤਾ ਤੇ ਵਿਚਾਰਾਂ ਦੀ ਵਿਸ਼ਾਲਤਾ ਨੂੰ ਸਦਾ ਹੀ ਤਕੜਾਈ ਨਾਲ ਸਾਂਭ ਕੇ ਰਖਿਆ, ਕਦੀ ਕਿਸੇ ਅਗੇ ਤਰੱਕੀ ਲਈ ਤਰਲੇ ਨਹੀਂ ਕੀਤੇ; ਇਸੇ ਲਈ ਵਲੈਤ ਦੀ ਉਚ-ਪੜ੍ਹਾਈ ਦੇ ਬਾਵਜੂਦ ਤਰੱਕੀ ਦਾ ਹਕ ਹਮੇਸ਼ਾਂ ਪਛੜ ਕੇ ਮਿਲਦਾ ਰਿਹਾ।*[26]

ਡਾ. ਸ਼ੇਰ ਸਿੰਘ ਸਰੀਰਕ, ਮਾਨਸਿਕ ਤੇ ਬੌਧਿਕ ਤੌਰ ਉਤੇ ਸਿਹਤਮੰਦ ਵਿਅਕਤੀ ਸਨ। ਅਣਥਕਤਾ ਉਨ੍ਹਾਂ ਦੇ ਵਿਅਕਤਿਤਵ ਦਾ ਅਟੁਟ ਅੰਗ ਸੀ, ਜਿਨ੍ਹਾਂ ਨੇ ਜ਼ਿੰਦਗੀ ਵਿਚ ਜਿਸ ਵੀ ਕੰਮ ਨੂੰ ਹਥ ਪਾਇਆ, ਉਸ ਨੂੰ ਤੋੜ ਨਿਭਾਇਆ। ਉਨ੍ਹਾਂ ਦੇ ਜੀਵਨ ਦਾ ਦਿਲਚਸਪ ਪਹਿਲੂ ਇਹ ਸੀ ਕਿ ਇਕ ਪਾਸੇ ਉਹ ਫਿਲਾਸਫ਼ੀ ਦੇ ਗੰਭੀਰ ਵਿਦਿਆਰਥੀ ਸਨ ਅਤੇ ਦੂਜੇ ਪਾਸੇ ਫੁਟਬਾਲ ਦੇ ਨਿਪੁੰਨ ਖਿਡਾਰੀ ਵੀ ਸਨ।[27]

---

[25] *ਵਿਚਾਰਮਾਲਾ*, ਪੰਨਾ ੧੯੨.
[26] ਹਿੰਮਤ ਸਿੰਘ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 25.
[27] ਉਹੀ, ਪੰਨਾ 7.

ਡਾ. ਸ਼ੇਰ ਸਿੰਘ ਦੇ ਸੁਭਾਅ ਵਿਚ ਸੁਸਤੀ ਨਾਂ ਦੀ ਕੋਈ ਚੀਜ਼ ਨਹੀਂ ਸੀ। ਆਲਸ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਸੀ। ਉਹ ਅਣਥਕ ਤੇ ਮਿਹਨਤੀ ਇਨਸਾਨ ਸਨ। ਅਣਥਕ ਮਿਹਨਤ ਕਾਰਨ ਹੀ ਉਨ੍ਹਾਂ ਨੇ ***Philosophy of Sikhism*** ਵਰਗੀ ਰਚਨਾ ਪੰਥ ਦੀ ਝੋਲੀ ਪਾਈ। ਆਪਣੀ ਮਿਹਨਤ ਦਾ ਖੁਲਾਸਾ ਕਰਦੇ ਹੋਏ ਉਹ ਲਿਖਦੇ ਹਨ :

> *ਪਰ ਜੇ ਤੁਸੀਂ ਮੇਰਾ ਅੱਜ ਕੱਲ੍ਹ ਪੜ੍ਹਾਈ ਦਾ ਹਾਲ ਦੇਖੋ ਤਾਂ ਹੈਰਾਨ ਹੋ ਜਾਵੋ ਕਿ ਮੈਂ ਕਿਸ ਤਰ੍ਹਾਂ ਹਰ ਵੇਲੇ ਸਿਰ ਸੁੱਟੀ ਕਿਤਾਬਾਂ ਫੋਲਣ ਉੱਤੇ ਲੱਗਾ ਰਹਿਨਾ ਹਾਂ। ਕਿਸੇ ਵੇਲੇ ਵੇਹਲ ਨਹੀਂ ਲਗਦਾ। ਘਰੋਂ ਕਾਲਜ ਜਾਨਾਂ ਹਾਂ ਤਾਂ ਭੀ ਗੱਡੀ ਵਿਚ ਕਿਤਾਬ ਹੀ ਪੜ੍ਹਦਾ ਰਹਿੰਦਾ ਹਾਂ।*[28]

ਇਕ ਚੰਗੇ ਦਾਰਸ਼ਨਿਕ ਹੋਣ ਦੇ ਨਾਲ-ਨਾਲ ਉਹ ਇਕ ਸੁਲਝੇ ਹੋਏ ਅਧਿਆਪਕ ਵੀ ਸਨ। ਵਿਦਿਆਰਥੀਆਂ ਨਾਲ ਉਨ੍ਹਾਂ ਦਾ ਬੜਾ ਨਿਘਾ ਤੇ ਪਿਆਰ ਵਾਲਾ ਰਿਸ਼ਤਾ ਸੀ। ਉਹ ਵਿਦਿਆਰਥੀਆਂ ਦੀਆਂ ਸਮਸਿਆਵਾਂ ਨੂੰ ਮਨੋਵਿਗਿਆਨਕ ਢੰਗ ਨਾਲ ਹਲ ਕਰਦੇ ਸਨ, ਤਾਂ ਕਿ ਕਿਸੇ ਵਿਦਿਆਰਥੀ ਦੇ ਸ੍ਵੈ-ਮਾਣ ਨੂੰ ਕਿਸੇ ਕਿਸਮ ਦੀ ਠੇਸ ਨਾ ਲਗੇ। ਇਸ ਦੇ ਨਾਲ ਹੀ ਵਿਦਿਆ ਦੇ ਖੇਤਰ ਵਿਚ ਦਿਨੋਂ-ਦਿਨ ਆ ਰਹੇ ਨਿਘਾਰ ਬਾਰੇ ਉਹ ਬਹੁਤ ਚਿੰਤਤ ਰਹਿੰਦੇ ਸਨ। ਵਿਦਿਅਕ ਅਦਾਰਿਆਂ ਅਤੇ ਵਿਦਿਆਰਥੀਆਂ ਵਿਚੋਂ ਅਲੋਪ ਹੁੰਦੀ ਪੜ੍ਹਨ ਦੀ ਰੁਚੀ ਨੂੰ ਮਹਿਸੂਸ ਕਰਦੇ ਹੋਏ ਉਹ ਲਿਖਦੇ ਹਨ :

> *ਸਾਡੀਆਂ ਵੀਹਵੀ ਸਦੀ ਦੀਆਂ ਇੱਟਾਂ ਚੂਨੇ ਦੀਆਂ ਬਣੀਆਂ ਯੂਨੀਵਰਸਿਟੀਆਂ, ਉਨ੍ਹਾਂ ਪੁਰਾਣੀਆਂ ਜੰਗਲ-ਯੂਨੀਵਰਸਿਟੀਆਂ ਨੂੰ ਅਜੇ ਤਕ ਨਹੀਂ ਹਟਾ ਸਕੀਆਂ ਅਤੇ ਨਾ ਹੀ ਅਜੇ ਤਕ ਉਸ ਦੀ ਆਚਰਨਢਾਲੂ, ਅੰਦਰਲੀ ਜੋਤ-ਜਗਾਊ ਵਿਦਿਆ ਹੀ ਦੇ ਸਕੀਆਂ ਹਨ। ਹਾਂ, ਬੁਧੀ ਨੂੰ ਇਨ੍ਹਾਂ ਕਾਫ਼ੀ ਤਿੱਖਾ ਕਰ ਦਿੱਤਾ ਹੈ। ਇਹ ਤਿੱਖਾਪਨ ਹੁਣ ਉਲਟੀ ਕਾਟ ਭੀ ਕਰਨ ਲਗ ਪਿਆ ਹੈ। ਮਾਦਾਪ੍ਰਸਤੀ, ਖੁਦਗਰਜ਼ੀ, ਹਉਮੈ ਆਦਿ ਅੱਜ ਕੱਲ੍ਹ ਦੀ ਵਿਦਿਆ ਦੇ ਕੁਝ-ਕੁ ਫਲ ਹਨ। ਵਡੀ ਗੱਲ ਇਹ ਹੈ ਕਿ ਸਾਡੇ ਆਚਰਨ*

[28] *ਪ੍ਰਦੇਸ ਯਾਤ੍ਰਾ*, ਪੰਨਾ ੬੯.

*ਵਿਚੋਂ ਉਚ-ਗੁਣਾਂ ਦੀ ਹੋਂਦ ਤੇ ਉਚੇ ਗੁਣਵਾਨਾਂ ਦਾ ਪਿਆਰ ਅਲੋਪ ਹੋ ਰਿਹਾ ਹੈ। ਪੁਰਾਣੀਆਂ ਜੰਗਲ ਯੂਨੀਵਰਸਿਟੀਆਂ ਵਿਚ ਇੰਨੇ ਔਗੁਣ ਨਹੀਂ ਸਨ। ਇਹ ਤਾਂ ਸੀ ਕਿ ਓਦੋਂ ਅਗਲੀ ਦੁਨੀਆ ਤੇ ਮੌਤ ਦੇ ਸੰਸਕਾਰਾਂ ਦਾ ਬੋਝ ਵਿਦਿਆਰਥੀ ਦੇ ਮਨ ਉਤੇ ਲੋੜ ਤੋਂ ਵਧ ਪਾਇਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੇ ਖਿਆਲ, ਉਹਨਾਂ ਦਾ ਜੀਵਨ ਤੇ ਉਹਨਾਂ ਦੀ ਸ਼ਿਕਸ਼ਾ ਇਸ ਗੱਲ ਦਾ ਸਬੂਤ ਹੈ ਕਿ ਉਹ ਇਸ ਔਗੁਣ ਨੂੰ ਤਾੜ ਗਏ ਸਨ ਤੇ ਉਹਨਾਂ ਇਸ ਬੋਝ ਨੂੰ ਘਟਾ ਕੇ, ਜੀਵਨ ਪਿਆਰ, ਦੇਸ਼ ਪਿਆਰ, ਮਨੁਖੀ ਪਿਆਰ ਤੇ ਇਹਨਾਂ ਸਭ ਦਾ ਸੋਮਾ ਨਾਮ-ਪਿਆਰ ਨੂੰ ਪ੍ਰਚਾਰਿਆ। ਕਾਸ਼ ! ਕਿ ਸਾਡਾ ਮੌਜੂਦਾ ਤਰੀਕਾ ਤਾਲੀਮ ਕਿਸੇ ਨਵੇਂ ਗੁਣ ਪੂਰਤ ਸੰਚੇ ਵਿਚ ਢਾਲਿਆ ਜਾਵੇ।*[29]

ਡਾ. ਸ਼ੇਰ ਸਿੰਘ ਦਾ ਵਿਦਿਆਰਥੀਆਂ ਦੇ ਨਾਲ ਐਨਾ ਪਿਆਰ ਵਾਲਾ ਰਿਸ਼ਤਾ ਹੋਣ ਦਾ ਵਡਾ ਕਾਰਨ ਇਹ ਸੀ ਕਿ ਉਹ ਇੰਗਲੈਂਡ ਦੇ ਪ੍ਰੋਫੈਸਰਾਂ ਤੋਂ ਬੇਹਦ ਪ੍ਰਭਾਵਿਤ ਸਨ। ਉਨ੍ਹਾਂ ਨੇ ਇੰਗਲੈਂਡ ਦੇ ਪ੍ਰੋਫੈਸਰਾਂ ਦਾ ਵਿਦਿਆਰਥੀਆਂ ਪ੍ਰਤੀ ਅਤਿ ਨਿਮਰਤਾ ਅਤੇ ਪਿਆਰ ਵਾਲਾ ਰਵਈਆ ਆਪ ਅਨੁਭਵ ਕੀਤਾ ਸੀ। ਅਜਿਹੀ ਇਕ ਵਾਰਤਾ ਬਾਰੇ ਉਹ ਇਉਂ ਲਿਖਦੇ ਹਨ :

*ਮੈਂ ਇਕ ਦਿਨ ਸਾਈਕਾਲੋਜੀ ਦੇ ਪ੍ਰੋਫੈਸਰ ਨੂੰ ਮਿਲਣ ਗਿਆ, ਕਾਰਡ ਭੇਜਿਆ। ਆਪ ਹੱਸਦਾ-ਹੱਸਦਾ ਬਾਹਰ ਆਇਆ, ਪਿਆਰ ਅਤੇ ਸਤਿਕਾਰ ਨਾਲ ਲੈ ਕੇ ਗਿਆ। ਬੂਹਾ ਖੋਲ੍ਹ ਕੇ ਕਹੇ ਕਿ ਪਹਿਲਾਂ ਤੁਸੀਂ ਲੰਘੋਂ। ਇਸ ਗੱਲ ਬਾਤ ਤੋਂ ਪਿਛੋਂ ਫੇਰ ਬਾਹਰ ਕਿੱਡੀ ਦੂਰ ਛਡਣ ਆਇਆ, ਘਰ ਦੇ ਬਾਹਰਲੇ ਬੂਹੇ ਤਕ। ਬੜਾ ਸ਼ੁਕਰੀਆ ਸ਼ੁਕਰੀਆ ਕਰੇ, ਕਹੇ ਕਿ ਫਿਰ ਭੀ ਜ਼ਰੂਰ ਆਵੀਂ।*[30]

---

[29] *ਗੁਰਮਤਿ ਦਰਸ਼ਨ*, ਪੰਨਾ ੪੫.
[30] *ਪ੍ਰਦੇਸ ਯਾਤ੍ਰਾ*, ਪੰਨਾ ੧੧੪.

ਵਿਦੇਸ਼ੀ ਅਧਿਆਪਕਾਂ ਦੇ ਪੜ੍ਹਾਉਣ-ਢੰਗ ਬਾਰੇ ਉਹ ਲਿਖਦੇ ਹਨ :

> *ਪੀਐਚ.ਡੀ. ਵਾਲਾ ਪ੍ਰੋਫੈਸਰ ਮੈਨੂੰ ਇੱਕਲੇ ਨੂੰ ਬੁਲਾਂਦਾ ਹੈ ਤੇ ਘੰਟਾ-ਡੇਢੁ ਘੰਟਾ ਪਰਸਪਰ ਵਿਚਾਰ ਕਰਕੇ ਅਗਲੇ ਹਫਤੇ ਲਈ ਕੰਮ ਦੇ ਛਡਦਾ ਹੈ। ਫਲਾਨੀ ਫਲਾਨੀ ਪੁਸਤਕ ਦਾ ਫਲਾਂ ਫਲਾਂ ਹਿੱਸਾ ਪੜੋ ਤੇ ਇਸ ਖਿਆਲ ਨਾਲ ਪੜ੍ਹੋ। ਆਪਣੀ ਵਿਚਾਰ ਲਿਖੀ ਜਾਓ। ਜਦ ਹਫਤੇ ਪਿਛੋਂ ਇਨ੍ਹਾਂ ਤਿੰਨ ਚਾਰ ਪੁਸਤਕਾਂ ਦਾ ਤੱਤ ਕੱਢ ਕੇ ਲੈ ਜਾਈਦਾ ਹੈ ਤਾਂ ਫੇਰ ਉਹ ਮੇਰੀ ਵਿਚਾਰ ਦੀਆਂ ਊਣਤਾਈਆਂ ਦਸਦਾ ਹੈ। ਅਗੋਂ ਤੋਂ ਰਾਹ ਪਾਂਦਾ ਹੈ। ਇਸ ਤਰ੍ਹਾਂ ਨਾਲ ਕੁਝ ਮਹੀਨੇ ਤਾਂ ਆਮ ਟ੍ਰੇਨਿੰਗ ਹੋਵੇਗੀ। ਫੇਰ ਜੇਹੜਾ ਮੇਰਾ ਮਜ਼ਮੂਨ ਹੈ, ਉਸ ਦੀ ਖਾਸ ਟ੍ਰੇਨਿੰਗ ਦੇਵੇਗਾ। ਫੇਰ ਮੇਰੀ ਖੋਜ ਦਾ ਬਹੁਤਾ ਕੰਮ ਮੇਰੇ ਉਤੇ ਛੱਡ ਕੇ ਆਪ ਸਿਰਫ ਰਹਿਨੁਮਾਈ ਤੇ ਸਲਾਹ ਮਸ਼ਵਰਾ ਹੀ ਦੇਵੇਗਾ।*[31]

ਅਨੇਕ ਵਿਦਿਆਰਥੀਆਂ ਉਤੇ ਡਾ. ਸ਼ੇਰ ਸਿੰਘ ਦੇ ਨੇਕ ਸੁਭਾਅ ਤੇ ਵਰਤਾਉ ਦਾ ਅਸਰ ਪਿਆ। ਉਨ੍ਹਾਂ ਦੀ ਨੇਕੀ, ਉਨ੍ਹਾਂ ਦੇ ਪੜ੍ਹਾਏ ਹੋਏ ਵਿਦਿਆਰਥੀਆਂ ਤੇ ਸਿਖਿਆਰਥੀਆਂ ਦੇ ਦਿਲਾਂ ਰਾਹੀਂ ਹਮੇਸ਼ਾਂ ਜੀਉਂਦੀ ਜਾਗਦੀ ਰਹੇਗੀ। ਉਨ੍ਹਾਂ ਦੀਆਂ ਸੇਵਾਵਾਂ, ਰਚਨਾਵਾਂ ਤੇ ਕੰਮਾਂ ਵਿਚੋਂ ਉਨ੍ਹਾਂ ਦੀ ਪਵਿਤਰ ਆਤਮਾ ਦੀ ਝਲਕ ਵਜਦੀ ਰਹੇਗੀ। ਜਿਨ੍ਹਾਂ-ਜਿਨ੍ਹਾਂ ਸੰਸਥਾਵਾਂ ਵਿਚ ਉਹ ਗਏ, ਉਨ੍ਹਾਂ ਵਿਚ ਅਜ ਵੀ ਉਨ੍ਹਾਂ ਦੀ ਯਾਦ ਸਜਰੀ ਹੈ। ਉਨ੍ਹਾਂ ਦੇ ਵਿਦਿਆਰਥੀਆਂ ਤੇ ਸਿਖਿਆਰਥੀਆਂ ਵਿਚ ਉਨ੍ਹਾਂ ਦੇ ਗੁਣਾਂ ਦਾ ਪ੍ਰਕਾਸ਼ ਦਿਸਦਾ ਹੈ।

ਡਾ. ਸ਼ੇਰ ਸਿੰਘ ਸਿਰਫ਼ ਪਰਿਵਾਰ ਜਾਂ ਵਿਦਿਆਰਥੀਆਂ ਤਕ ਹੀ ਸੀਮਤ ਨਹੀਂ ਸਨ। ਉਨ੍ਹਾਂ ਨੇ ਜਿਹੜੀਆਂ ਵੀ ਸੰਸਥਾਵਾਂ (ਆਕਾਦਮਿਕ/ਧਾਰਮਿਕ/ਸਮਾਜਿਕ) ਵਿਚ ਕੰਮ ਕੀਤਾ, ਉਥੇ ਵੀ ਉਹ ਹਰਮਨ ਪਿਆਰੇ ਬਣੇ ਰਹੇ। ਉਨ੍ਹਾਂ ਦੇ ਸਹਿਯੋਗੀਆਂ/ਸਹਿ-ਕਰਮੀਆਂ ਵਲੋਂ ਹਮੇਸ਼ਾਂ ਹੀ ਉਨ੍ਹਾਂ ਨੂੰ ਮਾਣ-ਸਤਿਕਾਰ ਦਿਤਾ ਗਿਆ। ਅਜਿਹਾ ਮਾਣ ਡਾ. ਸਾਹਿਬ ਦੇ ਸੁਭਾਅ ਜਾਂ ਵਿਦਵਤਾ ਕਰਕੇ ਹੀ

---

[31] *ਪ੍ਰਦੇਸ ਯਾਤ੍ਰਾ*, ਪੰਨੇ ੧੧੩-੧੪.

ਮਿਲਦਾ ਰਿਹਾ। ਇਸ ਦੀ ਇਕ ਪ੍ਰਤਖ ਉਦਾਹਰਨ ਡਾ. ਸ਼ੇਰ ਸਿੰਘ ਦੇ ਬਹੁਤ ਨੇੜਲੇ ਸਾਥੀ ਡਾ. ਉਜਾਗਰ ਸਿੰਘ ਤੇ ਡਾ. ਪਿਆਰ ਸਿੰਘ ਸਨ, ਜਿਨ੍ਹਾਂ ਨੇ ਡਾ. ਸਾਹਿਬ ਨੂੰ ਬਹੁਤ ਸਹਿਯੋਗ ਦਿਤਾ:

> *ਡਾ. ਪਿਆਰ ਸਿੰਘ ਡਾ. ਸ਼ੇਰ ਸਿੰਘ ਜੀ ਦੇ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਸਹਿਯੋਗੀ ਰਹੇ ਸਨ ਤੇ ਡਾ. ਭਾਈ ਜੋਧ ਸਿੰਘ ਜੀ ਦੀ ਅਗਵਾਈ ਹੇਠ ਉਨ੍ਹਾਂ ਨੇ ਡਾ. ਸ਼ੇਰ ਸਿੰਘ ਨਾਲ ਰਲ ਕੇ ਪੰਜਾਬੀ ਸਾਹਿਤ ਅਕਾਡਮੀ ਨੂੰ ਇਕ ਸਾਹਿਤਕ ਸੰਗਠਨ ਅਤੇ ਅਨੁਸੰਧਾਨਕ ਸੰਸਥਾ ਪੁਸਤਕਾਲਾ ਬਣਾਉਣ ਦਾ ਉਦਮ ਕੀਤਾ ਸੀ।*[32]

ਬੀਬਾ ਰਾਜਿੰਦਰ ਕੌਰ ਨੇ ਡਾ. ਉਜਾਗਰ ਸਿੰਘ ਬਾਰੇ ਇਕ ਥਾਂ ਇਉਂ ਜ਼ਿਕਰ ਕੀਤਾ ਹੈ:

> *...ਮੇਰੀ ਅਗਵਾਈ ਤੇ ਸਹਾਇਤਾ ਡਾ. ਉਜਾਗਰ ਸਿੰਘ ਨੇ ਕੀਤੀ ਜਿਹੜੇ ਕਿ ਡਾ. ਪਿਆਰ ਸਿੰਘ ਵਾਂਗ ਹੀ ਡਾ. ਸ਼ੇਰ ਸਿੰਘ ਦੇ ਗੌਰਮਿੰਟ ਕਾਲਜ, ਲੁਧਿਆਣਾ ਵਿਚ ਸਹਿਯੋਗੀ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਸਥਾਪਨਾ ਅਤੇ ਉਸਾਰੀ ਕਾਲ ਸਮੇਂ ਬਤੌਰ ਸਕੱਤਰ ਉਨ੍ਹਾਂ ਦੇ ਬੜੇ ਨੇੜੇ ਦੇ ਸਾਥੀ ਰਹੇ ਹਨ।*[33]

ਡਾ. ਸ਼ੇਰ ਸਿੰਘ ਦੀ ਸ਼ਖ਼ਸੀਅਤ ਬਾਰੇ ਡਾ. ਉਜਾਗਰ ਸਿੰਘ ਨੇ ਲਿਖਿਆ ਹੈ ਕਿ ਡਾ. ਸਾਹਿਬ ਇਕ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ ਜਿਨ੍ਹਾਂ ਵਿਚ ਹਮੇਸ਼ਾਂ ਗੁਣ ਹੀ ਗੁਣ ਦਿਸਦੇ ਸਨ। ਅਜਿਹਾ ਉਨ੍ਹਾਂ ਦੀ ਅਣਥਕ ਸੇਵਾ ਦਾ ਨਤੀਜਾ ਸੀ। ਡਾ. ਸਾਹਿਬ ਅਨੁਸਾਰ:

> *...ਜਿਨ੍ਹਾਂ ਦੇ ਆਗੂ ਡਾ. ਸ਼ੇਰ ਸਿੰਘ ਸਨ, ਰਾਤ-ਦਿਨ ਦੀ ਅਣਥਕ ਸੇਵਾ ਨਾਲ, ਬਿਨਾਂ ਕਿਸੇ ਮੁਆਵਜ਼ੇ ਦੀ ਆਸ ਦੇ, ਸਿਰਫ਼ ਪੰਜਾਬੀ ਸਾਹਿਤ ਤੇ ਬੋਲੀ ਦੀ ਉਨਤੀ ਲਈ ਹਰ ਕੰਮ ਨੂੰ ਅਪਣਾ ਫ਼ਰਜ਼ ਸਮਝ ਕੇ, ਵਰ੍ਹਿਆਂ ਬੱਧੀ ਸਮਾਂ ਦਿੱਤਾ।*[34]

---

[32] *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ (xv)/ਪ੍ਰਸਤਾਵਨਾ.

[33] *ਉਹੀ*, ਪੰਨਾ (xvi)/ਪ੍ਰਸਤਾਵਨਾ.

[34] *ਉਹੀ*, ਪੰਨਾ (xi).

ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ ਦੇ ਅਧਾਰ ਉਤੇ ਉਹ ਬਹੁਤ ਹੀ ਗੂੜ੍ਹ ਸਿੱਖ ਤੇ ਧਰਮ-ਸ਼ਾਸਤਰੀ ਸਿਧ ਹੁੰਦੇ ਹਨ। ਸਿੱਖ ਪਛਾਣ ਦੇ ਮੁਦੇ ਉਤੇ ਅੰਤਰ-ਰਾਸ਼ਟਰੀ ਪਰਿਪੇਖ ਵਿਚ ਡਾ. ਸ਼ੇਰ ਸਿੰਘ ਸ਼ਾਇਦ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ *Thoughts on Forms and Symbols in Sikhism* ਸੰਪਾਦਿਤ ਕੀਤੀ। ਇਸ ਦੀ ਪੁਨਰ-ਪ੍ਰਕਾਸ਼ਨਾ (2009) ਸਮੇਂ ਸੰਪਾਦਕ ਡਾ. ਮਹਿੰਦਰ ਸਿੰਘ ਨੇ ਸਿੱਖ ਪਛਾਣ ਦੀ ਅਕਾਦਮਿਕ ਚੁਣੌਤੀ ਨੂੰ ਪ੍ਰਵਾਨ ਕਰਨ ਵਾਲੀ ਡਾ. ਸ਼ੇਰ ਸਿੰਘ ਦੀ ਸ਼ਖਸੀਅਤ ਨੂੰ ਉਘਾੜਦਿਆਂ ਲਿਖਿਆ ਹੈ ਇਹ ਗਿਆਨੀ ਸ਼ੇਰ ਸਿੰਘ ਹੀ ਸੀ, ਜਿਨ੍ਹਾਂ ਨੇ ਸਿੱਖ ਪਛਾਣ ਨੂੰ ਦਰਪੇਸ਼ ਅੰਤਰ-ਰਾਸ਼ਟਰੀ ਚੁਣੌਤੀਆਂ ਲਈ ਦਹਾਕੇ ਪਹਿਲਾਂ ਸਮਝ ਲਿਆ ਸੀ।

ਡਾ. ਸ਼ੇਰ ਸਿੰਘ ਬਹੁਤ ਹੀ ਨਿਮਰ ਸੁਭਾਅ ਦੇ ਵਿਅਕਤੀ ਸਨ। ਆਪਣੀ ਸਮੁਚੀ ਜ਼ਿੰਦਗੀ ਵਿਚ ਕਦੇ ਵੀ ਉਨ੍ਹਾਂ ਨੇ ਕਿਸੇ ਕਿਸਮ ਦਾ ਹੋਛਾਪਣ ਨਹੀਂ ਸੀ ਦਿਖਾਇਆ। ਉਚ ਕੋਟੀ ਦੇ ਵਿਦਵਾਨ ਹੁੰਦੇ ਹੋਏ ਵੀ ਕਦੇ ਆਪਣੀ ਲੇਖਣੀ ਉਤੇ ਹੰਕਾਰ ਨਹੀਂ ਸੀ ਕੀਤਾ, ਬਲਕਿ ਆਮ ਕਰਕੇ, ਉਹ ਆਪਣੀਆਂ ਪੁਸਤਕਾਂ ਵਿਚ ਸਹਿਜੇ ਹੀ ਲਿਖ ਦਿੰਦੇ ਸਨ ਕਿ ਉਨ੍ਹਾਂ ਦੁਆਰਾ ਦਿਤੇ ਵਿਚਾਰ ਅੰਤਿਮ ਨਹੀਂ ਹਨ।

ਨਿਮਰ ਹੋਣ ਦੇ ਨਾਲ-ਨਾਲ ਉਹ ਪਰਉਪਕਾਰੀ ਬਿਰਤੀ ਦੇ ਮਾਲਕ ਵੀ ਸਨ। ਉਹ ਲੋੜਵੰਦ ਅਤੇ ਗਰੀਬ ਬਚਿਆਂ ਦੀ ਪੜ੍ਹਾਈ ਲਈ ਆਪਣੇ ਵਲੋਂ ਖਰਚਾ ਕਰਦੇ ਸਨ। ਇਥੋਂ ਤਕ ਕਿ ਕਈ ਵਾਰ ਆਪਣੀ ਕਿਸੇ ਪੁਸਤਕ ਦੇ ਛਪਣ ਉਪਰੰਤ ਹੋਣ ਵਾਲੇ ਮੁਨਾਫੇ (royalty) ਨੂੰ ਵੀ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਹਿਤ ਦੇ ਦਿੰਦੇ ਸਨ। ਮਿਸਾਲ ਵਜੋਂ ਅਜਿਹਾ ਹੀ ਇਕ ਦਿਨ ਉਨ੍ਹਾਂ ਨੇ ਆਪਣੀ ਸੰਪਾਦਿਤ ਪੁਸਤਕ *Thoughts on Forms & Symbols in Sikhism* ਦੀ ਪ੍ਰਕਾਸ਼ਨਾ ਵੇਲੇ ਕੀਤਾ। ਉਨ੍ਹਾਂ ਨੇ ਆਪਣੇ ਕਾਲਜ ਦੇ ਵਿਦਿਆਰਥੀਆਂ ਲਈ ਆਪਣੇ ਇਕ ਨਿਜੀ ਪਲਾਟ ਵਿਚ ਸਬਜ਼ੀਆਂ ਅਤੇ ਫਲ-ਬੂਟੇ ਲਗਾਉਣ ਵਾਸਤੇ ਮਾਲੀ ਰਖਿਆ ਹੋਇਆ ਸੀ, ਜਿਥੇ ਇਹ ਵਿਦਿਆਰਥੀ ਬਾਗਬਾਨੀ ਤੇ ਫਲੌਰੀ ਕਲਚਰ ਦੀ ਸਿਖਿਆ ਪ੍ਰਾਪਤ ਕਰਦੇ ਸਨ। ਪ੍ਰਦੇਸ ਵਿਚ ਵੀ ਉਨ੍ਹਾਂ ਨੇ ਆਪਣਾ ਪਰਉਪਕਾਰੀ ਸੁਭਾ ਨਹੀਂ ਸੀ ਛਡਿਆ, ਜਿਸ ਕਰਕੇ ਉਥੇ ਵੀ ਉਨ੍ਹਾਂ ਨੇ ਆਪਣੇ ਇਕ ਦੋਸਤ ਨੂੰ ਗੁਰਮੁਖੀ ਪੜ੍ਹਾਈ। ਉਨ੍ਹਾਂ ਅਨੁਸਾਰ :

*ਮੈਂ ਕੁਝ ਦਿਨਾਂ ਤੋਂ ਪਰਾਈਸ ਸਾਹਿਬ ਨੂੰ ਗੁਰਮੁਖੀ ਪੜ੍ਹਾ ਰਿਹਾ ਹਾਂ। ਕਹਿੰਦਾ ਬੜੀ ਸੌਖੀ ਤੇ ਨਿਯਮਾਂ ਮੁਜਬ ਹੈ। ਹੁਣ ਉਹ ਪੁਸਤਕ ਭੀ ਪੜ੍ਹਨ ਲਗ ਪਿਆ ਹੈ।*[35]

ਪੰਜਾਬੀ ਸਾਹਿਤ ਤੇ ਭਾਸ਼ਾ ਨਾਲ ਉਨ੍ਹਾਂ ਦਾ ਇਸ਼ਕ ਬਹੁਤ ਗਹਿਰਾ ਤੇ ਸਥਾਈ ਸੀ, ਜਿਹੜਾ ਵਿਦਿਆਰਥੀ ਜੀਵਨ ਤੋਂ ਸ਼ੁਰੂ ਹੋ ਕੇ ਜੀਵਨ ਦੇ ਆਖਰੀ ਦਮ ਤਕ ਬਣਿਆ ਰਿਹਾ। ਉਹ ਪੰਜਾਬੀ ਨੂੰ ਸਿਰਫ਼ ਸਿੱਖਾਂ ਦੀ ਹੀ ਭਾਸ਼ਾ ਨਹੀਂ ਸਨ ਮੰਨਦੇ, ਸਗੋਂ ਇਸ ਨੂੰ ਹਿੰਦੂ, ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਦੀ ਸਾਂਝੀ ਭਾਸ਼ਾ ਸਮਝਦੇ ਸਨ। ਉਹ ਇਸ ਵਿਚਾਰ ਦੇ ਹਾਮੀ ਨਹੀਂ ਸਨ ਕਿ ਕੇਵਲ ਸਿੱਖ ਹੀ ਪੰਜਾਬੀ ਦੀ ਉਨਤੀ ਲਈ ਜਤਨ ਕਰਨ। ਉਨ੍ਹਾਂ ਦਾ ਪੰਜਾਬੀ ਭਾਸ਼ਾ ਨਾਲ ਇਸ਼ਕ ਇਨ੍ਹਾਂ ਸਤਰਾਂ ਤੋਂ ਸਪਸ਼ਟ ਹੁੰਦਾ ਹੈ :

*ਮੇਰੇ ਆਪਣੇ ਮਨ ਨੂੰ ਇਹ 'ਗੁਰਮਤਿ ਦਰਸ਼ਨ' ਕਿਤਾਬ ਮੇਰੀ 'ਫਿਲਾਸਫੀ ਆਫ ਸਿੱਖੀਜ਼ਮ' ਨਾਲੋਂ ਵਧੇਰੀ ਭਾਵ-ਪੂਰਤ ਜਾਪਦੀ ਹੈ। ਸ਼ਾਇਦ ਇਸ ਲਈ ਕਿ ਇਹ ਮੇਰੀ ਆਪਣੀ ਬੋਲੀ (ਪੰਜਾਬੀ) ਵਿਚ ਹੈ।*[36]

ਡਾ. ਸ਼ੇਰ ਸਿੰਘ ਉਚ ਕੋਟੀ ਦੇ ਵਿਦਵਾਨ, ਵਿਸ਼ਾਲ ਵਿਚਾਰਾਂ ਵਾਲੇ ਸੰਜਮੀ ਤੇ ਮਿਹਨਤੀ, ਸਾਥੀਆਂ ਨੂੰ ਪ੍ਰੇਰ ਕੇ ਨਾਲ ਜੋੜਨ ਵਾਲੇ ਸਫ਼ਲ ਪ੍ਰਬੰਧਕ, ਰਸੂਖ ਵਾਲੇ ਤੇ ਉਚੇ-ਸੁਚੇ ਆਚਰਨ ਵਾਲੇ ਵਿਅਕਤੀ ਸਨ। ਧਾਰਮਿਕ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਨੇ ਸਿੱਖ ਦਰਸ਼ਨ ਨੂੰ ਛੋਟੇ ਭੂਗੋਲਿਕ ਖੇਤਰ ਵਿਚੋਂ ਕਢ ਕੇ ਅੰਤਰ-ਰਾਸ਼ਟਰੀ ਪਧਰ ਉਤੇ ਪਹੁੰਚਾਇਆ। ਸਿੱਖ ਧਰਮ ਤੇ ਆਦਰਸ਼ਾਂ ਦੀ ਸਹੀ ਤਸਵੀਰ ਪੇਸ਼ ਕਰਕੇ, ਉਨ੍ਹਾਂ ਇਕ ਬਹੁਤ ਵਡੀ (ਅਕਾਦਮਿਕ) ਸੇਵਾ ਕੀਤੀ।

ਡਾ. ਸ਼ੇਰ ਸਿੰਘ ਜਾਤ-ਪਾਤ ਦੇ ਕਟੜ ਵਿਰੋਧੀ ਸਨ। ਇਸ ਦਾ ਪ੍ਰਤਖ ਸਬੂਤ ਇਸ ਗਲ ਤੋਂ ਮਿਲਦਾ ਹੈ ਕਿ ਆਪ ਧਾਲੀਵਾਲ ਜੱਟ ਹੋਣ ਦੇ ਬਾਵਜੂਦ, ਉਨ੍ਹਾਂ ਨੇ ਆਪਣੀ ਲੜਕੀ ਦਾ ਅੰਤਰਜਾਤੀ ਵਿਆਹ ਸ. ਅਜੀਤ ਸਿੰਘ (ਭਾਟੀਆ) ਨਾਲ ਬੜੀ ਪ੍ਰਸੰਨਤਾ ਨਾਲ ਕੀਤਾ। ਗੁਰੂ

[35] *ਪ੍ਰਦੇਸ ਯਾਤ੍ਰਾ*, ਪੰਨਾ ੩੫.

[36] *ਗੁਰਮਤਿ ਦਰਸ਼ਨ*, ਪੰਨਾ ੭.

ਸਾਹਿਬਾਨ ਦਾ ਜਾਤ-ਪਾਤ ਸੰਬੰਧੀ ਉਪਦੇਸ਼ ਦ੍ਰਿੜ ਕਰਵਾਉਣ ਲਈ ਉਨ੍ਹਾਂ ਨੇ 'ਸਿੱਖ ਧਰਮ ਅਤੇ ਪਛੜੀਆਂ (ਦਲਿਤ) ਸ਼੍ਰੇਣੀਆਂ' ਨਾਮੀ ਪੁਸਤਕ ਲਿਖੀ। ਪੁਸਤਕ ਵਿਚ ਉਹ ਲਿਖਦੇ ਹਨ :

> *ਇਸ ਦੇ ਵਿਚ ਸ਼ੱਕ ਨਹੀਂ ਕਿ ਗੁਰੂ ਸਾਹਿਬਾਂ ਦੇ ਜਾਤੀ ਅਭੇਦਤਾ ਦੇ ਅਸੂਲ ਨੂੰ ਆਮ ਜਨਤਾ ਨੇ ਅਜੇ ਤਕ ਨਹੀਂ ਅਪਣਾਇਆ। ਇਸਦੇ ਕਾਰਨ ਇਕ ਤੋਂ ਬਹੁਤੇ ਹਨ। ਵੱਡਾ ਕਾਰਣ ਗੁਰਮਤਿ ਅਸੂਲਾਂ ਦੇ ਪ੍ਰਚਾਰ ਦਾ ਘਾਟਾ ਤੇ ਹਿੰਦੁਸਤਾਨੀ ਸਮਾਜ ਵਿਚ ਪਏ ਹੋਏ ਹਜ਼ਾਰਾਂ ਵਰ੍ਹਿਆਂ ਦੇ ਪੁਰਾਣੇ ਜਾਤੀ ਵੰਡ ਤੇ ਛੂਤ ਛਾਤ ਦੇ ਸੰਸਕਾਰ ਹਨ।*[37]

ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਸਮਾਜ ਦਾ ਕਿਆਸ ਕਰਦੇ ਹੋਏ ਉਹ ਕਹਿੰਦੇ ਹਨ :

> *ਛੇਤੀ ਹੀ ਸਾਰੇ ਸਿੱਖ ਸਿੱਖੀ ਖਾਲਸ ਗੁਣ ਧਾਰਨ ਕਰਕੇ ਮਨੁਖ ਜਾਤੀ ਵਿਚ ਇਕ ਉੱਚਾ ਸੁੱਚਾ ਇਨਸਾਨੀ ਸਮਾਜ ਬਣਾ ਕੇ ਖਾਲਸਾ ਰੂਪ ਧਾਰਨ ਕਰਨਗੇ। ਇਹ ਖਾਲਸਾ ਜਥੇਬੰਦੀ ਗੁਰੂ ਅਕਾਲਪੁਰਖ ਦਾ ਆਪਣਾ ਸਹੀ ਤੇ ਖਾਸ ਰੂਪ ਹੋਣ ਕਰਕੇ ਸਾਰੇ ਸੰਸਾਰ ਵਿਚ ਸੱਚ ਦਾ ਡੰਕਾ ਬਜਾਏਗੀ, ਸੱਚ ਦਾ ਰਾਜ ਕਾਇਮ ਕਰੇਗੀ, ਜਿਸ ਸੱਚ ਅੱਗੇ ਕੋਈ ਝੂਠਾ ਨਹੀਂ ਟਿਕੇਗਾ ਤੇ ਆਕੀ ਨਹੀਂ ਰਹਿ ਸਕੇਗਾ। ਏਸ ਖਾਲਸ ਇਨਸਾਨੀ ਸਮਾਜ ਵਿਚ ਹਰ ਤਰ੍ਹਾਂ ਦੀ ਨਸਲੀ, ਜਾਤੀ, ਆਰਥਕ, ਸਮਾਜਕ, ਰਾਜਸੀ ਤੇ ਆਤਮਕ ਸਮਾਨਤਾ ਹੋਵੇਗੀ। ਇਹ ਸਮਾਜ ਵਾਹਿਗੁਰੂ ਦਾ ਆਪਣਾ ਰੂਪ ਹੋਣ ਕਰਕੇ ਏਸ ਸਮਾਜ ਦੀ ਫਤੇਹ ਵਾਹਿਗੁਰੂ ਅਕਾਲਪੁਰਖ ਦੀ ਆਪਣੀ ਫਤੇਹ ਹੋਵੇਗੀ।*[38]

---

[37] *ਸਿੱਖ ਧਰਮ ਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ*, ਪੰਨਾ ੩੮.
[38] *ਉਹੀ*, ਪੰਨਾ ੩੯.

ਡਾ. ਸ਼ੇਰ ਸਿੰਘ ਆਪਣੇ ਆਚਰਣ ਵਿਚ ਪਕੇ ਸਨ। ਦੇਸ਼-ਵਿਦੇਸ਼ ਰਹਿੰਦਿਆਂ ਉਨ੍ਹਾਂ ਉਪਰ ਕਦੇ ਵੀ ਇਸ ਪਖ ਤੋਂ ਉਂਗਲ ਨਹੀਂ ਸੀ ਉਠੀ, ਜਿਸ ਕਾਰਨ ਉਨ੍ਹਾਂ ਦੇ ਆਚਰਣ ਨੂੰ ਕਦੇ ਦਾਗ ਲਗਾ ਹੋਵੇ। ਸਗੋਂ ਇੰਗਲੈਂਡ ਵਿਚ ਰਹਿੰਦਿਆਂ ਵੀ ਉਨ੍ਹਾਂ ਨੂੰ ਆਪਣੀ ਪਤਨੀ ਨਾਲ ਬੇਹਦ ਪਿਆਰ ਸੀ। ਪਤਨੀ ਦੇ ਡੂੰਘੇ ਪਿਆਰ ਵਿਚ ਡੁਬੇ ਹੋਣ ਕਾਰਨ ਇੰਗਲੈਂਡ ਦੀਆਂ ਸੁੰਦਰੀਆਂ ਵੀ ਉਨ੍ਹਾਂ ਨੂੰ ਸੋਹਣੀਆਂ ਨਹੀਂ ਲਗਦੀਆਂ ਸਨ:

> *ਮੇਰੀਆਂ ਅੱਖਾਂ ਦੇ ਅੱਗੇ ਹਰ ਵੇਲੇ ਤੇਰੀ ਪਿਆਰੀ ਸੂਰਤ, ਤੇਰੀਆਂ ਬੇਗੁਨਾਹ ਪਰ ਮਸਤ ਅੱਖੀਆਂ, ਤੇਰੇ ਸੁੱਚੇ ਪਿਆਰ ਨਾਲ ਨੁਚੜਦੇ ਬੁੱਲ੍ਹ, ਫੇਰੀਆਂ ਪਾਂਦੇ ਰਹਿੰਦੇ ਹਨ। ਉਸ ਮੂਰਤ ਦੇ ਮੁਕਾਬਲੇ ਵਿਚ ਮੈਨੂੰ ਇਹ ਕੁੜੀਆਂ ਕੋਝੀਆਂ ਲਗਦੀਆਂ ਹਨ। ਮੰਨਿਆਂ ਕਿ ਮੈਂ ਵਲਾਇਤ ਆ ਗਿਆ ਹਾਂ, ਪਰ ਕਿਸੇ ਆਦਮੀ ਦਾ ਵਲਾਇਤ ਔਣਾ, ਉਸ ਦੇ ਪਿਆਰਿਆਂ ਤੇ ਜਾਨੀਆਂ ਦੇ ਪਿਆਰ ਵਲੋਂ ਬੇਦਾਵਾ ਲਿਖਣਾ ਨਹੀਂ।*[39]

ਡਾ. ਸ਼ੇਰ ਸਿੰਘ ਦਾ ਸਿਰਫ਼ ਪਤਨੀ ਨਾਲ ਹੀ ਪਿਆਰ ਨਹੀਂ ਸੀ, ਸਗੋਂ ਉਹ ਆਪਣੇ ਬੱਚਿਆਂ ਨੂੰ ਵੀ ਅਤਿ ਦਾ ਪਿਆਰ ਕਰਦੇ ਸਨ। ਉਹ ਹਰ ਵੇਲੇ ਬੱਚਿਆਂ ਦੀ ਸੁਖ-ਸਾਂਦ ਤੇ ਸਫਲਤਾ ਲਈ ਅਕਾਲਪੁਰਖ ਅਗੇ ਅਰਜ਼ੋਈ ਕਰਦੇ ਤੇ ਪਤਨੀ ਨੂੰ ਵੀ ਕਰਨ ਲਈ ਕਿਹਾ ਕਰਦੇ। ਪ੍ਰਦੇਸ ਜਾਣ ਵੇਲੇ ਦੇ ਹਾਲ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਪਿਤਾ ਹੋਣ ਦੀ ਜ਼ਿੰਮੇਵਾਰੀ ਪ੍ਰਤੀ ਕਿੰਨੇ ਸੁਚੇਤ ਸਨ :

> *ਟੁਰਨ ਵਾਲੇ ਦਿਨ ਮੈਨੂੰ ਕਈ ਤਰ੍ਹਾਂ ਦੇ ਚੰਗੇ ਮੰਦੇ ਖਿਆਲ ਔਣ। ਕਾਕਿਆਂ ਨੂੰ ਕਈ ਵੇਰ ਜੱਫੀਆਂ ਪਾਈਆਂ। ਤੁਸੀਂ ਤੇ ਐਨੀ ਦੋਨੋ ਬਿਮਾਰ ਸਾਓ। ਤੁਹਾਡੇ ਦੋਹਾਂ ਸਬੰਧੀ ਭੀ ਕਈ ਖਿਆਲ ਆਏ। ਬਾਪ ਤੋਂ ਬਿਨਾਂ ਬੱਚਿਆਂ ਦਾ ਕੀ ਹਾਲ? ਫੇਰ ਜਦ ਕਿ ਮਾਂ ਬੀਮਾਰ ਹੋਵੇ ਤੇ ਛੋਟੀ ਬੱਚੀ ਭੀ ਬੀਮਾਰ ਹੋਵੇ।*[40]

---

[39] *ਪ੍ਰਦੇਸ ਯਾਤ੍ਰਾ*, ਪੰਨੇ ੧੦੧-੦੨.
[40] *ਉਹੀ*, ਪੰਨੇ ੪-੫.

ਇਕ ਥਾਂ ਹੋਰ ਡਾ. ਸ਼ੇਰ ਸਿੰਘ ਲਿਖਦੇ ਹਨ :

> *੯ ਸਤੰਬਰ–ਅਜ ਗੁਰਭਜਨ ਦਾ ਜਨਮ ਦਿਨ ਸੀ। ਅਗੇ ਨਾਲੋਂ ਦੋ ਘੰਟੇ ਪਹਿਲੋਂ ਉਠਿਆ। ਅਸ਼ਨਾਨ ਕਰਕੇ ਜਪੁਜੀ ਸਾਹਿਬ ਦੇ ਪੰਜ ਪਾਠ ਕੀਤੇ। ਕਾਕੇ ਦੀ ਅਰੋਗਤਾ, ਲੰਮੀ ਉਮਰ ਤੇ ਸਾਨੂੰ ਮਾਪਿਆਂ ਨੂੰ ਆਪਣੇ ਫਰਜ਼ਾਂ ਵਿਚ ਪੂਰੇ ਉਤਰਨ ਲਈ ਵਾਹਿਗੁਰੂ ਪਾਸ ਅਰਦਾਸ ਕਰਕੇ ਉਸ ਤੋਂ ਬਲ ਮੰਗਿਆ। ਕਾਕੇ ਨੂੰ ਵਧਾਈ ਦੀ ਚਿੱਠੀ ਲਿਖੀ।*[41]

ਡਾ. ਸ਼ੇਰ ਸਿੰਘ ਦੇ ਪਰਿਵਾਰਕ ਸੰਸਕਾਰਾਂ ਨੇ ਉਨ੍ਹਾਂ ਨੂੰ ਇਕ ਉਦਮੀ ਤੇ ਨਿਤਨੇਮੀ ਸਿੱਖ ਦੇ ਰੂਪ ਵਿਚ ਲੋਕਾਂ ਦੀਆਂ ਅਖਾਂ ਸਾਹਮਣੇ ਲਿਆਂਦਾ। ਪਰਿਵਾਰ ਦੀ ਨਾਮਧਾਰੀ ਵਿਚਾਰਧਾਰਾ ਤੇ ਸੰਤ ਸੁੰਦਰ ਸਿੰਘ ਆਦਿ ਦੀ ਸੰਗਤ ਕਾਰਨ ਉਹ ਕਈ ਪ੍ਰਕਾਰ ਦੇ ਉਦਮੀ ਸੰਗਠਨਾਂ ਵਿਚ ਭਾਗ ਲੈਣ ਵਾਲੇ ਵਿਅਕਤੀ ਸਾਬਿਤ ਹੋਏ। ਜਿਥੇ ਉਹ ਇਨਕਲਾਬੀ ਤੇ ਬਾਗੀ ਸ਼ਖਸੀਅਤ ਦੇ ਮਾਲਿਕ ਸਨ, ਉਥੇ ਉਨ੍ਹਾਂ ਦੀ ਵਿਦਿਅਕ ਪ੍ਰਾਪਤੀ ਉਨ੍ਹਾਂ ਨੂੰ ਇਕ ਬੁਧੀਵਾਨ ਮਨੁਖ ਸਾਬਿਤ ਕਰਦੀ ਹੈ।

ਡਾ. ਸ਼ੇਰ ਸਿੰਘ ਦੀ ਸ਼ਖਸੀਅਤ ਦਾ ਇਕ ਪਖ ਇਹ ਵੀ ਹੈ ਕਿ ਉਹ ਹਮੇਸ਼ਾਂ ਦੂਸਰਿਆਂ ਵਿਚ ਔਗੁਣਾਂ ਦੀ ਥਾਂ ਗੁਣਾਂ ਦੀ ਭਾਲ ਕਰਦੇ ਸਨ। ਇਸ ਦਾ ਕਾਰਨ ਹੈ ਕਿ ਉਨ੍ਹਾਂ ਦਾ ਗੁਰਬਾਣੀ ਨਾਲ ਅਤਿ ਦਾ ਪਿਆਰ ਸੀ। ਗੁਰਬਾਣੀ ਅਨੁਸਾਰ ਜੀਵਨ ਬਿਤਾਉਣ ਕਾਰਨ ਹੀ ਉਹ ਦੂਜਿਆਂ ਨਾਲ ਗੁਣਾਂ ਦੀ ਸਾਂਝ ਕਰਦੇ। ਉਨ੍ਹਾਂ ਅਨੁਸਾਰ ਹਰ ਵਿਅਕਤੀ ਦੇ ਗੁਣਾਂ ਨੂੰ ਚਿਤਾਰਨਾ ਚਾਹੀਦਾ ਹੈ, ਔਗੁਣਾਂ ਨੂੰ ਨਹੀਂ। ਹਰ ਮਨੁਖ ਵਿਚ ਔਗੁਣ ਹਨ, ਜੇਕਰ ਅਸੀਂ ਦੂਸਰਿਆਂ ਦੇ ਔਗੁਣਾਂ ਨੂੰ ਹੀ ਚਿਤਾਰਦੇ ਰਹੀਏ ਤਾਂ ਅਸੀਂ ਇਕਠੇ ਨਹੀਂ ਰਹਿ ਸਕਦੇ।[42]

ਡਾ. ਸ਼ੇਰ ਸਿੰਘ ਪੰਥਕ ਪਿਆਰ ਦੇ ਮੁਜਸਮਾ ਸਨ। ਉਨ੍ਹਾਂ ਅੰਦਰ ਸਿੱਖੀ ਪਿਆਰ ਕੁਟ–ਕੁਟ ਕੇ ਭਰਿਆ ਹੋਇਆ ਸੀ। ਲੋਕਾਂ ਦੀ ਧਾਰਮਿਕ ਪ੍ਰਵਿਰਤੀ, ਗੁਰਦੁਆਰਿਆਂ ਦੇ ਮੰਤਵ ਅਤੇ ਇਨ੍ਹਾਂ ਅੰਦਰ ਰੱਖੇ ਜਾਂਦੇ ਸੇਵਾਦਾਰਾਂ ਉਤੇ ਟਿਪਣੀ ਦਿੰਦੇ ਹੋਏ ਉਹ ਕਹਿੰਦੇ ਹਨ :

---

[41] *ਪ੍ਰਦੇਸ ਯਾਤ੍ਰਾ*, ਪੰਨੇ ੩੦–੧.
[42] *ਉਹੀ*, ਪੰਨਾ ੧੧੭.

*ਡੇਰੇ ਸਾਧੂਆਂ ਕੋਲੋਂ ਖੁਸ਼ ਕੇ ਕਮੇਟੀਆਂ ਦੇ ਹੱਥ ਆ ਚੁੱਕੇ ਹਨ, ਪਰ ਕਿਸੇ ਥਾਂ ਦਾ ਕੋਈ ਤਸੱਲੀਬਖਸ਼ ਪ੍ਰਬੰਧ ਨਹੀਂ ਹੋ ਰਿਹਾ। ਨਗਰਾਂ ਵਿਚ ਵੀ ਧੜੇਬੰਦੀਆਂ ਹੋ ਗਈਆਂ ਹਨ, ਸ਼ਰਧਾ ਤੇ ਸ਼ਾਂਤੀ ਦਾ ਵਾਯੂ ਮੰਡਲ ਉਡ ਰਿਹਾ ਹੈ। ਇਨ੍ਹਾਂ ਅਸਥਾਨਾਂ ਦੇ ਮੰਤਵ ਗੁੰਮ ਹੋ ਰਹੇ ਹਨ। ਇਨ੍ਹਾਂ ਦੀ ਸੰਭਾਲ ਕਮੇਟੀਆਂ ਨੂੰ ਮਹਿੰਗੀ ਪੈ ਰਹੀ ਹੈ। ਅਜਿਹਾ ਤਨਖਾਹਦਾਰ ਆਦਮੀ ਉਹ ਕਿਥੋਂ ਲੱਭਣ, ਜਿਹੜਾ ਗ੍ਰੰਥੀ ਦਾ ਕੰਮ ਵੀ ਕਰੇ, ਬੱਚੇ ਵੀ ਪੜ੍ਹਾਵੇ ਤੇ ਪ੍ਰਬੰਧ ਵੀ ਕਰੇ।*[43]

ਮਾਲਵਾ ਡਾ. ਸਾਹਿਬ ਦੀ ਜਨਮ ਭੂਮੀ ਸੀ। ਜਨਮ ਭੂਮੀ ਹੋਣ ਕਾਰਨ ਮਾਲਵੇ ਦੀ ਧਰਤੀ ਨੂੰ ਡਾ. ਸਾਹਿਬ ਬਹੁਤ ਪਿਆਰ ਕਰਦੇ ਸਨ। ਇਹ ਮਨੁਖ ਦਾ ਕੁਦਰਤੀ ਸੁਭਾਅ ਹੈ ਜਿਥੇ ਵੀ ਮਨੁਖ ਪੈਦਾ ਹੁੰਦਾ ਹੈ, ਉਸ ਮਿੱਟੀ ਦੀ ਖੁਸ਼ਬੋ ਸਾਰੀ ਉਮਰ ਉਸ ਨੂੰ ਆਉਂਦੀ ਰਹਿੰਦੀ ਹੈ। ਇਸ ਲਈ ਡਾ. ਸ਼ੇਰ ਸਿੰਘ ਹਮੇਸ਼ਾਂ ਹੀ ਆਪਣੇ ਬਚਿਆਂ ਨੂੰ ਮਾਲਵੇ ਦੀ ਸੈਰ ਕਰਾਉਣ ਦੇ ਸਦਾ ਚਾਹਵਾਨ ਰਹਿੰਦੇ ਸਨ।[44]

ਡਾ. ਸ਼ੇਰ ਸਿੰਘ ਦੀ ਸ਼ਖਸੀਅਤ ਦੇ ਉਕਤ ਪਹਿਲੂ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਤੇ ਉਨ੍ਹਾਂ ਦੀਆਂ ਪੁਸਤਕਾਂ ਦੇ ਰਿਵਿਊਆਂ ਵਿਚ ਇਉਂ ਵੇਖੇ ਜਾ ਸਕਦੇ ਹਨ:

ਸੰਸਾਰ ਪ੍ਰਸਿਧ ਸ਼ਾਇਰ ਡਾਕਟਰ ਮੁਹੰਮਦ ਇਕਬਾਲ ਐਮ.ਏ. ਪੀਐਚ.ਡੀ. (ਕੈਂਟਬ) ਨੇ ਡਾ. ਸ਼ੇਰ ਸਿੰਘ ਬਾਰੇ ਲਿਖਿਆ ਹੈ :

*ਸ਼ੇਰ ਸਿੰਘ ਨੂੰ ਮੈਂ ਫ਼ਾਰਸੀ ਦਾ ਬਹੁਤ ਚੰਗਾ ਵਿਦਵਾਨ ਸਮਝਦਾ ਹਾਂ। ਇਹ ਬੜਾ ਮਿਹਨਤੀ ਤੇ ਬੁਧਵਾਨ ਹੈ। ਇਸ ਦਾ ਵਰਤਾਉ ਬਹੁਤ ਹੀ ਸੁਸ਼ੀਲ ਤੇ ਆਚਰਣ ਬਹੁਤ ਉਚਾ ਹੈ।*[45]

---

[43] *ਵਿਚਾਰਮਾਲਾ*, ਪੰਨਾ ੨੦੦.

[44] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 9.

[45] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 12.

ਪੰਡਤ ਸ੍ਰੀ ਮੋਦਗਿਲ ਬੜੇ ਸਖਤ ਪ੍ਰਬੰਧਕ ਅਤੇ ਮੋਗੇ ਦੇ ਪ੍ਰਤਿਸ਼ਠ ਹੈਡਮਾਸਟਰ ਹੋ ਗੁਜ਼ਰੇ ਹਨ। ਸੰਨ ੧੯੨੨ ਵਿਚ ਉਨ੍ਹਾਂ ਸ਼ੇਰ ਸਿੰਘ ਬਾਰੇ ਲਿਖਿਆ ਸੀ :

> *ਮੈਂ ਭਾਈ ਸ਼ੇਰ ਸਿੰਘ ਧਾਲੀਵਾਲ ਨੂੰ ਆਪਣਾ ਵਿਦਿਆਰਥੀ ਤੇ ਸਕੂਲੋਂ ਬਾਹਰ ਵੀ ਵਿਅਕਤੀ ਦੇ ਰੂਪ ਵਿਚ ਪਿਛਲੇ ਚਹੁੰ ਵਰ੍ਹਿਆਂ ਤੋਂ ਜਾਣਦਾ ਹਾਂ। ਸ਼ੇਰ ਸਿੰਘ ਕੁਝ ਅਵਸ਼ ਕਾਰਣਾਂ ਕਰਕੇ ਸਕੂਲ ਛਡ ਗਿਆ ਸੀ। ਸ਼ੇਰ ਸਿੰਘ ਮੇਰੇ ਸਕੂਲ ਵਿਚ ੧੯੧੮ ਵਿਚ ਮਿਡਲ ਦੇ ਇਮਤਿਹਾਨ ਵਿਚ 'ਖੁੱਲਾ' ਵਜ਼ੀਫਾ ਲੈ ਕੇ ਜਿਲ੍ਹੇ ਵਿਚ ਅਵੱਲ ਨੰਬਰ ਉਤੇ ਰਹਿ ਕੇ ਆਇਆ ਸੀ। ਮੈਂ ਸਮਝਦਾ ਹਾਂ ਕਿ ਸ਼ੇਰ ਸਿੰਘ ਸੱਚੇ, ਸੁੱਚੇ, ਸਪਸ਼ਟ ਤੇ ਡੂੰਘੇ ਧਾਰਮਿਕ ਭਾਵਾਂ ਵਾਲਾ ਨੌਜਵਾਨ ਹੈ। ਇਸ ਦੀ ਦਿਮਾਗੀ ਸਮਝ ਤੇ ਮਿਹਨਤ ਸ਼ਕਤੀ ਸਾਧਾਰਣ ਮਨੁੱਖਾਂ ਨਾਲੋਂ ਬਹੁਤ ਉਚੀ ਹੈ ਤੇ ਇਸ ਦਾ ਆਚਰਣ ਤੇ ਵਰਤਾਰਾ ਆਦਰਸ਼ਕ ਹੈ। ਇਸ ਸਾਲ ਇਸ ਨੇ ਦਸਵੀਂ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਦਾ ਅਵਲ ਦਰਜੇ ਵਿਚ ਪਾਸ ਕੀਤਾ ਤੇ ਨਾਲ ਹੀ ਗਿਆਨੀ ਦਾ ਇਮਤਿਹਾਨ ਵੀ ਅਵੱਲ ਨੰਬਰ ਤੇ ਰਹਿ ਕੇ ਪਾਸ ਕੀਤਾ ਹੈ। ਵਾਧਾ ਇਹ ਕਿ ਦੋਵੇਂ ਇਮਤਿਹਾਨ ਪ੍ਰਾਈਵੇਟ ਪਾਸ ਕੀਤੇ ਹਨ। ਮੈਨੂੰ ਇਹ ਕਹਿਣ ਵਿਚ ਬੜੀ ਪ੍ਰਸੰਨਤਾ ਹੁੰਦੀ ਹੈ ਕਿ ਸ਼ੇਰ ਸਿੰਘ ਵਿਚ ਅਜਿਹੇ ਗੁਣ ਹਨ ਕਿ ਜੇਕਰ ਇਸ ਨੂੰ ਠੀਕੇ ਮੌਕੇ ਉਤੇ ਅਗਵਾਈ ਮਿਲਦੀ ਰਹੀ ਤਾਂ ਇਹ ਦੁਨੀਆ ਵਿਚ ਨਾਮ ਪ੍ਰਾਪਤ ਕਰੇਗਾ। ਮੈਂ ਇਸ ਦੇ ਹਰ ਕੰਮ ਵਿਚ ਪੂਰੀ ਸਫਲਤਾ ਲਈ ਪ੍ਰਾਰਥਕ ਹਾਂ।*[46]

ਗੌਰਮਿੰਟ ਕਾਲਜ, ਲਾਹੌਰ ਦੇ ਪ੍ਰੋਫੈਸਰ ਲਾਲਾ ਚੇਤਨ ਆਨੰਦ, ਜਿਹੜੇ ਡਾ. ਸ਼ੇਰ ਸਿੰਘ ਦੇ ਟਿਊਟਰ ਵੀ ਰਹੇ, ਨੇ ੧੯੨੭ ਵਿਚ ਉਨ੍ਹਾਂ ਬਾਰੇ ਇਉਂ ਕਿਹਾ ਸੀ :

---

[46] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 10.

*ਗਿਆਨੀ ਸ਼ੇਰ ਸਿੰਘ ਮੇਰੇ ਟਿਊਟੋਰੀਅਲ ਗਰੁਪ ਵਿਚ ਪਿਛਲੇ ਤਿੰਨਾਂ ਸਾਲਾਂ ਤੋਂ ਚਲਿਆ ਆ ਰਿਹਾ ਹੈ। ਇਹ ਬੜਾ ਮਿਹਨਤੀ, ਸੁਯੋਗ ਤੇ ਸੁਚਜਾ ਕਾਮਾ ਹੈ ਤੇ ਇਸ ਦਾ ਆਚਰਣ ਬਹੁਤ ਵਧੀਆ ਹੈ। ਪੰਜਾਬੀ ਬੋਲੀ ਦਾ ਇਹ ਚੰਗਾ ਵਿਦਵਾਨ ਹੈ ਤੇ ਇਸ ਦੇ 'ਰਾਵੀ' ਵਿਚ ਕਈ ਲੇਖ ਛਪੇ ਹਨ ਤੇ ਹੁਣ 'ਰਾਵੀ' ਰਸਾਲੇ ਦਾ ਸਹਾਇਕ ਐਡੀਟਰ ਵੀ ਹੈ। ਇਹ ਬਹੁਤ ਚੰਗਾ ਜਥੇਬੰਦਕ ਹੈ ਤੇ ਇਸ ਦੇ ਕੀਤੇ ਪੰਜਾਬੀ ਦਰਬਾਰ, ਜਿਨ੍ਹਾਂ ਦੀ ਪ੍ਰਧਾਨਗੀ ਬਹੁਤ ਵਡਿਆਂ ਵਿਅਕਤੀਆਂ ਨੇ ਕੀਤੀ ਸੀ, ਅਤਿਅੰਤ ਸਫ਼ਲਤਾ ਨਾਲ ਹੋਏ ਸਨ। ਸ਼ੇਰ ਸਿੰਘ ਪੰਜਾਬੀ ਸਭਾ ਸਿੱਖ ਐਸੋਸੀਏਸ਼ਨ ਦਾ ਮੀਤ ਪ੍ਰਧਾਨ ਹੈ ਤੇ ਇਸ ਨੂੰ ਉਰਦੂ, ਹਿੰਦੀ, ਫ਼ਾਰਸੀ ਆਦਿ ਬੋਲੀਆਂ ਦਾ ਸੰਪੂਰਨ ਗਿਆਨ ਹੈ, ਮੈਨੂੰ ਆਸ ਹੈ ਕਿ ਏਨੀਆਂ ਭਾਸ਼ਾਵਾਂ ਦੇ ਅਧਿਐਨ ਕਰਕੇ ਇਹ ਜ਼ਰੂਰ ਕਿਸੇ ਚੰਗੀ ਪਦਵੀ ਦਾ ਧਾਰਨੀ ਹੋਵੇਗਾ।*[47]

ਪ੍ਰਿੰਸੀਪਲ ਜੀ.ਏ. ਵਾਦਨ (ਅੰਮ੍ਰਿਤਸਰ) ਦੀਆਂ ਨਜ਼ਰਾਂ ਵਿਚ :

*ਸ਼ੇਰ ਸਿੰਘ ਬੜਾ ਹੋਣਹਾਰ ਵਿਦਵਾਨ ਹੈ, ਖਾਸ ਕਰ ਭਾਸ਼ਾਵਾਂ ਦੇ ਖੇਤਰ ਵਿਚ। ਸਾਥੀ ਵਿਦਿਆਰਥੀ ਇਸ ਦੀ ਵਿਦਵਤਾ ਦਾ ਸਤਿਕਾਰ ਕਰਦੇ ਹਨ।*[48]

ਪ੍ਰਿੰਸੀਪਲ ਏ. ਐਸ. ਹੈਮੀ (ਲਾਹੌਰ) ਦੀ ਰਾਏ ਇਹ ਸੀ:

*ਫ਼ਾਰਸੀ ਅਤੇ ਫਿਲਾਸਫੀ ਵਿਚ ਸ਼ੇਰ ਸਿੰਘ ਨੇ ਪਹਿਲੇ ਦਰਜੇ ਦੇ ਇਨਾਮ ਲਏ। ...ਪੰਜਾਬੀ ਬੋਲੀ ਦੀ ਉਨਤੀ ਲਈ ਵਡੇ ਉਤਸ਼ਾਹ ਕਰਕੇ ਇਸ ਨੇ ਪ੍ਰਸਿੱਧਤਾ ਖਟੀ ਹੈ। ਇਹ ਬੜਾ ਉਦਮੀ, ਲਾਇਕ ਤੇ ਲਗਨ ਵਾਲਾ ਨੌਜੁਆਨ ਹੈ।*[49]

---

[47] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨੇ 10–11.
[48] *ਉਹੀ*, ਪੰਨਾ 11.
[49] *ਉਹੀ.*

ਪ੍ਰੋਫੈਸਰ ਜੀ.ਸੀ. ਚੈਟਰਜੀ, ਐਮ.ਏ. (ਕੈਂਟਬ), ਆਈ.ਏ.ਐਸ. ਨੇ ਲਿਖਿਆ :

> *ਫ਼ਿਲਾਸਫੀ ਦਾ ਵਿਦਿਆਰਥੀ ਹੋਣ ਦੀ ਹੈਸੀਅਤ ਵਿਚ ਮੈਂ ਪਹਿਲਾਂ ਸ਼ੇਰ ਸਿੰਘ ਨੂੰ ਜਾਣਨ ਲਗਾ। ਇਸ ਮਜ਼ਮੂਨ ਵਿਚ ਇਸ ਨੇ ਬੜੀ ਯੋਗਤਾ ਤੇ ਡੂੰਘੀ ਦਿਲਚਸਪੀ ਦਿਖਾਈ... ਗੌਰਮਿੰਟ ਕਾਲਜ ਵਿਚ ਸ਼ੇਰ ਸਿੰਘ ਦਾ ਵਿਦਿਆਰਥੀਆਂ ਵਿਚ ਬੜਾ ਅਸਰ ਰਸੂਖ ਸੀ। ਇਸ ਨੇ ਹਮੇਸ਼ਾਂ ਏਸ ਰਸੂਖ ਨੂੰ ਸੁਚਜੀ ਅਗਵਾਈ ਤੇ ਸਿਆਣਪ ਨਾਲ ਵਰਤਿਆ। ਦੇਸੀ ਬੋਲੀਆਂ ਦੇ ਪ੍ਰੋਫੈਸਰਾਂ ਵਿਚ, ਵਿਦਿਆਰਥੀਆਂ ਦੇ ਮਨਾਂ ਵਿਚ ਸਤਿਕਾਰ ਪ੍ਰਾਪਤ ਕਰਨ ਵਾਲੀ ਯੋਗਤਾ ਨਹੀਂ ਹੁੰਦੀ ਪਰ ਸ਼ੇਰ ਸਿੰਘ ਵਿਚ ਇਹ ਚਜ ਤੇ ਗੁਣ ਬਹੁਤ ਹਨ ਜਿਨ੍ਹਾਂ ਕਰਕੇ ਸ਼ੇਰ ਸਿੰਘ ਪਦਵੀ ਤੇ ਵਕਾਰ ਨੂੰ ਉਚਾ ਕਰੇਗਾ। ਕਾਰਣ ਇਹ ਜੋ ਸ਼ੇਰ ਸਿੰਘ ਵਿਚ ਇਕ ਉਚੀ ਭਾਸ਼ਾ ਪ੍ਰਤਿਯੋਗਤਾ ਹੀ ਨਹੀਂ ਹੈ, ਸਗੋਂ ਇਸ ਵਿਚ ਵਿਚਾਰਾਂ ਦੀ ਵਿਸ਼ਾਲਤਾ, ਉਚੀ ਦ੍ਰਿਸ਼ਟੀਕੋਣਤਾ ਤੇ ਸੁਚੇ ਆਚਰਣ ਦੇ ਗੁਣ ਅਜਿਹੇ ਹਨ ਜਿਹੜੇ ਇਸ ਨੂੰ ਹਰ ਇਕ ਦੇ ਸਤਿਕਾਰ ਦਾ ਪਾਤਰ ਬਣਾਉਣਗੇ।*[50]

ਰਾਇ ਬਹਾਦਰ ਸ਼ਿਵ ਰਾਮ ਕੈਸ਼ਪ ਆਈ.ਈ.ਐਸ. ਲਾਹੌਰ ਦੀ ਡਾ. ਸ਼ੇਰ ਸਿੰਘ ਬਾਰੇ ਰਾਇ ਸੀ :

> *ਉਸ ਦੀ ਸਮਝ, ਸੁਭਾਉ ਤੇ ਆਚਰਣ ਬਹੁਤ ਵਧੀਆ ਹਨ। ਇਹ ਮਹਾਨ ਉਦਮੀ ਤੇ ਵਡਾ ਜਥੇਬੰਦਕ ਹੈ।*[51]

ਸਰਦਾਰ ਬਹਾਦਰ ਪ੍ਰੋ. ਐਮ.ਜੀ. ਸਿੰਘ ਐਮ.ਏ. (ਆਕਸਫ਼ੋਰਡ) ਅਨੁਸਾਰ :

> *ਮੈਂ ਸ਼ੇਰ ਸਿੰਘ ਗਿਆਨੀ ਨੂੰ ੧੯੨੫ ਤੋਂ ਜਾਣਦਾਂ ਹਾਂ। ਮੈਂ ਇਸ ਦੇ ਆਚਰਣ ਬਾਰੇ ਬਹੁਤ ਚੰਗੀ ਤੇ ਉਚੀ ਰਾਇ ਬਣਾਈ ਹੈ। ਇਸ ਵਿਚ ਸਿਰੜ, ਉਦਮ ਤੇ ਲੋਕਾਂ ਨਾਲ ਵਰਤਣ ਦੀ ਜਾਚ ਬਹੁਤ ਹੈ।*

---

[50] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 11.

[51] *ਉਹੀ*, ਪੰਨੇ 11–2.

*ਪੂਰਣ ਸਵੈ-ਭਰੋਸਾ ਰਖਦਾ ਹੋਇਆ ਸ਼ੇਰ ਸਿੰਘ ਜਿਸ ਕੰਮ ਨੂੰ ਵੀ ਹੱਥ ਪਾਵੇ, ਪੂਰੀ ਸਫਲਤਾ ਤੇ ਭਰੋਸੇ ਨਾਲ ਕਰਦਾ ਹੈ। ਲੋਕਾਂ ਨੂੰ ਜਥੇਬੰਦ ਕਰਨ ਦੀ ਸ਼ਕਤੀ ਇਸ ਵਿਚ ਅਥਾਹ ਹੈ।*[52]

ਪ੍ਰੋਫੈਸਰ ਕੇ.ਐਮ. ਮੈਤਮ ਲਿਖਦਾ ਹੈ :

*ਮੈਨੂੰ ਪੂਰਣ ਆਸ ਹੈ ਕਿ ਸ਼ੇਰ ਸਿੰਘ ਜਿਥੇ ਵੀ ਜਾਏਗਾ ਆਪਣੇ ਲਈ ਤੇ ਆਪਣੀ ਸੰਸਥਾ ਲਈ ਨਾਮ ਪੈਦਾ ਕਰੇਗਾ।*[53]

ਕਾਜ਼ੀ ਫਜ਼ਲ ਹਕ ਖਾਨ ਬਹਾਦਰ ਲਾਹੌਰ ਅਨੁਸਾਰ :

*ਗੌਰਮਿੰਟ ਕਾਲਜ ਵਿਚ ਸ਼ੇਰ ਸਿੰਘ ਆਪਣੇ ਸਮੇਂ ਦੇ ਚੋਟੀ ਦੇ ਵਿਦਿਆਰਥੀਆਂ ਵਿਚੋਂ ਇਕ ਸੀ। ਮੈਂ ਸਦਾ ਹੀ ਇਸ ਦੀ ਮਿਹਨਤ, ਯੋਗਤਾ ਅਤੇ ਜਥੇਬੰਧਕ ਸ਼ਕਤੀ ਤੋਂ ਪ੍ਰਭਾਵਿਤ ਰਿਹਾ ਹਾਂ।*[54]

ਡਾਕਟਰ ਟੀ. ਗ੍ਰਹਮ ਬੇਲੀ (ਲੰਡਨ) ਜਿਹੜੇ ਡਾ. ਸ਼ੇਰ ਸਿੰਘ ਦੇ ਪੀਐਚ.ਡੀ. ਦੇ ਨਿਗਰਾਨ ਸਨ, ਦੀ ਰਾਇ ਸੀ ਕਿ :

*ਮੈਂ ਤੇ ਮੇਰੇ ਸਾਥੀ ਪਰੀਖਕ-ਕੈਂਬ੍ਰਿਜ ਦੇ ਡਾਕਟਰ ਈ.ਜੇ. ਟਾਮਸ ਨੂੰ ਸ਼ੇਰ ਸਿੰਘ ਨੂੰ ਪੀਐਚ.ਡੀ. ਦੀ ਡਿਗਰੀ ਦੇਣ ਵੇਲੇ ਰਤਾ ਵੀ ਝਿਜਕ ਨਹੀਂ ਸੀ ਹੋਈ। ਸ਼ੇਰ ਸਿੰਘ ਦੀ ਖੋਜ ਵਿਚ ਜਿਸ ਗੱਲ ਨੇ ਮੈਨੂੰ ਸਭ ਤੋਂ ਬਹੁਤਾ ਪ੍ਰਭਾਵਿਤ ਕੀਤਾ ਉਹ ਕੇਵਲ ਪਦਾਰਥ ਇਕਠੇ ਕਰਨ ਦੀ ਯੋਗਤਾ ਹੀ ਨਹੀਂ ਸੀ, ਪਦਾਰਥ ਤਾਂ ਮਿਹਨਤ ਨਾਲ ਇਕਠੇ ਕਰਨੇ ਸੌਖੇ ਹੀ ਹੁੰਦੇ ਹਨ, ਪਰ ਪਦਾਰਥਾਂ ਨੂੰ ਇਕਠਾ ਕਰਕੇ ਉਨ੍ਹਾਂ ਨੂੰ ਵਿਦਵਤਾ ਭਰਪੂਰ ਢੰਗ ਨਾਲ ਵਰਤਣਾ ਵਿਰਲੇ ਬੰਦਿਆਂ ਦਾ ਕੰਮ ਹੁੰਦਾ ਹੈ। ਇਸ ਨੇ ਅਜਿਹਾ ਹੀ ਕਮਾਲ ਕਰ ਵਿਖਾਇਆ ਹੈ। ਇਸ ਦੇ ਵਿਚਾਰਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਤੇ ਹੋਰਨਾਂ ਦੇ*

---

[52] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 12.
[53] *ਉਹੀ.*
[54] *ਉਹੀ*, ਪੰਨੇ 12-3.

*ਵਿਚਾਰਾਂ ਨੂੰ ਪੂਰੇ ਇਨਸਾਫ਼ ਤੇ ਹਮਦਰਦੀ ਨਾਲ ਜਾਚਣ ਦੀ ਸਮਰਥਾ ਸ਼ੇਰ ਸਿੰਘ ਵਿਚ ਹੈ।*[55]

ਪ੍ਰੋਫੈਸਰ ਬੇਟੀ ਹਾਈਮੇਨ ਨੇ ਡਾ. ਸ਼ੇਰ ਸਿੰਘ ਬਾਰੇ ਲਿਖਿਆ:

*ਮੈਂ ਸ਼ੇਰ ਸਿੰਘ ਦੀ ਉਸ ਯੋਗਤਾ ਦੀ ਕਦਰ ਕਰਦੀ ਹਾਂ ਜਿਹੜੀ ਕਿ ਇਸ ਨੇ ਪੂਰਬੀ ਤੇ ਪੱਛਮੀ ਦਾਰਸ਼ਨਿਕ ਸਿਧਾਂਤਾਂ ਨੂੰ ਗੰਭੀਰ ਤੇ ਵਿਦਵਤਾ ਤੇ ਵਿਸ਼ਾਲ ਭਾਵਾਂ ਨਾਲ ਸਮਝਣ ਤੇ ਗ੍ਰਹਿਣ ਕਰਨ ਵਿਚ ਦਿਖਾਈ ਹੈ।*[56]

ਪ੍ਰੋਫੈਸਰ ਸਿਰਲ ਬਰਟ ਲਿਖਦੇ ਹਨ :

*ਸ਼ੇਰ ਸਿੰਘ ਨੇ ਆਪਣੇ ਆਪ ਨੂੰ ਬਹੁਤ ਲਾਇਕ ਤੇ ਡੂੰਘੀ ਲਗਨ ਵਾਲਾ ਵਿਦਿਆਰਥੀ ਸਿੱਧ ਕੀਤਾ। ਮਨੋਵਿਗਿਆਨ ਦੀ ਪਰੀਖਿਆ ਵਿਚ ਇਸ ਦੇ ਪਰਚੇ ਸਰਵੋਤਮ ਪਰਚਿਆਂ ਵਿਚੋਂ ਸਨ। ਸ਼ੇਰ ਸਿੰਘ ਦੀ ਸ਼ਖਸੀਅਤ ਬੜੀ ਪ੍ਰਭਾਵਸ਼ਾਲੀ ਤੇ ਆਚਰਣ ਬਹੁਤ ਉਚਾ ਹੈ।*[57]

ਪ੍ਰੋਫੈਸਰ ਜੇ.ਸੀ. ਫਲੂਗਲ ਨੇ ਡਾ. ਸ਼ੇਰ ਸਿੰਘ ਦੇ ਪ੍ਰਮਾਣ ਪਤਰ ਵਿਚ ਲਿਖਿਆ :

*ਸ੍ਰੀ ਐਸ.ਐਸ. ਗਿਆਨੀ ਨੇ ਯੂਨੀਵਰਸਿਟੀ ਕਾਲਜ, ਲੰਡਨ ਵਿਚ ਮਨੋਵਿਗਿਆਨ ਦੇ ਸੰਪੂਰਣ ਕੋਰਸ ਦਾ ਅਧਿਐਨ ਕੀਤਾ ਹੈ ਤੇ ਇਸ ਵਿਚ ਇਸ ਨੇ ਪੂਰਣ ਯੋਗਤਾ ਤੇ ਡੂੰਘੀ ਦਿਲਚਸਪੀ ਦਿਖਾਈ ਹੈ।...ਮੈਨੂੰ ਪੂਰਣ ਭਰੋਸਾ ਹੈ ਕਿ ਇਸ ਖੇਤਰ ਵਿਚ ਸ਼ੇਰ ਸਿੰਘ ਵਧੀਆ ਕੰਮ ਕਰੇਗਾ।*[58]

---

[55] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 13.
[56] *ਉਹੀ.*
[57] *ਉਹੀ.*
[58] *ਉਹੀ*, ਪੰਨਾ 13.

ਆਕਸਫੋਰਡ ਦੇ ਬੈਲੋਲ ਮਾਸਟਰ ਤੇ ਲੰਡਨ ਯੂਨੀਵਰਸਿਟੀ ਦੇ ਪ੍ਰਸਿਧ ਪ੍ਰੋਫੈਸਰ ਮੈਕਮਰੇ ਨੇ ਲਿਖਿਆ ਹੈ :

> *ਪਿਛਲੇ ਦੋ ਵਰ੍ਹਿਆਂ ਵਿਚ ਸਾਡੇ ਦਰਸ਼ਨ ਵਿਭਾਗ ਵਿਚ ਸ੍ਰੀ ਸ਼ੇਰ ਸਿੰਘ ਗਿਆਨੀ ਨੇ ਕਈਆਂ ਵਿਸ਼ਿਆਂ ਦਾ ਸਣੇ ਅਮਲੀ ਫਲਸਫੇ ਦੇ ਅਧਿਐਨ ਕੀਤਾ ਹੈ। ਇਸ ਨੇ ਆਪਣੇ ਆਪ ਨੂੰ ਬਹੁਤ ਯੋਗ ਤੇ ਗਹਿਰੀ ਲਗਨ ਵਾਲਾ ਸਿਖਿਅਕ ਸਿਧ ਕੀਤਾ ਹੈ। ਵਿਚਾਰ ਵਟਾਂਦਰੇ ਵਿਚ ਜਿਹੜਾ ਭਾਗ ਸ਼ੇਰ ਸਿੰਘ ਲੈਂਦਾ ਰਿਹਾ ਹੈ, ਉਸ ਤੋਂ ਨਾ ਕੇਵਲ ਫਿਲਾਸਫ਼ੀ ਲਈ ਉਤਸ਼ਾਹ ਹੀ ਸਾਬਤ ਹੁੰਦਾ ਹੈ ਸਗੋਂ ਦਾਰਸ਼ਨਿਕ ਸਮਸਿਆਵਾਂ ਦੀ ਪੂਰੀ ਸਮਝ ਤੇ ਸਵੈ-ਨਿਰਣਾ ਕਰ ਸਕਣ ਦੀ ਯੋਗਤਾ ਭੀ ਸਿਧ ਹੁੰਦੀ ਹੈ। ਮੈਂ ਸ਼ੇਰ ਸਿੰਘ ਸੰਬੰਧੀ ਇਹ ਪਕੀ ਰਾਇ ਬਣਾਈ ਹੈ ਕਿ ਇਹ ਅਸਲ ਅਰਥਾਂ ਵਿਚ ਵਿਦਿਆਰਥੀ ਹੈ ਤੇ ਦਾਰਸ਼ਨਿਕ ਯੋਗਤਾ ਦੀ ਦਾਤ ਇਸ ਨੂੰ ਧੁਰੋਂ ਮਿਲੀ ਹੋਈ ਹੈ। ਇਸ ਦਾ ਸ਼ਖਸੀ ਜੀਵਨ ਬਹੁਤ ਉਚਾ ਹੈ।*[59]

## ਕੁਝ ਵਿਦਵਾਨਾਂ ਦੀਆਂ ਡਾ. ਸ਼ੇਰ ਸਿੰਘ ਪ੍ਰਤੀ ਟਿਪਣੀਆਂ

- Dr. Sher Singh has taken pains to convey the Sikh thought and philosophy to the world at large. We have been much impressed by his views on Sikhism.[60]
- The two books deserve praise from everyone Indian or non-Indian. The writer has done a remarkable job with great ability and thoroughness.[61]

---

[59] ਉਧਰਿਤ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨੇ 13-4.

[60] ਉਧਰਿਤ : *Guru Nanak On The Malady Of Man*, p.72 ; Nairobi-Kenya-The E.A. Central Committee, 3.1.68.

[61] *Ibid*, p.72 ; Baridha, Basti-Shri T.N. Pandey, (23.12.67).

- Throughout my life I had remained in touch with Sikh History and Sikh thought. I read so many books on these subjects by eminent authors, but I am loud in expressing my opinion that none so far had made such a realistic approach as has been done by Dr. Sher Singh.
  Narration of events of history is one thing while diving deep to gather underlying ideas which revolutionise the shape of prevailing atmosphere is quite another. The author has tackled both so nicely philosophically as well as scientifically.[62]

- I have read both the books of Dr. Sher Singh and found them illuminating and profound. He has rendered service of a signal nature not only to Sikhism but also to the cause of better understanding among fellow Indians who will certainly derive benefit and inspiration from efforts like his. My congratulations to him for his painstaking and perceptive works.[63]
- The ideas of Guruji's philosophy-Religious, Social and Political have been given by the writer in a very splendid way. I must congratulate the author and highly appreciate his effort.[64]
- I have just completed perusal of your book "Amrit-Jiwan" and hasten to congratulate you on your excellent and faithful narrative of true Sikh life. The book has done me much personal.[65]

ਇਸੇ ਤਰ੍ਹਾਂ ਹੀ ਡਾ. ਸ਼ੇਰ ਸਿੰਘ ਦੀਆਂ ਪੁਸਤਕਾਂ ਬਾਰੇ ਵਿਦਵਾਨਾਂ ਦੀਆਂ ਟਿਪਣੀਆਂ ਇਸ ਪ੍ਰਕਾਰ ਹਨ, ਜਿਨ੍ਹਾਂ ਵਿਚੋਂ ਉਨ੍ਹਾਂ ਦੀ ਸ਼ਖਸੀਅਤ ਦੇ ਕੁਝ ਗੁਣ ਨਿਖਰਦੇ ਹਨ:

---

[62] *Ibid*; New Delhi-Shri M.C. Bhatia-Advocate : (5.12.67).
[63] *Ibid* p.73 ; Patan-Gujrat Shri-1 Shukla : (7.12.67) (Head of the Deptt. of English).
[64] *Ibid* ; Delhi-shri M. Bart Armstrong : (16.12.67).
[65] *Ibid* ; Bhai Sher Singh, M.Sc. from Doda-Kashmir.

## Philosophy of Sikhism

- It is the first attempt at the philosophisation of the Sikh religion on Western lines. The author has tried to present in this book a short yet masterly exposition of the main tenets and philosophy of Sikhism…[66]
- The present author tries to show that Sikhism is not an out growth of Hinduism but a new religion.[67]
- Dr. Sher Singh's book is a pioneer work of great merit with many comparative references to modern Western philosophers and a detailed analysis of the sources of Sikhism… The author rightly points the special emphasis placed by Sikhism on the aesthetic devotional side of religion,…on the futility of sanyas… futility of all rituals…[68]
- Philosophy of Sikhism first published more than twenty years ago remains to this day the erudite study of the tenets of the faith and their relation to Hinduism and Islam…[69]
- Dr. Sher Singh in the book under review has undertaken a comprehensive study of the philosophical facet of the religion : its genesis and synthesis with other religions of the Indian subcontinent. This book, therefore, meets a much felt need.[70]
- According to the author, the main philosophy of the Sikh faith is Wismad Marga, the Path of Wonder, which teaches one to perceive the Divine as the Lord of Beauty and to serve him in all walks of life with a constant rememberance of His Name and Grace.[71]

---

[66] *Ibid*, p.69 ; *The Pioneer*, Lucknow, 27th March, 1967.
[67] *Ibid ; The Statesman*, Calcutta, May 7, 1967.
[68] *Ibid; The Deccan Herald*, Bangalore, July 9, 1967.
[69] *Ibid;The Times of India*, New Delhi, August 27, 1967.
[70] *Ibid*, p.70 *Ibid*, *The National Herald*, August 27,1961.
[71] *Ibid* ; *The Mountain Path*, Madras, Octobe,r 1967.

- It is a thought provoking treatise by the learned author. He has explained the notable features of Sikhism as a religion and has ably interpreted it as applicable for the benefit of man not only in India but in the world as a whole… It is a book which deserves the attention of every educated person. [72]

**Social and Political Philosophy of Guru Gobind Singh**

- Mr. Sher Singh argues that Khalsa was not only a necessary reaction to adverse circumstances but the outcome of a definite socio-politico-religious philosophy.[73]
- Dr. Sher Singh has a well-deserved place of honour amongst Sikh Theologians….The Social and Political Philosophy of Guru Gobind Singh is the outcome of the author's dedication to the study of Sikhism in relation to man in general and to the social and political conditions in India in particular…It is a pioneer attempt to interpret the teachings of the 10th Guru in a political context.[74]
- Dr. Sher Singh has done a singular service to the cause of making known the socio-political teachings of Guru Gobind Singh by producing this learned treatise…The responsibility of Sikh youth to live upto the ideals of Guru Gobind Singh is never greater than today. Works of great thinkers like that of Dr. Sher Singh will inspire them to follow truth, become truthful and represent truth in all walks of their lives.[75]

---

[72] *Ibid* ; *The Hitada*, December 24, 1967.
[73] *Ibid p. 71 ; Sunday Statesman*, August 10, 1967.
[74] *Ibid ; Times of India*, New Delhi, August 27, 1961.
[75] *Ibid* ; *The National Herald*, July 16, 1967.

- Dr. Sher Singh has done great service in expounding the social and political philosophy of the great Sikh Guru Gobind Singh, in a clean way againt the back-ground of the modern concept of democracy… The last chapter is admirable.[76]
- It is good study of a religious movement which became a militant organization in the face of the danger of elimination.[77]
- The book explains the principal tenets of the Khalsa. After giving a biographical sketch of Guru Gobind Singh the author presents an analysis of the Guru's views on social and political aspects of man's life… The author's observations on the Hindu Sikh Unity deserve wider audience.[78]

ਉਪਰੋਕਤ ਵਿਚਾਰਾਂ ਤੋਂ ਇਲਾਵਾ ਡਾ. ਸ਼ੇਰ ਸਿੰਘ ਦੇ ਕਾਰਜਾਂ ਦੀ ਮਹੱਤਾ ਦੇਖਦੇ ਹੋਏ ਉਨ੍ਹਾਂ ਨੂੰ ਕਈ ਵਿਦਵਾਨਾਂ ਨੇ ਪ੍ਰਸੰਸਾ ਪਤਰ ਵੀ ਲਿਖੇ[79]:

6/F Model Town,
Lahore.

Dear Sir,

Through the kindness of learned friend Sardar G.B. Singh, Who is a well know writer, I had the pleasure of reading your valuable book "Maran Ton Pichhon." I have read several other books on the subject but the manner in which you have handled it is peculiarly your own. You have put life in the

---

[76] *Ibid* ; *The Mail*, Madras, July, 8, 1967.
[77] *Ibid*, p.72 ; *The Pioneer*, Luckhnow, July, 1, 1967.
[78] *Ibid ; The Hitavada*, December 24, 1967.
[79] ਇਹ ਸਾਰੇ ਪੱਤਰ ਡਾ. ਸ਼ੇਰ ਸਿੰਘ ਦੀ ਪੁਸਤਕ *Guru Nanak On The Malady Of Man* ਵਿਚੋਂ ਲਏ ਗਏ ਹਨ, ਵੇਖੋ: ਪੰਨੇ 73–7.

dry bones of this dry subject and have made it so interesting that one cannot lay aside the book without going through the whole of it. In giving the views of various philosophers and schools of philosophy on Death and Hereafter, you have successfully combined brevity and lucidity with comprehensiveness and I cannot but admire your skill in presenting such a difficult subject in such an attractive form. I congratulate you on the success which has attended your efforts and pray to God that the book may have wide circulation and be a source of solace and comfort to those who are afraid of death.

With kind regards,

Faithfully Yours

Harkishan Das,

M.A., P.E.S, (Retd.)

2. House Boat No. 301, (Haren)

Chahar Bagh, Srinagar.

Most respected Dr. Sahib,

I spent two months at Pahalgam and shifted to this place only last week. Two years back it was at Pahalgam that I read your book Philosophy of Sikhism. So often I thought of congratulating you and of conveying my personal thanks to you as a Sikh. Undoubtedly you have done a great service of the Sikh Panth. Your treatment of the relationship between Kabir and Guru Nanak and your comparison of Sikh Philosophy with the Philosophies of Hinduism and Islam is based on deep research and is extremely convincing.

Also last year and this year too at Pahalgam and at Karachi during my lectures I have been making an appeal to the audience to read this book but most of them want to read it in Gurmukhi. Recently I met, the publisher of this book and asked him to publish its Gurmukhi translation. Kindly do render it in Gurmukhi, that will be a still greater service.

Yours

S.S.Amole

3.

Bhadaur House, Ludhiana.

Respected Dr. Sahib,

Kindly accept respectful Fateh.

I have read your "Message to the Villagers of the Panjab" in the Independence Number of 'Pendu Junta'. It is a very good article and is full of passionate love for the villagers. Never before had I read such an article.

I was under the impression that your writings were full of researches, scholarship, learning and philosophical insights meant only for the highly educated, but after reading this 'Message to the Panjabis. I have formed the opinon that you have the heart of a suffering Kisan and you sincerely feel for them and that you have made a pathetic appeal to our brethren in the villages to rise and raise themselves up.

Excellent indeed !

Yours

Harbhajan Singh,

Manager, Panjab Gyani Press.

4.

Dharamanant Singh Platoneum

Ex-Principal G.T.Road,

Amritsar.

My dear brother,

Though we have met but once, which perhaps, you would not recollect, in the sacred precincts of the Golden Temple, about twenty or twenty five years ago, yet I consider myself always with brothers like yourself at the feet, or in the bosom, of Guru Nanak. I have always admired your erudition and lofty conceptions of Gurbani, but I have no words to express my joy which I felt while reading your monumental work-Gurmat Darshan recently published by the S.G.P.C. Amritsar.

Sweetest friend ! you have done such a mightly service to the sublime mission of Guru Nanak, and now I really think that the day is very near when, through our Master minds like yourself, the gospel of Sikh Gurus will reach the outer most boundaries of the terrestrial globe. I am still carefully preserving your previous articles, which appeared in the Weekly Paper of Prof. Sekhon about forteen years ago. This opinion of mine regarding your illustrious self has been in my mind ever since you were a student but what particular incident has today prompted me to write to you this episitle I consider almost a miracle, and I sincerely believe that the spirit of Avinashi Sant Sunder Singh Ji Maharaj of Bhindar has been present in my study for the last 48 hours. For is it not curious that a certain friend of

mine, who is in the habit of visiting me regularly for the last ten years should never before mention to me anything about Sant Sunder Singh Ji, but yesterday, just at the moment when I was engaged in writing a short reminiscence of Sant Attar Singh Ji Maharaj of Mastuana, and was feeling anxious to know some details about the luminary of Bhindar, he should suddenly appear and enquire the cause of my unusual anxiety and on my telling him the same, he should immediately run to his house and within fifteen minutes brings me your lovely life of Sant Sundar Singh ji, which you published in 1934. I have touchingly read it and enjoyed its contents and pictures. Some of its contents actually brought tears in my eyes and for the moment I felt transported to a higher sphere.

Yours Fraternally,

Dharmanant Singh

5.

Bansi Bazar,

Ferozepur City.

Dear Sir,

Sat Sri Akal,

I am studying your book "Gurmat-Darshana" and before waiting to finish it I feel compelled to send you my hearty congratulations on writing such a book. I had read your Philosophy of Sikhism and had thoroughly enjoyed its reading but the contents of the book in hand are a source of great pleasure and satisfaction. I have not as yet come across in Panjabi a book of such deep researches. Gurmatt Prabhakar, Gurmatt Sudhakar, Gurmatt Nirnai,

Gurmatt Sidhanta, Bandgi Nama have got their respective places but Gurmatt Darshan is really unique. I request you to publish a Hindi version of it as well. I remember that about two years back, a renowned and eminent educationist of Poona who was the Principal of a College in that city after reading your Philosophy of Sikhism had expressed a wish that such a valuable book should be made available to the Hindi reading public also.

Pritpal Singh

Delhi.

ਉਕਤ ਦੇ ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਡਾ. ਸ਼ੇਰ ਸਿੰਘ ਇਕ ਵਿਲਖਣ ਸ਼ਖਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਆਪਣਾ ਸਮੁਚਾ ਜੀਵਨ ਅਣਖ, ਨਿਮਰਤਾ ਤੇ ਸੰਜਮਤਾ ਨਾਲ ਬਿਤਾਇਆ। ਭਾਵੇਂ ਉਹ ਉਚ ਕੋਟੀ ਦੇ ਵਿਦਵਾਨ ਸਨ, ਪਰ ਉਨ੍ਹਾਂ ਦੇ ਅੰਦਰ ਕਦੇ ਇਸ ਗਲ ਦੀ ਹਉਮੈਂ ਨਹੀਂ ਆਈ। ਸਮਝਦਾਰੀ ਨਾਲ ਚਲਣਾ ਉਨ੍ਹਾਂ ਦੀ ਸ਼ਖਸੀਅਤ ਦਾ ਇਕ ਵਡਾ ਲਛਣ ਸੀ। ਸੰਗੀਤ ਤੇ ਕੁਦਰਤ ਨਾਲ ਉਨ੍ਹਾਂ ਦਾ ਦਿਲੋਂ ਪਿਆਰ ਸੀ। ਅਨੇਕ ਵਿਦਿਆਰਥੀਆਂ ਉਤੇ ਉਨ੍ਹਾਂ ਦੇ ਨੇਕ ਸੁਭਾਅ ਤੇ ਵਰਤਾਉ ਦਾ ਅਸਰ ਪਿਆ। ਉਨ੍ਹਾਂ ਦੀ ਨੇਕੀ ਉਨ੍ਹਾਂ ਦੇ ਪੜ੍ਹਾਏ ਹੋਏ ਵਿਦਿਆਰਥੀਆਂ ਤੇ ਸਿਖਿਆਰਥੀਆਂ ਦੇ ਦਿਲਾਂ ਰਾਹੀਂ ਜੀਉਂਦੀ ਜਾਗਦੀ ਰਹੇਗੀ। ਉਨ੍ਹਾਂ ਦੀਆਂ ਸੇਵਾਵਾਂ ਤੇ ਰਚਨਾਵਾਂ ਤੇ ਕੰਮਾਂ ਵਿਚੋਂ ਉਨ੍ਹਾਂ ਦੀ ਪਵਿਤਰ ਆਤਮਾ ਦੀ ਝਲਕ ਵਜਦੀ ਰਹੇਗੀ। ਮਨੁਖਤਾ ਨੂੰ ਉਨ੍ਹਾਂ ਦੇ ਅਮਰ ਸੁਨੇਹੇ ਮਿਲਦੇ ਰਹਿਣਗੇ। ਜਿਨ੍ਹਾਂ-ਜਿਨ੍ਹਾਂ ਸੰਸਥਾਵਾਂ ਵਿਚ ਉਹ ਗਏ, ਉਨ੍ਹਾਂ ਵਿਚ ਅਜ ਵੀ ਉਨ੍ਹਾਂ ਦੀ ਯਾਦ ਸਜਰੀ ਹੈ। ਉਨ੍ਹਾਂ ਦੇ ਵਿਦਿਆਰਥੀਆਂ ਤੇ ਸਿਖਿਆਰਥੀਆਂ ਵਿਚ ਉਨ੍ਹਾਂ ਦੇ ਗੁਣਾਂ ਦਾ ਪ੍ਰਕਾਸ਼ ਦਿਸਦਾ ਹੈ।

ਅਗਲੇ ਅਧਿਆਇ ਵਿਚ ਅਸੀਂ ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ ਦਾ ਸਰਵੇਖਣ ਤੇ ਵੇਰਵੇ ਸਹਿਤ ਬਿਉਰਾ ਦੇਣ ਦੀ ਕੋਸ਼ਿਸ਼ ਕਰਾਂਗੇ।

ਇਸ ਅਧਿਆਇ ਦਾ ਉਦੇਸ਼ ਡਾ. ਸ਼ੇਰ ਸਿੰਘ ਦੀਆਂ ਸਿਰਜਣਾਵਾਂ ਦੀ ਮੁਢਲੀ ਜਾਣਕਾਰੀ ਕਰਵਾਉਣਾ ਹੈ ਤਾਂ ਕਿ ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਲਈ ਭਾਵ-ਜਗਤ ਗ੍ਰਹਿਣ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਡਾ. ਸ਼ੇਰ ਸਿੰਘ ਨੇ ਪੀਐਚ.ਡੀ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਅਧਿਐਨ ਤੇ ਅਧਿਆਪਨ ਨੂੰ ਆਪਣੀ ਜ਼ਿੰਦਗੀ ਦਾ ਲਕਸ਼ ਬਣਾ ਲਿਆ। ਫਲਸਰੂਪ, ਉਨ੍ਹਾਂ ਨੇ ਜਿਥੇ ਅਧਿਆਪਨ ਦੇ ਖੇਤਰ ਵਿਚ ਮੱਲ੍ਹਾਂ ਮਾਰੀਆਂ, ਉਥੇ ਨਾਲ ਹੀ ਖੋਜ ਦੇ ਖੇਤਰ ਵਿਚ ਉਨ੍ਹਾਂ ਨੇ ਵਡਮੁਲੀ ਸਾਹਿਤ ਸਿਰਜਣਾ ਕਰਕੇ ਅਨੇਕ ਵਿਦਿਆਰਥੀਆਂ ਦੀ ਰਹਿਨੁਮਾਈ ਕੀਤੀ। ਪੰਜਾਬੀ ਵਾਰਤਕ ਦੇ ਖੇਤਰ ਵਿਚ ਆਪਣੀਆਂ ਕੁਝ ਕੁ ਗਿਣਤੀ ਦੀਆਂ ਪੁਸਤਕਾਂ ਦੇ ਅਧਾਰ ਉਤੇ ਉਨ੍ਹਾਂ ਨੇ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਡਾ. ਸ਼ੇਰ ਸਿੰਘ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਉਤੇ ਵੀ ਡੂੰਘੀ ਪਕੜ ਰਖਦੇ ਸਨ, ਜਿਸ ਸਦਕਾ ਉਨ੍ਹਾਂ ਨੇ ਦੋਹਾਂ ਭਾਸ਼ਾਵਾਂ ਵਿਚ ਕਿਤਾਬਾਂ ਲਿਖੀਆਂ। ਇਥੇ ਅਸੀਂ ਪਹਿਲਾਂ ਡਾ. ਸ਼ੇਰ ਸਿੰਘ ਦੀਆਂ ਪੁਸਤਕਾਂ ਦੀ ਸੂਚੀ ਦੇਵਾਂਗੇ, ਉਪਰੰਤ ਉਨ੍ਹਾਂ ਰਸਾਲਿਆਂ/ਪਤ੍ਰਿਕਾਵਾਂ ਦੀ ਸੂਚੀ ਦਿਤੀ ਜਾਵੇਗੀ, ਜਿਨ੍ਹਾਂ ਵਿਚ ਉਨ੍ਹਾਂ ਦੇ ਲੇਖ ਪ੍ਰਕਾਸ਼ਿਤ ਹੁੰਦੇ ਰਹੇ:

## 2.1 ਰਚਨਾਵਾਂ

ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ ਦਾ **ਕਾਲਕ੍ਰਮ** ਅਨੁਸਾਰ ਵੇਰਵਾ ਹੇਠਾਂ ਦਿਤਾ ਜਾ ਰਿਹਾ ਹੈ। ਇਨ੍ਹਾਂ ਦਾ ਵਿਵਰਨ ਵਰਗੀਕਰਨ ਉਪਰੰਤ ਦਿਤਾ ਜਾਵੇਗਾ :

1. *Thoughts on Forms and Symbols in Sikhism* (ed.), Mercantile Press, Lahore, 1927. [1]
2. *ਅੰਮ੍ਰਿਤ ਜੀਵਣ*, ਕ੍ਰਿਪਾ ਸਾਗਰ ਪ੍ਰੈਸ, ਲਾਹੌਰ, 1934.
3. *ਮਰਨ ਤੋਂ ਪਿਛੋਂ*, ਅੰਮ੍ਰਿਤ ਪ੍ਰੈਸ, ਤਰਨਤਾਰਨ, 1934.
4. *ਬੁੱਧ ਕਸੌਟੀ,* ਪੰਜਾਬ ਦਰਬਾਰ, ਲਾਹੌਰ, 1936.
5. *ਵਿਚਾਰਧਾਰਾ*, ਲਾਹੌਰ ਬੁਕ ਸ਼ਾਪ, ਲਾਹੌਰ, 1940.

---

[1] ਡਾ. ਸ਼ੇਰ ਸਿੰਘ ਦੀ ਇਹ ਪਹਿਲੀ ਪੁਸਤਕ ਸੀ। ਇਸ ਦੇ ਸਿਰਲੇਖ ਸੰਬੰਧੀ ਕੁਝ ਭੁਲੇਖਾ ਵੀ ਪੈਂਦਾ ਹੈ।ਰਾਜਿੰਦਰ ਕੌਰ ਨੇ ਇਸ ਦਾ ਸਿਰਲੇਖ *Forms and Symbols in Sikhism* ਲਿਖਿਆ ਹੈ, ਵੇਖੋ : *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 18 ; ਡਾ. ਗੰਡਾ ਸਿੰਘ ਨੇ ਇਸ ਪੁਸਤਕ ਦਾ ਸਿਰਲੇਖ *Thoughts on Symbols in Sikhism* ਦਿਤਾ ਹੈ, ਵੇਖੋ : *A Bibliography of Panjab,* p. 118; ਨਿਜੀ ਸਰਵੇਖਣ ਦੇ ਅਧਾਰ 'ਤੇ ਇਸ ਪੁਸਤਕ ਦਾ ਸਿਰਲੇਖ ਉਕਤ ਹੀ ਹੈ।

6. *ਸੋਹਣੀ ਫਜ਼ਲ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1944.

7. *ਸਿੱਖ ਧਰਮ ਤੇ ਪਛੜੀਆਂ (ਦਲਿਤ) ਸ਼੍ਰੇਣੀਆਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1949.

8. *ਪਾਠਾਵਲੀ* (ਪਹਿਲੀ ਤੋਂ ਅੱਠਵੀਂ), ਨਵੀਨ ਖੋਜ ਸਭਾ, ਲੁਧਿਆਣਾ, 1949.

9. *ਪੰਜਾਬੀ ਬਾਲ ਬੋਧ*, ਨਵੀਨ ਖੋਜ ਸਭਾ, ਲੁਧਿਆਣਾ, 1949.

10. *ਕੰਜੂਸ ਠੇਕੇਦਾਰ*,(ਅਨੁ.), ਪੰਜਾਬੀ ਪਬਲਿਸ਼ਰਜ਼, ਲੁਧਿਆਣਾ, 1950.

11. *ਨਵੀਨ ਪੰਜਾਬੀ ਭੰਡਾਰ*, ਖਾਲਸਾ ਬੁਕ ਸਟਾਲ, ਲੁਧਿਆਣਾ, 1950.

12. *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1951.

13. *ਵਿਚਾਰਮਾਲਾ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1951.

14. *ਸਾਹਿਤ ਸਮਾਲੋਚਨਾ*, ਅਤਰ ਚੰਦ ਕਪੂਰ ਐਂਡ ਸੰਨਜ਼, ਦਿੱਲੀ, 1952.

15. *ਜੀਵਨ ਉਸਰਈਏ*, ਅਤਰ ਚੰਦ ਕਪੂਰ ਐਂਡ ਸੰਨਜ਼, ਦਿੱਲੀ, 1953.

16. *Sikhism and Politics,* Chardikala Publications, Ludhiana, 1961.

17. *Social and Political Philosophy of Guru Gobind Singh*, Sterling Publishers (P) Ltd. Delhi and Jullundur, 1967.

18. *Guru Nanak on the Malady of Man* (translated and compiled) Sterling Publishers (P) Ltd., Delhi, 1968.

19. *ਜਪੁ ਜੀ ਦਰਸ਼ਨ,* ਲਾਹੌਰ ਬੁਕ ਸ਼ਾਪ, 1969.

ਡਾ. ਸ਼ੇਰ ਸਿੰਘ ਦੀਆਂ ਕੁਝ ਰਚਨਾਵਾਂ ਅਜਿਹੀਆਂ ਹਨ, ਜਿਨ੍ਹਾਂ ਦੀ ਮਿਤੀ/ਸੰਨ/ਪ੍ਰਕਾਸ਼ਕ ਆਦਿ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੋਈ। ਇਹ ਹਨ :

1. *ਘੁਮੰਡਾ ਵੈਲੀ* [2]

2. *ਨਿਰੋਲ ਪੰਜਾਬੀ ਵਿਆਕਰਣ* [3]

---

[2] ਹਵਾਲਾ : *ਪੰਜਾਬੀ ਦੁਨੀਆ* (ਮਈ, 1975), ਪੰਨਾ 213.

[3] ਇਸ ਪੁਸਤਕ ਦਾ ਵੇਰਵਾ ਡਾ. ਸ਼ੇਰ ਸਿੰਘ ਦੀ ਹੀ ਪੁਸਤਕ *ਅੰਮ੍ਰਿਤ ਜੀਵਣ* ਵਿਚ ਸ਼ੇਰ ਸਿੰਘ ਦੀਆਂ ਰਚਨਾਵਾਂ ਸੰਬੰਧੀ ਦਿਤੀ ਇਕ ਸੂਚੀ ਤੋਂ ਮਿਲਦਾ ਹੈ। ਵੇਖੋ : *ਅੰਮ੍ਰਿਤ ਜੀਵਣ,* ਪੰਨਾ 'ਸਿਰਲੇਖ'।

ਉਕਤ ਤੋਂ ਬਿਨਾਂ ਡਾ. ਸ਼ੇਰ ਸਿੰਘ ਦੁਆਰਾ ਇੰਗਲੈਂਡ ਰਹਿੰਦਿਆਂ (1936-38) ਆਪਣੀ ਪਤਨੀ ਨੂੰ ਲਿਖੀਆਂ ਚਿਠੀਆਂ ਦੇ ਇਕ ਸੰਗ੍ਰਹਿ ਨੂੰ ਉਨ੍ਹਾਂ ਦੀ ਪਤਨੀ ਬੀਬੀ ਅਮਰਜੀਤ ਕੌਰ ਨੇ *ਪ੍ਰਦੇਸ ਯਾਤ੍ਰਾ* (ਲਾਹੌਰ ਬੁਕ ਸ਼ਾਪ, ਲਾਹੌਰ, 1939) ਪੁਸਤਕ ਦੇ ਰੂਪ ਵਿਚ ਸੰਪਾਦਿਤ ਕੀਤਾ।

ਡਾ. ਸ਼ੇਰ ਸਿੰਘ ਦੀਆਂ ਉਕਤ ਪੁਸਤਕਾਂ ਤੋਂ ਇਲਾਵਾ ਕੁਝ ਕੁ ਹੇਠ ਲਿਖੇ ਟ੍ਰੈਕਟ ਵੀ ਪ੍ਰਕਾਸ਼ਿਤ ਹੋਏ ਹਨ :

1. *Sri Guru Nanak Dev Ji*, Sikh Religious Tract Society, Tarn Tarn, 1933[4]
2. *Guru Arjun Dev Ji : What he did for India and Mankind at Large,* Sikh Religious Tract Society, Ludhiana, 1933.[5]
3. *Hindu Sikh Unity.*[6]
4. *Fifteen Years of Democracy in India.*[7]
5. *ਹੋਲਾ ਮਹੱਲਾ,* ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ, 1937.

ਡਾ. ਸ਼ੇਰ ਸਿੰਘ ਦੀਆਂ ਵਖ-ਵਖ ਪਤ੍ਰਿਕਾਵਾਂ ਅਤੇ ਪੁਸਤਕਾਂ ਵਿਚ ਪ੍ਰਕਾਸ਼ਿਤ ਉਪਲਬਧ ਰਚਨਾਵਾਂ ਹਨ :

## ਆਲੋਚਨਾ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

1. *ਪਹਿਲੀ ਵਾਰਸ਼ਕ ਰੀਪੋਰਟ*, ਜੂਨ, 1955.
2. *ਸੰਗਮ*, ਸਤੰਬਰ, 1955.
3. *ਭਾਈ ਵੀਰ ਸਿੰਘ ਜੀ ਦਾ ਦਾਰਸ਼ਨਿਕ ਵਿਚਾਰ*, ਅਪ੍ਰੈਲ, 1958.[8]
4. *ਅੰਮ੍ਰਿਤਾ ਦੀਆਂ ਸਾਹਿਤਕ ਰੁਚੀਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ*, ਅਪ੍ਰੈਲ, 1959.
5. *ਬਾਰਹ ਮਾਹਾ (ਤੁਖਾਰੀ ਤੇ ਮਾਝ)*, ਜਨਵਰੀ, 1960.
6. *ਗੁਰੂ ਨਾਨਕ ਅਨੁਭਵ,* ਅਪ੍ਰੈਲ, 1969.

---

[4] *Bibliography Of Sikh Studies* (Vol. 2), pp. 6; 8.

[5] *ਉਹੀ.*

[6] ਇਸ ਟ੍ਰੈਕਟ ਦੀ ਪ੍ਰਕਾਸ਼ਨ ਮਿਤੀ/ਸੰਨ/ਪ੍ਰਕਾਸ਼ਕ ਬਾਰੇ ਕੋਈ ਪੁਖਤਾ ਜਾਣਕਾਰੀ ਉਪਲਬਧ ਨਹੀਂ ਹੋ ਸਕੀ, ਸਿਰਫ ਨਾਂ ਹੀ ਪਤਾ ਲਗ ਸਕਿਆ ਹੈ, ਵੇਖੋ : ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨਾ 18.

[7] ਡਾ. ਸ਼ੇਰ ਸਿੰਘ ਦੀ ਪੁਸਤਕ *Sikhism and Politics* ਦੀ ਜਿਲਦ ਤੋਂ ਮਿਲੀ ਜਾਣਕਾਰੀ ਅਨੁਸਾਰ।

[8] ਇਹ ਲੇਖ ਪ੍ਰੋ. ਹਰਨਾਮ ਸਿੰਘ ਸ਼ਾਨ ਦੁਆਰਾ ਸੰਪਾਦਿਤ ਪੁਸਤਕ *ਪਰਖ-ਪੜਚੋਲ* (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1963 (ਦੂਜੀ ਵਾਰ) ਵਿਚ ਵੀ ਮਿਲਦਾ ਹੈ।

## ਪੰਜ ਦਰਿਆ, ਅੰਮ੍ਰਿਤਸਰ

7. *ਗੁਰਬਾਣੀ ਵਿਚ ਲਗਾਂ ਮਾਤ੍ਰਾਂ*, ਫਰਵਰੀ, 1940.
8. *ਦਸ ਮਿੰਟ*, ਸਤੰਬਰ, 1955.
9. *ਪਿਆਰ ਪ੍ਰੀਖਿਆ*, ਜੁਲਾਈ, 1959.
10. *ਛੋਟੀ ਗੱਡੀ, ਛੋਟੀ ਲੀਹ, ਛੋਟਾ ਇੰਜਣ*, ਦਸੰਬਰ, 1981.
11. *ਬਾਂਕਿਆ ਓ ਰਾਹੀਆ*, ਅਗਸਤ, 1983.

## ਪੰਜਾਬੀ ਦੁਨੀਆ, ਪਟਿਆਲਾ

12. *ਹੀਰ ਦਮੋਦਰ ਦਾ ਪਹਿਲਾ ਪਾਠ*, ਮਾਰਚ-ਅਪ੍ਰੈਲ, 1951.
13. *ਭਾਈ ਵੀਰ ਸਿੰਘ ਜੀ ਦਾ ਕਾਵਿ-ਸਿਧਾਂਤ*, ਸਤੰਬਰ, 1952.
14. *ਭਾਣਾ ਸਿਧਾਂਤ*, ਜੂਨ-ਜੁਲਾਈ, 1953.
15. *ਪੰਜਾਬੀ ਸਾਹਿਤ ਦੇ ਕਾਲਾਂ ਵਿਚ ਵਾਰਸ ਕਾਲ*, ਫਰਵਰੀ-ਮਾਰਚ, 1954.
16. *ਪੰਜਾਬੀ ਸਾਹਿਤ ਦਾ ਮੂਲ ਤੇ ਵਿਕਾਸ*, ਜੂਨ, 1958.

## ਗੁਰਦੁਆਰਾ ਗਜ਼ਟ, ਅੰਮ੍ਰਿਤਸਰ

17. *ਸਿੱਖ ਧਰਮ ਦਾ ਦਾਰਸ਼ਨਿਕ ਸਾਹਿਤ*, ਮਾਰਚ 1950.

## ਗੁਰਮਤਿ, ਲੁਧਿਆਣਾ

18. *ਮੈਂ ਕੀ ਹਾਂ*, ਮਾਰਚ, 1955.
19. *ਮਨੁੱਖ ਅਤੇ ਉਸਦਾ ਆਦਿ ਅੰਤ*, ਜੁਲਾਈ, 1955.
20. *ਜੀਵਆਤਮਾ*, ਅਗਸਤ, 1955.
21. *ਸ੍ਰੀ ਦਸ਼ਮੇਸ਼ ਜੀ ਦੀ ਮਨੋਵਿਗਿਆਨਕ ਸੂਝ,* ਦਸੰਬਰ, 1957.

## ਸੀਸ ਗੰਜ, ਦਿੱਲੀ

22. *ਮਨੁੱਖ ਅਤੇ ਉਸਦਾ ਆਦਿ ਅੰਤ*, ਮਾਰਚ 2012.

## ਸਾਹਿਤ ਸਮਾਚਾਰ, ਲੁਧਿਆਣਾ

23. *ਫਜ਼ਲ ਸ਼ਾਹ ਦੀ ਕਵਿਤਾ,* ਫਰਵਰੀ, 1962.

## ਅਕਾਲੀ ਪਤ੍ਰਕਾ, ਲਾਹੌਰ

24. *ਸਿਮਰਨ ਕੀ ਹੈ?,* ਮਾਰਚ, 1933.

## The Sikh Review

25. *Sword and Spirituality,* April, 1981.

## ਕਿਤਾਬਾਂ

26. 'ਵਲਾਇਤੀ ਝੀਲਾਂ ਦੀ ਸੈਰ', *ਭਾਵ-ਚਿਤਰ,* (ਸੰਪਾ.) ਪ੍ਰੋ. ਪ੍ਰੀਤਮ ਸਿੰਘ, ਪੰਜਾਬ ਯੂਨੀਵਰਸਿਟੀ, ਸ਼ਿਮਲਾ, 1954 (ਦੂਜੀ ਵਾਰ), ਪੰਨੇ 52-7.
27. 'ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਪੁ ਜੀ ਵਿਚ ਕਾਵਿ ਰਸ', *ਗੁਰਮੁਖ ਕਲਿ ਵਿਚ ਪਰਗਟ ਹੋਆ,* (ਸੰਪਾ.) ਪ੍ਰੋ. ਜੋਗਿੰਦਰ ਸਿੰਘ ਛਾਬੜਾ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ, 1969, ਪੰਨੇ 33-40.
28. 'ਮਧ-ਕਾਲੀਨ ਪੰਜਾਬੀ ਕਵਿਤਾ ਵਿਚ ਦਾਰਸ਼ਨਕ ਅੰਸ਼', *ਮਧ-ਕਾਲੀਨ ਪੰਜਾਬੀ ਸਾਹਿਤ,* (ਸੰਪਾ.) ਲਾਲ ਸਿੰਘ, ਭਾਸ਼ਾ ਵਿਭਾਗ ਪੰਜਾਬ, 1970, ਪੰਨਾ 37.
29. 'ਭੂਮਿਕਾ', *ਬਾਬਾ ਰਾਮ ਸਿੰਘ ਨਾਮਧਾਰੀ,* ਪ੍ਰੋ. ਜਸਵੰਤ ਸਿੰਘ ਜਸ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1958.
30. 'ਮਰਨ ਦਾ ਡਰ', *ਪੰਜਾਬੀ ਵਾਰਤਕ ਵੰਨਗੀਆਂ,* (ਸੰਪਾ.) ਉਜਾਗਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976 (ਚੌਥੀ ਵਾਰ)।
31. 'ਇਬਰਾਹਮ ਲਿੰਕਨ', *ਮਹਾਂ ਪੁਰਖ,* (ਸੰਪਾ.) ਪ੍ਰਿੰ. ਤੇਜਾ ਸਿੰਘ ਅਤੇ ਪ੍ਰੋ. ਹਰਨਾਮ ਸਿੰਘ ਸ਼ਾਨ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963 (ਦੂਜੀ ਵਾਰ)।
32. 'ਇੰਗਲੈਂਡ ਵਿਚ', *ਰਾਹਾਂ ਦੇ ਰਾਹੀ,* ਹਰਦਿਆਲ ਸਿੰਘ, ਹਜ਼ੂਰੀਆ ਐਂਡ ਸਨਜ਼, ਜਲੰਧਰ, 1953, ਪੰਨੇ 83-102.

33. 'ਵੇਲਜ਼ ਤੇ ਝੀਲਾਂ ਦਾ ਜ਼ਿਲਾ', *ਰਾਹਾਂ ਦੇ ਰਾਹੀ*, ਹਰਦਿਆਲ ਸਿੰਘ, ਹਜ਼ੂਰੀਆ ਐਂਡ ਸਨਜ਼, ਜਲੰਧਰ, 1953, ਪੰਨੇ 139-66.

34. 'ਅਛੂਤਪੁਣੇ ਦਾ ਸਿਧਾਂਤ', *ਚੋਣਵੀਂ ਗੱਦ*, (ਸੰਪਾ.) ਹਰਨਾਮ ਸਿੰਘ ਸ਼ਾਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1962 (ਦੂਜੀ ਵਾਰ), ਪੰਨੇ 142-55.

35. 'ਨਾਵਲ ਦਾ ਆਰੰਭ', *ਮਾਨਸਰੋਵਰ*, ਸੋਹਣ ਸਿੰਘ ਐਮ. ਏ. (ਲੰਡਨ), ਲਾਹੌਰ ਬੁਕ ਸ਼ਾਪ, ਲਾਹੌਰ, 1946, ਪੰਨੇ 117-40.

36. 'The Siddha Goshti', *Guru Nanak : His Life, Time & Teachings*, (ed.) Gurmukh Nihal Singh, Guru Nanak Foundation, New Delhi, 1969, p. 294-305.[9]

**ਫੁਟਕਲ**

37. *ਕਲਾ ਦਰਸ਼ਨ*, ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, (ਸੰਪਾ.) ਪ੍ਰੋ. ਹਰਬੰਸ ਸਿੰਘ, ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ ਕਮੇਟੀ, ਦਿੱਲੀ, 1958.

38. ਨਾਮ ਸਿਮਰਨ (ਗੁਰਬਾਣੀ ਦੇ ਪਾਠ ਦੀ ਮਹਿਮਾ), ਭਗਤ ਪੂਰਨ ਸਿੰਘ ਪਿੰਗਲਵਾੜਾ ਆਸ਼ਰਮ, ਅੰਮ੍ਰਿਤਸਰ।

## 2.2 ਵਰਗੀਕਰਨ

ਕਿਸੇ ਵੀ ਰਚਨਾਕਾਰ ਦੀਆਂ ਰਚਨਾਵਾਂ ਦਾ ਵਰਗੀਕਰਨ ਕਰਨਾ, ਉਸ ਦੀ ਸਾਹਿਤਕ ਰੁਚੀ ਤੇ ਪ੍ਰਤਿਭਾ ਨੂੰ ਦੇਖਣ ਵਿਚ ਸਹਾਈ ਹੁੰਦਾ ਹੈ। ਵਿਗਿਆਨਿਕ ਵਿਧੀ ਅਨੁਸਾਰ ਵਰਗੀਕਰਨ ਕਰਨ ਦੇ ਚਾਰ ਮੁਖ ਅਧਾਰ ਹਨ :

(ੳ) ਕਾਲ ਕ੍ਰਮਾਨੁਸਾਰ

(ਅ) ਵਿਸ਼ਾ ਕ੍ਰਮਾਨੁਸਾਰ

---

[9] ਇਸ ਲੇਖ ਦਾ ਪੰਜਾਬੀ ਅਨੁਵਾਦ ਵੀ ਇਸੇ ਸੰਪਾਦਕ ਦੁਆਰਾ ਕੀਤਾ ਮਿਲਦਾ ਹੈ, ਵੇਖੋ :*ਗੁਰੂ ਨਾਨਕ : ਜੀਵਨ, ਯੁਗ ਅਤੇ ਉਪਦੇਸ਼।*

(ਏ) ਲਿੰਗ ਅਨੁਸਾਰ ਅਤੇ

(ਸ) ਭੂਗੋਲ ਅਨੁਸਾਰ

ਡਾ. ਸ਼ੇਰ ਸਿੰਘ ਦੇ ਸਮੁਚੇ ਸਿਰਜਣਾਤਮਕ ਕਾਰਜ ਨੂੰ ਸੌਖੀ ਤਰ੍ਹਾਂ ਸਮਝਣ ਲਈ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਦਾ ਵਰਗੀਕਰਨ ਮੁਖ ਤੌਰ ਉਤੇ **ਵਿਸ਼ਾ ਕ੍ਰਮਾਨੁਸਾਰ** ਕਰ ਰਹੇ ਹਾਂ। ਇਸ ਤਹਿਤ ਉਨ੍ਹਾਂ ਦੀਆਂ ਲਿਖਤਾਂ ਨੂੰ ਮੋਟੇ ਤੌਰ ਉਤੇ ਦਸ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

**(ੳ) ਨਾਟਕ**

1. *ਕੰਜੂਸ ਠੇਕੇਦਾਰ*
2. *ਘੁਮੰਡਾ ਵੈਲੀ*

**(ਅ) ਧਰਮ**

1. *ਮਰਨ ਤੋਂ ਪਿਛੋਂ*
2. *ਸਿੱਖ ਧਰਮ ਤੇ ਪਛੜੀਆਂ (ਦਲਿਤ) ਸ਼੍ਰੇਣੀਆਂ*
3. *Thoughts on Forms and Symbols in Sikhism*
4. *ਜੀਵਣ ਉਸਰਈਏ*
5. *ਨਾਮ ਸਿਮਰਨ– ਅਥਵਾ– ਗੁਰਬਾਣੀ ਦੇ ਪਾਠ ਦੀ ਮਹਿਮਾ*

**(ੲ) ਦਰਸ਼ਨ**

1. *ਵਿਚਾਰਧਾਰਾ*
2. *ਵਿਚਾਰ ਮਾਲਾ*
3. *ਬੁੱਧ ਕਸੌਟੀ*
4. *ਗੁਰਮਤਿ ਦਰਸ਼ਨ*
5. *ਜਪੁਜੀ ਦਰਸ਼ਨ*

**(ਸ) ਜੀਵਨੀ**

1. *ਅੰਮ੍ਰਿਤ ਜੀਵਣ*

**(ਹ) ਸਫਰਨਾਮਾ**

1. *ਪ੍ਰਦੇਸ ਯਾਤ੍ਰਾ*

**(ਕ) ਆਲੋਚਨਾ**

1. *ਸਾਹਿਤ ਸਮਾਲੋਚਨਾ*

**(ਖ) ਵਿਆਕਰਣ**

1. *ਨਿਰੋਲ ਪੰਜਾਬੀ ਵਿਆਕਰਣ*

**(ਗ) ਰਾਜਨੀਤੀ**

1. *Sikhism and Politics*
2. Social and Political Philosophy of Guru Gobind Singh

**(ਘ) ਅਨੁਵਾਦ**

1. *Guru Nanak on the Malady of Man*

**(ਙ) ਫੁਟਕਲ**

1. *ਪੰਜਾਬੀ ਬਾਲ ਬੋਧ*
2. *ਪਾਠਾਵਲੀ*
3. *ਨਵੀਨ ਪੰਜਾਬੀ ਭੰਡਾਰ*

## 2.3 ਵਿਵਰਨ

ਉਪਰੋਕਤ ਦਿਤੀ ਸੂਚੀ ਵਿਚੋਂ ਕੇਵਲ ਸਾਡੇ ਵਿਸ਼ੇ ਦੇ ਅੰਤਰਗਤ ਆਉਂਦੀਆਂ ਗੁਰਮਤਿ ਨਾਲ ਸੰਬੰਧਿਤ/ਉਪਲਬਧ ਰਚਨਾਵਾਂ ਦਾ ਵਿਸਤਾਰ ਸਹਿਤ ਵਿਵਰਨ ਇਸ ਪ੍ਰਕਾਰ ਹੈ :

### 2.3.1 ਅੰਮ੍ਰਿਤ ਜੀਵਨ

ਡਾ. ਸ਼ੇਰ ਸਿੰਘ ਦੀ ਇਹ ਪੁਸਤਕ ਸਭ ਤੋਂ ਪਹਿਲਾਂ 1934 ਈ. ਵਿਚ ਕ੍ਰਿਪਾ ਸਾਗਰ ਪ੍ਰੈਸ, ਲਾਹੌਰ ਵਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਦਾ ਦੂਜਾ ਸੰਸਕਰਨ ਪੰਜਾਬ ਗਿਆਨੀ ਪ੍ਰੈਸ ਭਦੌੜ ਹਾਊਸ, ਲੁਧਿਆਣਾ ਨੇ 1953 ਵਿਚ ਪ੍ਰਕਾਸ਼ਿਤ ਕੀਤਾ। ਤੀਜਾ ਅਤੇ ਚੌਥਾ ਸੰਸਕਰਨ ਸਾਨੂੰ ਪ੍ਰਾਪਤ ਨਹੀਂ ਹੋ ਸਕਿਆ। ਪੰਜਵਾਂ ਸੰਸਕਰਨ ਸੰਤ ਨਿਰੰਜਣ ਸਿੰਘ 'ਵੈਦ' ਗੁਰਮਤਿ ਪ੍ਰਚਾਰ ਟਰਸੱਟ (ਰਜਿ.), ਬੋਪਾਰਾਇ ਕਲਾਂ (ਲੁਧਿਆਣਾ) ਵਲੋਂ ਕੁਝ ਵਾਧਿਆਂ ਸਹਿਤ ਸੰਨ 2000 ਈ. ਵਿਚ ਮੁੜ ਪ੍ਰਕਾਸ਼ਿਤ ਹੋਇਆ। ਇਸ ਵਿਚ ਪੁਸਤਕ ਦੇ ਸਿਰਲੇਖ 'ਅੰਮ੍ਰਿਤ ਜੀਵਣ' ਵਿਚਲੇ 'ਣ'

ਦੀ ਥਾਂ 'ਨ' ਲਿਖਿਆ ਗਿਆ ਹੈ। ਭੂਮਿਕਾ ਕਿਰਪਾਲ ਸਿੰਘ ਜਥੇਦਾਰ, ਸ੍ਰੀ ਅੰਮ੍ਰਿਤਸਰ ਵਲੋਂ ਲਿਖੀ ਗਈ ਹੈ। ਮੁਖਬੰਦ ਪਹਿਲੇ ਸੰਸਕਰਨ ਵਾਲਾ ਹੀ ਹੈ, ਜੋ ਕਿ ਡਾ. ਸ਼ੇਰ ਸਿੰਘ ਦੁਆਰਾ ਪਸਰੂਰ ਵਿਚ ਰਹਿੰਦਿਆਂ ੧੯੩੪ ਵਿਚ ਲਿਖਿਆ ਗਿਆ ਸੀ।

ਪੁਸਤਕ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜੀਵਨ ਦਾ ਵਿਸਤਾਰ ਵਿਚ ਵਰਨਣ ਕੀਤਾ ਗਿਆ ਹੈ। ਸੰਤ ਸੁੰਦਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰੋਸਾਈ ਦਮਦਮੀ ਟਕਸਾਲ ਦੇ ਗਿਆਰ੍ਹਵੇਂ ਮੁਖੀ ਸਨ।[10] ਜ਼ਿਕਰਯੋਗ ਹੈ ਕਿ ਡਾ. ਸ਼ੇਰ ਸਿੰਘ ਜੀ ਦਾ ਵਿਦਿਆਰਥੀ ਜੀਵਨ ਦੌਰਾਨ ਸੰਤ ਸੁੰਦਰ ਸਿੰਘ ਨਾਲ ਮੇਲ ਹੋਇਆ ਸੀ। ਉਹ ਸੰਤ ਸੁੰਦਰ ਸਿੰਘ ਜੀ ਦੀ ਸ਼ਖਸੀਅਤ ਤੋਂ ਐਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੇ ਸਾਹਿਤਕ ਸਫਰ ਦੌਰਾਨ ਸੰਤਾਂ ਦੀ ਜੀਵਨੀ ਲਿਖਣ ਦਾ ਵੱਡਾ ਪ੍ਰੇਰਨਾ ਸ੍ਰੋਤ ਇਹ ਮਿਲਣੀ ਹੀ ਬਣੀ। ਮੂਲ ਪੁਸਤਕ ਨੂੰ ਕਰਤਾ ਨੇ ਅਠ ਕਾਂਡਾਂ ਵਿਚ ਵੰਡਿਆ ਹੈ।[11]

ਪਹਿਲੇ ਕਾਂਡ ਵਿਚ ਲੇਖਕ ਨੇ ਗਿ. ਸੁੰਦਰ ਸਿੰਘ ਜੀ ਦੇ ਜਨਮ, ਪਰਿਵਾਰਕ ਪਿਛੋਕੜ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਜਨਮ ਸਮੇਂ ਲੋੜ ਆਦਿ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿਤੀ ਹੈ। ਲੇਖਕ ਅਨੁਸਾਰ ਸੰਤ ਸੁੰਦਰ ਸਿੰਘ ਜੀ ਨਾਮ ਅਤੇ ਕੀਰਤਨ ਦੇ ਰਸੀਏ, ਭਜਨ, ਜਪ, ਤਪ, ਸਿਮਰਨ ਦੇ ਅਭਿਆਸੀ, ਸੇਵਾ, ਪਰਉਪਕਾਰ, ਨਿਮਰਤਾ, ਉਚ ਆਚਰਨ ਦੇ ਧਾਰਨੀ, ਕਹਿਣੀ ਅਤੇ ਕਰਨੀ ਵਿਚ ਪੂਰੇ ਗੁਰਸਿੱਖ ਸਨ। ਸੰਤਾਂ ਨੂੰ ਸਿੱਖੀ ਦੀ ਦਾਤ ਵਿਰਸੇ 'ਚੋਂ ਹੀ ਮਿਲੀ ਸੀ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਪਿਤਾ ਬਾਬਾ ਖਜ਼ਾਨ ਸਿੰਘ ਨੇ ਮੂਲ ਮੰਤ੍ਰ ਦੇ 36 ਲਖ ਪਾਠ ਅਤੇ ਜਨਮ ਤੋਂ ਪਿਛੋਂ ਸਵਾ ਲਖ ਜਪੁਜੀ ਸਾਹਿਬ ਦੇ ਪਾਠ ਕੀਤੇ ਸਨ। ਪਿਤਾ ਜੀ ਮੂਲ ਮੰਤ੍ਰ ਦੀਆਂ 33 ਮਾਲਾ ਵੀ ਕਰਦੇ ਸਨ।

ਦੂਜੇ ਕਾਂਡ ਵਿਚ ਸੰਤਾਂ ਦੀ ਬਾਲ ਅਵਸਥਾ ਦਾ ਵਰਨਣ ਹੈ। ਭਾਵੇਂ ਸੰਤਾਂ ਨੂੰ ਜਨਮ ਤੋਂ ਹੀ ਗੁਰਸਿਖੀ ਦੀ ਗੁੜ੍ਹਤੀ ਮਿਲੀ ਸੀ, ਪਰ ਆਪ ਦੇ ਮਾਤਾ-ਪਿਤਾ ਆਪਣੇ ਫਰਜ਼ਾਂ ਤੋਂ ਅਵੇਸਲੇ

---

10 *ਇਤਿਹਾਸ ਦਮਦਮੀ ਟਕਸਾਲ*, ਪੰਨਾ ੯੧.

11 ਪੰਜਵੇਂ ਸੰਸਕਰਨ ਵਿਚ 7 ਕਾਂਡਾਂ ਤੋਂ ਬਾਅਦ ਕਾਂਡ ਨਹੀਂ ਦਿਤਾ ਗਿਆ, ਸਗੋਂ 8,9,10,11 ਨੰਬਰ ਹੀ ਦਿਤੇ ਹਨ।

ਨਹੀਂ ਹੋਏ। ਜਿਵੇਂ-ਜਿਵੇਂ ਬੱਚਾ (ਸੁੰਦਰ ਸਿੰਘ) ਵਡਾ ਹੋ ਰਿਹਾ ਸੀ, ਉਸ ਨੂੰ ਗੁਰਮਤਿ ਦੀ ਸਿਖਿਆ ਦਿਤੀ ਜਾ ਰਹੀ ਸੀ। ਕਰਤਾ ਲਿਖਦਾ ਹੈ :

> *ਮਾਂ ਕੰਮ ਧੰਦੇ ਲਗਦੀ ਤਾਂ ਪਿਤਾ ਜੀ ਦੀ ਗੋਦ ਵਿਚ ਬਾਲਕ ਖੇਡਦਾ ਤੇ ਪਿਤਾ ਦੇ ਸ਼ੁਭ ਮਨ, ਪਵਿਤ੍ਰ ਸੁਭਾ ਤੇ ਆਤਮਿਕ ਮੰਡਲ ਦੀਆਂ ਲਹਿਰਾਂ ਨੂੰ ਗ੍ਰਹਿਣ ਕਰਦਾ। ਜੇਕਰ ਪਿਤਾ ਕੰਮ ਕਾਰ ਲਈ ਬਾਹਰ ਜਾਂਦੇ ਤਾਂ ਮਾਤਾ ਜਾਂ ਤਾਂ ਗੋਦ ਵਿਚ ਲੈ ਕੇ ਗੁਰਸਿਖੀ ਜੀਵਨ ਵਿਚ ਨਿਪੁੰਨ ਕਰਨ ਦੀਆਂ ਉਮੰਗਾਂ ਮਨ ਵਿਚ ਧਾਰ ਕੇ ਬੱਚੇ ਨੂੰ ਖਿਡਾਂਦੀ ਜਾਂ ਕਦੀ ਮੰਜੀ ਉਤੇ ਪਾ ਕੇ ਆਪ ਕੰਮ ਧੰਦੇ ਲਗ ਜਾਂਦੀ ਤੇ ਬੱਚੇ ਨੂੰ ਗੁਰ ਸ਼ਬਦਾਂ ਦੀਆਂ ਲੋਰੀਆਂ ਨਾਲ ਪ੍ਰਚਾਂਦੀ। ਜਦ ਕਦੀ ਬੱਚਾ ਸੌਂ ਜਾਂਦਾ ਤਾਂ ਘੰਟੇ ਅੱਧੇ ਘੰਟੇ ਪਿਛੋਂ ਬੱਚੇ ਦੇ ਕੰਨਾਂ ਵਿਚ ਸੁੱਤੇ ਪਏ ਦੇ ਭੀ ਮੂਲ ਮੰਤਰ ਦਾ ਪਾਠ ਸੁਣਾ ਦਿਆ ਕਰਦੀ, ਤਾਂ ਜੋ ਚੰਚਲ ਮਨ ਦੀ ਜੋ ਪਸੂ ਬਿਰਤੀ ਹੈ ਓਹ ਸੁਫਨੇ ਵਿਚ ਪ੍ਰਬਲ ਹੋ ਕੇ ਉਲਟੇ ਸੰਸਕਾਰਾਂ ਦੀ ਨੀਂਹ ਨਾ ਰਖ ਜਾਵੇ।*[12]

ਸੰਤ ਸੁੰਦਰ ਸਿੰਘ ਜੀ ਬਚਪਨ ਤੋਂ ਹੀ ਭਜਨੀਕ ਸਨ। ਉਨ੍ਹਾਂ ਦੇ ਬਚਪਨ ਵਿਚਲੀ ਇਕ ਬੜੀ ਹੀ ਖ਼ੂਬਸੂਰਤ ਤੇ ਰੌਚਕ ਘਟਨਾ ਦਾ ਜ਼ਿਕਰ ਲੇਖਕ ਇਉਂ ਕਰਦਾ ਹੈ :

> *ਜਦ ਬੱਚਾ (ਸੰਤ ਸੁੰਦਰ ਸਿੰਘ ਜੀ) ਪੰਜਵੇਂ ਸਾਲ ਵਿਚ ਸੀ ਤਾਂ ਕਾਗਜ਼ਾਂ ਨੂੰ ਇਕੱਠੇ ਕਰਕੇ ਕਿਸੇ ਕਪੜੇ ਨੂੰ ਉਤੇ ਦੇ ਕੇ ਚੌਂਕੜੀ ਮਾਰ ਕੇ ਬੈਠ ਜਾਂਦਾ ਤੇ ਸਿਰ ਨੂੰ ਮਸਤੀ ਵਿਚ ਹਿਲਾ ਹਿਲਾ ਕੇ ਝੂਮਦਾ। ਕੁਝ ਮੂੰਹੋਂ ਵੀ ਬੋਲਦਾ, ਕਈ ਵਾਰ ਆਪਣੇ ਭਰਾ ਇੰਦਰ ਸਿੰਘ ਨੂੰ, ਜੋ ਉਨ੍ਹਾਂ ਤੋਂ ਛੋਟੇ ਸਨ, ਸਾਹਮਣੇ ਬਿਠਾ ਕੇ ਆਪਣੀਆਂ ਤੋਤਲੀਆਂ ਗੱਲਾਂ ਇਸ ਤਰ੍ਹਾਂ ਕਰਦਾ ਜਿਵੇਂ ਕੋਈ ਪ੍ਰਚਾਰ ਕਰ ਰਿਹਾ ਹੈ। ਘਰ ਦੇ ਬਰਤਨ ਇਕੱਠੇ ਕਰਕੇ ਇਕ ਦੂਜੇ ਨੂੰ ਹੇਠ*

---

[12] *ਅੰਮ੍ਰਿਤ ਜੀਵਣ*, ਪੰਨਾ 28.

*ਉਤੇ ਰੱਖ ਕੇ ਕਹਿਣਾ ਕਿ ਮੈਂ ਗੁਰਦੁਆਰਾ ਬਣਾ ਰਿਹਾ ਹਾਂ। ਮਾਂ ਜੀ ਨੇ ਕਦੀ ਬਰਤਨਾਂ ਨੂੰ ਇਸ ਤਰ੍ਹਾਂ ਛੇੜਨ ਤੋਂ ਨਾਰਾਜ਼ ਹੋਣਾ ਤਾਂ ਇੱਟਾਂ ਰੋੜੇ ਇਕੱਠੇ ਕਰਕੇ ਘਰ ਬਣਾ ਕੇ ਕਹਿਣਾ ਕਿ ਲਓ ਮੈਂ ਹੋਰ ਸੋਹਣਾ ਗੁਰਦੁਆਰਾ ਬਣਾਨਾ ਹਾਂ।*[13]

ਤੀਜੇ ਕਾਂਡ ਵਿਚ ਸੰਤਾਂ ਦੀ ਵਿਦਿਆ ਪ੍ਰਾਪਤੀ ਬਾਰੇ ਵਰਨਣ ਮਿਲਦਾ ਹੈ। ਸੰਤਾਂ ਨੇ ਦਸ ਸਾਲ ਦੀ ਉਮਰ ਵਿਚ ਹੀ ਪਿਤਾ ਜੀ ਕੋਲੋਂ *ਪੰਜ ਗ੍ਰੰਥੀ*, *ਬਾਈ ਵਾਰਾਂ*, *ਭਗਤ ਬਾਣੀ*, *ਦਸ ਗ੍ਰੰਥੀ* ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਯਾ ਲੈ ਲਈ ਸੀ। ਗਿਆਰ੍ਹਵੇਂ ਸਾਲ (੧੯੫0) ਵਿਚ ਸੰਤ ਸੁੰਦਰ ਸਿੰਘ ਜੀ ਅੰਮ੍ਰਿਤ ਛਕ ਕੇ ਪੂਰਨ ਰਹਿਤ ਦੇ ਧਾਰਨੀ ਬਣ ਗਏ। ਸੋਲ੍ਹਵੇਂ ਸਾਲ ਵਿਚ ਆਪ ਨੇ *ਸਾਰਕੁਤਾਵਲੀ*, *ਭਾਵਰਸਅੰਮ੍ਰਿਤ*, *ਵੈਰਾਗ ਸ਼ੱਤਕ*, *ਪ੍ਰਬੋਧਚੰਦਰ ਨਾਟਕ*, *ਜ਼ਿੰਦਗੀ ਨਾਮਾ*, *ਗੀਤਾ*, *ਅਧਿਆਤਮ ਰਾਮਾਇਣ*, *ਵਾਰਾਂ ਭਾਈ ਗੁਰਦਾਸ* ਤੇ ਸਵੱਯੇ, *ਸ੍ਰੀ ਗੁਰੂ ਨਾਨਕ ਪ੍ਰਕਾਸ਼* ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਸੰਥਿਆ ਆਪਣੇ ਪਿਤਾ ਜੀ ਕੋਲੋਂ ਲਈ। ਇਸ ਤੋਂ ਬਾਅਦ ਉਨ੍ਹਾਂ ਨੇ ਉਦਾਸੀਆਂ ਕੋਲੋਂ ਵੇਦਾਂਤ ਅਤੇ ਭਾਖਾ ਦੇ ਗ੍ਰੰਥ ਵੀ ਪੜ੍ਹੇ। ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਸੰਤਾਂ ਦੀ ਬਹੁਤੀ ਰੁਚੀ ਗ੍ਰੰਥ ਵਿਚਾਰਨ ਵਲ ਹੋ ਗਈ। ਇਸ ਲਈ ਸੰਤਾਂ ਨੇ ਪਿਤਾ ਜੀ ਤੋਂ ਆਗਿਆ ਲੈ ਕੇ ਘਰੋਂ ਬਾਹਰ ਵਿਦਿਆ ਪ੍ਰਾਪਤ ਕਰਨ ਦਾ ਫੈਸਲਾ ਕਰ ਲਿਆ। ਕਈ ਮਹਾਤਮਾਵਾਂ ਨਾਲ ਮਿਲਾਪ ਕਰਨ ਉਪਰੰਤ ਉਨ੍ਹਾਂ ਦਾ ਮੇਲ ਮਹਾਤਮਾ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਨਾਲ ਹੋਇਆ, ਜਿਨ੍ਹਾਂ ਪਾਸੋਂ ਉਨ੍ਹਾਂ ਨੇ ਅਧਿਆਤਮ ਮਾਰਗ ਦੀਆਂ ਰਮਜ਼ਾਂ ਸਮਝੀਆਂ।

ਚੌਥੇ ਕਾਂਡ ਵਿਚ ਲੇਖਕ ਨੇ ਸੰਤਾਂ ਦੀ ਕਰੜੀ ਸਾਧਨਾ ਅਤੇ ਨਾਮ ਅਭਿਆਸ ਬਾਰੇ ਵਿਸਤਾਰਪੂਰਵਕ ਜ਼ਿਕਰ ਕੀਤਾ ਹੈ। ਇਸ ਵਿਚ ਸੰਤਾਂ ਦੀ ਗਿਆਨ ਪ੍ਰਾਪਤੀ ਦਾ ਵਰਨਣ ਹੈ। ਸੰਤ ਇਸ ਗਲ ਦੇ ਦ੍ਰਿੜ ਵਿਸ਼ਵਾਸੀ ਸਨ ਕਿ ਮਨ ਨੂੰ ਵਸ ਕਰਨ ਤੇ ਸਿਧੇ ਰਾਹ ਪਾਉਣ ਦਾ ਸਭ ਤੋਂ ਸੌਖਾ ਤਰੀਕਾ ਤੇ ਚੰਗਾ ਕੰਮ ਸੇਵਾ ਹੈ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਅਣਥਕ ਸੇਵਾ ਕੀਤੀ। ਲੇਖਕ ਅਨੁਸਾਰ ਇਕ ਮਹਾਤਮਾ ਦੀ ਸੇਵਾ ਤੋਂ ਹੀ ਸੰਤਾਂ ਨੂੰ ਬਖਸ਼ਿਸ਼ ਪ੍ਰਾਪਤ ਹੋਈ। ਇਸ ਘਟਨਾ ਦਾ ਜ਼ਿਕਰ ਕਰਤਾ ਨੇ ਇਉਂ ਕੀਤਾ ਹੈ :

---

[13] *ਅੰਮ੍ਰਿਤ ਜੀਵਣ*, ਪੰਨਾ 21.

*... ਮਹਾਤਮਾ ਜੀ ਨੇ ਜਲ ਛਕਿਆ ਤੇ ਮੇਹਰ ਦੀ ਨਿਗਾਹ ਨਾਲ ਸੰਤਾਂ ਦੇ ਮੂੰਹ ਵੱਲ ਤੱਕਿਆ। ਅੱਜ ਪੁਰਜ਼ੋਰ ਬਿਜਲੀ ਸੰਤਾਂ ਦੀਆਂ ਅੱਖਾਂ ਵਿਚ ਇਸ ਤਰ੍ਹਾਂ ਭਰੀ ਕਿ ਸੰਤਾਂ ਨੂੰ ਆਪੇ ਦੀ ਸੁਧ ਹੀ ਨਾ ਰਹੀ। ਸੰਤਾਂ ਨੇ ਆਪਣੇ ਇਕ ਨਿਕਟਵਰਤੀ ਸੇਵਕ ਨੂੰ ਇਹ ਵੀ ਕਿਹਾ ਸੀ ਕਿ ਉਸ ਵੇਲੇ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਪਰਤੱਖ ਦਰਸ਼ਨ ਹੋਏ। ਮਹਾਤਮਾ ਜੀ ਉਠ ਕੇ ਇਕ ਪਾਸੇ ਨੂੰ ਦੂਰ ਚੱਲੇ ਤਾਂ ਸੰਤ ਭੀ ਪਿੱਛੇ ਤੁਰਨ ਲੱਗੇ ਤਾਂ ਮਹਾਤਮਾ ਜੀ ਨੇ ਕਿਹਾ ਕਿ ਤੁਸੀਂ ਏਥੇ ਹੀ ਅਨੰਦ ਲਵੋ ਤੇ ਹੁਣ ਬਸ ਵਾਹਿਗੁਰੂ ਮੰਤਰ ਵਿਚ ਬਿਰਤੀ ਇਕਾਗਰ ਕਰੋ। ਮਨ ਅਭਿਆਸ ਵਿਚ ਏਨਾ ਇਕਾਗਰ ਹੋਇਆ ਕਿ ਚੌਂਕੜੀ ਮਾਰ ਕੇ ਬੈਠ ਗਏ ਤੇ ਆਪਣੇ ਆਪ ਨੂੰ ਭੁਲ ਗਏ। ਦਿਨ ਡੁਬੇ ਮਹਾਤਮਾ ਜੀ ਉਧਰੋਂ ਮੁੜੇ ਤਾਂ ਸੰਤਾਂ ਨੂੰ ਇਕ ਟਕ ਸਮਾਧੀ ਵਿਚ ਡਿੱਠਾ। ਮਹਾਤਮਾ ਜੀ ਨੇ ਹਲੂਣ ਕੇ ਸੰਤਾਂ ਨੂੰ ਚਲਣ ਲਈ ਕਿਹਾ ਤੇ ਸਤਿ ਬਚਨ ਕਹਿ ਕੇ ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ [14] ਸ਼ਬਦ ਪ੍ਰੇਮ ਵਿਚ ਭਿਜ ਕੇ ਸੁਣਾਇਆ :[15]*

ਗਿਆਨ ਪ੍ਰਾਪਤੀ ਤੋਂ ਬਾਅਦ ਸੰਤਾਂ ਦਾ ਨਾਮ ਅਭਿਆਸ ਵਧਦਾ ਗਿਆ। ਨਾਮ ਜਪਣ ਬਾਰੇ ਲੇਖਕ ਦਸਦਾ ਹੈ ਕਿ ਸੰਤਾਂ ਨੇ ਇਕ ਸਾਲ ਆਪਣੇ ਪਿੰਡ ਭਿੰਡਰ ਕਲਾਂ ਵਿਖੇ ਖੇਤ ਵਿਚ ਭੋਰਾ ਪੁਟ ਕੇ 40 ਦਿਨ ਬਿਨਾਂ ਕਿਸੇ ਵਿਘਨ ਦੇ ਲਗਾਤਾਰ ਨਾਮ ਅਭਿਆਸ ਦੇ ਨਾਲ-ਨਾਲ ਇਕ ਸੰਪਟ ਪਾਠ ਵੀ ਕੀਤਾ। ਡਾ. ਸ਼ੇਰ ਸਿੰਘ ਸੰਤ ਸੁੰਦਰ ਸਿੰਘ ਜੀ ਦੀ ਕਠਿਨ ਘਾਲਣਾ ਬਾਰੇ ਲਿਖਦੇ ਹਨ :

*...ਸੰਮਤ ੧੯੭੪ ਦੇ ਮਹੀਨਾ ਸਾਵਣ ਭਾਦਰੋਂ ਵਿਚ ਚੁਬਾਰੇ ਅੰਦਰ ਬੈਠ ਕੇ ਇਨ੍ਹਾਂ ਖ਼ੂਬ ਸਾਧਨਾ ਕੀਤੀ। ਸਵਾਏ ਹਾਜਤ ਰਫਾ ਕਰਨ*

[14] ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੭.
[15] *ਅੰਮ੍ਰਿਤ ਜੀਵਣ*, ਪੰਨਾ 51.

*ਦੇ ਇਹਨਾਂ ਕਦੀ ਬਾਹਰ ਪੈਰ ਨਹੀਂ ਪਾਇਆ। ਕਿਸੇ ਦੇ ਵਰਜਿਆਂ ਹੋਇਆਂ ਪ੍ਰਸਾਦਿ ਨਹੀਂ ਸੀ ਛਕਦੇ। ਅਚਨਚੇਤ ਕੋਈ ਲੈ ਆਵੇ ਤਾਂ ਛਕ ਲੈਂਦੇ ਸਨ। ਕਈ ਵਾਰੀ ਨਹੀਂ ਭੀ ਖਾਇਆ ਕਰਦੇ ਸਨ ਤੇ ਕਈ ਕਈ ਦਿਨ ਨਿਅਹਾਰੇ ਹੀ ਕਟਦੇ।... ਅੱਸੂ, ਕੱਤਾ, ਮੱਘਰ ਤ੍ਰੈ ਮਹੀਨੇ ਇਥੇ ਰਹਿ ਕੇ ਬੜੀ ਹੀ ਘਾਲਣਾ ਘਾਲੀ ਤੇ ਅਤਿਅੰਤ ਕਮਾਈ ਕੀਤੀ।*[16]

ਪੰਜਵੇਂ ਕਾਂਡ ਵਿਚ ਲੇਖਕ ਨੇ ਸੰਤਾਂ ਦੁਆਰਾ ਕੀਤੇ ਪ੍ਰਚਾਰ ਦੀ ਵਿਸਤਾਰ ਸਹਿਤ ਜਾਣਕਾਰੀ ਦਿਤੀ ਹੈ। ਸੰਤਾਂ ਦੀ ਸਿੱਖ ਪੰਥ ਨੂੰ ਦੇਣ ਦਾ ਵੇਰਵਾ ਦਿੰਦੇ ਹੋਏ ਲੇਖਕ ਦਸਦਾ ਹੈ ਕਿ ਸੰਤਾਂ ਨੇ ਜੈਤੋ ਦੇ ਮੋਰਚੇ ਅਤੇ ਚਾਬੀਆਂ ਦੇ ਮੋਰਚੇ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਸਿੰਘ ਸਭਾ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਦੀ ਸਥਾਪਨਾ 'ਚ ਸੰਤਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਸੰਤਾਂ ਨੇ ਭਿੰਡਰਾਂ ਸੰਪਰਦਾ ਨੂੰ ਸਥਾਪਿਤ ਕਰਕੇ, ਗੁਰਮਤਿ ਦੇ ਪ੍ਰਚਾਰ ਲਈ ਅਨੇਕ ਵਿਦਿਆਰਥੀ ਤਿਆਰ ਕੀਤੇ।

ਛੇਵੇਂ ਕਾਂਡ ਵਿਚ ਸੰਤਾਂ ਦੀ ਅੰਤਲੀ ਜੀਵਨ ਝਾਕੀ ਵਿਸਤਾਰ ਨਾਲ ਅੰਕਿਤ ਕੀਤੀ ਗਈ ਹੈ। ਲੇਖਕ ਅਨੁਸਾਰ ਸੰਤਾਂ ਨੇ 15 ਫਰਵਰੀ, 1930 ਨੂੰ ਕੇਵਲ 48 ਵਰ੍ਹਿਆਂ ਦੀ ਉਮਰ ਵਿਚ ਆਪਣਾ ਸਰੀਰ ਬੋਪਾਰਾਏ ਕਲਾਂ ਵਿਖੇ ਤਿਆਗਿਆ।[17]

ਸਤਵੇਂ ਕਾਂਡ ਵਿਚ ਲੇਖਕ ਨੇ ਉਨ੍ਹਾਂ ਦੇ ਵਿਅਕਤਿਤਵ ਦੇ ਵਿਭਿੰਨ ਪਖਾਂ, ਨਿਤਕਰਮ, ਸੁਭਾਅ, ਸੁਧਾਰਕ ਵਿਚਾਰਾਂ, ਪੰਥਕ ਸੇਵਾ, ਗੁਰਧਾਮਾਂ ਦੀ ਸੇਵਾ ਅਤੇ ਉਨ੍ਹਾਂ ਦੇ ਨਾਲ ਸੰਬੰਧਿਤ ਹੋਰ ਘਟਨਾਵਾਂ ਦੇ ਹਾਲ ਦਾ ਵਰਨਣ ਕੀਤਾ ਹੈ। ਸਭ ਤੋਂ ਅਖੀਰਲੇ ਭਾਗ (ਅੰਤਿਕਾ-1) ਵਿਚ ਸੰਤ ਭਾਗ ਸਿੰਘ ਜੀ ਅਤੇ ਮਹੰਤ ਪ੍ਰੇਮ ਸਿੰਘ ਮੁਰਾਲਾ ਵਾਲਿਆਂ ਦੇ ਸੰਖੇਪ ਜੀਵਨ ਬਾਰੇ ਲੇਖਕ ਨੇ ਜ਼ਿਕਰ ਕੀਤਾ ਹੈ। ਡਾ. ਸ਼ੇਰ ਸਿੰਘ ਦੀ ਮੂਲ ਪੁਸਤਕ ਤੋਂ ਬਾਅਦ ਜੋ ਵਾਧੇ ਕੀਤੇ ਗਏ, ਉਸ ਵਿਚ ਅੰਤਿਕਾ-2 ਦਰਜ ਹੈ।[18] ਇਸ ਵਿਚ ਸੰਤ ਗਿਆਨੀ ਸੁੰਦਰ ਸਿੰਘ ਦੇ ਵਿਦਿਆਰਥੀਆਂ ਦਾ ਸੰਖੇਪ

---

16 *ਅੰਮ੍ਰਿਤ ਜੀਵਣ*, ਪੰਨਾ 59.

17 *ਉਹੀ*, ਪੰਨਾ 179.

18 ਇਹ ਡਾ. ਸ਼ੇਰ ਸਿੰਘ ਦੀ ਰਚਨਾ ਨਹੀਂ।

ਜੀਵਨ ਦਿਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ 'ਸ਼ਰਧਾ ਦੇ ਫੁੱਲ' ਸਿਰਲੇਖ ਹੇਠ ਤਿੰਨ ਕਵਿਤਾਵਾਂ, ਦਮਦਮੀ ਟਕਸਾਲ ਅਤੇ ਭਿੰਡਰਾਂ ਸੰਪ੍ਰਦਾਇ ਦੀਆਂ ਸ਼ਾਖਾਂ, ਉਪ ਸ਼ਾਖਾਵਾਂ ਦਾ ਵੀ ਵਰਨਣ ਕੀਤਾ ਗਿਆ ਹੈ। ਅੰਤ ਵਿਚ ਸੰਪ੍ਰਦਾਇ ਅਰਥ ਪ੍ਰਣਾਲੀ ਦਾ ਸਜਰਾ ਵੀ ਦਿਤਾ ਗਿਆ ਹੈ।

ਇਸ ਤਰ੍ਹਾਂ ਲੇਖਕ ਨੇ ਵਿਚਾਰਾਧੀਨ ਪੁਸਤਕ ਰਾਹੀਂ ਗੁਰਮਤਿ ਦੇ ਇਕ ਵਿਦਵਾਨ ਸੰਤ ਦੀ ਜੀਵਨੀ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਕੇ ਸਿੱਖ ਜਗਤ ਨੂੰ ਸੰਤਾਂ ਦੇ ਜੀਵਨ ਸੰਬੰਧੀ ਕਈ ਪਖਾਂ ਤੋਂ ਜਾਣੂ ਕਰਵਾਇਆ ਹੈ, ਜਿਸ ਸਦਕਾ ਪੁਸਤਕ ਗੁਰਮਤਿ ਦੇ ਗਾਡੀ ਰਾਹ ਦੇ ਰਾਹਗੀਰਾਂ ਲਈ ਪਥ-ਪ੍ਰਦਰਸ਼ਕ ਵੀ ਸਿਧ ਹੁੰਦੀ ਹੈ।

### 2.3.2 ਮਰਨ ਤੋਂ ਪਿਛੋਂ

ਇਹ ਪੁਸਤਕ 1934 ਈ. 'ਚ ਅੰਮ੍ਰਿਤ ਪ੍ਰੈਸ, ਤਰਨਤਾਰਨ ਦੁਆਰਾ ਪ੍ਰਕਾਸ਼ਿਤ ਕੀਤੀ ਗਈ। ਸ਼ੁਰੂ ਵਿਚ ਮੁਖ ਬੰਦ, ਸ਼ੁਧੀ ਪਤਰ ਤੇ ਤਤਕਰਾ ਹੈ। ਪੁਸਤਕ ਨੂੰ 5 ਕਾਂਡਾਂ ਵਿਚ ਵੰਡਿਆ ਗਿਆ ਹੈ। ਅਖੀਰ ਵਿਚ ਅੰਤਿਮ ਬਿਉਰਾ (Index) ਵੀ ਦਿਤਾ ਗਿਆ ਹੈ। ਪੁਸਤਕ ਲਿਖਣ ਦੀ ਪ੍ਰੇਰਨਾ ਡਾ. ਸ਼ੇਰ ਸਿੰਘ ਨੂੰ 1931 'ਚ ਆਪਣੇ ਇਕ ਮਿਤਰ ਡਾ. ਹਰਚੰਦ ਸਿੰਘ ਲਾਇਲਪੁਰੀ ਦੀ ਪਤਨੀ ਬੀਬੀ ਪਰਸਿੰਨ ਕੌਰ ਦੇ ਦੇਹਾਂਤ ਵੇਲੇ ਉਸ ਦੇ ਪਰਿਵਾਰ ਦੀ ਦਰਦਨਾਕ ਹਾਲਤ ਦੇਖਣ ਉਪਰੰਤ ਹੋਈ। ਉਸ ਸਮੇਂ ਉਨ੍ਹਾਂ ਦੇ ਮਨ ਉਤੇ ਮੌਤ ਦਾ ਐਨਾ ਡੂੰਘਾ ਅਸਰ ਹੋਇਆ ਕਿ ਆਪ ਨੇ 'ਮਰਨ' ਦੇ ਵਿਸ਼ੇ ਉਤੇ ਪੁਸਤਕ ਲਿਖਣ ਦਾ ਮਨ ਬਣਾਇਆ, ਜਿਸ ਨੂੰ ਅਮਲੀ ਜਾਮਾ 1934 ਵਿਚ ਪਹਿਨਾਇਆ ਗਿਆ।

ਪਹਿਲੇ ਕਾਂਡ ਵਿਚ ਭਾਰਤੀ ਦਰਸ਼ਨ ਪਰੰਪਰਾ ਦੇ ਪ੍ਰਸੰਗ ਵਿਚ ਆਤਮਾ, ਜੀਵਨ ਅਤੇ ਮੌਤ ਦੇ ਸੰਕਲਪ ਦੀ ਵਿਚਾਰ ਕੀਤੀ ਗਈ ਹੈ। ਲੇਖਕ ਦਸਦਾ ਹੈ ਕਿ ਰਿਗਵੇਦ ਵਿਚ ਆਵਾਗਵਣ ਬਾਰੇ ਕੋਈ ਖਿਆਲ ਨਹੀਂ ਮਿਲਦਾ, ਪਰ ਐਨਾ ਜ਼ਰੂਰ ਮੰਨਿਆ ਗਿਆ ਹੈ ਕਿ ਮਰਨ ਪਿਛੋਂ ਆਤਮਾ ਅਗਲੀ ਦੁਨੀਆ ਵਿਚ ਜਾ ਕੇ ਜਨਮ ਲੈਂਦੀ ਹੈ, ਕਿਉਂਕਿ ਆਤਮਾ ਨੂੰ ਸਰੀਰ ਤੋਂ ਵਖਰਾ ਮੰਨਿਆ ਗਿਆ ਹੈ। ਰਿਗਵੇਦ ਅਨੁਸਾਰ ਤਿੰਨ ਜਨਮ ਹੁੰਦੇ ਹਨ- ਪਹਿਲਾ, ਇਸ ਦੁਨੀਆ ਅੰਦਰ ਬੱਚੇ ਦੇ ਰੂਪ ਵਿਚ। ਦੂਜਾ, ਜਦ ਉਹ ਆਤਮਕ ਉਨਤੀ ਕਰਕੇ ਆਤਮਕ ਮੰਡਲ ਵਿਚ ਜਾਂਦਾ ਹੈ ਅਤੇ ਤੀਜਾ, ਉਹ ਮਰ ਕੇ ਜਨਮ ਲੈਂਦਾ ਹੈ। ਰਿਗਵੇਦ ਦਾ ਪ੍ਰਧਾਨ ਖਿਆਲ ਇਹ ਹੈ

ਕਿ ਸ਼ੁਭ ਪੁਰਸ਼ ਮਰਨ ਪਿਛੋਂ ਦੇਵ ਲੋਕ ਵਿਚ ਜਨਮ ਲੈਂਦੇ ਹਨ ਤੇ ਅਸ਼ੁਭ ਪੁਰਸ਼ ਮਰਨ ਪਿਛੋਂ ਨਰਕ ਲੋਕ ਵਿਚ ਜਾਂਦੇ ਹਨ। ਲੇਖਕ ਅਨੁਸਾਰ ਬ੍ਰਾਹਮਣ ਗ੍ਰੰਥਾਂ ਦਾ ਅਹਿਮ ਵਿਚਾਰ ਇਹੋ ਹੀ ਹੈ ਕਿ ਪੁੰਨੀ ਤੇ ਪਾਪੀ ਦੋਵੇਂ ਅਗਲੀ ਦੁਨੀਆਂ ਵਿਚ ਜਨਮ ਲੈਂਦੇ ਹਨ ਅਤੇ ਆਪਣੇ-ਆਪਣੇ ਕਰਮਾਂ ਦਾ ਫਲ ਭੋਗਦੇ ਹਨ।

ਲੇਖਕ ਦਾ ਵਿਚਾਰ ਹੈ ਕਿ ਉਪਨਿਸ਼ਦਾਂ ਤਕ ਪੁਜ ਕੇ 'ਮੌਤ' ਦਾ ਵਿਸ਼ਾ ਬਾਕਾਇਦਾ ਸਿਧਾਂਤ ਰੂਪ ਵਿਚ ਵਿਕਸਿਤ ਹੁੰਦਾ ਹੈ। ਉਪਨਿਸ਼ਦਾਂ ਵਿਚ ਆਤਮਾ ਅਤੇ ਬ੍ਰਹਮ ਬਾਰੇ ਬਾਰੀਕ ਵਿਚਾਰ ਕੀਤੀ ਮਿਲਦੀ ਹੈ, ਜਿਸ ਅਨੁਸਾਰ ਇਹ ਸੰਸਾਰ ਇਕ ਭਰਮ ਤੇ ਸੁਪਨਾ ਦਿਖਾਈ ਦਿੰਦਾ ਹੈ। ਉਪਨਿਸ਼ਦਾਂ ਦਾ ਮੰਨਣਾ ਹੈ ਕਿ ਮਨੁਖ ਨੇ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਪਾ ਕੇ ਅਮਰ ਹੋਣਾ ਹੈ, ਭਾਵ ਬ੍ਰਹਮ ਵਿਚ ਅਭੇਦ ਹੋਣਾ ਹੈ, ਕਿਉਂਕਿ ਸੰਸਾਰ ਦਾ ਆਦਿ ਤੇ ਅੰਤ ਬ੍ਰਹਮ ਹੀ ਹੈ।

ਮੌਤ ਦੇ ਵਿਸ਼ੇ ਉਤੇ ਜੈਨ ਮਤ ਦਾ ਵਿਚਾਰ ਪੇਸ਼ ਕਰਦਾ ਹੋਇਆ ਲੇਖਕ ਕਹਿੰਦਾ ਹੈ ਕਿ ਜੈਨੀ ਆਵਾਗਵਣ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ ਆਤਮਾ 'ਆਕਾਰ' ਵਿਚ ਵਡੀ-ਛੋਟੀ ਹੋ ਸਕਦੀ ਹੈ। ਸਰੀਰ ਦੇ ਮੁਤਾਬਿਕ ਆਤਮਾ ਆਪਣੇ ਆਪ ਨੂੰ ਢਾਲ ਲੈਂਦੀ ਹੈ, ਮਰਨ ਸਮੇਂ ਆਤਮਾ ਸੁੰਗੜ ਜਾਂਦੀ ਹੈ ਤੇ ਜਿਸ ਜੂਨੀ ਵਿਚ ਨਿਵਾਸ ਕਰਨਾ ਹੁੰਦਾ ਹੈ, ਉਸ ਦਾ ਆਕਾਰ ਧਾਰ ਕੇ ਚਲੀ ਜਾਂਦੀ ਹੈ।[19]

ਲੇਖਕ ਅਨੁਸਾਰ ਬੁਧ ਮਤ ਦੀ ਬੁਨਿਆਦ ਕਰਮਾਂ ਉਤੇ ਅਧਾਰਿਤ ਹੈ। ਇਸ ਅਨੁਸਾਰ ਕਰਮਾਂ ਕਰਕੇ ਜੰਮਣ-ਮਰਨ ਦਾ ਗੇੜ ਬਣਿਆ ਰਹਿੰਦਾ ਹੈ। ਬੋਧੀ, ਜੀਵਨ ਦਾ ਅੰਤਿਮ ਲਕਸ਼ 'ਨਿਰਵਾਣ' ਪ੍ਰਾਪਤੀ ਮੰਨਦੇ ਹਨ। ਨਿਰਵਾਣ ਤੋਂ ਭਾਵ ਆਪਣੇ ਆਪ ਨੂੰ ਗੁਆ ਕੇ ਸਮੁਚੇ ਸੰਸਾਰ ਵਿਚ ਪਾਣੀ ਤੇ ਬੂੰਦ ਦੀ ਤਰ੍ਹਾਂ ਇਕ-ਮਿਕ ਹੋ ਜਾਣਾ ਹੈ। ਬੁਧ ਮਤ ਅਨੁਸਾਰ ਵਿਅਕਤੀ ਦੇ ਮਰਨ ਤੋਂ ਬਾਅਦ ਉਸ ਦਾ ਸਰੀਰ ਨਸ਼ਟ ਹੋ ਜਾਂਦਾ ਹੈ। ਦੁਬਾਰਾ ਜਨਮ ਆਤਮਾ ਦਾ ਹੁੰਦਾ ਹੈ, ਨਾ ਕਿ ਵਿਅਕਤੀ ਦਾ। ਆਤਮਾ ਨੂੰ ਉਸ ਦੇ ਪਿਛਲੇ ਕਰਮਾਂ ਮੁਤਾਬਿਕ ਜ਼ਿੰਦਗੀ ਮਿਲਦੀ ਹੈ।

ਕਰਤਾ ਅਨੁਸਾਰ ਗੀਤਾ, ਉਪਨਿਸ਼ਦਾਂ ਦਾ ਆਸਰਾ ਲੈ ਕੇ ਲਿਖੀ ਗਈ ਹੈ। ਇਸ ਵਿਚ ਆਤਮਾ ਅਤੇ ਬ੍ਰਹਮ ਨੂੰ ਦੋ ਨਹੀਂ, ਸਗੋਂ ਇਕ ਹੀ ਕਿਹਾ ਹੈ। ਇਸ ਪ੍ਰਕਾਰ ਗੀਤਾ ਅਨੁਸਾਰ ਮੌਤ ਕੇਵਲ ਅਦਲਾ-ਬਦਲੀ ਦਾ ਨਾਮ ਹੈ, ਅੰਤਿਮ ਨਿਸ਼ਾਨਾ ਬ੍ਰਹਮ ਵਿਚ ਲੀਨ ਹੋਣਾ ਹੀ ਹੈ। ਇਸ ਤਕ ਪੁਜਣ

[19] *ਮਰਨ ਤੋਂ ਪਿਛੋਂ*, ਪੰਨਾ ੯.

ਦਾ ਸਾਧਨ ਗਿਆਨ, ਭਗਤੀ ਜਾਂ ਕਰਮ ਕੋਈ ਵੀ ਹੋ ਸਕਦਾ ਹੈ। ਇਸ ਕਾਂਡ ਦੇ ਅੰਤ ਵਿਚ ਲੇਖਕ ਹਿੰਦੂ ਮਤ ਦੇ ਛੇ ਸ਼ਾਸਤਰਾਂ ਅਨੁਸਾਰ ਮੌਤ ਦੇ ਵਿਸ਼ੇ ਉਤੇ ਚਰਚਾ ਕਰਦਾ ਹੈ। ਸ਼ਾਸਤਰਾਂ ਵਿਚ ਅਗਲੇ ਜੀਵਨ ਦੀ ਪ੍ਰਾਪਤੀ ਇਸ ਜੀਵਨ ਦੇ ਕਰਮਾਂ ਦਾ ਫਲ ਮੰਨਿਆ ਗਿਆ ਹੈ। ਇਨ੍ਹਾਂ ਅਨੁਸਾਰ ਜੰਮਣ ਮਰਨ ਦਾ ਕਾਰਨ ਦੁਖ ਹੈ। ਅਜਿਹੇ ਦੁਖ ਤੋਂ ਛੁਟਕਾਰਾ ਪਾਉਣ ਲਈ ਮੁਕਤੀ ਦਾ ਮਾਰਗ ਅਪਨਾਉਣ ਦੀ ਪ੍ਰੇਰਨਾ ਦਿਤੀ ਗਈ ਹੈ। ਮੁਕਤੀ ਆਤਮਾ ਦੇ ਨਿਜ ਸਰੂਪ ਵਿਚ ਆਉਣ ਦਾ ਨਾਮ ਹੈ ਤੇ ਨਿਜ ਸਰੂਪ ਦੁਖ-ਸੁਖ ਦੀ ਅਵਸਥਾ ਤੋਂ ਰਹਿਤ ਹਾਲਤ ਦਾ ਨਾਮ ਹੈ।

ਕਰਤਾ ਦੀ ਨਜ਼ਰ ਰਾਹੀਂ ਰਾਮਾਨੁਜ ਅਨੁਸਾਰ ਮਰਨ ਤੋਂ ਪਿਛੋਂ ਜੀਵਾਂ ਨੂੰ ਤਿੰਨ ਤਰ੍ਹਾਂ ਦੇ ਥਾਂ ਪ੍ਰਾਪਤ ਹੁੰਦੇ ਹਨ- ਪਹਿਲਾ ਬੈਕੁੰਠ, ਜਿਥੇ ਜੀਵਨ ਕਰਮਾਂ ਤੋਂ ਰਹਿਤ ਹੋ ਕੇ ਅਮਰ ਅਤੇ ਅਨੰਦ ਵਿਚ ਰਹਿੰਦੇ ਹਨ, ਦੂਜਾ ਮੁਕਤ ਜੀਵ, ਜੋ ਭਗਤੀ ਕਰਕੇ ਬੰਧਨ ਰਹਿਤ, ਸੁਤੰਤਰ ਤੇ ਨਿਰੋਲ ਹਨ ਅਤੇ ਤੀਜਾ ਬਧ ਜੀਵ, ਜੋ ਕਰਮਾਂ ਦੇ ਬਧੇ ਸੰਸਾਰ ਵਿਚ ਜੂਨੀਆਂ ਭੋਗਦੇ ਹਨ।

ਦੂਜੇ ਕਾਂਡ ਵਿਚ ਲੇਖਕ ਨੇ ਪਛਮੀ ਦ੍ਰਿਸ਼ਟੀਕੋਣ ਦੀ ਚਰਚਾ ਕੀਤੀ ਹੈ, ਜਿਸ ਵਿਚ ਅਫਲਾਤੂਨ, ਕਾਂਟ, ਇਸਲਾਮ, ਇਸਾਈ ਤੇ ਥੀਓਸਾਫ਼ੀ ਮਤਾਂ ਬਾਰੇ ਜਾਣਕਾਰੀ ਮੁਹਈਆ ਕਰਵਾਈ ਹੈ। ਲੇਖਕ ਅਨੁਸਾਰ ਅਫਲਾਤੂਨ ਨੇ ਆਪਣੀਆਂ ਵਿਚਾਰ ਗੋਸ਼ਟਾਂ ਵਿਚ ਸੁਕਰਾਤ ਦੀ ਸੀਬੀ ਨਾਲ ਹੋਈ, ਮਰਨ ਤੋਂ ਪਿਛੋਂ ਸੰਬੰਧੀ ਗਲਬਾਤ ਨੂੰ ਵਿਸਤਾਰ ਸਹਿਤ ਪੇਸ਼ ਕੀਤਾ ਹੈ, ਜਿਸ ਦਾ ਸਿਟਾ ਹੈ ਕਿ ਆਤਮਾ ਅਮਰ ਹੈ, ਕਿਉਂਕਿ ਉਹ ਹਰ ਚੀਜ਼ ਜਿਹੜੀ ਹਰੇਕ ਵਿਚ ਹੈ, ਅਮਰ ਹੈ। ਜਰਮਨ ਫਿਲਾਸਫਰ ਕਾਂਟ ਅਨੁਸਾਰ ਵੀ ਆਤਮਾ ਅਮਰ ਹੈ। ਉਸ ਅਨੁਸਾਰ ਆਤਮਾ ਦੀ ਅਮਰਤਾ ਤੇ ਸਦੀਵਤਾ ਸਰੀਰ ਦੇ ਨਸ਼ਟ ਹੋ ਜਾਣ ਤੋਂ ਬਾਅਦ ਵੀ ਰਹਿੰਦੀ ਹੈ। ਇਸਲਾਮ ਅਨੁਸਾਰ ਰਬ ਨੇ ਸਾਰੀਆਂ ਰੂਹਾਂ ਇਕੋ ਦਿਨ ਹੀ ਪੈਦਾ ਕੀਤੀਆਂ। ਰਬ, ਰੂਹ ਨੂੰ ਜਿਸਮ 'ਚ ਪਾ ਕੇ ਧਰਤੀ ਉਤੇ ਭੇਜਦਾ ਹੈ, ਜਿਸ ਕਰਕੇ ਇਨ੍ਹਾਂ ਨੇ ਮੌਤ ਤੋਂ ਬਾਅਦ ਵੀ ਰੂਹ ਦਾ ਸਰੀਰ ਨਾਲ ਸੰਬੰਧ ਮੰਨਿਆ ਹੈ। ਕਿਆਮਤ ਨੂੰ ਜਦ ਰੂਹਾਂ ਦੀ ਕਰਨੀ ਦਾ ਹਿਸਾਬ ਹੋਵੇਗਾ ਤਾਂ ਉਨ੍ਹਾਂ ਨੂੰ ਅਗਲੀ ਦੁਨੀਆਂ ਵਿਚ ਆਪਣੇ ਕਰਮਾਂ ਅਨੁਸਾਰ ਨਰਕ, ਸੁਰਗ ਜਾਂ ਦੋਹਾਂ ਦੇ ਵਿਚਕਾਰਲੀ ਥਾਂ ਪ੍ਰਾਪਤ ਹੋਵੇਗੀ।

ਲੇਖਕ ਦਸਦਾ ਹੈ ਕਿ ਇਸਾਈਆਂ ਦਾ ਜੀਵਨ ਆਦਰਸ਼ ਤੇ ਆਖਰੀ ਮੰਜ਼ਿਲ ਸੁਰਗ ਦੀ ਪ੍ਰਾਪਤੀ ਹੈ। ਇਨ੍ਹਾਂ ਅਨੁਸਾਰ ਪਾਪੀ ਰੂਹਾਂ ਹਮੇਸ਼ਾਂ ਦੋਜ਼ਖ ਵਿਚ ਨਹੀਂ ਰਹਿੰਦਿਆਂ, ਭਾਵੇਂ ਉਹ ਆਪਣਾ ਇਮਾਨ

ਇਸਾਈ ਮਤ ਉਤੇ ਲਿਆਉਣ ਜਾਂ ਨਾ। ਪਾਪੀ ਰੂਹਾਂ ਨੂੰ ਦੋਜ਼ਖ 'ਚੋਂ ਕਢ ਕੇ ਸਵਰਗੀ ਬੈਕੁੰਠ ਵਿਚ ਭੇਜਿਆ ਜਾਂਦਾ ਹੈ ਤਾਂ ਕਿ ਸਵਰਗ ਪ੍ਰਾਪਤੀ ਦਾ ਪ੍ਰਯੋਜਨ ਖ਼ਤਮ ਨਾ ਹੋ ਜਾਵੇ। ਥਿਓਸਾਫ਼ੀ ਵਾਲੇ ਆਵਾਗਵਣ ਨੂੰ ਵਿਕਾਸ ਦੀ ਸ਼ਕਲ ਵਿਚ ਮੰਨਦੇ ਹਨ ਕਿ ਰੂਹ ਤਰੱਕੀ ਕਰਦੀ-ਕਰਦੀ ਉਪਰ ਨੂੰ ਆਉਂਦੀ ਹੈ। ਹੇਠਾਂ ਤੋਂ ਲਗ ਕੇ ਮਨ ਤਰੱਕੀ ਕਰਦਾ-ਕਰਦਾ, ਜੰਮਦਾ-ਮਰਦਾ ਅਨੇਕ ਜੂਨਾਂ ਭੋਗਦਾ ਸਭ ਤੋਂ ਉਪਰਲੀ ਮੰਜ਼ਿਲ, ਰਬ ਦੀ ਗੋਦ ਵਿਚ ਪਹੁੰਚ ਜਾਂਦਾ ਹੈ।

ਤੀਜੇ ਕਾਂਡ ਵਿਚ ਲੇਖਕ ਨੇ ਗੁਰਮਤਿ ਅਨੁਸਾਰ ਮੌਤ ਦੀ ਚਰਚਾ ਕੀਤੀ ਹੈ। ਲੇਖਕ ਦਾ ਕਹਿਣਾ ਹੈ ਕਿ ਇਸ ਬ੍ਰਹਿਮੰਡ ਵਿਚ ਹਰੇਕ (ਜੀਵ) ਨੂੰ ਮੌਤ ਦਾ ਡਰ ਲਗਾ ਹੋਇਆ ਹੈ, ਪਰੰਤੂ ਇਕ ਗੁਰਸਿੱਖ ਨੂੰ ਗੁੜ੍ਹਤੀ ਹੀ ਮੌਤ ਦੀ ਦਿਤੀ ਜਾਂਦੀ ਹੈ, ਜਿਸ ਕਰਕੇ ਉਹ ਮਰਨ ਨੂੰ ਆਨੰਦ ਸਮਝਦਾ ਹੈ। ਗੁਰਬਾਣੀ ਵਿਚੋਂ ਭਗਤ ਕਬੀਰ ਜੀ ਦੇ ਹਵਾਲੇ ਨਾਲ ਲੇਖਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ :

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*[20]

ਚੌਥੇ ਕਾਂਡ ਵਿਚ ਲੇਖਕ ਨੇ ਆਵਾਗਉਣ ਸੰਬੰਧੀ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ। ਲੇਖਕ ਕਹਿੰਦਾ ਹੈ ਕਿ ਗੁਰਮਤਿ ਵਿਚ ਸਭ ਤੋਂ ਪਹਿਲੀ ਗਲ ਨਿਸ਼ਚੇ ਕਰਨ ਵਾਲੀ ਇਹ ਹੈ ਕਿ ਜੀਵ ਮਰਦਾ ਨਹੀਂ, ਅਮਰ ਹੈ। ਗੁਰਮਤਿ ਅਨੁਸਾਰ ਆਵਾਗਵਣ ਹੈ, ਚੌਰਾਸੀ ਲਖ ਜੂਨਾਂ ਹਨ, ਪਰ ਗੁਰਸਿੱਖਾਂ ਲਈ ਮਨੁਖਾ ਜਨਮ ਲੈਣ ਤੋਂ ਪਹਿਲੋਂ ਇਹ ਜੂਨਾਂ ਹੋ ਚੁਕੀਆਂ ਹਨ। ਕਰਤਾ ਅਨੁਸਾਰ ਆਵਾਗਵਣ ਤੋਂ ਛੁਟਕਾਰਾ ਪਾਉਣ ਲਈ ਮਨੁਖ ਨੂੰ ਅਕਾਲ ਪੁਰਖ ਦੇ ਹੁਕਮ ਨੂੰ ਸਮਝਦੇ ਹੋਏ ਆਪਣੀ ਹਉਮੈ ਦਾ ਨਾਸ ਕਰਕੇ ਨਾਮ ਮਨ ਵਿਚ ਵਸਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਆਵਾਗਵਣ ਤੋਂ ਛੁਟਕਾਰਾ ਮਿਲ ਜਾਂਦਾ ਹੈ। ਨਾਮ ਅਭਿਆਸ ਨਾਲ ਜਦੋਂ ਜੀਵ ਆਪਣੀ ਹਉਂਮੈ ਨਾਸ ਕਰ ਲੈਂਦਾ ਹੈ ਤਾਂ ਨਿਰੋਲ ਆਤਮਾ ਹੀ ਰਹਿ ਜਾਂਦਾ ਹੈ। ਫਿਰ ਆਤਮਾ ਹੀ ਪਰਮਾਤਮਾ ਬਣ ਜਾਂਦਾ ਹੈ। ਲੇਖਕ, ਗੁਰਸਿੱਖ ਦੀ ਮੁਕਤ ਅਵਸਥਾ ਨੂੰ 'ਸਚਖੰਡ' ਦਾ ਨਿਵਾਸ ਦਸਿਆ ਹੈ।

ਪੰਜਵੇਂ ਕਾਂਡ ਵਿਚ ਕਰਤਾ ਨੇ ਵਖ-ਵਖ ਧਰਮਾਂ ਅਤੇ ਧਰਮ ਗ੍ਰੰਥਾਂ ਦੇ ਆਵਾਗਵਣ ਸੰਬੰਧੀ ਸਮੁਚੇ ਵਿਚਾਰ ਸਾਰੰਸ਼ ਵਜੋਂ ਪੇਸ਼ ਕੀਤੇ ਹਨ। ਅੰਤ ਵਿਚ ਗੁਰਮਤਿ ਅਨੁਸਾਰ ਨਿਰਣਾ ਕੀਤਾ ਹੈ ਕਿ ਜੀਵ ਮਰਨ ਤੋਂ ਪਿਛੋਂ ਕਿਥੇ ਜਾਂਦਾ ਹੈ? ਜਾਂ ਮਰਨ ਤੋਂ ਬਾਅਦ ਉਸ ਦਾ ਟਿਕਾਣਾ ਕਿਥੇ ਹੁੰਦਾ ਹੈ?

---

[20] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫.

ਸਿਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਡਾ. ਸ਼ੇਰ ਸਿੰਘ ਦੀ ਵਿਚਾਰਾਧੀਨ ਪੁਸਤਕ ਇਕ ਨਿਵੇਕਲੇ ਵਿਸ਼ੇ 'ਮੌਤ' ਨੂੰ ਛੂੰਹਦੀ ਹੈ। ਤੁਲਨਾਤਮਿਕ ਧਰਮਾਂ ਅੰਦਰ ਪਾਏ ਜਾਂਦੇ ਮੌਤ ਦੇ ਸਿਧਾਂਤ ਦੀ ਵਿਆਖਿਆ ਕਰਨ ਦੇ ਨਾਲ-ਨਾਲ ਕਰਤਾ ਨੇ ਗੁਰਮਤਿ ਦੀ ਸ੍ਰੇਸ਼ਟਤਾ ਦ੍ਰਿੜ ਕਰਵਾਈ ਹੈ।

### 2.3.3 ਵਿਚਾਰਧਾਰਾ

ਇਹ ਪੁਸਤਕ ਲਾਹੌਰ ਬੁਕ ਸ਼ਾਪ, ਲੁਧਿਆਣਾ ਵਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਦੀ ਪ੍ਰਕਾਸ਼ਨ ਮਿਤੀ ਪੁਸਤਕ ਵਿਚ ਨਹੀਂ ਦਿਤੀ ਗਈ। ਇਸ ਦੀ ਉਥਾਨਕਾ ਪ੍ਰਿੰਸੀਪਲ ਭਾਈ ਜੋਧ ਸਿੰਘ ਜੀ ਨੇ ਲਿਖੀ ਹੈ। ਪੁਸਤਕ ਚਾਰ ਮੁਖ ਧਾਰਾਵਾਂ ਵਿਚ ਵੰਡੀ ਹੋਈ ਹੈ। ਹਰੇਕ ਧਾਰਾ ਅਗੋਂ ਉਪ-ਭਾਗ ਵਿਚ ਵੰਡੀ ਹੋਈ ਹੈ। ਇਸ ਦੇ ਅਧਾਰ ਸ੍ਰੋਤ ਹਨ - ਡਾ. ਰਾਧਾ ਕ੍ਰਿਸ਼ਨਨ ਦੀ ਪੁਸਤਕ 'ਭਾਰਤੀ ਦਰਸ਼ਨ', ਭਾਈ ਬਿਹਾਰੀ ਲਾਲ ਦੀ ਪੁਸਤਕ 'ਅਨੇਕ ਦਰਸ਼ਨ' ਅਤੇ ਲੇਖਕ ਦੀ ਆਪਣੀ ਪੁਸਤਕ 'ਮਰਨ ਤੋਂ ਪਿਛੋਂ'। ਪੁਸਤਕ ਲਿਖਣ ਦਾ ਮਨੋਰਥ ਆਮ ਲੋਕਾਂ ਨੂੰ ਪੂਰਬੀ ਮਤਾਂ ਤੋਂ ਜਾਣੂੰ ਕਰਵਾਉਣਾ ਹੈ, ਜਿਸ ਕਾਰਨ ਲੇਖਕ ਜ਼ਿਆਦਾਤਰ ਪੂਰਬੀ ਮਤਾਂ ਉਤੇ ਕੇਂਦਰਿਤ ਰਿਹਾ ਹੈ। ਚੌਥੀ ਧਾਰਾ ਵਿਚ ਉਸ ਨੇ ਪਛਮੀ ਮਤਾਂ ਨੂੰ ਵੀ ਛੋਹਿਆ ਹੈ।

ਪਹਿਲੀ ਧਾਰਾ ਵਿਚ ਲੇਖਕ ਨੇ ਵੇਦਾਂ ਦੀ ਜਾਣਕਾਰੀ ਦਿੰਦੇ ਹੋਏ ਵੇਦਾਂ ਦੇ ਤਿੰਨ ਭਾਗ ਮੰਨੇ ਹਨ, ਜਿਨ੍ਹਾਂ ਵਿਚ ਉਪਨਿਸ਼ਦਾਂ ਤੇ ਆਰਣਯਕ ਗ੍ਰੰਥਾਂ ਨੂੰ ਇਕ ਹੀ ਭਾਗ ਮੰਨਿਆ ਹੈ। ਜਦੋਂ ਕਿ ਇਸ ਖੇਤਰ (ਹਿੰਦੂ ਮਤ) ਦੇ ਕੁਝ ਵਿਦਵਾਨ ਵੇਦਾਂ ਨੂੰ ਚਾਰ ਭਾਗਾਂ ਵਿਚ ਵੰਡਦੇ ਹਨ, ਜਿਵੇਂ ਕਿ ਸ਼ਾਂਤੀ ਨਾਥ ਗੁਪਤਾ ਜਾਂ ਆਰ.ਡੀ. ਨਿਰਾਕਾਰੀ।

ਡਾ. ਸ਼ੇਰ ਸਿੰਘ ਉਪਨਿਸ਼ਦਾਂ ਤੇ ਆਰਣਯਕਾਂ ਨੂੰ ਗੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਗੂੜ੍ਹ ਵਿਚਾਰਾਂ ਦਾ ਮੁਢ ਮੰਨਦੇ ਹਨ। ਉਨ੍ਹਾਂ ਅਨੁਸਾਰ ਭਾਰਤੀ ਗਿਆਨ (ਭਾਰਤੀ ਮਤਾਂ, ਧਾਰਮਿਕ ਗ੍ਰੰਥਾਂ, ਪੋਥੀਆਂ ਤੇ ਦਾਰਸ਼ਨਿਕ ਵਿਸ਼ਿਆਂ) ਦੀ ਸਮਝ ਵੇਦ ਵਿਚਾਰ ਤੋਂ ਬਿਨਾਂ ਨਹੀਂ ਹੋ ਸਕਦੀ। ਇਸ ਧਾਰਾ ਵਿਚ ਲੇਖਕ ਨੇ ਵੇਦਾਂ ਅਤੇ ਬ੍ਰਾਹਮਣ ਗ੍ਰੰਥਾਂ ਨੂੰ ਦਰਸ਼ਨ ਦੇ ਮੁਖ ਪਖਾਂ - ਪਰਮਸਤਿ, ਸ੍ਰਿਸ਼ਟੀ ਤੇ ਮੌਤ ਦੇ ਸੰਦਰਭ ਵਿਚ ਵਿਚਾਰਿਆ ਹੈ। ਕਰਤਾ ਨੇ ਮੌਤ ਤੋਂ ਪਿਛੋਂ ਦੇ ਜੀਵਨ ਨਾਲ ਸੰਬੰਧਿਤ ਵੇਦਾਂ ਵਿਚਲੇ ਖਿਆਲਾਂ ਨੂੰ ਵੀ ਸਾਹਮਣੇ ਰਖਿਆ ਹੈ। ਲੇਖਕ ਨੇ ਵੈਦਿਕ

ਰਿਚਾਵਾਂ ਦਾ ਸਾਰ ਦਿੰਦੇ ਹੋਏ ਬਹੁਰਬੀ ਮਤ (ਬਹੁਈਸ਼ਰਵਾਦ), ਇਕ ਰਬੀ ਮਤ (ਏਕਈਸ਼ਵਰਵਾਦ) ਤੇ ਕੇਵਲ ਰਬੀ ਮਤ 'ਬ੍ਰਹਮ' ਦਾ ਵਰਨਣ ਕੀਤਾ ਹੈ। ਇਸ ਧਾਰਾ ਦੇ ਅੰਤ ਵਿਚ ਲੇਖਕ ਨੇ ਯਜੁਰ, ਸਾਮ ਤੇ ਬ੍ਰਾਹਮਣ ਗ੍ਰੰਥਾਂ ਦਾ ਤਤ-ਸਾਰ ਪੂਰਬੀ ਵਿਦਵਾਨਾਂ ਦੇ ਹਵਾਲਿਆਂ ਨਾਲ ਬਿਆਨ ਕੀਤਾ ਹੈ।

ਦੂਜੀ ਧਾਰਾ ਵਿਚ ਲੇਖਕ ਨੇ ਵੇਦ ਵਿਚਾਰ ਤੋਂ ਬਾਅਦ ਖਟ ਸ਼ਾਸਤਰਾਂ ਤੇ ਉਪਨਿਸ਼ਦਾਂ ਉਤੇ ਚਰਚਾ ਕੀਤੀ ਹੈ। 'ਖਟ ਸ਼ਾਸਤ੍ਰ ਵਿਚਾਰ' ਨੂੰ ਇਨ੍ਹਾਂ ਉਪ ਭਾਗਾਂ ਵਿਚ ਵੰਡਿਆ ਹੈ-ਵੇਦਾਂ ਤੋਂ ਖਟ ਸ਼ਾਸਤ੍ਰਾਂ ਤਕ ਉਥਾਨਕਾ, ਸ਼ਾਸਤ੍ਰ ਸਮੇਂ ਦਾ ਆਰੰਭ, ਛੇ ਸ਼ਾਸਤਰਾਂ- ਨਿਆਇ, ਵੈਸ਼ੇਸ਼ਕ, ਸਾਂਖ, ਯੋਗ, ਪੂਰਵ ਤੇ ਉਤਰ ਮੀਮਾਂਸਾ। ਲੇਖਕ ਨੇ ਛੇ ਪ੍ਰਧਾਨ ਸ਼ਾਸਤਰਾਂ ਦੀ ਭਰਪੂਰ ਚਰਚਾ ਕਰਦਿਆਂ ਕਈ ਪਖਾਂ ਨੂੰ ਵਿਸਤਾਰ 'ਚ ਛੋਹਿਆ ਹੈ, ਜਿਵੇਂ ਆਤਮਾ, ਸਰੀਰ, ਗਿਆਨ ਇੰਦਰੀਆਂ, ਦੁਖ-ਸੁਖ, ਮੁਕਤੀ, ਆਦਿ। ਇਸ ਧਾਰਾ ਦੇ ਅੰਤ ਵਿਚ ਲੇਖਕ ਨੇ ਸ਼ੰਕਰਾਚਾਰੀਆ ਦੇ ਜੀਵਨ ਤੇ ਦਰਸ਼ਨ ਉਤੇ ਚਾਨਣਾ ਪਾਇਆ ਹੈ।

ਜ਼ਿਕਰਯੋਗ ਹੈ ਕਿ ਸ਼ੰਕਰਾਚਾਰੀਆ ਤੋਂ ਪਿਛੋਂ ਭਗਤੀ ਲਹਿਰ ਬਹੁਤ ਜੋਰਾਂ ਉਤੇ ਚਲੀ। ਇਸ ਦੇ ਵੀ ਕਈ ਰੂਪ (ਵੈਸ਼ਨੋ, ਸ਼ੈਵ ਤੇ ਸ਼ਾਕਤ ਭਗਤੀ) ਪ੍ਰਚਲਿਤ ਹੋਏ। ਭਾਰਤੀ ਮਤਾਂ-ਮਤਾਂਤਰਾਂ ਦੇ ਅਜਿਹੇ ਫੋਕਟ ਕਰਮ-ਕਾਂਡਾਂ ਦੇ ਬਣਾਏ ਪੇਚੀਦਾ ਜੀਵਨ ਨੂੰ ਸਿਧਾ-ਪਧਰਾ ਕਰਨ ਤੇ ਉਸ ਨੂੰ ਗਾਡੀ-ਰਾਹ ਉਤੇ ਤੋਰਨ ਲਈ ਹੀ ਸਿੱਖ ਗੁਰੂ ਸਾਹਿਬਾਨ ਦਾ ਆਗਮਨ ਹੋਇਆ। ਇਸ ਸੰਬੰਧੀ ਵਿਚਾਰ ਲੇਖਕ ਨੇ ਅਗਲੀ ਧਾਰਾ ਵਿਚ ਪੇਸ਼ ਕੀਤੇ ਹਨ।

ਤੀਜੀ ਧਾਰਾ ਨੂੰ ਲੇਖਕ ਨੇ ਗੁਰੂ ਗ੍ਰੰਥ ਵਿਚਾਰ, ਸਿੱਖ ਧਰਮ ਦਾ ਪਿਛੋਕੜ, ਸਿੱਖ ਧਰਮ ਦਾ ਹਿੰਦੂ ਧਰਮ ਨਾਲ ਸੰਬੰਧ, ਸਿੱਖ ਧਰਮ ਦਾ ਸੰਬੰਧ ਵੈਸ਼ਨੋ ਮਤ ਨਾਲ, ਸ਼ੈਵ ਮਤ ਤੇ ਗੁਰਮਤਿ, ਸਿੱਖ ਧਰਮ ਦਾ ਬੁਧ ਧਰਮ ਤੇ ਜੈਨ ਧਰਮ ਨਾਲ ਸੰਬੰਧ, ਹਿੰਦੁਸਤਾਨ ਤੋਂ ਬਾਹਰ ਉਤਪਨ ਹੋਏ ਧਰਮ, ਗੁਰੂ ਗ੍ਰੰਥ ਵਿਚਾਰ (ਭਾਗ ਦੂਜਾ) ਤੇ ਨਾਮ ਮਾਰਗ ਆਦਿ ਭਾਗਾਂ ਵਿਚ ਵੰਡਿਆ ਹੈ। ਇਸ ਤੋਂ ਬਾਅਦ ਕਰਤਾ 'ਬਾਣੀਆਂ ਦੀ ਤਰਤੀਬ' ਸਿਰਲੇਖ ਅਧੀਨ ਗੁਰੂ ਸਾਹਿਬਾਨ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਬਾਣੀ ਦੀ ਤਰਤੀਬ ਬਾਰੇ ਵਿਸਤਾਰ ਵਿਚ ਦਸਿਆ ਹੈ। 'ਬਾਣੀ ਦਾ ਭਾਵ' ਵਿਚ ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਗੁਰਬਾਣੀ ਦਾ ਮੁਖ ਭਾਵ ਪਰਮ ਸੁਖ ਦੀ ਪ੍ਰਾਪਤੀ ਹੈ,

ਜਿਹੜੀ ਨਾਮ ਦੁਆਰਾ ਉਪਜਦੀ ਹੈ। ਉਨ੍ਹਾਂ ਅਨੁਸਾਰ ਸਰਬ ਸਾਂਝੀਆਂ ਸਚਿਆਈਆਂ ਨੂੰ ਦਰਸਾਉਣ ਲਈ ਗੁਰਬਾਣੀ ਨਾਲੋਂ ਵਧ ਕੇ ਹੋਰ ਕੋਈ ਲਿਖਤ ਦੁਨੀਆਂ ਵਿਚ ਮੌਜੂਦ ਨਹੀਂ। 'ਗੁਰਬਾਣੀ ਮਨੁਖੀ ਕ੍ਰਿਤ ਕਿ ਈਸ਼੍ਵਰ ਕ੍ਰਿਤ' ਵਿਚ ਲੇਖਕ ਦਸਦਾ ਹੈ ਕਿ ਗੁਰਬਾਣੀ ਰਬੀ ਬਾਣੀ ਹੈ, ਧੁਰ ਕੀ ਬਾਣੀ ਹੈ। ਇਹ ਮਨੁਖੀ ਕ੍ਰਿਤ ਨਹੀਂ।

'ਆਦਿ ਗ੍ਰੰਥ ਨੂੰ ਗੁਰਿਆਈ' ਵਿਚ ਲੇਖਕ ਕਹਿੰਦਾ ਹੈ ਕਿ ਆਦਿ ਗ੍ਰੰਥ ਨੂੰ ਸ਼ਬਦ ਗੁਰੂ ਦਾ ਸਿਧਾਂਤ ਗੁਰੂ ਅਰਜਨ ਦੇਵ ਜੀ ਨੇ ਦਿਤਾ[21], ਪਰ ਸੰਸਥਾਗਤ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਗੁਰਿਆਈ ਦੇ ਕੇ ਕੀਤਾ।

'ਸਿੱਖ ਧਰਮ ਦਾ ਪਿਛਵਾੜਾ' ਭਾਗ ਵਿਚ ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਸਿੱਖ ਧਰਮ ਬਹੁਤ ਦੇ ਹਦ ਤਕ ਨਵਾਂ ਤੇ ਵਿਲੱਖਣ ਹੈ। 'ਜੀਵਨ ਕਲਾ' ਵਿਚ ਡਾ. ਸ਼ੇਰ ਸਿੰਘ ਸ੍ਰੀ ਗੁਰੂ ਨਾਨਕ ਦੇਵ ਜੀ ਆਗਮਨ ਬਾਰੇ ਚਰਚਾ ਕਰਦੇ ਹਨ। 'ਧਰਮ, ਸੁਚੱਜਤਾ, ਸਦਾਚਾਰ ਤੇ ਸਭਯਤਾ' ਵਿਚ ਕਰਤਾ ਕਹਿੰਦਾ ਹੈ ਕਿ ਭਾਵੇਂ ਸਿਰਲੇਖ ਵਿਚਲੀਆਂ ਇਹ ਵਖ-ਵਖ ਚੀਜ਼ਾਂ ਹਨ, ਪਰ ਫਿਰ ਵੀ ਇਨ੍ਹਾਂ ਦੀ ਆਪਸ ਵਿਚ ਸਾਂਝ ਜ਼ਰੂਰ ਹੈ।

ਵਿਚਾਰਾਧੀਨ ਪੁਸਤਕ ਦੀ ਤੀਜੀ ਧਾਰਾ ਦੇ ਉਪ ਭਾਗਾਂ ਵਿਚ ਡਾ. ਸ਼ੇਰ ਸਿੰਘ ਨੇ ਵੈਦਿਕ ਤੇ ਅਵੈਦਿਕ ਮਤਾਂ ਨਾਲ ਗੁਰਮਤਿ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਇਹ ਤੁਲਨਾ ਵਧੇਰੇ ਦਾਰਸ਼ਨਿਕ ਪ੍ਰਸੰਗ ਵਿਚ ਹੈ। ਡਾ. ਸਾਹਿਬ ਦੀ ਇਸ ਦਾਰਸ਼ਨਿਕ ਵਿਆਖਿਆ ਦਾ ਸਾਰ ਸਿੱਖ ਧਰਮ ਦੀ ਸੁਤੰਤਰ ਹੋਂਦ ਨੂੰ ਦ੍ਰਿੜ ਕਰਵਾਉਣਾ ਹੈ।

ਚੌਥੀ ਧਾਰਾ ਵਿਚ ਲੇਖਕ ਨੇ ਮੌਤ ਤੋਂ ਪਿਛੋਂ ਦੇ ਜੀਵਨ ਉਤੇ ਵਿਚਾਰ ਪੇਸ਼ ਕੀਤੀ ਹੈ। ਮਰਨ ਤੋਂ ਪਿਛੋਂ ਦੀ ਅਵਸਥਾ ਸੰਬੰਧੀ ਕਰਤਾ ਨੇ ਭਾਰਤੀ ਦਰਸ਼ਨ ਪਰੰਪਰਾ ਅਨੁਸਾਰ ਆਤਮਾ, ਜੀਵਨ ਅਤੇ ਮੌਤ ਦੇ ਸੰਕਲਪ ਦੀ ਵਿਆਖਿਆ ਕੀਤੀ ਹੈ। ਇਸ ਧਾਰਾ ਦੇ ਅੰਤ ਵਿਚ ਲੇਖਕ ਨੇ ਪਛਮੀ ਵਿਦਵਾਨਾਂ ਦੇ ਮਤ ਦੇਣ ਉਪਰੰਤ ਇਸਲਾਮ ਤੇ ਈਸਾਈ ਮਤ ਦੀ ਵਿਆਖਿਆ ਕੀਤੀ ਹੈ।

---

[21] ਡਾ. ਸ਼ੇਰ ਸਿੰਘ ਨੂੰ ਇਥੇ ਭੁਲੇਖਾ ਲਗਾ ਜਾਪਦਾ ਹੈ, ਕਿਉਂਕਿ ਸਿਧਾਂਤਕ ਤੌਰ ਉਤੇ ਗੁਰੂ ਨਾਨਕ ਦੇਵ ਜੀ ਨੇ *ਸਬਦੁ ਗੁਰੂ ਸੁਰਤਿ ਧੁਨਿ ਚੇਲਾ* ਕਹਿ ਕੇ ਸਬਦ ਦੀ ਗੁਰੂ ਵਜੋਂ ਸਥਾਪਤੀ ਕਰ ਦਿਤੀ ਸੀ।

ਪੁਸਤਕ ਦੇ ਅੰਤਲੇ ਭਾਗ ਵਿਚ ਲੇਖਕ ਨੇ ਸਿੱਖ ਧਰਮ ਅਨੁਸਾਰ ਮੌਤ ਦੇ ਸੰਕਲਪ ਉਤੇ ਵਿਚਾਰ ਕੀਤੀ ਹੈ। ਜ਼ਿਕਰਯੋਗ ਹੈ ਕਿ ਡਾ. ਸ਼ੇਰ ਸਿੰਘ ਨੇ ਆਪਣੀ ਇਕ ਵਖਰੀ ਪੁਸਤਕ 'ਮਰਨ ਤੋਂ ਪਿਛੋਂ" ਵਿਚ ਵੀ ਪੂਰੇ ਵਿਸਤਾਰ ਨਾਲ ਇਸ ਲੇਖ ਦੀ ਵਿਚਾਰ ਪੇਸ਼ ਕੀਤੀ ਹੈ।

ਸਮੁਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਪੁਸਤਕ ਤੁਲਨਾਤਮਿਕ ਧਰਮਾਂ ਬਾਰੇ ਜਾਣਕਾਰੀ ਮੁਹਈਆ ਕਰਵਾਉਣ ਦੇ ਨਾਲ-ਨਾਲ ਗੁਰਮਤਿ ਦੀ ਵਿਲਖਣਤਾ ਤੇ ਵਿਸ਼ੇਸ਼ਤਾ ਵੀ ਦ੍ਰਿੜ ਕਰਵਾਉਂਦੀ ਹੈ।

### 2.3.4 ਸਿੱਖ ਧਰਮ ਅਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ

ਪੰਜ ਅਧਿਆਇਆਂ ਦੀ ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ 1949 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਦੇ ਅੰਤ ਵਿਚ ਸ਼੍ਰੋਮਣੀ ਕਮੇਟੀ ਦੁਆਰਾ ਪਛੜੀਆਂ ਸ਼੍ਰੇਣੀਆਂ ਲਈ ਕੀਤੇ ਕੰਮਾਂ ਦੀ ਇਕ ਰਿਪੋਰਟ ਸੰਬੰਧੀ ਅੰਤਿਕਾ ਦਿਤੀ ਗਈ ਹੈ।

ਆਰੰਭ ਵਿਚ ਲੇਖਕ ਨੇ ਯੂਨਾਨ, ਈਰਾਨ ਤੇ ਹਿੰਦੁਸਤਾਨ ਵਿਚ ਅਛੂਤਪੁਣੇ ਦੇ ਮੁਢ ਬਾਰੇ ਦਸਣ ਦੇ ਨਾਲ-ਨਾਲ ਗੁਲਾਮਾਂ ਦੀ ਤਰਸਯੋਗ ਹਾਲਤ ਦਰਸਾਈ ਹੈ। ਯੂਨਾਨ ਦੀ ਅਫਲਾਤੂਨੀ ਰਿਪਬਲਿਕ ਵਿਚ ਮਨੁਖੀ ਸਮਾਜ ਨੂੰ ਕਿਤਿਆਂ ਅਨੁਸਾਰ ਵੰਡਣ ਉਤੇ ਖਾਸ ਜ਼ੋਰ ਦਿਤਾ ਜਾਂਦਾ ਰਿਹਾ ਹੈ। ਅਫਲਾਤੂਨ, ਸਮਾਜ ਵਿਚ ਚਾਰ ਪ੍ਰਕਾਰ ਦੀ ਸ਼੍ਰੇਣੀ ਵੰਡ ਉਤੇ ਜ਼ੋਰ ਦਿੰਦਾ ਹੈ ਜਿਵੇਂ, ਪਹਿਲੀ ਸ਼੍ਰੇਣੀ ਖੇਤੀਬਾੜੀ ਵਣਜ ਵਪਾਰ ਵਾਲਿਆਂ ਦੀ, ਦੂਜੀ ਦੇਸ਼ ਦੀ ਰਖਿਆ ਕਰਨ ਵਾਲਿਆਂ ਦੀ, ਤੀਜੀ ਵਿਦਵਾਨਾਂ ਦੀ ਅਤੇ ਚੌਥੀ ਸ਼੍ਰੇਣੀ ਵਿਚ ਮਹਾਨ ਤਿਆਗੀ, ਨਿਸ਼ਕਾਮ, ਦੇਸ਼ ਦੇ ਪਾਤਸ਼ਾਹ ਤੇ ਗ੍ਰਹਿਸਤੀ (ਸੰਸਾਰੀ ਉਲਝਣਾਂ ਤੋਂ ਮੁਕਤ ਤੇ ਬਰੀ)। ਅਫਲਾਤੂਨ ਅਨੁਸਾਰ ਇਹ ਵੰਡ ਕਿਤਾ ਵੰਡ ਹੀ ਹੋਵੇ, ਕਿਸੇ ਜ਼ਦ ਜਾਂ ਜਨਮ ਦੇ ਅਧਾਰ ਉਤੇ ਨਹੀਂ। ਉਹ ਅਜਿਹੀ ਵੰਡ ਨੂੰ ਸਮਾਜਿਕ ਉਨਤੀ ਦਾ ਕਾਰਨ ਮੰਨਦਾ ਹੈ।

ਡਾ. ਸ਼ੇਰ ਸਿੰਘ ਅਨੁਸਾਰ ਇਨ੍ਹਾਂ ਚਾਰ ਸ਼੍ਰੇਣੀਆਂ ਤੋਂ ਬਿਨਾਂ ਯੂਨਾਨ ਵਿਚ ਉਹ ਲੋਕ ਵੀ ਸਨ, ਜਿਨ੍ਹਾਂ ਨੂੰ ਗੁਲਾਮ (ਇਹ ਯੂਨਾਨੀ ਲੋਕ ਨਹੀਂ ਸਨ, ਸਗੋਂ ਪ੍ਰਦੇਸਾਂ ਤੋਂ ਫੜ ਕੇ ਖਰੀਦੇ ਲੋਕ ਹੁੰਦੇ ਹਨ) ਕਿਹਾ ਜਾਂਦਾ ਸੀ। ਇਨ੍ਹਾਂ ਲੋਕਾਂ ਨਾਲ ਉਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ, ਜਿਵੇਂ ਸਾਡੇ ਭਾਰਤੀ ਸਮਾਜ ਵਿਚ ਛੋਟੀਆਂ ਜਾਤੀਆਂ ਨਾਲ ਕੀਤਾ ਜਾਂਦਾ ਹੈ। ਇਸ ਨੂੰ ਹੀ ਅਛੂਤਪੁਣੇ ਦਾ

ਮੁਢ ਕਿਹਾ ਜਾ ਸਕਦਾ ਹੈ। ਅਫਲਾਤੂਨ ਦੇ ਸ਼ਬਦਾਂ ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਸਿਰਫ਼ ਯੂਨਾਨੀ ਨਸਲ ਹੀ ਉਚੇ ਦਰਜੇ ਦੀ ਨਸਲ ਸੀ, ਗੁਲਾਮਾਂ ਨੂੰ ਉਹ ਛੋਟੇ ਦਰਜੇ ਦਾ ਸਮਝਦਾ ਸੀ। ਲੇਖਕ ਯੂਨਾਨ ਵਰਗੀ ਹਾਲਤ ਹੀ ਈਰਾਨ ਵਿਚ ਦਸਦਾ ਹੈ। ਲੇਖਕ ਅਨੁਸਾਰ ਇਹ ਸਥਿਤੀ ਭਾਰਤ ਤੋਂ ਬਾਹਰ ਦੇ ਦੇਸ਼ਾਂ ਦੀ ਹੈ, ਪਰ ਭਾਰਤ ਨੇ ਵੀ ਇਸ ਜਾਤੀ ਵੰਡ ਤੇ ਗੁਲਾਮੀ ਨੂੰ ਧਾਰਨ ਕੀਤਾ ਹੈ। ਹਿੰਦੁਸਤਾਨ ਵਿਚ ਇਸ ਜਾਤੀ ਵੰਡ ਤੇ ਗੁਲਾਮੀ ਨੇ ਕਿਵੇਂ ਤੇ ਕਿਸ ਤਰ੍ਹਾਂ ਦਾ ਰੂਪ ਧਾਰਿਆ?, ਇਸ ਬਾਰੇ ਡਾ. ਸ਼ੇਰ ਸਿੰਘ ਆਪਣੀ ਵਿਚਾਰ ਰਿਗਵੇਦ ਤੋਂ ਸ਼ੁਰੂ ਕਰਦੇ ਹਨ। ਉਨ੍ਹਾਂ ਅਨੁਸਾਰ ਭਾਰਤ ਦੀ ਜਾਤੀ ਵੰਡ ਦਾ ਸਭ ਤੋਂ ਪਹਿਲਾਂ ਲਿਖਤੀ ਜ਼ਿਕਰ ਪੁਰਸ਼ ਸੂਕਤ (ਰਿਗਵੇਦ) ਵਿਚ ਮਿਲਦਾ ਹੈ। ਇਥੇ ਪਹਿਲੀ ਜਾਤੀ ਵੰਡ ਪ੍ਰਾਚੀਨ ਆਰੀਆ ਤੇ ਭਾਰਤ ਦੇ ਅਸਲ ਵਸਨੀਕਾਂ ਵਿਚਕਾਰ ਹੋਈ। ਆਰੀਅਨਾਂ ਨੇ ਅਸਲ ਵਸਨੀਕਾਂ ਨੂੰ ਹਰਾ ਕੇ ਗੁਲਾਮ ਬਣਾ ਲਿਆ ਤੇ ਇਨ੍ਹਾਂ ਨੂੰ ਦਸਿਊਸ ਜਾਂ ਪੰਚਮਾਂ ਦਾ ਨਾਉਂ ਦਿਤਾ ਗਿਆ।

ਲੇਖਕ ਦਸਦਾ ਹੈ ਕਿ ਆਰੀਆ ਲੋਕਾਂ ਨੇ ਸਮਾਜ ਨੂੰ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ 'ਚ ਵੰਡ ਲਿਆ ਸੀ, ਜਿਸ ਨਾਲ ਅਛੂਤਾਂ ਨੂੰ ਅਲਗ ਕਰ ਦਿਤਾ ਗਿਆ। ਇਸ ਲਈ ਅਛੂਤਾਂ ਨੂੰ ਹਿੰਦੁਸਤਾਨ ਵਿਚ ਨੀਚ, ਨੀਵੇਂ ਤੇ ਬਹੁਤ ਘਟੀਆ ਦਰਜੇ ਦੇ ਮਨੁਖ ਸਮਝਿਆ ਜਾਂਦਾ ਰਿਹਾ ਹੈ। ਕਰਤਾ ਅਨੁਸਾਰ ਈਰਾਨ, ਯੂਨਾਨ ਤੇ ਹਿੰਦੁਸਤਾਨ ਦੇ ਅਛੂਤਾਂ ਦੀਆਂ ਕਈ ਪਖਾਂ ਤੋਂ ਸਮਾਨਤਾਵਾਂ ਹਨ, ਪਰ ਜਿੰਨੀ ਤਿਖੀ ਤੇ ਘ੍ਰਿਣਾ ਭਰੀ ਵੰਡ ਅਛੂਤਾਂ ਤੇ ਉਚ ਜਾਤੀਆਂ ਦੀ ਹਿੰਦੁਸਤਾਨ ਵਿਚ ਹੈ, ਅਜਿਹੀ ਮਿਸਾਲ ਹੋਰ ਕਿਤੇ ਨਹੀਂ ਲਭਦੀ। ਡਾ. ਸ਼ੇਰ ਸਿੰਘ ਰਾਧਾ ਕ੍ਰਿਸ਼ਨਨ ਦੀ ਉਦਾਹਰਨ ਨਾਲ ਸਮਝਾਉਂਦੇ ਹਨ ਕਿ ਸ਼ੁਰੂ ਵਿਚ ਇਹ ਚਾਰ ਵਰਨਾਂ ਦੀ ਵੰਡ ਕਿਤਾ ਵੰਡ ਸੀ। ਇਸ ਸਮਾਜ ਵੰਡ ਦਾ ਜਨਮ ਨਾਲ ਕੋਈ ਸੰਬੰਧ ਨਹੀਂ ਸੀ। ਇਸ ਸੰਬੰਧੀ ਲੇਖਕ ਛਾਂਦੋਗਯ ਉਪਨਿਸ਼ਦ ਵਿਚੋਂ ਉਦਾਹਰਨ ਦਿੰਦਾ ਹੈ :

> *ਸਤਿਕਾਮ ਨੇ ਆਪਣੀ ਮਾਤਾ ਜਬਾਲਾ ਨੂੰ ਕਿਹਾ : 'ਮਾਤਾ ਜੀ ਮੈਂ ਬ੍ਰਹਮਚਾਰੀ ਬਣਨਾ ਚਾਹਨਾਂ ਹਾਂ, ਆਪਣਾ ਘਰਾਣਾ ਕਿਹੜਾ ਹੈ? ਜਬਾਲਾ ਨੇ ਪੁਤ੍ਰ ਨੂੰ ਉਤ੍ਰ ਦਿਤਾ, ਮੇਰੀ ਬੱਚੜੀ। ਮੈਨੂੰ ਏਸ ਗੱਲ ਦਾ ਤਾਂ ਪਤਾ ਨਹੀਂ ਕਿ ਤੂੰ ਕਿਸ ਘਰਾਣੇ ਵਿਚੋਂ ਕਿਸ ਆਦਮੀ ਦਾ*

*ਪੁੱਤ੍ਰ ਹੈਂ, ਆਪਣੀ ਜੁਆਨੀ ਵਿਚ ਜਦ ਮੈਂ ਲੋਕਾਂ ਦੇ ਘਰੀਂ ਕੰਮ ਕਰਦੀ ਹੁੰਦੀ ਸਾਂ ਤਾਂ ਤੂੰ ਮੇਰੇ ਪੇਟ ਵਿਚ ਨਿੱਮਿਆ ਸੈਂ। ਏਸ ਲਈ ਮੈਂ ਨਹੀਂ ਕਹਿ ਸਕਦੀ ਕਿ ਤੇਰਾ ਪਿਤਾ ਕਿਹੜਾ ਹੈ? ਤੇਰਾ ਨਾਉਂ ਸਤਿਕਾਮ ਹੈ ਤੇ ਤੂੰ ਆਪਣੇ ਆਪ ਨੂੰ ਸਤਿਕਾਮ ਜਬਾਲਾ ਅਖਵਾ ਸਕਦਾ ਏਂ। ਗੌਤਮ ਨੇ ਪੁਛਿਆ-"ਮਿਤ੍ਰ! ਤੇਰਾ ਪਿਤਾ ਕੌਣ ਹੈ ਤੇ ਤੂੰ ਕਿਸ ਘਰਾਣੇ ਵਿਚੋਂ ਹੈ? ਸਤਿਕਾਮ ਨੇ ਉਤ੍ਰ ਦਿਤਾ, 'ਸ੍ਰੀ ਮਾਨ ਜੀ! ਮੈਨੂੰ ਏਸ ਗੱਲ ਦਾ ਪਤਾ ਨਹੀਂ ਕਿ ਮੈਂ ਕਿਸ ਘਰਾਣੇ ਵਿਚੋਂ ਹਾਂ ਤੇ ਮੇਰਾ ਪਿਤਾ ਕਉਣ ਹੈ? ਮੈਂ ਆਪਣੀ ਮਾਤਾ ਜੀ ਨੂੰ ਪੁਛਿਆ ਸੀ ਤੇ ਉਸਨੇ ਉੱਤਰ ਦਿੱਤਾ ਸੀ: ਮੇਰੀ ਬੱਚੜੀ! ਮੈਨੂੰ ਏਸ ਗੱਲ ਦਾ ਤਾਂ ਪਤਾ ਨਹੀਂ ਕਿ ਤੂੰ ਕਿਸ ਘਰਾਣੇ ਵਿਚੋਂ ਕਿਸ ਆਦਮੀ ਦਾ ਪੁੱਤ੍ਰ ਹੈ? ਆਪਣੀ ਜੁਆਨੀ ਵਿਚ ਜਦੋਂ ਮੈਂ ਲੋਕਾਂ ਦੇ ਘਰੀਂ ਕੰਮ ਕਰਦੀ ਹੁੰਦੀ ਸਾਂ ਤਾਂ ਤੂੰ ਮੇਰੇ ਪੇਟ ਵਿਚ ਨਿੱਮਿਆਂ ਸੈਂ। ਏਸ ਲਈ ਮੈਂ ਨਹੀਂ ਕਹਿ ਸਕਦੀ ਤੇਰਾ ਪਿਤਾ ਕਿਹਾ ਹੈ? ਤੇਰਾ ਨਾਉਂ ਸਤਿਕਾਮ ਹੈ ਤੇ ਤੂੰ ਆਪਣੇ ਆਪ ਨੂੰ ਸਤਿਕਾਮ ਜਬਾਲਾ ਅਖਵਾ ਸਕਦਾ ਹੈਂ। ਏਸ ਲਈ ਸ੍ਰੀ ਜੀ ਮੈਂ ਸਤਿਕਾਮ ਜਬਾਲਾ ਹਾਂ।*[22]

ਇਸ ਸਾਰੀ ਵਾਰਤਾ ਦਾ ਅਰਥ ਇਹ ਹੈ ਕਿ ਸ਼ੁਰੂ ਵਿਚ ਜਾਤੀ ਵੰਡ ਜਨਮ ਕਰਕੇ ਨਹੀਂ ਸੀ, ਸਗੋਂ ਕਰਮ ਤੇ ਆਚਰਨ ਅਧਾਰਿਤ ਸੀ। ਉਚੇ ਕਰਮਾਂ ਤੇ ਉਚੇ ਆਚਰਨ ਵਾਲਾ ਭਾਵੇਂ ਜਨਮ ਤੋਂ ਕੁਝ ਵੀ ਹੋਵੇ, ਉਹ ਬ੍ਰਾਹਮਣ ਹੁੰਦਾ ਸੀ। ਜੇਕਰ ਬ੍ਰਾਹਮਣ ਦਾ ਪੁਤਰ ਨੀਚ ਕਰਮ ਕਰਦਾ ਸੀ, ਉਹ ਸ਼ੂਦਰ ਹੁੰਦਾ ਸੀ। ਇਹ ਜਾਤੀ ਵੰਡ ਦਾ ਪਹਿਲਾ ਰੂਪ ਸੀ। ਜਾਤੀ ਵੰਡ ਦਾ ਦੂਜਾ ਰੂਪ ਜੋ ਬਾਅਦ ਵਿਚ ਉਭਰ ਕੇ ਸਾਹਮਣੇ ਆਇਆ, ਉਹ ਨਸਲੀ ਭਿੰਨ-ਭੇਦ ਉਤੇ ਅਧਾਰਿਤ ਸੀ। ਇਸ ਦਾ ਸੰਬੰਧ

---

[22] *ਸਿੱਖ ਧਰਮ ਅਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ*, ਪੰਨੇ 9-10.

ਜਨਮ ਨਾਲ ਸੀ। ਇਸ ਪ੍ਰਕਾਰ ਜਾਤੀ ਵੰਡ ਨੇ ਆਪਣਾ ਅਸਲੀ ਰੂਪ ਛਡ ਕੇ ਦੂਜਾ ਰੂਪ (ਨਸਲੀ ਰੂਪ) ਧਾਰਿਆ, ਜਿਸ ਕਾਰਨ ਹਿੰਦੁਸਤਾਨ ਵਿਚ ਅਛੂਤਾਂ ਦੀ ਹਾਲਤ ਤਰਸਯੋਗ ਬਣੀ।

ਪੁਸਤਕ ਦੇ ਦੂਸਰੇ ਭਾਗ ਵਿਚ ਭਾਰਤੀ ਧਰਮਾਂ ਦੁਆਰਾ ਅਛੂਤਾਂ ਨਾਲ ਕੀਤੇ ਜਾਂਦੇ ਸਲੂਕ ਬਾਰੇ ਵਰਨਣ ਹੈ। ਇਸ ਵਿਚ ਵੇਦਾਂ, ਉਪਨਿਸ਼ਦਾਂ, ਗੀਤਾ, ਰਾਮਾਇਣ, ਮਹਾਂਭਾਰਤ, ਬੋਧੀ ਤੇ ਜੈਨੀਆਂ ਅਨੁਸਾਰ ਵਰਨਣ ਕੀਤਾ ਹੈ। ਜੈਨ ਮਤ ਅਨੁਸਾਰ ਮਨੁਖ ਦੀ ਜਾਤ ਜਨਮ ਕਰਕੇ ਨਹੀਂ ਬਲਕਿ ਕਰਮ ਕਰਕੇ ਹੈ। ਇਸ ਮਤ ਦਾ ਖਿਆਲ ਹੈ ਕਿ ਆਪਣੇ ਕਰਮਾਂ ਕਰਕੇ ਬ੍ਰਾਹਮਣ, ਬ੍ਰਾਹਮਣ ਬਣਦਾ ਹੈ। ਖਤਰੀ, ਖਤਰੀ ਤੇ ਵੈਸ਼, ਵੈਸ਼ ਅਤੇ ਸ਼ੂਦਰ ਵੀ ਆਪਣੇ ਕਰਮਾਂ ਕਰਕੇ ਹੀ ਸ਼ੂਦਰ ਬਣਦਾ ਹੈ। ਡਾ. ਸ਼ੇਰ ਸਿੰਘ ਅਨੁਸਾਰ ਇਸ ਮਤ ਵਿਚ ਜਾਤੀ ਵੰਡ ਦਾ ਇਹ ਸਿਧਾਂਤਕ ਰੂਪ ਹੈ, ਪਰ ਵਿਹਾਰਕ ਰੂਪ ਵਿਚ ਇਹ ਜਾਤੀ ਵੰਡ ਉਸੇ ਤਰ੍ਹਾਂ ਕਾਇਮ ਸੀ, ਜਿਵੇਂ ਬ੍ਰਾਹਮਣੀ ਮਤ ਵਿਚ। ਮਹਾਤਮਾ ਬੁਧ ਵੀ ਜਾਤੀ ਵੰਡ ਨੂੰ ਕਰਮ ਉਤੇ ਨਿਰਭਰ ਸਮਝਦੇ ਸਨ। ਮਹਾਤਮਾ ਬੁਧ ਜੀ ਨੇ ਆਤਮਕ ਉਨਤੀ ਭਾਵ ਮੁਕਤੀ ਦੇ ਦਰਵਾਜੇ ਸਾਰਿਆਂ ਲਈ ਖੋਲ੍ਹ ਦਿਤੇ, ਭਾਵੇਂ ਉਹ ਵਿਅਕਤੀ ਕਿਸੇ ਵੀ ਜਾਤ ਦਾ ਹੋਵੇ। ਨੀਵੀਆਂ ਤੇ ਅਛੂਤ ਜਾਤੀਆਂ ਦੀ ਮੁਕਤੀ ਪ੍ਰਾਪਤੀ ਲਈ ਬੁਧ ਜੀ ਨੇ ਨਿਰਸੰਦੇਹ ਬਹੁਤ ਜਤਨ ਕੀਤੇ, ਪਰ ਵਿਹਾਰਕ ਰੂਪ ਵਿਚ ਅਛੂਤਾਂ ਨਾਲ ਬ੍ਰਾਹਮਣੀ ਮਤ ਵਾਲਾ ਹੀ ਵਿਹਾਰ ਪ੍ਰਚਲਤ ਸੀ।

ਡਾ. ਸ਼ੇਰ ਸਿੰਘ ਅਨੁਸਾਰ ਰਾਮਾਇਣ ਤੇ ਮਹਾਂਭਾਰਤ ਵਿਚ ਵੀ ਊਚ-ਨੀਚ ਦਾ ਸਵਾਲ ਪਹਿਲਾਂ ਦੀ ਤਰ੍ਹਾਂ ਜਾਰੀ ਰਿਹਾ। ਅਛੂਤਾਂ ਤੇ ਚੰਡਾਲਾਂ ਦੀ ਦੁਰਗਤੀ ਉਸੇ ਤਰ੍ਹਾਂ ਕਾਇਮ ਰਹੀ। ਮਨੂੰ ਸਿਮ੍ਰਿਤੀ ਬਾਰੇ ਕਰਤਾ ਦਸਦਾ ਹੈ ਕਿ ਮਨੂੰ ਨੇ ਵੀ ਜਾਤੀ ਵੰਡ ਨੂੰ ਜਨਮ ਨਾਲ ਸੰਬੰਧਿਤ ਕਰ ਦਿਤਾ। ਇਸ ਦੇ ਨਾਲ ਹੀ ਉਸ ਨੇ ਇਹ ਵੀ ਕਹਿ ਦਿਤਾ ਕਿ ਜਾਤੀ ਵੰਡ ਮਨੁਖੀ ਕ੍ਰਿਤ ਨਾ ਹੋ ਕੇ ਈਸ਼ਵਰੀ ਕ੍ਰਿਤ ਹੈ।

ਪੁਸਤਕ ਦੇ ਤੀਸਰੇ ਭਾਗ ਵਿਚ ਅਛੂਤਪੁਣੇ ਦੇ ਸਿਧਾਂਤ ਬਾਰੇ ਦਸਿਆ ਗਿਆ ਹੈ। ਲੇਖਕ ਅਨੁਸਾਰ ਅਛੂਤਪੁਣੇ ਦੇ ਦੋ ਅਧਾਰ ਹਨ- ਪਹਿਲਾ ਰਬ ਨੇ ਮਨੁਖਾਂ ਵਿਚ ਉਚੀਆਂ-ਨੀਵੀਆਂ ਜਾਤਾਂ ਵਾਲੇ ਆਦਮੀ ਬਣਾਏ ਹਨ। ਦੂਜਾ, ਜਿਹੜੇ ਕਰਮ ਮਨੁਖ ਕਰਦੇ ਹਨ, ਉਨ੍ਹਾਂ ਵਿਚ ਕਈ ਕਰਮ ਉਚੇ-ਨੀਵੇਂ ਦਰਜੇ ਦੇ ਹਨ। ਮਨੁਖਾਂ ਦੀ ਊਚ-ਨੀਚ ਜਾਂ ਕਰਮਾਂ ਦੀ ਊਚ-ਨੀਚ ਪਹਿਲੇ

ਸਿਧਾਂਤ ਅਨੁਸਾਰ ਈਸ਼ਵਰੀ ਕ੍ਰਿਤ ਹੈ ਤੇ ਦੂਜੇ ਅਨੁਸਾਰ ਈਸ਼ਵਰ ਦੇ ਦਿਤੇ ਹੋਏ ਗਿਆਨ ਦੁਆਰਾ ਸਮਝ ਕੇ ਮਨੁਖਾਂ ਨੇ ਨਿਸ਼ਚੇ ਕੀਤੀ ਹੈ। ਅਛੂਤਪੁਣੇ ਦੇ ਪਹਿਲੇ ਸਿਧਾਂਤ ਦਾ ਭਾਵ ਹੈ ਕਿ ਰਬ ਨੇ ਹੀ ਅਛੂਤਾਂ ਨੂੰ ਅਛੂਤ ਬਣਾਇਆ ਹੈ।

ਪੁਸਤਕ ਦੇ ਚੌਥੇ ਭਾਗ ਵਿਚ ਲੇਖਕ ਨੇ ਗੁਰਮਤਿ ਦੀ ਰੌਸ਼ਨੀ ਵਿਚ ਵਖ-ਵਖ ਧਰਮਾਂ ਅਧੀਨ ਅਛੂਤਪੁਣੇ ਦੇ ਪੈਦਾ ਹੋਏ ਸਿਧਾਂਤਾਂ ਨੂੰ ਖੰਡਿਤ ਕੀਤਾ ਹੈ। ਲੇਖਕ ਦਸਦਾ ਹੈ ਕਿ ਹਿੰਦੂ ਵਿਦਵਾਨਾਂ ਵਿਚ ਜਾਤੀ ਵੰਡ ਸੰਬੰਧੀ ਦੋ ਤਰ੍ਹਾਂ ਦੇ ਮਤ ਹਨ- ਇਕ ਤਾਂ ਉਹ ਹਨ ਜਿਹੜੇ ਕਟੜ ਖਿਆਲਾਂ ਵਾਲੇ ਹਨ, ਜੋ ਮਨੂੰ-ਸਿਮ੍ਰਿਤੀ ਅਨੁਸਾਰ ਜਾਤੀ ਵੰਡ ਨੂੰ ਦੈਵੀ ਕਿਰਤ ਸਮਝਦੇ ਹਨ ਤੇ ਮਨੁਖਾਂ ਦੇ ਜਨਮ ਅਨੁਸਾਰ ਹੀ ਉਨ੍ਹਾਂ ਦੀ ਜਾਤ ਮੰਨਦੇ ਹਨ, ਜਿਵੇਂ ਬ੍ਰਾਹਮਣ ਦੇ ਘਰ ਜਨਮਿਆ ਮਨੁਖ ਹਮੇਸ਼ਾਂ ਬ੍ਰਾਹਮਣ ਹੀ ਰਹੇਗਾ, ਭਾਵੇਂ ਉਹ ਕੋਈ ਨੀਵੇਂ ਦਰਜੇ ਦਾ ਕਿੱਤਾ ਵੀ ਕਿਉਂ ਨਾ ਕਰੇ। ਦੂਜੇ ਪਾਸੇ, ਜੇ ਕੋਈ ਅਛੂਤ ਉਚੇ ਦਰਜੇ ਦਾ ਕਿੱਤਾ ਕਰੇ, ਉਹ ਤਾਂ ਵੀ ਅਛੂਤ ਜਾਂ ਨੀਵੀਂ ਜਾਤ ਦਾ ਹੀ ਰਹੇਗਾ। ਦੂਜੀ ਸ਼੍ਰੇਣੀ ਦੇ ਵਿਦਵਾਨਾਂ ਅਨੁਸਾਰ ਜਾਤੀ ਵੰਡ ਦੀ ਸ਼ੁਰੂਆਤ ਕਿੱਤੇ ਵੰਡ ਦੇ ਨਾਲ ਹੋਈ, ਜਿਵੇਂ ਕਿ ਧਾਰਮਿਕ ਆਗੂ ਤੇ ਵਿਦਵਾਨਾਂ ਨੂੰ ਬ੍ਰਾਹਮਣ ਕਿਹਾ ਗਿਆ, ਰਖਿਆ ਦੇ ਕੰਮ ਕਰਨ ਵਾਲੇ ਖਤਰੀ, ਵਾਪਾਰ ਕਰਨ ਵਾਲੇ ਵੈਸ਼ ਤੇ ਲੋਕਾਂ ਦੀ ਸੇਵਾ ਕਰਨ ਵਾਲੇ ਨੂੰ ਸ਼ੂਦਰ ਜਾਂ ਅਛੂਤ ਕਿਹਾ ਗਿਆ ਹੈ। ਇਸ ਤਰ੍ਹਾਂ ਨਾਲ ਜਾਤੀ ਵੰਡ ਤੇ ਅਛੂਤਪੁਣੇ ਨੂੰ ਦੋਨੋਂ ਵਰਗਾਂ ਵਿਚ ਕਾਇਮ ਰਖਿਆ ਹੈ। ਲੇਖਕ ਨੇ ਗੁਰਮਤਿ ਅਨੁਸਾਰ ਦਸਾਂ ਨਹੁੰਆਂ ਦੀ ਕਿਰਤ ਕਰਨ ਨੂੰ ਕਰਮਾਂ ਦਾ ਨਾਂ ਦਿਤਾ ਹੈ।

ਅਖੀਰਲੇ ਭਾਗ ਵਿਚ ਲੇਖਕ ਨੇ ਇਤਿਹਾਸਕ ਹਵਾਲਿਆਂ ਨਾਲ ਜਾਤ-ਪਾਤ ਸੰਬੰਧੀ ਵਿਚਾਰ ਅੰਕਿਤ ਕੀਤੇ ਹਨ। ਇਤਿਹਾਸਕ ਘਟਨਾਵਾਂ ਦਾ ਵੇਰਵਾ ਦਿੰਦੇ ਹੋਏ ਕਰਤਾ ਨੇ ਸਭ ਤੋਂ ਪਹਿਲਾਂ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ’ਚੋਂ ਇਕ ਸਾਖੀ ਪੇਸ਼ ਕੀਤੀ ਹੈ। ਇਹ ਗੁਰੂ ਅਰਜਨ ਦੇਵ ਤੇ ਉਨ੍ਹਾਂ ਦੇ ਸਿੱਖ ਬਹੋੜੇ ਨਾਲ ਸੰਬੰਧਿਤ ਹੈ, ਜਿਸ ਵਿਚ ਗੁਰੂ ਸਾਹਿਬ ਨੇ ਬਹੋੜੇ ਨੂੰ ਹਕ-ਹਲਾਲ ਦੀ ਕਿਰਤ ਕਰਕੇ, ਉਸ ਵਿਚੋਂ ਦਾਨ ਦੇਣ ਦਾ ਉਪਦੇਸ਼ ਦਿਤਾ ਸੀ। ਸਾਖੀ ਤੋਂ ਬਾਅਦ ਲੇਖਕ ਨੇ ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੀ ਗਈ ਸੰਗਤ-ਪੰਗਤ ਦੀ ਸੰਸਥਾ ਬਾਰੇ ਜ਼ਿਕਰ ਕੀਤਾ ਹੈ।

ਪੁਸਤਕ ਦੇ ਅੰਤਲੇ ਹਿਸੇ ਵਿਚ ਲੇਖਕ ਆਮ ਜਨਤਾ ਦੁਆਰਾ ਗੁਰੂ ਸਾਹਿਬਾਨ ਦੇ ਅਸੂਲਾਂ ਨੂੰ ਗ੍ਰਹਿਣ ਨਾ ਕਰਨ ਉਤੇ ਅਫਸੋਸ ਪ੍ਰਗਟ ਕਰਦਾ ਹੋਇਆ ਭਵਿਖਤ ਸਮਾਜ ਵਿਚ ਹਰੇਕ ਤਰ੍ਹਾਂ ਦੀ ਵੰਡ ਖਤਮ ਹੋਣ ਦੀ ਕਾਮਨਾ ਕਰਦਾ ਹੈ।

ਸਮੁਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਡਾ. ਸ਼ੇਰ ਸਿੰਘ ਦੀ ਇਹ ਪੁਸਤਕ ਅਛੂਤ ਸਮਸਿਆ ਦਾ ਦ੍ਰਿਸ਼ ਪੇਸ਼ ਕਰਨ ਦੇ ਨਾਲ-ਨਾਲ ਗੁਰਮਤਿ ਦੁਆਰਾ ਰਦ ਕੀਤੇ ਗਏ ਅਛੂਤ ਸਿਧਾਂਤ ਨੂੰ ਦ੍ਰਿੜ ਕਰਵਾਉਂਦੀ ਹੈ।

### 2.3.5 ਗੁਰਮਤਿ ਦਰਸ਼ਨ

ਡਾ. ਸ਼ੇਰ ਸਿੰਘ ਦੀ ਇਹ ਪੁਸਤਕ ਮੂਲ ਰੂਪ ਵਿਚ ਉਨ੍ਹਾਂ ਦੀ ਆਪਣੀ ਹੀ ਕਿਤਾਬ *Philosophy of Sikhism* ਦਾ ਪੰਜਾਬੀ ਅਨੁਵਾਦ ਹੈ। ਵਰਨਣਯੋਗ ਹੈ ਕਿ 1947 ਵਿਚ ਡਾ. ਸ਼ੇਰ ਸਿੰਘ ਨੇ ਇਸ ਕਿਤਾਬ ਦਾ ਪੰਜਾਬੀ ਅਨੁਵਾਦ *ਗੁਰਮਤਿ ਦਰਸ਼ਨ* ਨਾਂ ਹੇਠ ਹਥ ਲਿਖਤ ਖਰੜਾ ਤਿਆਰ ਕਰ ਲਿਆ ਸੀ। ਇਸ ਪ੍ਰਥਾਇ ਲੇਖਕ ਕਹਿੰਦਾ ਹੈ :

> *ਮੇਰੀ ਅੰਗਰੇਜ਼ੀ ਵਾਲੀ ਪੁਸਤਕ ਦਾ ਇਹ ਗੁਰਮਤਿ ਦਰਸ਼ਨ ਨਾਮੀ ਪੁਸਤਕ ਨਿਰਾ ਉਲਥਾ ਨਹੀਂ ਹੈ, ਇਕ ਤਰ੍ਹਾਂ ਦਾ ਇਹ ਖੁੱਲ੍ਹਾ ਅਨੁਵਾਦ ਹੈ।* [23]

ਪੁਸਤਕ ਦਾ ਇਹ ਪੰਜਾਬੀ ਰੂਪ *ਗੁਰਮਤਿ ਦਰਸ਼ਨ* ਸ. ਊਧਮ ਸਿੰਘ ਨਾਗੋਕੇ ਤੇ ਸ. ਬਸੰਤ ਸਿੰਘ ਮੋਗਾ ਦੇ ਜਤਨਾਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ 1951 ਵਿਚ ਪ੍ਰਕਾਸ਼ਿਤ ਹੋਇਆ। ਹੁਣ ਤਕ (2015) ਇਸ ਦੇ ਨੌਂ ਸੰਸਕਰਣ ਆ ਚੁਕੇ ਹਨ। ਨੌਵੇਂ ਸੰਸਕਰਣ ਉਤੇ ਪ੍ਰਕਾਸ਼ਕ ਨੇ ਸੰਸਕਰਣ ਬਾਰੇ ਕੋਈ ਵੇਰਵਾ ਨਹੀਂ ਦਿਤਾ। ਦਰਸ਼ਨ ਦੇ ਖੇਤਰ ਵਿਚ ਇਹ ਪੁਸਤਕ ਐਨੀ ਸਾਲਾਹੀ ਗਈ ਕਿ ਅਜ ਲਗਪਗ 64 ਸਾਲ ਬੀਤਣ ਬਾਅਦ ਵੀ ਇਹ ਵਿਦਿਆਰਥੀਆਂ, ਖੋਜੀਆਂ, ਅਤੇ ਜਗਿਆਸੂਆਂ ਦੁਆਰਾ ਲਗਾਤਾਰ ਵਰਤੀ ਜਾ ਰਹੀ ਹੈ, ਜਿਸ ਤੋਂ ਇਸ ਦੀ ਮਹਤਾ ਦਾ ਇਕ ਪਹਿਲੂ ਸਾਹਮਣੇ ਆਉਂਦਾ ਹੈ।

ਡਾ. ਸ਼ੇਰ ਸਿੰਘ ਦੀਆਂ ਭਾਵੇਂ ਅਨੇਕ ਰਚਨਾਵਾਂ ਹਨ, ਪਰ ਸਹੀ ਹਾਲਤ ਵਿਚ ਵਿਚਾਰਾਧੀਨ ਪੁਸਤਕ ਹੀ ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ। ਇਸੇ ਇਕ ਕਾਰਜ ਨੇ ਸਿੱਖ ਫਲਸਫੇ ਦੇ

---

[23] *ਗੁਰਮਤਿ ਦਰਸ਼ਨ*, ਪੰਨਾ ੭.

ਅਧਿਐਨ ਦੀ ਦੁਨੀਆਂ ਵਿਚ ਉਨ੍ਹਾਂ ਦਾ ਨਾਮ ਚਿਰ ਸਥਾਈ ਸਥਿਰ ਕਰ ਦਿਤਾ ਹੈ। ਅੰਗਰੇਜ਼ੀ, ਪੰਜਾਬੀ ਤੇ ਹਿੰਦੀ, ਤਿੰਨਾਂ ਭਾਸ਼ਾਵਾਂ ਵਿਚ ਪ੍ਰਾਪਤ ਇਹ ਪੁਸਤਕ ਡਾ. ਸ਼ੇਰ ਸਿੰਘ ਦੀ ਸੰਪੂਰਨ ਜ਼ਿੰਦਗੀ ਤੇ ਸਿੱਖੀ ਪ੍ਰਤੀ ਬਣੀ ਸੋਚ ਦਾ ਸਿਟਾ ਹੈ। ਪੰਜਾਬੀ ਰੂਪ ਪੁਸਤਕ ਡਾ. ਸ਼ੇਰ ਸਿੰਘ ਦੇ ਆਪਣੇ ਸ਼ਬਦਾਂ ਵਿਚ ਅੰਗਰੇਜ਼ੀ ਅਨੁਵਾਦ ਨਾਲੋਂ ਵਧੇਰੇ ਭਾਵ-ਪੂਰਤ ਹੈ, ਕਿਉਂਕਿ ਉਨ੍ਹਾਂ ਨੇ ਇਹ ਆਪਣੀ ਮਾਂ ਬੋਲੀ-ਪੰਜਾਬੀ ਵਿਚ ਲਿਖੀ ਹੈ। ਇਸ ਪੰਜਾਬੀ ਸੰਸਕਰਨ (1998) ਵਾਲੀ ਪੁਸਤਕ ਨੂੰ ਅਸੀਂ ਅਧਾਰ ਬਣਾ ਕੇ ਅਗੇ ਚਰਚਾ ਕਰਨ ਜਾ ਰਹੇ ਹਾਂ।

ਪੁਸਤਕ ਦੇ ਕੁਲ 16 ਅਧਿਆਇ ਹਨ, ਜਿਨ੍ਹਾਂ ਨੂੰ 4 ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਲੇਖਕ ਨੇ ਦਰਸ਼ਨ ਤੇ ਧਰਮ ਨੂੰ ਪਰਿਭਾਸ਼ਿਤ ਕਰਦਿਆਂ ਦਰਸ਼ਨ ਤੇ ਧਰਮ ਦਾ ਸੰਬੰਧ ਦਰਸਾਇਆ ਹੈ। ਲੇਖਕ ਅਨੁਸਾਰ ਮਨੁਖਾ ਜੀਵਨ ਕਿਸ ਤਰ੍ਹਾਂ ਬਿਤਾਇਆ ਜਾਵੇ, ਇਸ ਦਾ ਉਤਰ ਧਰਮ 'ਚੋਂ ਲਭਦਾ ਹੈ। ਇਸ ਜੀਵਨ ਨੂੰ ਉਸ ਤਰ੍ਹਾਂ ਕਿਉਂ ਬਿਤਾਇਆ ਜਾਵੇ, ਇਸ ਦੀ ਵਿਚਾਰ ਦਰਸ਼ਨ ਹੈ। ਸਿੱਖ ਦਾਰਸ਼ਨਿਕਤਾ ਦੇ ਮੁਢ ਬਾਰੇ ਲੇਖਕ ਦਾ ਵਿਚਾਰ ਹੈ ਕਿ ਗੁਰਮਤਿ ਦੇ ਅਸੂਲਾਂ ਤੇ ਸਿੱਖੀ ਦੇ ਨਿਯਮਾਂ ਨੂੰ ਬਿਬੇਕ ਬੁਧੀ ਆਸਰੇ ਪੜਚੋਲ ਕਰਕੇ ਸੋਚਣ-ਸਮਝਣ ਦੀ ਪਰਪਾਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਪੈ ਗਈ ਸੀ। ਇਸ ਗਿਆਨ ਗੋਸ਼ਟਿ ਦਾ ਰਿਵਾਜ ਦੂਜੇ ਗੁਰੂ ਸਾਹਿਬਾਨ ਵੇਲੇ ਵੀ ਬਾਕਾਇਦਾ ਜਾਰੀ ਰਿਹਾ, ਜਿਸ ਨੂੰ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ।

ਇਸ ਅਧਿਆਇ ਵਿਚ ਕਰਤਾ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਵੀ ਉਲੇਖ ਕੀਤਾ ਹੈ। ਅਧਿਆਇ ਦੇ ਅੰਤ ਵਿਚ ਕਰਤਾ ਨੇ ਸਿੱਖ ਧਰਮ ਸੰਬੰਧੀ ਫਾਰਸੀ ਵਿਚ ਹੋਏ ਕੰਮ, ਸਿੱਖ ਰਾਜ ਵੇਲੇ ਸਾਹਿਤਕ ਖੇਤਰ ਦੀ ਦਸ਼ਾ ਅਤੇ ਕੁਝ ਯੂਰਪੀਨ ਵਿਦਵਾਨਾਂ ਦੁਆਰਾ ਕੀਤੇ ਕੰਮਾਂ ਦੀ ਪੜਚੋਲ ਕੀਤੀ ਹੈ।

ਦੂਜੇ ਅਧਿਆਇ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਹਾਲਾਤ ਬਾਰੇ ਹਵਾਲਿਆਂ ਸਹਿਤ ਬਿਆਨ ਕੀਤਾ ਹੈ। ਉਪਰੰਤ ਗੁਰੂ ਸਾਹਿਬਾਨ ਸੰਬੰਧੀ ਪ੍ਰਗਟ ਕੀਤੇ ਜਾਂਦੇ ਸ਼ੰਕਿਆਂ, ਜਿਵੇਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼, ਵਿਦਿਆ ਪ੍ਰਾਪਤੀ, ਅਵਤਾਰ ਕਿ ਮਨੁਖ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ

ਜੀ ਦੁਆਰਾ ਸਮੇਂ ਦੀ ਲੋੜ ਅਨੁਸਾਰ ਅਖਤਿਆਰ ਕੀਤੀ ਗਈ ਤਲਵਾਰ ਤੇ ਆਤਮਿਕ ਉਨਤੀ ਅਤੇ ਦਸ ਗੁਰੂ ਇਕ ਜੋਤਿ...ਨਾਨਕ ਆਦਿ ਪਖਾਂ ਉਤੇ ਕਰਤਾ ਨੇ ਆਪਣੇ ਵਿਚਾਰ, ਹਵਾਲਿਆਂ ਸਹਿਤ ਪੇਸ਼ ਕੀਤੇ ਹਨ।

ਤੀਜੇ ਅਧਿਆਇ ਵਿਚ ਪੁਸਤਕ ਦੀ ਅਧਾਰ ਸਮਗਰੀ ਬਾਰੇ ਉਲੇਖ ਹੈ। ਕਰਤਾ ਦੀ ਇਸ ਖੋਜ ਦਾ ਸਭ ਤੋਂ ਵਡਾ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਕਿਤੇ-ਕਿਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਵੀ ਸਹਾਇਤਾ ਲਈ ਗਈ ਹੈ। ਅਧਿਆਇ ਦੇ ਅੰਤ ਵਿਚ ਲੇਖਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਬਾਰੇ ਚਰਚਾ ਕਰਦਾ ਹੈ।

ਚੌਥੇ ਅਧਿਆਇ ਤੋਂ ਪੁਸਤਕ ਦਾ ਦੂਜਾ ਭਾਗ ਸ਼ੁਰੂ ਹੁੰਦਾ ਹੈ, ਜਿਸ ਵਿਚ ਲੇਖਕ ਨੇ ਸਿੱਖ ਧਰਮ ਦਾ ਹੋਰਨਾਂ ਧਰਮਾਂ ਨਾਲ ਸੰਬੰਧ ਦ੍ਰਿੜ ਕਰਵਾਇਆ ਹੈ। ਆਰੰਭ ਵਿਚ ਕਰਤਾ ਸਿੱਖ ਧਰਮ ਦੇ ਪਿਛੋਕੜ ਬਾਰੇ ਦਸ ਕੇ ਅਵਤਾਰਾਂ ਦੀ ਆਮਦ, ਜੀਵਨ ਕਲਾ, ਹਿੰਦੂ ਸ਼ਬਦ ਦੇ ਅਰਥ, ਧਰਮ, ਸੁਚਜਤਾ, ਸਦਾਚਾਰ ਤੇ ਸਭਿਅਤਾ, ਹਿੰਦੂ ਸੁਚਜਤਾ ਦੀ ਸਿਧਾਂਤਿਕ ਵਿਆਖਿਆ, ਇਸਲਾਮੀ ਐਨਕ ਅਤੇ ਪਕੇ ਸਿੱਖੀ ਖਿਆਲ ਆਦਿ ਪਖਾਂ ਬਾਰੇ ਚਰਚਾ ਕਰਦਾ ਹੈ।

ਪੰਜਵੇਂ ਅਧਿਆਇ ਵਿਚ ਲੇਖਕ ਨੇ ਸਿੱਖ ਧਰਮ ਦਾ ਵੈਦਿਕ ਮਤਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਹੈ। ਇਸ ਵਿਚ ਬ੍ਰਹਮ ਗਿਆਨ, ਵੇਦਾਂ ਦਾ ਪਾਠ ਤੇ ਬ੍ਰਾਹਮਣੀ ਰੀਤਾਂ-ਰਸਮਾਂ, ਜਾਤ-ਪਾਤ ਦੀ ਵੰਡ ਤੇ ਆਸ਼ਰਮ ਧਰਮ ਆਦਿ ਵਿਸ਼ਿਆਂ ਦੇ ਹਵਾਲੇ ਵਿਚ ਗੁਰਮਤਿ ਦੀ ਦ੍ਰਿਸ਼ਟੀ ਤੋਂ ਚਰਚਾ ਕੀਤੀ ਹੈ। ਕਰਤਾ ਨੇ ਗੀਤਾ, ਖਟ ਸ਼ਾਸਤ੍ਰ, ਅਦ੍ਵੈਤ ਵੇਦਾਂਤ, ਵੈਸ਼ਨੋ ਮਤਿ, ਕਬੀਰ ਜੀ, ਸ਼ੈਵ ਪੰਥ ਤੇ ਗੋਰਖ ਮਤਿ ਆਦਿ ਨਾਲ ਗੁਰਮਤਿ ਦੀ ਵਿਦਵਤਾ ਭਰਪੂਰ ਤੁਲਨਾ ਕੀਤੀ ਹੈ।

ਛੇਵੇਂ ਅਧਿਆਇ ਵਿਚ ਅਵੈਦਿਕ ਮਤਾਂ (ਬੁਧ ਤੇ ਜੈਨ) ਨਾਲ ਸਿੱਖ ਧਰਮ ਦਾ ਸੰਬੰਧ ਪੇਸ਼ ਕੀਤਾ ਗਿਆ ਹੈ।

ਸਤਵੇਂ ਅਧਿਆਇ ਵਿਚ ਸਾਮੀ ਮਤਾਂ, ਜਿਹਾ ਕਿ ਜਰਤੁਸਤ, ਯਹੂਦੀ, ਇਸਾਈ ਤੇ ਇਸਲਾਮ ਧਰਮ ਨਾਲ ਗੁਰਮਤਿ ਦੀ ਸਾਂਝ ਦ੍ਰਿੜ ਕਰਵਾਈ ਗਈ ਹੈ। ਇਕ ਗਲ ਸਪਸ਼ਟ ਹੁੰਦੀ ਹੈ ਕਿ

ਜਿਵੇਂ ਵੇਦ ਤੇ ਕਤੇਬ ਆਦਿ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪੂਰਵਜ ਗ੍ਰੰਥ ਸਨ, ਤਿਵੇਂ ਹੀ ਜਰਤੁਸਤ, ਬੁਧ, ਈਸਾ ਤੇ ਮੁਹੰਮਦ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਪੂਰਵਜ ਪੈਗੰਬਰ ਸਨ।

ਅਠਵੇਂ ਅਧਿਆਇ ਤੋਂ ਤੀਜਾ ਭਾਗ ਸ਼ੁਰੂ ਹੁੰਦਾ ਹੈ, ਜਿਸ ਵਿਚ ਲੇਖਕ ਨੇ ਗੁਰਮਤਿ ਸਿਧਾਂਤਾਂ ਨੂੰ ਪੇਸ਼ ਕੀਤਾ ਹੈ। ਇਸ ਵਿਚ ਕਰਤਾ ਨੇ ਅਕਾਲ ਪੁਰਖ, ਉਸ ਦਾ ਸਰੂਪ, ਨਾਮ, ਵਾਹਿਗੁਰੂ ਦੀ ਸ੍ਰੇਸ਼ਟਤਾ ਦੇ ਗੁਣ ਅਤੇ ਉਸ ਦੀ ਹੋਂਦ ਬਾਰੇ ਦ੍ਰਿੜ ਨਿਸ਼ਚਾ ਅਤੇ ਆਸਤਿਕਤਾ ਦੀ ਵਿਆਖਿਆ ਕੀਤੀ ਹੈ।

ਨੌਵੇਂ ਅਧਿਆਇ ਵਿਚ ਪਰਮਾਤਮਾ ਦੇ ਕਿਰਤਮ ਨਾਵਾਂ ਦੀ ਵੰਡ, ਏਕਤਾ ਤੇ ਅਨੇਕਤਾ ਦਰਜ ਹੈ। ਸਾਧਾਰਨ ਬੋਲੀ ਵਿਚ ਰਬ ਲਈ ਜਿੰਨੇ ਵੀ ਨਾਮ ਮਨੁਖ ਵਰਤਦਾ ਹੈ, ਉਹ ਸਭ ਕਿਰਤਮ ਨਾਮ ਹਨ, ਭਾਵ ਅਜਿਹੇ ਨਾਮ ਹਨ ਜਿਹੜੇ ਪਰਮਾਤਮਾ ਦੇ ਕਿਸੇ ਨਾ ਕਿਸੇ ਗੁਣ ਦੇ ਲਖਾਇਕ ਹਨ।

ਦਸਵੇਂ ਅਧਿਆਇ ਵਿਚ ਅਕਾਲ ਪੁਰਖ ਦਾ ਕਰਤਾ ਰੂਪੀ ਗੁਣ, ਕਾਦਰ ਰੂਪੀ ਉਸ ਦੀ ਕੁਦਰਤ, ਪਰਮਾਤਮਾ ਦੀ ਮਨੁਖ ਦੇ ਅੰਦਰ-ਬਾਹਰ ਹੋਣ ਦੀ ਅਵਸਥਾ ਦਰਸਾਈ ਗਈ ਹੈ।

ਗਿਆਰ੍ਹਵੇਂ ਅਧਿਆਇ ਵਿਚ ਮਨੁਖੀ ਅਕਲ ਦੁਆਰਾ ਰਬ ਨੂੰ ਜਾਣਨ ਦੀ ਸੰਭਾਵਨਾ, ਉਸ ਦੀ ਹਕੀਕੀ ਹੋਂਦ, ਉਸ ਦਾ ਪੁਰਖਤਵ, ਸਰਗੁਣ ਤੇ ਨਿਰਗੁਣ ਰੂਪ, ਦੇਸ਼, ਕਾਲ ਤੇ ਪ੍ਰਕਿਰਤੀ ਦੇ ਸੰਦਰਭ ਵਿਚ ਪੁਰਖ-ਹਸਤੀ, ਰਬ ਦੀ ਸਰਬ ਵਿਆਪਕਤਾ, ਸਰਬ ਸ਼ਕਤੀਮਾਨਤਾ ਅਤੇ ਅੰਤਰਯਾਮਤਾ ਦੇ ਸਿਧਾਂਤਾਂ ਦੀ ਗੁਰਮਤਿ ਦੇ ਨੁਕਤੇ ਤੋਂ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਨੁਕਤਿਆਂ ਉਤੇ ਬਾਕੀ ਧਰਮਾਂ/ਮਤਾਂ ਦੇ ਦ੍ਰਿਸ਼ਟੀਕੋਣਾਂ ਨੂੰ ਵੀ ਕਰਤਾ ਨੇ ਸਾਹਮਣੇ ਰਖਿਆ ਹੈ।

ਬਾਰ੍ਹਵੇਂ ਅਧਿਆਇ ਦਾ ਸੰਬੰਧ ਪਰਮਾਤਮਾ ਦੇ ਸਦਾਚਾਰੀ ਸੌਂਦਰਯ ਤੇ ਰਾਜਸੀ ਭਾਵਨਾਵਾਂ ਦੀ ਵਿਆਖਿਆ ਨਾਲ ਹੈ। ਲੇਖਕ ਨੇ ਮਨੁਖ ਮਾਤਰ ਨੂੰ ਇਹ ਗਲ ਦ੍ਰਿੜ ਕਰਵਾਈ ਹੈ ਕਿ ਸਰਬ ਸ਼ਕਤੀਮਾਨ ਪਰਮਾਤਮਾ ਮਨੁਖਾਂ ਵਾਲੀਆਂ ਊਣਤਾਈਆਂ ਤੋਂ ਪੂਰੀ ਤਰ੍ਹਾਂ ਮੁਕਤ ਹੈ। ਉਹ ਖਾਲਸ ਦੈਵੀ ਗੁਣਾਂ ਦਾ ਧਾਰਨੀ ਹੈ।

ਤੇਰ੍ਹਵੇਂ ਅਧਿਆਇ ਵਿਚ ਸ੍ਰਿਸ਼ਟੀ ਦੀ ਉਤਪਤੀ, ਪਾਸਾਰ ਤੇ ਵਿਸ਼ਾਲਤਾ ਬਾਰੇ ਹਰੇਕ ਧਰਮ ਦਾ ਮਤ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਨੂੰ ਕਦੇ ਵੀ ਪੂਰੀ ਤਰ੍ਹਾਂ ਜਾਣਿਆ ਨਹੀਂ ਜਾ ਸਕਦਾ।

ਚੌਦ੍ਹਵੇਂ ਅਧਿਆਇ ਵਿਚ ਮਨੁਖ ਦੇ ਆਦਿ-ਅੰਤ ਬਾਰੇ ਚਰਚਾ ਹੈ।

ਪੰਦਰ੍ਹਵੇਂ ਅਧਿਆਇ ਤੋਂ ਪੁਸਤਕ ਦਾ ਚੌਥਾ ਭਾਗ ਸਾਧਨਾ ਮਾਰਗ ਨਾਲ ਸੰਬੰਧਿਤ ਹੈ। ਇਸ ਵਿਚ ਗੁਰਮਤਿ ਮਾਰਗ ਦੀ ਸ੍ਰੇਸ਼ਟਤਾ ਦ੍ਰਿੜ ਕਰਵਾਈ ਹੈ। ਲੇਖਕ ਨੇ ਪਰੰਪਰਾਗਤ ਮੁਕਤੀ ਦੇ ਸਿਧਾਂਤ, ਇਸ ਦੀ ਪ੍ਰਾਪਤੀ ਦੇ ਮਾਰਗਾਂ ਦਾ ਦਾਰਸ਼ਨਿਕ ਢੰਗ ਨਾਲ ਲੇਖਾ-ਜੋਖਾ ਕੀਤਾ ਹੈ। ਲੇਖਕ ਕਹਿੰਦਾ ਹੈ ਕਿ ਗੁਰੂ ਸਾਹਿਬਾਨ ਨੇ ਕਰਮ, ਭਗਤੀ ਤੇ ਗਿਆਨ, ਤਿੰਨਾਂ ਵਿਚੋਂ ਕਿਸੇ ਵੀ ਮਾਰਗ ਦੀ ਖੁਲ ਕੇ ਨਿਖੇਧੀ ਨਹੀਂ ਕੀਤੀ। ਗੁਰਮਤਿ ਇਨ੍ਹਾਂ ਤਿੰਨਾਂ ਮਾਰਗਾਂ ਦੇ ਕੁਝ-ਕੁਝ ਅੰਸ਼ਾਂ ਨੂੰ ਗ੍ਰਹਿਣ ਕਰਦੀ ਹੈ। ਲੇਖਕ ਨੇ ਹਉਮੈ, ਗੁਰਮਤਿ ਤੇ ਦੁਰਮਤਿ ਆਦਿ ਵਿਸ਼ਿਆਂ ਉਤੇ ਵੀ ਚਰਚਾ ਕੀਤੀ ਹੈ।

ਅੰਤਿਮ ਸੋਲ੍ਹਵੇਂ ਅਧਿਆਇ ਵਿਚ ਲੇਖਕ ਨੇ ਸਿੱਖੀ ਮਾਰਗ, ਜਿਸ ਨੂੰ ਨਾਮ-ਮਾਰਗ ਵੀ ਕਿਹਾ ਗਿਆ ਹੈ, ਦੀ ਅਮਲੀ ਤੇ ਦਾਰਸ਼ਨਿਕ ਵਿਆਖਿਆ ਕੀਤੀ ਹੈ, ਜਿਹੜੀ ਸਿੱਖੀ ਜੀਵਨ ਦੀ ਉਨਤੀ ਦੇ ਆਤਮਿਕ ਪੜਾਵਾਂ ਦੀ ਵਿਚਾਰ ਨਾਲ ਸੰਪੂਰਨ ਹੁੰਦੀ ਹੈ।

ਉਕਤ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਹ ਪੁਸਤਕ ਗੁਰਮਤਿ ਦੇ ਦਾਰਸ਼ਨਿਕ ਅੰਗਾਂ ਬਾਰੇ ਹੈ। ਪੁਸਤਕ ਜਿਥੇ ਹੋਰ ਧਰਮਾਂ/ਮਤਾਂ ਦੀ ਦਾਰਸ਼ਨਿਕ ਵਿਆਖਿਆ ਪੇਸ਼ ਕਰਦੀ ਹੈ, ਉਥੇ ਗੁਰਮਤਿ ਦੀ ਵਿਲੱਖਣਤਾ ਤੇ ਮਹਾਨਤਾ ਵੀ ਦ੍ਰਿੜ ਕਰਵਾਉਂਦੀ ਹੈ। ਖੂਬਸੂਰਤੀ ਦੀ ਗਲ ਇਹ ਹੈ ਕਿ ਇਸ ਪੁਸਤਕ ਰਾਹੀਂ ਡਾ. ਸ਼ੇਰ ਸਿੰਘ ਦੀ ਵਿਦਵਤਾ ਨਿਖਰ ਕੇ ਸਾਹਮਣੇ ਆਉਂਦੀ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਉਹ ਗੁਰਮਤਿ ਤੋਂ ਇਲਾਵਾ ਤੁਲਨਾਤਮਿਕ ਧਰਮਾਂ ਦੇ ਵੀ ਗੰਭੀਰ ਗਿਆਤਾ ਸਨ।

### 2.3.6 ਵਿਚਾਰਮਾਲਾ

ਡਾ. ਸ਼ੇਰ ਸਿੰਘ ਦੀ ਇਹ ਪੁਸਤਕ ਲਾਹੌਰ ਬੁਕ ਸ਼ਾਪ, ਲੁਧਿਆਣਾ ਵਲੋਂ 1951 ਵਿਚ ਪ੍ਰਕਾਸ਼ਿਤ ਹੋਈ। ਇਹ ਪੁਸਤਕ ਅਸਲ ਵਿਚ ਲੇਖਕ ਦੁਆਰਾ ਵਖ-ਵਖ ਸਮਿਆਂ ਉਤੇ ਲਿਖੇ ਲੇਖਾਂ ਦਾ ਸੰਗ੍ਰਹਿ ਹੈ, ਜਿਨ੍ਹਾਂ ਦੀ ਕੁਲ ਗਿਣਤੀ 22 ਹੈ। ਲੇਖ ਵਧੇਰੇ ਕਰਕੇ ਧਾਰਮਿਕ ਵਿਸ਼ਿਆਂ ਬਾਰੇ ਹਨ।

ਪਹਿਲੇ ਲੇਖ 'ਮੈਂ ਕੀ ਹਾਂ?' ਵਿਚ ਲੇਖਕ ਨੇ ਮਨੁਖ ਜਾਤੀ ਦੀ ਵੰਡ ਦੋ ਤਰ੍ਹਾਂ ਦੀ ਦਸੀ ਹੈ- ਬਾਹਰਮੁਖੀ ਤੇ ਅੰਤਰਮੁਖੀ। ਕਰਤਾ ਨੇ 'ਮੈਂ ਕੀ ਹਾਂ?' ਵਿਸ਼ੇ ਉਤੇ ਚਾਰਵਾਕੀਏ, ਬੁਧ, ਉਪਨਿਸ਼ਦ

ਆਦਿ ਮਤਾਂ ਦੀ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਹੈ। ਚਾਰਵਾਕੀਆ ਮਤ ਅਨੁਸਾਰ ਆਤਮਕ 'ਮੈਂ' ਪੰਜਾਂ ਤਤਾਂ (ਮਿਟੀ, ਪਾਣੀ, ਅਗ, ਹਵਾ ਤੇ ਆਕਾਸ਼) ਦੇ ਮੁਜਸਮੇ ਤੋਂ ਬਣਦੀ ਹੈ ਤੇ ਇਨ੍ਹਾਂ ਦੇ ਨਾਲ ਨਸ਼ਟ ਹੋ ਜਾਂਦੀ ਹੈ।[24] ਬੁਧ ਮਤ ਵਿਚ 'ਆਪਾ' ਜਾਂ 'ਮੈਂ' ਨਾਂ ਦੀ ਕੋਈ ਚੀਜ਼ ਨਹੀਂ।[25] ਉਪਨਿਸ਼ਦਾਂ ਅਨੁਸਾਰ 'ਆਪਾ' ਜਾਂ 'ਮੈਂ' ਵਿਚ ਸੰਸਾਰ ਦੀਆਂ ਸਾਰੀਆਂ ਵਸਤੂਆਂ ਨਾਲੋਂ ਸਤਤਾ ਵਧੇਰੇ ਹੈ। ਬੇਸ਼ਕ ਇਹ ਬ੍ਰਹਮ ਨਹੀਂ ਹੈ, ਪਰ ਬ੍ਰਹਮ ਦੇ ਨੇੜੇ ਜ਼ਰੂਰ ਹੈ।[26]

ਦੂਜੇ ਲੇਖ 'ਮੈਂ ਕਿਵੇਂ ਮਨੁਖ ਬਣਾ?' ਵਿਚ ਲੇਖਕ ਨੇ ਗੁਰਮਤਿ ਅਨੁਸਾਰ ਮਨੁਖੀ ਵਿਅਕਤਿਤਵ ਦੀ ਉਸਾਰ-ਵਿਧੀ ਵਿਅਕਤ ਕੀਤੀ ਹੈ। ਇਸ ਵਿਚ ਸਰੀਰਕ ਇਛਾਵਾਂ ਨੂੰ ਤਿਆਗਣ ਉਤੇ ਜ਼ੋਰ ਦਿਤਾ ਹੈ। ਮਨੁਖੀ ਵਿਅਕਤਿਤਵ ਦੇ ਰਾਹ ਵਿਚ ਰੁਕਾਵਟ ਪਾਉਣ ਵਾਲੇ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਬੜੀ ਗੰਭੀਰਤਾ ਨਾਲ ਚਰਚਾ ਹੈ।

ਅਗਲੇ ਲੇਖ *ਛੂਤ-ਛਾਤ* ਵਿਚ ਛੂਤ-ਛਾਤ ਸੰਬੰਧੀ ਗੁਰਮਤਿ ਦ੍ਰਿਸ਼ਟੀਕੋਣ ਸਪਸ਼ਟ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਲੇਖ ਦੀ ਵਿਸਤ੍ਰਿਤ ਚਰਚਾ ਲੇਖਕ ਨੇ ਆਪਣੀ ਪੁਸਤਕ *ਸਿੱਖ ਧਰਮ* ਅਤੇ *ਪਛੜੀਆਂ (ਦਲਿਤ) ਸ਼੍ਰੇਣੀਆਂ* ਵਿਚ ਵੀ ਕੀਤੀ ਹੈ।[27]

*ਮੇਲੁ ਬਾਬਾ* ਲੇਖ ਵਿਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀਵਾਲਤਾ ਦਾ ਸਿਧਾਂਤ ਉਜਾਗਰ ਕੀਤਾ ਹੈ। ਲੇਖਕ ਅਨੁਸਾਰ ਇਹ ਲੇਖ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਉਤੇ ਲਿਖਿਆ ਸੀ। ਇਸ ਲੇਖ ਵਿਚ ਡਾ. ਸ਼ੇਰ ਸਿੰਘ ਨੇ ਗੁਰੂ ਨਾਨਕ ਸਾਹਿਬ ਜੀ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਦੀ ਹਾਲਤ ਦਸੀ ਹੈ। ਇਸ ਦੇ ਨਾਲ ਹੀ ਯਹੂਦੀ, ਈਸਾਈ ਤੇ ਇਸਲਾਮ ਵਿਚ ਧਾਰਮਿਕ ਤੰਗ-ਦਿਲੀ ਕਾਰਨ ਪੈਦਾ ਹੋਏ ਮਤਭੇਦਾਂ ਬਾਰੇ ਵੀ ਚਰਚਾ ਕੀਤੀ ਹੈ।

ਅਗਲੇ ਲੇਖ *ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥* ਵਿਚ ਲੇਖਕ ਨੇ ਫਤਿਹ ਦੀ ਨਿਰਾਲੀ ਤਰਜ਼ ਦਾ ਭਾਵ ਦਰਸਾਇਆ ਹੈ। ਭਾਈ ਮਨੀ ਸਿੰਘ ਦੀ ਰਚਨਾ *ਗਿਆਨ ਰਤਨਾਵਲੀ* ਦੇ ਹਵਾਲੇ ਨਾਲ ਲੇਖਕ ਦਸਦਾ ਹੈ :

[24] *ਗੁਰਮਤਿ ਦਰਸ਼ਨ*, ਪੰਨਾ ੮.
[25] *ਉਹੀ*, ਪੰਨਾ ੧੨.
[26] *ਉਹੀ*, ਪੰਨਾ ੧੩.
[27] ਵੇਖੋ: ਪੰਨੇ 58-63.

*ਸਾਹਿਬ ਦਸਵੇਂ ਪਾਤਸ਼ਾਹ ਬਚਨ ਕੀਤਾ ਜੋ ਕੋਈ ਸਿੱਖਾਂ ਨੂੰ ਅਗੋਂ ਵਾਹਿਗੁਰੂ ਜੀ ਕੀ ਫਤਹ (ਫਤੇ) ਬੁਲਾਂਵਦਾ ਹੈ, ਉਸ ਵਲ ਮੇਰਾ ਮੁਖ ਹੁੰਦਾ ਹੈ, ਜੋ ਪਿਛੋਂ ਹੌਲੀ ਬੁਲਾਂਵਦਾ ਹੈ ਉਸ ਵਲ ਮੇਰਾ ਬਾਹਵਾ (ਖੱਬਾ) ਮੋਢਾ ਹੁੰਦਾ ਹੈ, ਅਰ ਜੋ ਪਿਛੋਂ ਵੀ ਨਹੀਂ ਬੁਲਾਂਵਦਾ ਉਸ ਵਲ ਮੇਰੀ ਪਿਠ ਹੁੰਦੀ ਹੈ।*[28]

ਇਸ ਤਰ੍ਹਾਂ ਖਾਲਸਾ ਇਕ ਦੂਜੇ ਨੂੰ ਮਿਲਣ ਸਮੇਂ ਇਸੇ ਨਿਰਾਲੀ ਤਰਜ਼ ਰਾਹੀਂ ਸੁਆਗਤ ਕਰਦਾ ਹੈ। ਲੇਖਕ ਨੇ ਰਹਿਤਨਾਮਿਆਂ ਅਨੁਸਾਰ 'ਫਤਿਹ' ਦੀ ਪ੍ਰਮਾਣਿਕਤਾ ਵੀ ਦਰਸਾਈ ਹੈ। ਡਾ. ਸ਼ੇਰ ਸਿੰਘ ਅਨੁਸਾਰ ਇਸ ਅਕਾਲੀ ਤੇ ਵਡਮੁਲੀ ਤਰਜ਼ ਦਾ ਜਨਮ, ਵਿਸਾਖੀ (1699) ਵਾਲੇ ਦਿਨ ਖਾਲਸੇ ਦੇ ਪ੍ਰਕਾਸ਼ ਦੇ ਨਾਲ ਹੀ ਹੋਇਆ। ਇਸ ਨਿਰਾਲੀ ਤਰਜ਼ *ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥* ਦੇ ਜਨਮ ਬਾਰੇ ਡਾ. ਸਾਹਿਬ ਕਹਿੰਦੇ ਹਨ ਕਿ ਪੰਜ ਸਰੀਰਾਂ ਨੇ ਸਿਰ ਕਲਮ ਕਰਵਾ ਕੇ, ਸੀਸ ਭੇਟ ਕਰਕੇ ਇਹ ਤਰਜ਼ ਪ੍ਰਾਪਤ ਕੀਤੀ। ਪੰਜਾਂ ਪਿਆਰਿਆਂ ਨੇ ਆਪਣੇ ਸੀਸ ਦੀ ਫੀਸ ਦੇ ਕੇ ਆਪਣਾ ਆਪ ਮਿਟਾ ਕੇ, ਆਪਣੀ ਖੁਦੀ ਦਾ ਤਿਆਗ ਕਰਕੇ, ਆਪਣਾ ਸਰੀਰ ਆਪਣਾ ਨਾ ਸਮਝ ਕੇ ਇਹ ਸਬਕ/ਸ਼ਬਦ ਅੰਮ੍ਰਿਤ ਪਾਨ ਕਰਨ ਵੇਲੇ ਲਿਆ ਸੀ। ਡਾ. ਸ਼ੇਰ ਸਿੰਘ ਇਸ ਨਿਰਾਲੀ ਤਰਜ਼ ਦੀ ਵਿਲੱਖਣਤਾ ਦਰਸਾਉਂਦੇ ਹੋਏ ਕਹਿੰਦੇ ਹਨ :

*ਜਦੋਂ ਭੀ ਇਕ ਸਿਖ ਦੂਸਰੇ ਨੂੰ ਵੇਖਦਾ ਹੈ, ਤਾਂ ਝੱਟ ਉਸ ਨੂੰ ਓਹੋ ਅਜ਼ਲੀ ਸਬਕ ਯਾਦ ਆ ਜਾਂਦਾ ਹੈ ਤੇ ਉਹ ਗੱਜ ਕੇ ਫਤਹ ਬੁਲਾਂਦਾ ਹੈ। ਇਹ ਏਸ ਲਈ ਨਹੀਂ ਕਿਹਾ ਜਾਂਦਾ ਕਿ ਹੋਰ ਧਰਮਾਂ ਵਿਚ ਭੀ ਰਾਮ ਰਾਮ, ਨਮਸਤੇ, ਸਲਾਮ ਯਾ ਪ੍ਰਣਾਮ ਜਾਂ ਜੈ ਕਰਨ ਦਾ ਰਵਾਜ ਹੈ, ਤੇ ਸਿਖਾਂ ਵਿਚ ਭੀ ਰੀਸ ਵਜੋਂ ਹੀ ਇਹ ਤਰਜ਼ ਆ ਗਈ ਹੈ। ਨਹੀਂ ਹਰਗਿਜ਼ ਨਹੀਂ, ਇਹ ਕਿਸੇ ਲਈ ਸਲਾਮਤੀ ਦੀ ਦੁਆ ਨਹੀਂ, ਇਹ ਸਲਾਮਤੀ ਦੀ ਦੁਆ ਤਾਂ ਸਿਖ ਹਰ ਰੋਜ਼ ਅਰਦਾਸ ਵੇਲੇ ਇਕ ਲਈ ਨਹੀਂ, ਸਿਖਾਂ ਲਈ ਨਹੀਂ, ਭਾਰਤ ਵਾਸੀਆਂ ਲਈ ਨਹੀਂ, ਕੇਵਲ ਆਦਮ ਜ਼ਾਤ ਲਈ ਨਹੀਂ 'ਸਰਬੱਤ' (ਇਸ ਪਦ ਵਿਚ ਕੋਈ ਤਮੀਜ਼ ਦੀ ਗੁੰਜ਼ਾਇਸ਼ ਉਕਾ*

---

[28] *ਵਿਚਾਰਮਾਲਾ*, ਪੰਨਾ ੯੨.

*ਨਹੀਂ ਆ ਸਕਦੀ) ਦਾ ਭਲਾ ਮੰਗਦਾ ਹੈ। ਸੋ ਸਾਡੀ ਫਤੇ ਕੋਈ ਰਸਮ ਨਹੀਂ, ਕੋਈ ਵਿਖਾਵਾ ਨਹੀਂ। ਇਹ ਉਸ ਅਜ਼ਲੀ ਸਬਕ ਦੀ ਯਾਦ ਹੈ, ਇਹ ਆਦਮ ਜ਼ਾਤ ਦੀ ਨਜ਼ਾਤ ਦਾ ਗੁਰ ਹੈ।*[29]

ਅਗਲੇ ਲੇਖ *ਮਿੱਠਾ ਭਾਣਾ* ਵਿਚ ਲੇਖਕ ਨੇ ਸਮਾਜਕ ਔਕੜਾਂ ਤੇ ਸਮਸਿਆਵਾਂ ਨੂੰ ਰਬੀ ਰਜ਼ਾ (ਭਾਣਾ) ਸਮਝਦੇ ਹੋਏ ਮਿਠਾ ਕਰਕੇ ਮੰਨਣ ਦਾ ਉਪਦੇਸ਼ ਦਿਤਾ ਹੈ। ਲੇਖਕ ਕਹਿੰਦਾ ਹੈ :

*ਭਾਣਾ ਹੁਕਮ ਹੈ, ਰੱਬ ਦੀ ਮਰਜ਼ੀ ਹੈ, ਅਕਾਲ ਪੁਰਖ ਦੀ ਰਜ਼ਾ ਹੈ। ਇਸ ਤੋਂ ਬਾਹਰ ਕੁਝ ਨਹੀਂ ਪਰ ਫਿਰ ਭੀ ਇਸ ਨੂੰ ਮੰਨਣ ਵਾਲੇ ਵਿਰਲੇ ਹਨ, ਘਣੇ ਨਹੀਂ। ਹਨ ਵਿਰਲੇ ਪਰ ਸੁਖੀ ਭੀ ਉਹੋ ਹੀ ਹਨ ਤੇ ਸਚੇ ਅਰਥਾਂ ਵਿਚ ਗੁਰਮੁਖਿ ਭੀ ਉਹੋ ਹੀ ਹਨ।*[30]

ਇਸ ਲੇਖ ਵਿਚ ਲੇਖਕ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਗਾਥਾ ਰਾਹੀਂ ਰਬੀ ਭਾਣਾ ਮਿਠਾ ਕਰਕੇ ਮੰਨਣ ਦਾ ਪਖ ਪੇਸ਼ ਕੀਤਾ ਹੈ। ਲੇਖਕ ਅਨੁਸਾਰ ਸਤਿਗੁਰੂ ਨੇ ਇਸ ਸਚਾਈ ਨੂੰ ਜੀਵਾਂ ਲਈ ਐਨਾ ਸੌਖਾ ਬਣਾ ਦਿਤਾ ਕਿ ਭਾਈ ਮਤੀ ਦਾਸ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਜਿਹੇ ਗੁਰਸਿੱਖਾਂ ਨੇ ਸਹਿਜੇ ਹੀ ਭਾਣਾ ਮੰਨ ਕੇ ਦਿਖਾਇਆ। ਭਾਣਾ ਮੰਨਣ ਦੇ ਸਬਕ ਰਾਹੀਂ ਗੁਰਸਿਖ ਹਰ ਅਵਸਥਾ ਵਿਚ ਸਮਾਨ ਬਿਰਤੀ ਰਖਦਾ ਹੈ। ਇਹੋ ਹੀ ਇਕ ਗੁਰਸਿੱਖ ਦੀ ਵਿਲਖਣਤਾ ਹੈ।

ਅਗਲੇ ਲੇਖ ਗੁਰਦੁਆਰਾ ਵਿਚ ਲੇਖਕ ਨੇ ਗੁਰਦੁਆਰਿਆਂ ਸੰਬੰਧੀ ਗੰਭੀਰ ਚਰਚਾ ਕੀਤੀ ਹੈ।

*ਸਿਮਰਨ ਕੀ ਹੈ* ਲੇਖ ਵਿਚ ਲੇਖਕ ਸਿਮਰਨ ਬਾਰੇ ਗੂੜ੍ਹ ਚਰਚਾ ਕਰਦਾ ਹੋਇਆ ਦਸਦਾ ਹੈ ਕਿ ਜਦੋਂ ਵਿਅਕਤੀ ਸੰਸਾਰ ਦੀਆਂ ਤਕਲੀਫਾਂ ਤੋਂ ਦੁਖੀ ਹੁੰਦਾ ਹੈ, ਸੰਸਾਰਕ ਰੋਗਾਂ ਨਾਲ ਰੋਗੀ ਹੁੰਦਾ ਹੈ, ਔਕੜਾਂ ਤੇ ਕਸ਼ਟਾਂ ਤੋਂ ਹਾਰ ਜਾਂਦਾ ਹੈ ਤਾਂ ਬਿਹਬਲ ਹੁੰਦਾ ਹੈ, ਤੜਪਦਾ ਹੈ। ਉਸ ਵੇਲੇ ਵਿਅਕਤੀ ਸਿਮਰਨ ਰਾਹੀਂ ਸੁਖ ਪਾਉਂਦਾ ਹੈ ਤੇ ਤਨ ਦੇ ਕਲੇਸ਼ ਸਿਮਰਨ ਰਾਹੀਂ ਮਿਟਾਉਂਦਾ ਹੈ। ਸੋ, ਵਾਹਿਗੁਰੂ ਦੇ ਗੁਣਾਂ ਦਾ ਸਿਮਰਨ ਕਰਨ ਤੇ ਪਰਮੇਸਰੀ ਗੁਣਾਂ ਨੂੰ ਧਾਰਨ ਕਰਕੇ ਜੀਵ ਹਰੀ ਦਾ ਰੂਪ ਹੋ ਜਾਂਦਾ ਹੈ।

---

[29] *ਵਿਚਾਰਮਾਲਾ*, ਪੰਨੇ ੯੪-੫.

[30] *ਉਹੀ*, ਪੰਨਾ ੧੦੧.

ਅਗਲੇ ਲੇਖ *ਸਿੱਖੀ ਦਾ ਆਦਰਸ਼ ਖਾਲਸਾ* ਵਿਚ ਲੇਖਕ ਨੇ ਇਤਿਹਾਸ ਦੇ ਪ੍ਰਸਿੱਧ ਵਿਦਵਾਨ ਸਰ ਜਦੂ ਨਾਥ ਸਰਕਾਰ ਦੀਆਂ ਸਿੱਖ ਇਤਿਹਾਸ ਬਾਰੇ ਕੀਤੀਆਂ ਉਕਾਈਆਂ ਦਾ ਜੋਰਦਾਰ ਖੰਡਨ ਕੀਤਾ ਹੈ। ਇਸ ਵਿਚ ਲੇਖਕ ਨੇ ਖਾਲਸੇ ਦੇ ਸੰਕਲਪ ਨੂੰ ਸਮੂਹਿਕ ਕਲਿਆਣ ਲਈ ਪੇਸ਼ ਕਰਨ ਦੇ ਨਾਲ-ਨਾਲ ਅਕਾਲ ਪੁਰਖ ਦੀ ਸੱਚਾਈ ਨੂੰ ਵੀ ਪੇਸ਼ ਕੀਤਾ ਹੈ।

ਅਗਲੇ ਲੇਖ *ਕੀ ਜੋਧੇ ਦੀ ਤਲਵਾਰ ਹਿੰਸਕ ਹੈ* ਵਿਚ ਲੇਖਕ ਨੇ ਗਾਂਧੀ ਦੇ ਅਹਿੰਸਾ ਵਾਲੇ ਸਿਧਾਂਤ ਦਾ ਖੰਡਨ ਕੀਤਾ ਹੈ ਤੇ ਗੁਰੂ ਸਾਹਿਬ ਦੁਆਰਾ ਮਨੁੱਖਤਾ ਦੀ ਰਾਖੀ ਲਈ ਤਲਵਾਰ ਚੁੱਕਣ ਨੂੰ ਜਾਇਜ ਕਰਾਰ ਦਿਤਾ ਹੈ। ਲੇਖਕ ਨੇ ਇਤਿਹਾਸਕ ਪ੍ਰਸੰਗ ਵਿਚ ਜਬਰ ਦੇ ਵਿਰੁਧ ਸਿੱਖੀ ਦੇ ਟਕਰਵੇਂ ਕਿਰਦਾਰ ਨੂੰ ਸਹੀ ਸਿਧ ਕੀਤਾ ਹੈ।

*ਪ੍ਰਚਾਰ ਕੌਣ ਕਰੇ* ਵਿਚ ਲੇਖਕ ਨੇ ਸਿੱਖੀ ਦਾ ਪ੍ਰਚਾਰ ਕਰਨ ਉਤੇ ਜੋਰ ਦਿਤਾ ਹੈ। ਸਾਰੇ ਸਿੱਖ ਜਗਤ ਵਿਚ ਸਿੱਖੀ ਜੀਵਨ ਦੇ ਬੁਨਿਆਦੀ ਆਦਰਸ਼ਾਂ ਨੂੰ ਉਜਾਗਰ ਕਰਨ ਲਈ ਇਨ੍ਹਾਂ ਦੇ ਬਾਕਾਇਦਾ ਪ੍ਰਚਾਰ ਲਈ ਮਿਸ਼ਨਰੀ ਸਪਿਰਟ ਪੈਦਾ ਕਰਨ ਦੀ ਭਾਵਨਾ, ਲੇਖਕ ਨੇ ਇਸ ਲੇਖ ਵਿਚ ਪ੍ਰਗਟ ਕੀਤੀ ਹੈ।

ਅਗਲੇ ਲੇਖ *ਖਾਲਸਾ ਸੋਇ ਕਰੈ ਨਿਤ ਜੰਗ* ਵਿਚ ਸਿੱਖਾਂ ਪ੍ਰਤੀ ਕੀਤੇ ਜਾਂਦੇ ਵਿਅੰਗਮਈ ਵਿਚਾਰਾਂ ਦਾ ਖੰਡਨ ਕੀਤਾ ਗਿਆ ਹੈ। ਨਾਲ ਹੀ ਕੂੜ, ਪਾਪ ਅਤੇ ਅਸਤ ਦੇ ਵਿਰੁਧ ਸਿੱਖਾਂ ਦਾ ਹਮੇਸ਼ਾਂ ਜੂਝਦੇ ਰਹਿਣ ਦਾ ਖਿਆਲ ਇਸ ਲੇਖ ਵਿਚ ਪੇਸ਼ ਕੀਤਾ ਹੈ।

*ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ* ਵਿਚ ਲੇਖਕ ਨੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਉਪਦੇਸ਼ ਦਿਤਾ ਹੈ। ਲੇਖਕ ਅਨੁਸਾਰ ਸਿੱਖਾਂ ਨੂੰ ਹਰ ਪ੍ਰਕਾਰ ਦੀ ਅਗਵਾਈ ਇਸੇ ਵਿਚੋਂ ਮਿਲਦੀ ਹੈ, ਇਹ ਸਿੱਖ ਆਦਰਸ਼ ਦਾ ਸੋਮਾ ਹੈ, ਸਿੱਖ ਜਗਤ ਲਈ ਇਸ ਦੀ ਪੂਜਾ, ਆਰਾਧਣਾ ਜਰੂਰੀ ਹੈ।

*ਨਿਰੰਕਾਰੀ ਮਾਟੋ* ਲੇਖ ਵਿਚ ਲੇਖਕ ਨੇ ਦੁਨਿਆਵੀ ਸਿੱਖ ਲਈ ਸਰੀਰਕ ਤੇ ਆਤਮਕ ਮਰਿਆਦਾ ਦੇ ਨਿਯਮ ਉਜਾਗਰ ਕੀਤੇ ਹਨ। ਇਹ ਨਿਰੰਕਾਰੀ ਮਾਟੋ ਹੈ - ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਗ੍ਰਹਿਣ ਕੀਤੇ ਬਿਨਾਂ ਪੂਰਨਤਾ ਨਹੀਂ। ਸਿੱਖੀ ਜੀਵਨ

ਵਿਚ ਤਿੰਨਾਂ ਨੂੰ ਹੀ ਯੋਗ ਥਾਂ ਮਿਲਣੀ ਚਾਹੀਦੀ ਹੈ। ਇਨ੍ਹਾਂ ਵਿਚੋਂ ਪ੍ਰਧਾਨ ਗੁਣ ਨਾਮ ਜਪਣਾ ਹੈ। ਲੇਖਕ ਅਨੁਸਾਰ ਹਕ ਦੀ ਕਮਾਈ ਕਰਨ ਤੇ ਵੰਡ ਛਕਣ ਦੀ ਸਿਖਿਆ ਤਾਂ ਹੋਰ ਵੀ ਧਰਮ ਦਿੰਦੇ ਹਨ, ਪਰ ਗੁਰਮਤਿ ਵਿਚ ਇਸ ਨੂੰ ਨਾਮ ਸਿਮਰਨ ਦੇ ਕਾਰਜ ਅਧੀਨ ਕਰਕੇ ਸਿੱਖੀ ਦਾ ਆਦਰਸ਼ ਨਿਸ਼ਚਿਤ ਕੀਤਾ ਗਿਆ ਹੈ।

ਅਗਲੇ ਲੇਖ *ਪੰਥਕ ਉਨਤੀ ਦੇ ਸਾਧਨ* ਵਿਚ ਲੇਖਕ ਨੇ ਵਿਦਿਆ ਤੇ ਧਰਮ ਪ੍ਰਚਾਰ ਦੀਆਂ ਅਮਲੀ ਵਿਧੀਆਂ ਅਪਣਾਉਣ ਦੀ ਪ੍ਰੇਰਨਾ ਵਿਸਤਾਰ ਨਾਲ ਕੀਤੀ ਹੈ। ਲੇਖਕ ਨੇ ਡੇਰਿਆਂ ਦੀ ਪ੍ਰਚਲਿਤ ਮਾਲਕੀ ਵਿਵਸਥਾ ਦਾ ਸਰਵੇਖਣ ਕੀਤਾ ਹੈ। ਲੇਖਕ ਦਸਦਾ ਹੈ ਕਿ ਸਿੱਖਾਂ ਦੇ ਧਾਰਮਿਕ ਅਸਥਾਨਾਂ ਉਤੇ ਕਾਬਜ਼ ਹੋਣ ਦੀ ਸਮਸਿਆ ਨੇ ਸਿੱਖਾਂ ਦੇ ਡੇਰੇਦਾਰਾਂ ਤੇ ਸ਼੍ਰੋਮਣੀ ਕਮੇਟੀ ਵਿਚਕਾਰ ਬੜਾ ਮਤਭੇਦ ਉਤਪੰਨ ਕੀਤਾ।

*ਪਿੰਡਾਂ ਦੇ ਗੁਰਦੁਆਰੇ ਅਥਵਾ ਡੇਰੇ* ਲੇਖ ਵਿਚ ਲੇਖਕ ਨੇ ਪਿੰਡਾਂ ਦੇ ਲੋਕਾਂ ਦੀ ਧਾਰਮਿਕ ਪਰਵਿਰਤੀ, ਪਿੰਡਾਂ ਦੇ ਗੁਰਦੁਆਰਿਆਂ ਦਾ ਮੰਤਵ, ਗੁਰਦੁਆਰਿਆਂ ਦੇ ਸੇਵਾਦਾਰਾਂ ਆਦਿ ਬਾਰੇ ਵਿਚਾਰ ਪੇਸ਼ ਕੀਤੇ ਹਨ।

*ਕਰਮਨ ਸਿਰ ਕਰਮਾ-ਕੀਰਤਨ* ਵਿਚ ਲੇਖਕ ਕੀਰਤਨ ਦੀ ਵਿਆਖਿਆ ਕਰਦਾ ਹੋਇਆ ਦਸਦਾ ਹੈ ਕਿ ਕਿਸ ਤਰ੍ਹਾਂ ਕੀਰਤਨ ਰਾਹੀਂ ਆਦਮੀ ਪਰਮਪਦ ਦੀ ਪ੍ਰਾਪਤੀ ਕਰਦਾ ਹੈ, ਲੇਖਕ ਕਹਿੰਦਾ ਹੈ :

> *ਜਦ ਰੱਬੀ ਬਚਨਾਂ ਨੂੰ, ਬਾਣੀਆਂ ਸਿਰ ਬਾਣੀ ਨੂੰ ਰਾਗ ਵਿਚ ਗਾਇਆ ਜਾਵੇ, ਉਸਦਾ ਨਾਮ ਕੀਰਤਨ ਹੈ। ਇਹ ਕੀਰਤਨ ਮਨ ਨੂੰ ਖਿਚ ਹੀ ਨਹੀਂ ਕਰਦਾ, ਸਗੋਂ ਮਨ ਦੇ ਸੂਖਮ ਹਿਸੇ ਵਿਚੋਂ ਦੀ ਲੰਘ ਕੇ ਆਤਮਾ ਨੂੰ ਪਰਮਾਤਮਾ ਨਾਲ ਇਕਸੁਰ ਕਰਦਾ ਹੈ।* [31]

ਅਗਲੇ ਲੇਖ *ਸ਼ਹੀਦ ਅਮਰ ਹੈ* ਵਿਚ ਕਰਤਾ ਨੇ ਦੋ ਤਰ੍ਹਾਂ ਦੇ ਸ਼ਹੀਦਾਂ ਬਾਰੇ ਜਿਕਰ ਕੀਤਾ ਹੈ। ਇਕ ਦੇਹ ਸਣੇ ਅਥਵਾ ਜਿੰਦਾ ਸ਼ਹੀਦ ਹਨ ਤੇ ਇਕ ਦੇਹ ਨੂੰ ਤਿਆਗ ਕੇ ਸ਼ਹੀਦ ਹੁੰਦੇ ਹਨ। ਸ਼ਹੀਦ ਦਾ ਅਮਰ ਹੋਣਾ ਵੀ ਦੋ ਪ੍ਰਕਾਰ ਦਾ ਦਸਿਆ ਗਿਆ ਹੈ - ਇਕ ਸਰੀਰ ਤੋਂ ਬਿਨਾਂ

---

[31] *ਵਿਚਾਰਮਾਲਾ*, ਪੰਨਾ ੨੦੨.

ਸਰੀਰਕ ਸੰਸਾਰ ਵਿਚ ਜਿੰਦਾ ਹੈ ਤੇ ਦੂਜਾ ਸਰੀਰ ਤਿਆਗ ਕੇ ਵੀ ਆਤਮਕ ਸੰਸਾਰ, ਪ੍ਰਲੋਕ ਵਿਚ ਜਿੰਦਾ ਹੈ।

*ਕਦੇ ਨਾ ਬੋਲੈ ਕਉਰਾ* ਲੇਖ ਵਿਚ ਲੇਖਕ ਗੁਰੂ ਸਾਹਿਬਾਨ ਦੀ ਸ਼ਖਸੀਅਤ ਦੇ ਗੁਣਾਂ ਨੂੰ ਉਜਾਗਰ ਕਰਦਾ ਹੈ ਤੇ ਗੁਰਸਿੱਖ ਨੂੰ ਅਜਿਹੇ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਸ ਅਨੁਸਾਰ ਗੁਰਸਿੱਖ ਦਾ ਸੁਭਾਅ ਅਜਿਹੇ ਸੰਚੇ ਵਿਚ ਢਲਿਆ ਹੋਵੇ, ਜਿਸ ਦੀ ਲਕੀਰ/ਨਿਸ਼ਾਨ 'ਕਦੇ ਨ ਬੋਲੈ ਕਉਰਾ' ਹੈ। ਗੁਰਸਿੱਖ ਨੂੰ ਅਜਿਹੇ ਸਬਕ ਦੀ ਸਿਖਿਆ ਲੈਣ ਲਈ ਪ੍ਰੇਰਨਾ ਦਿੰਦਾ ਹੋਇਆ ਲੇਖਕ ਕਹਿੰਦਾ ਹੈ :

> *ਪ੍ਰੀਤਮ ਵਾਂਗਰ ਮਿਠੇ ਹੋ ਕੇ, ਅੰਮ੍ਰਿਤ ਬਣ ਕੇ ਵਿਰੋਧੀਆਂ ਤੇ ਮਤਿ ਭੇਦੀਆਂ ਨੂੰ ਮੱਖੀਆਂ ਵਾਂਗਰ ਨਾਲ ਜੋੜ ਲਈਏ। ਉਹਨਾਂ ਨੂੰ ਦੁਖਾਈਏ ਨਾ, ਚਿੜਾਈਏ ਨਾ, ਤਕੜੇ ਹਾਂ ਤਾਂ ਧਮਕਾਈਏ ਨਾ, ਮਾੜੇ ਹਾਂ ਤਾਂ ਗਾਲ੍ਹਾਂ ਨਾ ਦੇਈਏ। ਫੇਰ ਕਰੀਏ ਕੀ? ਕਲਗੀਆਂ ਵਾਲੇ ਗੁਰੂ ਨਾਨਕ ਨੇ ਸਾਨੂੰ ਅੰਮ੍ਰਿਤ ਨਾਲ ਸੁਰਜੀਤ ਕੀਤਾ ਹੈ। ਅਸੀਂ ਤੁੰਮੇ ਨਹੀਂ ਹਾਂ, ਮਨੁੱਖ ਹਾਂ। ਸਾਡੇ ਵਿਚੋਂ ਕੁੜੱਤਣ ਜਾ ਸਕਦੀ ਹੈ। ਅਸੀਂ ਭੀ ਅੰਮ੍ਰਿਤ ਬਣ ਸਕਦੇ ਹਾਂ, ਪਰ ਨਹੀਂ ਜੇ ਗੁਰੂ ਬਾਬਾ ਬਣਾਏ ਤਾਂ ਹੀ ਬਣ ਸਕਦੇ ਹਾਂ।* [32]

ਅਗਲੇ ਲੇਖ *ਆਤਮਿਕ ਸ਼ਕਤੀ ਅਤੇ ਸਾਇੰਸ* ਵਿਚ ਲੇਖਕ ਨੇ ਆਤਮਿਕ ਸ਼ਕਤੀ ਅਤੇ ਵਿਗਿਆਨ, ਦੋਹਾਂ ਪਹਿਲੂਆਂ ਉਤੇ ਚਾਨਣਾ ਪਾਇਆ ਹੈ। ਲੇਖਕ ਅਨੁਸਾਰ ਵਿਗਿਆਨ ਦਾ ਦਾਇਰਾ ਪੰਚ ਭੌਤਿਕ ਹਦੂਦ ਦੇ ਅੰਦਰ-ਅੰਦਰ ਹੈ ਤੇ ਆਤਮਿਕ ਸ਼ਕਤੀ ਇਸ ਹਦ ਤੋਂ ਉਚੇਰੀ ਹੈ।

*ਗੁਰੂ ਬਾਬੇ ਦਾ ਜੀਵਨ ਪ੍ਰੋਗਰਾਮ* ਵਿਚ ਗੁਰੂ ਨਾਨਕ ਸਾਹਿਬ ਦੇ ਬਾਲਪਨ, ਜੁਆਨੀ ਅਤੇ ਬੁਢੇਪੇ ਦੀਆਂ ਅਵਸਥਾਵਾਂ ਦਾ ਜਿਕਰ ਕਰਦਿਆਂ ਲੇਖਕ ਦਸਦਾ ਹੈ ਕਿ ਗੁਰੂ ਬਾਬੇ ਦੇ ਜੀਵਨ ਦੀਆਂ ਤਿੰਨੇ ਅਵਸਥਾਵਾਂ ਨਾ ਕੇਵਲ ਸਦਾ ਯਾਦ ਹੀ ਰਹਿਣਗੀਆਂ, ਸਗੋਂ ਇਸ ਰਸਤੇ ਉਤੇ ਚਲਣ ਵਾਲਿਆਂ ਲਈ ਹਮੇਸ਼ਾਂ ਮਾਰਗ ਦਰਸ਼ਨ ਵੀ ਕਰਦੀਆਂ ਰਹਿਣਗੀਆਂ।

---

[32] *ਵਿਚਾਰਮਾਲਾ*, ਪੰਨਾ ੨੧੬.

ਅੰਤਿਮ ਲੇਖ *ਉਦਮੀ ਤੇ ਉਤਸ਼ਾਹੀ ਗੁਰੂ* ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਦੇ ਉਤਸ਼ਾਹ ਦੀ ਗਲ ਕਰਦੇ ਕਿਹਾ ਹੈ ਕਿ ਅਜਿਹੀ ਮਿਸਾਲ ਦੁਨੀਆਂ ਦੇ ਕਿਸੇ ਪੈਗੰਬਰ ਜਾਂ ਅਵਤਾਰ ਦੀ ਜ਼ਿੰਦਗੀ ਵਿਚੋਂ ਨਹੀਂ ਲਭਦੀ।

ਸਮੁਚੇ ਰੂਪ ਵਿਚ ਡਾ. ਸ਼ੇਰ ਸਿੰਘ ਨੇ ਪੁਸਤਕ ਰਾਹੀਂ ਬੜੇ ਸਰਲ ਅਤੇ ਸਪਸ਼ਟ ਸ਼ਬਦਾਂ ਵਿਚ ਗੁਰਮਤਿ ਦੇ ਮੁਢਲੇ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ।

### 2.3.7 ਜਪੁ ਜੀ ਦਰਸ਼ਨ

ਇਹ ਪੁਸਤਕ ਲਾਹੌਰ ਬੁਕ ਸ਼ਾਪ, ਲੁਧਿਆਣਾ ਵਲੋਂ 1969 ਵਿਚ ਪ੍ਰਕਾਸ਼ਿਤ ਕੀਤੀ ਗਈ, ਜਿਹੜੀ ਕਿ ਡਾ. ਸ਼ੇਰ ਸਿੰਘ ਦੀ ਅੰਤਿਮ ਰਚਨਾ ਹੈ। ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਮੂਲ ਬਾਣੀ ਅਤੇ ਟੀਕਾ ਹਨ। ਮੂਲ ਬਾਣੀ ਖਬੇ ਪੰਨੇ ਉਤੇ ਅਤੇ ਸਜੇ ਪੰਨੇ ਉਤੇ ਟੀਕਾ ਹੈ। ਹਰ ਤੁਕ ਦੀ ਕ੍ਰਮਵਾਰ ਗਿਣਤੀ ਦਿਤੀ ਗਈ ਹੈ। ਜਿਸ ਅੰਕ ਉਤੇ ਮੂਲ ਬਾਣੀ ਦੀ ਤੁਕ ਹੈ, ਉਸੇ ਅੰਕ ਉਤੇ ਸਾਹਮਣੇ ਪੰਨੇ ਉਤੇ ਉਸੇ ਤੁਕ ਦਾ ਅਰਥ ਹੈ। ਪੁਸਤਕ ਦੇ ਦੂਜੇ ਭਾਗ ਵਿਚ ਮੂਲ ਬਾਣੀ ਦੇ ਪਦਾਂ ਦੇ ਅਰਥ ਤੇ ਭਾਸ਼ਾਈ ਵਿਸ਼ਲੇਸ਼ਣ ਅਖਰ-ਕ੍ਰਮ ਅਨੁਸਾਰ ਅੰਕਤ ਕੀਤਾ ਹੈ।

ਤੀਸਰੇ ਭਾਗ ਵਿਚ ਜਪੁ ਜੀ ਦਾ ਸਾਹਿਤਕ ਅਧਿਐਨ ਪੇਸ਼ ਕੀਤਾ ਹੈ। ਜ਼ਿਕਰਯੋਗ ਹੈ ਕਿ ਜਪੁ ਜੀ ਦੀ ਅਲੰਕਾਰਕ ਵਿਆਖਿਆ ਭਾਈ ਸੰਤੋਖ ਸਿੰਘ ਜੀ ਨੇ ਆਪਣੇ *ਗਰਬ ਗੰਜਨੀ* ਟੀਕੇ ਵਿਚ ਕੀਤੀ ਸੀ। ਡਾ. ਸ਼ੇਰ ਸਿੰਘ ਨੇ ਭਾਈ ਸੰਤੋਖ ਸਿੰਘ ਦੀ ਵਿਦਵਤਾ ਦਾ ਸਤਿਕਾਰ ਕਰਦਿਆਂ ਉਸ ਨੂੰ ਆਪਣੇ ਅਲੰਕਾਰ ਵਿਵੇਚਨ ਦਾ ਅਧਾਰ ਬਣਾਇਆ ਹੈ। ਲੇਖਕ ਨੇ ਭਾਈ ਸੰਤੋਖ ਸਿੰਘ ਜੀ ਦੇ ਵਿਚਾਰਾਂ ਨੂੰ ਹੀ ਵਿਧੀਬਧ ਤਰਤੀਬ ਦਿਤੀ ਹੈ।

ਚੌਥੇ ਭਾਗ ਵਿਚ ਲੇਖਕ ਨੇ ਤੁਲਨਾਤਮਕ ਅਤੇ ਮੌਲਿਕ ਚਿੰਤਨ ਦਾ ਸਿਟਾ ਕਢਿਆ ਹੈ। ਇਹ ਬਾਕੀ ਵਿਆਖਿਆਵਾਂ ਨਾਲੋਂ ਵਧੇਰੇ ਦਾਰਸ਼ਨਿਕ ਢੰਗ ਦਾ ਹੈ।

### 2.3.8 ਜੀਵਣ ਉਸਰਈਏ

ਡਾ. ਸ਼ੇਰ ਸਿੰਘ ਦੁਆਰਾ ਲਿਖੀ ਗਈ ਪੁਸਤਕ 'ਜੀਵਣ ਉਸਰਈਏ' ਦੇ ਸੋਧਕ ਭਾਈ ਜੋਧ ਸਿੰਘ ਜੀ ਹਨ। ਇਹ ਪੁਸਤਕ ਅਤਰ ਚੰਦ ਕਪੂਰ ਐਂਡ ਸੰਨਜ਼ (ਦਿੱਲੀ) ਵਲੋਂ ਪ੍ਰਕਾਸ਼ਿਤ ਕੀਤੀ

ਗਈ। ਪੁਸਤਕ ਦੀ ਪ੍ਰਕਾਸ਼ਨਾ ਮਿਤੀ ਬਾਰੇ ਕੋਈ ਵੇਰਵਾ ਨਹੀਂ ਮਿਲਦਾ। ਡਾ. ਸ਼ੇਰ ਸਿੰਘ ਨੇ ਇਹ ਪੁਸਤਕ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਰਹਿੰਦਿਆਂ ਲਿਖੀ, ਜਿਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਪੁਸਤਕ ਲਗਪਗ 1952 ਵਿਚ ਲਿਖੀ ਗਈ ਹੋਵੇਗੀ।

ਛੇ ਭਾਗਾਂ (ਧਾਰਮਿਕ ਨੇਤਾ, ਸਾਹਿਤਕ ਨੇਤਾ, ਰਾਜਸੀ ਨੇਤਾ, ਵਿਗਿਆਨਕ ਨੇਤਾ, ਦਾਰਸ਼ਨਿਕ ਨੇਤਾ ਤੇ ਸਮਾਜਕ ਨੇਤਾ) ਵਿਚ ਵੰਡੀ ਇਸ ਪੁਸਤਕ ਵਿਚ ਕਰਤਾ ਨੇ ਕੁਝ ਨਾਮਵਰ ਹਸਤੀਆਂ ਦੀਆਂ ਜੀਵਨ ਝਲਕੀਆਂ ਪੇਸ਼ ਕੀਤੀਆਂ ਹਨ। ਹਰ ਭਾਗ ਵਿਚ ਦੋ ਪੁਰਖਾਂ ਦੇ ਜੀਵਨ ਬਿਰਤਾਂਤ ਦਿਤੇ ਗਏ ਹਨ। ਇਸ ਵਿਚ ਇਕ ਮਹਾਂਪੁਰਖ ਪ੍ਰਾਚੀਨ ਕਾਲ ਤੇ ਇਕ ਨਵੀਨ ਕਾਲ ਦਾ ਹੈ। ਇਸ ਸੰਬੰਧੀ ਡਾ. ਸ਼ੇਰ ਸਿੰਘ ਲਿਖਦੇ ਹਨ :

> *ਇਸ ਵਿਚ ਅਜੇਹੇ ਮਹਾਂ ਪੁਰਖਾਂ ਦੇ ਜੀਵਣ ਵਿਰਤਾਂਤ ਦਿੱਤੇ ਗਏ ਹਨ, ਜਿਨਾਂ ਨੇ ਮਨੁਖੀ ਜੀਵਨ ਨੂੰ ਉਚਿਆਣ ਲਈ ਆਪਣੇ ਜੀਵਣ ਅਰਪਣ ਕੀਤੇ ਤੇ ਜੀਵਨ ਦੀਆਂ ਉਚੀਆਂ ਕੀਮਤਾਂ ਨੂੰ ਕਾਇਮ ਰਖਣ ਲਈ ਪੂਰਾ ਜਤਨ ਕੀਤਾ।*[33]

'ਧਾਰਮਿਕ ਨੇਤਾ' (ਮਹਾਤਮਾ ਬੁੱਧ ਤੇ ਗੁਰੂ ਨਾਨਕ ਦੇਵ ਜੀ) ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਸੰਸਾਰ ਦੇ ਧਰਮਾਂ ਵਿਚ ਬੁਧ ਧਰਮ ਇਕ ਮਹਾਨ ਧਰਮ ਹੈ, ਜਿਸ ਦੇ ਮੋਢੀ ਮਹਾਤਮਾ ਬੁਧ ਹਨ। ਮਹਾਤਮਾ ਬੁਧ ਨੇ ਮਾਨਵਤਾਵਾਦੀ ਧਰਮ ਦੀ ਨੀਂਹ ਰਖੀ, ਜਿਸ ਵਿਚ ਉਨ੍ਹਾਂ ਨੇ ਊਚ-ਨੀਚ ਤੇ ਕਰਮ-ਕਾਂਡ ਦਾ ਵਿਰੋਧ ਕਰਕੇ ਆਤਮ-ਸੰਜਮ ਨਾਲ ਜੀਵਨ ਉਚਾ ਬਣਾਉਣ ਉਤੇ ਜ਼ੋਰ ਦਿਤਾ। ਨਿਬੰਧ ਵਿਚ ਮਹਾਤਮਾ ਬੁਧ ਦੇ ਜਨਮ ਤੋਂ ਲੈ ਕੇ ਜੀਵਨ ਸਮਾਪਤੀ ਤਕ ਦੇ ਪੂਰੇ ਸਫਰ ਦਾ ਵੇਰਵਾ ਦਿਤਾ ਗਿਆ ਹੈ। ਮਹਾਤਮਾ ਬੁਧ ਬਾਰੇ ਡਾ. ਸ਼ੇਰ ਸਿੰਘ ਲਿਖਦੇ ਹਨ :

> *ਜੀਵਨ ਦੀ ਇਮਾਰਤ ਨੂੰ ਧਰਮ ਦੀ ਨੀਂਹ ਉਤੇ ਉਸਾਰਨ ਵਾਲਾ ਇਹ ਮਹਾਂਪੁਰਸ਼ ਦੁਨੀਆਂ ਤੋਂ ਚਲਿਆ ਗਇਆ। ਉਸ ਦੀ ਲੋਕ-ਲੀਲਾ ਸਮਾਪਤ ਹੋ ਗਈ, ਪਰ ਉਸ ਦਾ ਅਮਰ ਸੰਦੇਸ਼ ਹੁਣ*

[33] *ਜੀਵਣ ਉਸਰਈਏ*, 'ਮੁਖਬੰਦ'.

*ਤਾਈਂ ਸਾਡੇ ਕੰਨਾਂ ਵਿਚ ਗੂੰਜ ਰਹਿਆ ਹੈ। ਸੰਸਾਰ ਵਿਚ ਹਰ ਰੋਜ਼ ਹਜ਼ਾਰਾਂ ਆਦਮੀ ਜੰਮਦੇ ਤੇ ਮਰਦੇ ਹਨ, ਪਰ ਦੁਨੀਆ ਉਨ੍ਹਾਂ ਨੂੰ ਹੀ ਯਾਦ ਰਖਦੀ ਹੈ ਜਿਹੜੇ ਦੁਨੀਆਂ ਲਈ ਕੁਝ ਕਰ ਜਾਂਦੇ ਹਨ। ਰਾਜ ਘਰਾਣੇ ਦਾ ਹੋ ਕੇ ਵੀ ਇਹ ਮਹਾਂਪੁਰਸ਼ ਜੰਗਲ ਵਿਚ ਰੁੱਖ ਹੇਠ ਜੰਮਿਆ, ਰੁੱਖ ਹੇਠ ਹੀ ਉਸ ਨੇ ਗਿਆਨ ਪ੍ਰਾਪਤ ਕੀਤਾ ਤੇ ਰੁੱਖ ਹੇਠ ਹੀ ਉਸ ਦੇ ਜੀਵਨ-ਦੀਪਕ ਦਾ ਨਿਰਵਾਣ ਹੋਇਆ। ਇਹ ਕੇਹੀ ਅਨੋਖੀ ਤੇ ਅਸਚਰਜ ਗੱਲ ਹੈ।*[34]

ਡਾ. ਸ਼ੇਰ ਸਿੰਘ ਗੁਰੂ ਨਾਨਕ ਦੇਵ ਜੀ ਬਾਰੇ ਲਿਖਦਿਆਂ ਦਸਦੇ ਹਨ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਮਨੁਖਤਾ ਸਿਸਕ ਰਹੀ ਸੀ। ਇਸ ਸਿਸਕਦੀ ਮਨੁਖਤਾ ਦੀ ਪੁਕਾਰ ਸੁਣੀ ਗਈ ਤੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ। ਗੁਰੂ ਨਾਨਕ ਸਾਹਿਬ ਦੇ ਆਉਣ ਨਾਲ ਸਿਰਫ਼ ਪੰਜਾਬ ਹੀ ਨਹੀਂ, ਬਲਕਿ ਸਮੁਚਾ ਭਾਰਤ ਆਪਣਾ ਖੇੜਾ ਦੁਨੀਆਂ ਨਾਲ ਸਾਂਝਾ ਕਰ ਰਹਿਆ ਸੀ। ਡਾ. ਸ਼ੇਰ ਸਿੰਘ ਨੇ ਗੁਰੂ ਜੀ ਦੇ ਜਨਮ, ਪੜ੍ਹਾਈ, ਸਚਾ ਸੌਦਾ, ਨੌਕਰੀ ਤੇ ਉਦਾਸੀਆਂ ਆਦਿ ਬਾਰੇ ਇਸ ਲੇਖ ਵਿਚ ਚਰਚਾ ਕੀਤੀ ਹੈ। ਗੁਰੂ ਨਾਨਕ ਸਾਹਿਬ ਦੁਆਰਾ ਦਿਤੇ ਸਿਧਾਂਤਾਂ ਬਾਰੇ ਗਲ ਕਰਦਿਆਂ ਡਾ. ਸਾਹਿਬ ਦਸਦੇ ਹਨ ਕਿ ਗੁਰੂ ਸਾਹਿਬ ਦਾ ਸਿਧਾਂਤ ਸਰਬ ਸਾਂਝੀ ਪ੍ਰੀਤ, ਮਨੁਖੀ ਦਰਦ ਦੀ ਸਾਂਝ, ਸ਼ਾਂਤੀ ਤੇ ਇਨਸਾਫ ਵਾਲਾ ਹੈ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਉਨ੍ਹਾਂ ਦੀਆਂ ਸਿਖਿਆਵਾਂ ਦਾ ਨਿਚੋੜ ਹੈ। ਮਨੁਖ ਦੀ ਉਨਤੀ ਲਈ ਗੁਰੂ ਸਾਹਿਬ ਨੇ ਖਾਲਸ ਤੇ ਸਧਾਰਨ ਰਾਹ ਦਸਿਆ। ਇਸ ਤੋਂ ਸੌਖੇ ਅਸੂਲ ਸ਼ਾਇਦ ਹੀ ਕਿਸੇ ਧਾਰਮਿਕ ਆਗੂ ਨੇ ਦਿਤੇ ਹੋਣ।

*ਸਾਹਿਤਕ ਨੇਤਾ* ਵਿਚ ਰਾਬਿੰਦਰ ਨਾਥ ਠਾਕੁਰ (ਟੈਗੋਰ) ਦੇ ਜੀਵਨ ਉਤੇ ਝਾਤ ਪਵਾਉਂਦਿਆਂ ਕਰਤਾ ਦਸਦਾ ਹੈ ਕਿ ਰਾਬਿੰਦਰ ਨਾਥ ਠਾਕੁਰ ਦੀ ਪ੍ਰਤਿਭਾ ਸਰਬ-ਮੁਖੀ ਸੀ। ਉਨ੍ਹਾਂ ਨੂੰ ਕੇਵਲ ਕਵੀ ਕਰਕੇ ਹੀ ਨਹੀਂ ਸਗੋਂ ਨਾਟਕਕਾਰ, ਕਹਾਣੀ-ਲੇਖਕ, ਚਿਤ੍ਰਕਾਰ, ਰਾਗੀ, ਐਕਟਰ, ਫਿਲਾਸਫਰ ਤੇ ਅਧਿਆਪਕ ਦੇ ਤੌਰ ਉਤੇ ਵੀ ਜਾਣਿਆ ਜਾਂਦਾ ਹੈ। ਸੁਤੰਤਰ ਸੁਭਾ ਦੇ ਮਾਲਕ

---

[34] *ਜੀਵਣ ਉਸਰਈਏ*, ਪੰਨਾ ੧੩.

ਰਾਬਿੰਦਰ ਨਾਥ ਠਾਕੁਰ ਜੀ ਪਿਤਾ ਦੇਵਿੰਦਰ ਨਾਥ ਤੇ ਮਾਤਾ ਸ਼ਾਰਦਾ ਦੇਵੀ ਦੇ ਘਰ ਸੰਮਤ ੧੯੬੧ ਨੂੰ ਕਲਕਤਾ ਵਿਖੇ ਠਾਕੁਰ ਘਰਾਣੇ ਵਿਚ ਪੈਦਾ ਹੋਏ। ਬੰਗਾਲ ਦਾ ਪ੍ਰਸਿਧ ਠਾਕੁਰ ਘਰਾਣਾ ਮੁਢ ਤੋਂ ਹੀ ਕਟੜਪੁਣੇ ਤੇ ਫਿਰਕੂਪੁਣੇ ਦਾ ਵਿਰੋਧੀ ਰਿਹਾ ਹੈ।

ਰਾਬਿੰਦਰ ਨਾਥ ਨੂੰ ਭਾਰਤ ਦੀ ਵਿਦਿਆ ਪ੍ਰਣਾਲੀ ਬਚਪਨ ਤੋਂ ਹੀ ਪਸੰਦ ਨਹੀਂ ਸੀ, ਜਿਸ ਕਾਰਨ ਆਪ ਸਕੂਲ ਵਿਚ ਨਹੀਂ ਪੜ੍ਹੇ। ਪਰੰਤੂ ਰਾਬਿੰਦਰ ਨਾਥ ਜੀ ਨੂੰ ਬੰਗਾਲੀ ਸਾਹਿਤ ਬਚਪਨ ਤੋਂ ਹੀ ਪੜ੍ਹਨ ਦਾ ਸ਼ੌਂਕ ਸੀ। 13 ਸਾਲ ਦੀ ਉਮਰ ਵਿਚ ਆਪ ਦੀ ਪਹਿਲੀ ਕਵਿਤਾ 'ਤੱਤਵ-ਬੋਧਿਨੀ' ਪਤ੍ਰਿਕਾ ਵਿਚ ਛਪੀ। ਇਸ ਤੋਂ ਬਾਅਦ ਉਨ੍ਹਾਂ ਨੇ 'ਸੰਧਿਆ-ਸੰਗੀਤ', 'ਪਰਭਾਤ-ਸੰਗੀਤ' ਆਦਿ ਕਵਿਤਾਵਾਂ ਲਿਖੀਆਂ। 1901 ਵਿਚ ਬੋਲਪੁਰ ਦੇ ਸ਼ਾਂਤੀ-ਨਿਕੇਤਨ ਵਿਚ ਇਕ ਆਸ਼ਰਮ ਦੀ ਸਥਾਪਨਾ ਕੀਤੀ, ਜਿਸ ਦਾ ਨਾਂ ਬਾਅਦ ਵਿਚ 'ਵਿਸ਼ਵ ਭਾਰਤੀ' ਰਖਿਆ ਗਿਆ। ਮੁਢ ਵਿਚ ਆਸ਼ਰਮ ਦਾ ਖਰਚ ਚਲਾਉਣ ਲਈ ਰਾਬਿੰਦਰ ਨਾਥ ਨੂੰ ਆਪਣਾ ਇਕ ਸੁੰਦਰ ਘਰ, ਪੁਸਤਕਾਲਾ ਤੇ ਆਪਣੀ ਪਤਨੀ ਦੇ ਗਹਿਣੇ ਵੇਚਣੇ ਪਏ।

ਰਾਬਿੰਦਰ ਨਾਥ ਠਾਕੁਰ ਨੇ ਇੰਗਲੈਂਡ, ਅਮਰੀਕਾ, ਫਰਾਂਸ, ਡੈਨਮਾਰਕ, ਜਰਮਨੀ, ਸਵੀਡਨ ਆਦਿ ਦੇਸ਼ਾਂ ਦੀ ਯਾਤਰਾ ਕੀਤੀ। ਆਪ ਨੂੰ ਨੋਬਲ ਪ੍ਰਾਈਜ਼, ਡਾਕਟਰ ਦੀ ਡਿਗਰੀ, 'ਸਰ' ਦਾ ਖਿਤਾਬ ਤੇ ਡਾਕਟਰ ਆਫ ਲੈਟਰਜ਼ ਦੀ ਡਿਗਰੀ (ਆਕਸਫੋਰਡ ਯੂਨੀਵਰਸਿਟੀ ਤੋਂ) ਮਿਲੀ। ੭ ਅਗਸਤ, ੧੯੭੧ ਨੂੰ ਇਹ ਵਿਸ਼ਵ ਕਵੀ ਸੰਸਾਰ ਤੋਂ ਵਿਦਾ ਹੋ ਗਏ।[35]

*ਰਾਜਸੀ ਨੇਤਾ (ਸਮਰਾਟ ਅਸ਼ੋਕ)* ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਧਰਮੀ ਸਮਰਾਟ ਅਸ਼ੋਕ ਤੇ ਉਸ ਦੁਆਰਾ ਚਲਾਏ 'ਧਰਮ ਚੱਕਰ' ਦੀ ਯਾਦ ਸਾਨੂੰ ਭਾਰਤ ਦੇ ਰਾਸ਼ਟਰੀ ਝੰਡੇ ਉਤੇ ਬਣੇ ਨਿਸ਼ਾਨ 'ਅਸ਼ੋਕ ਚੱਕਰ' ਤੋਂ ਆਉਂਦੀ ਹੈ। ਅਸ਼ੋਕ ਮੌਰੀਆ ਬੰਸ਼ ਵਿਚ ਤੀਜਾ ਰਾਜਾ ਸੀ। ਰਾਜਾ ਅਸ਼ੋਕ ਸ਼ੁਰੂ ਵਿਚ ਸਿਰਫ਼ ਇਕ ਰਾਜਾ ਸੀ, ਜਿਸ ਦਾ ਉਦੇਸ਼ ਸਾਮਰਾਜ ਨੂੰ ਪ੍ਰਫੁਲਤ ਕਰਨਾ, ਜੁਧ ਲੜਨਾ ਆਦਿ ਸੀ, ਪਰ ਕਲਿੰਗਾ ਦੇ ਜੁਧ ਤੋਂ ਬਾਅਦ ਉਸ ਦੇ ਜੀਵਨ ਵਿਚ ਪਲਟਾ ਆਇਆ। ਕਲਿੰਗਾ ਦੇ ਯੁਧ ਵਿਚ ਖੂਨ ਖਰਾਬੇ ਅਤੇ ਕਤਲੇਆਮ ਦਾ ਅਸ਼ੋਕ ਦੇ ਮਨ ਉਤੇ ਬੜਾ ਡੂੰਘਾ ਅਸਰ ਹੋਇਆ। ਹਿੰਸਾ ਤੇ ਯੁਧ ਦੇ ਮਾਰਗ ਨੂੰ ਛਡ ਕੇ ਉਸ ਨੇ ਅਹਿੰਸਾ ਤੇ ਸ਼ਾਂਤੀ ਨੂੰ ਅਪਣਾ

---

[35] *ਜੀਵਣ ਉਸਰਈਏ*, ਪੰਨਾ ੩੬.

ਲਿਆ। ਸੰਸਾਰ ਵਿਚ ਅਨੇਕ ਸਮਰਾਟ ਹੋਏ ਹਨ, ਪਰ ਜੋ ਪ੍ਰਸਿਧੀ ਅਸ਼ੋਕ ਨੂੰ ਪ੍ਰਾਪਤ ਹੋਈ ਹੈ, ਉਹ ਅਦੁਤੀ ਹੈ। ਉਸ ਨੇ ਰਾਜਸੀ ਦੁਨੀਆਂ ਦੇ ਸਾਹਮਣੇ ਇਕ ਨਵਾਂ ਆਦਰਸ਼ ਰਖਿਆ। ਸਮਰਾਟ ਹੁੰਦਾ ਹੋਇਆ ਵੀ ਉਹ ਭਿਕਸ਼ੂ ਸੀ ਤੇ ਭਿਕਸ਼ੂ ਹੁੰਦਾ ਹੋਇਆ ਵੀ ਉਹ ਸਮਰਾਟ ਸੀ। *ਜਵਾਹਰ ਲਾਲ ਨਹਿਰੂ* ਲੇਖ ਵਿਚ ਡਾ. ਸ਼ੇਰ ਸਿੰਘ ਨੇ ਨਹਿਰੂ ਦੇ ਜੀਵਨ ਤੋਂ ਜਾਣੂ ਕਰਵਾਇਆ ਹੈ। ਇਸ ਵਿਚ ਨਹਿਰੂ ਦੇ ਜਨਮ, ਪੜ੍ਹਾਈ, ਵਿਆਹ, ਰਾਜਸੀ ਖੇਤਰ ਵਿਚ ਯਾਤਰਾ, ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਆਦਿ ਬਾਰੇ ਦਸਿਆ ਹੈ। ਪੰਡਿਤ ਨਹਿਰੂ ਉਸ ਵੇਲੇ ਭਾਰਤ ਦੇ ਉਘੇ ਆਗੂ ਸਨ।

*ਵਿਗਿਆਨਕ ਨੇਤਾ* ਲੇਖ ਵਿਚ ਸਰ ਜਗਦੀਸ਼ ਚੰਦਰ ਬੋਸ ਬਾਰੇ ਲਿਖਦਿਆਂ ਡਾ. ਸ਼ੇਰ ਸਿੰਘ ਦਸਦੇ ਹਨ ਕਿ ਇਕ ਆਮ ਸਕੂਲ ਵਿਚ ਪੜ੍ਹਨ ਵਾਲਾ ਵਿਦਿਆਰਥੀ ਕਿਵੇਂ ਸੰਸਾਰ ਪ੍ਰਸਿਧ ਵਿਗਿਆਨੀ ਬਣਿਆ। ਜਗਦੀਸ਼ ਚੰਦਰ ਦੇ ਪਿਤਾ ਨੇ ਅੰਗਰੇਜ਼ੀ ਸਕੂਲ ਦੀ ਥਾਂ ਉਨ੍ਹਾਂ ਨੂੰ ਆਮ ਪਾਠਸ਼ਾਲਾ ਵਿਚ ਇਸ ਲਈ ਭੇਜਿਆ, ਕਿਉਂਕਿ ਉਨ੍ਹਾਂ ਦੇ ਪਿਤਾ ਜੀ ਜਗਦੀਸ਼ ਚੰਦਰ ਨੂੰ ਮਾਤ ਭਾਸ਼ਾ ਤੇ ਆਪਣੀ ਸਭਿਅਤਾ ਤੋਂ ਜਾਣੂੰ ਕਰਵਾਉਣਾ ਚਾਹੁੰਦੇ ਸਨ। ਡਾ. ਸ਼ੇਰ ਸਿੰਘ, ਜਗਦੀਸ਼ ਚੰਦਰ ਦੇ ਸ਼ਬਦਾਂ ਵਿਚ ਪਿੰਡ ਦੀ ਪਾਠਸ਼ਾਲਾ ਬਾਰੇ ਇਸ ਪ੍ਰਕਾਰ ਲਿਖਦੇ ਹਨ :

> *ਮੈਂ ਹੁਣ ਸਮਝਦਾ ਹਾਂ ਕਿ ਮੇਰਾ ਉਸ ਪਿੰਡ ਦੀ ਪਾਠਸ਼ਾਲਾ ਵਿਚ ਦਾਖਲ ਹੋਣਾ ਲਾਭਵੰਦ ਸੀ। ਉੱਥੇ ਮੈਂ ਆਪਣੀ ਬੋਲੀ ਸਿੱਖੀ ਤੇ ਆਪਣੇ ਖਿਆਲ ਸੋਚੇ ਅਤੇ ਆਪਣੀ ਕੌਮੀ ਸੰਸਕ੍ਰਿਤੀ ਦਾ ਵਿਰਸਾ ਆਪਣੇ ਸਾਹਿਬ ਰਾਹੀਂ ਪ੍ਰਾਪਤ ਕੀਤਾ। ਇਸ ਤਰ੍ਹਾਂ ਮੈਂ ਬਾਕੀਆਂ ਦੇ ਨਾਲ ਸਾਂਝ ਪਾ ਲਈ ਅਤੇ ਕਦੇ ਵੀ ਆਪਣੇ ਆਪ ਨੂੰ ਬਹੁਤ ਉੱਚਾ ਤੇ ਵਖਰਾ ਸਮਝਣ ਦੇ ਵਹਿਮ ਵਿਚ ਨਾ ਪਾਇਆ।*[36]

ਜਗਦੀਸ਼ ਚੰਦਰ ਭਾਵੇਂ ਆਈ.ਸੀ.ਐਸ. ਬਣਨਾ ਚਾਹੁੰਦਾ ਸੀ, ਪਰ ਉਨ੍ਹਾਂ ਦੇ ਪਿਤਾ ਨਹੀਂ ਚਾਹੁੰਦੇ ਸਨ ਕਿ ਉਹ ਹਾਕਮ ਬਣੇ। ਇਸ ਲਈ ਜਗਦੀਸ਼ ਚੰਦਰ ਆਈ.ਸੀ.ਐਸ. ਬਣਨ ਦੀ ਥਾਂ ਵਿਗਿਆਨੀ ਬਣਿਆ। ਵਲੈਤ ਤੋਂ ਪੜ੍ਹਾਈ ਕਰਕੇ ਭਾਰਤ ਵਿਚ ਆ ਕੇ ਚੰਦਰ ਨੇ ਅਜਿਹੇ ਤਜ਼ਰਬੇ ਕੀਤੇ ਜਿਨ੍ਹਾਂ

[36] *ਜੀਵਣ ਉਸਰਈਏ*, ਪੰਨਾ ੬੯.

ਕਾਰਨ ਆਪ ਸੰਸਾਰ ਵਿਚ ਪ੍ਰਸਿਧ ਹੋਏ। ਪ੍ਰਸਿਧੀ ਪ੍ਰਾਪਤੀ ਤੋਂ ਬਾਅਦ ਜਗਦੀਸ਼ ਚੰਦਰ ਆਪਣੇ ਫਰਜ਼ਾਂ ਤੋਂ ਅਵੇਸਲੇ ਨਹੀਂ ਹੋਏ। ਉਨ੍ਹਾਂ ਹਮੇਸ਼ਾਂ ਤਨ, ਮਨ ਤੇ ਧਨ ਦੇ ਨਾਲ ਵਿਦਿਆਰਥੀਆਂ ਦੀ ਸਹਾਇਤਾ ਕੀਤੀ। 'ਬੋਸ ਰਿਸਰਚ ਇੰਸਟੀਚਿਊਟ' ਵਰਗੀਆਂ ਸੰਸਥਾਵਾਂ ਆਪ ਦੀ ਸੋਚ ਦਾ ਹੀ ਸਿਟਾ ਹਨ। ਵਿਗਿਆਨ ਦੀ ਦੁਨੀਆਂ ਵਿਚ ਆਪ ਨੇ ਅਨੇਕ ਮਾਣ-ਸਨਮਾਨ ਪ੍ਰਾਪਤ ਕੀਤੇ, ਪਰ ਫਿਰ ਵੀ ਚੰਦਰ ਜੀ ਨੇ ਨਿਮਾਣੇ ਰਹਿ ਕੇ ਜ਼ਿੰਦਗੀ ਬਤੀਤ ਕੀਤੀ। 23 ਨਵੰਬਰ, 1937 ਨੂੰ ਜਗਦੀਸ਼ ਚੰਦਰ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।[37]

*ਸਰ ਸੀ.ਵੀ. ਰਾਮਨ* ਲੇਖ ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਡਾਕਟਰ ਜਗਦੀਸ਼ ਚੰਦਰ ਬੋਸ ਤੋਂ ਪਿਛੋਂ ਸੀ.ਵੀ. ਰਾਮਨ ਦੂਜੇ ਹਿੰਦੁਸਤਾਨੀ ਸਨ, ਜਿਨ੍ਹਾਂ ਨੇ ਵਿਗਿਆਨਕ ਜਗਤ ਵਿਚ ਪ੍ਰਸਿਧੀ ਪ੍ਰਾਪਤ ਕਰਕੇ ਭਾਰਤ ਦਾ ਨਾਂ ਰੌਸ਼ਨ ਕੀਤਾ। ਸੀ.ਵੀ.ਰਾਮਨ ਬਚਪਨ ਤੋਂ ਹੀ ਤੀਖਣ ਬੁਧੀ ਵਾਲਾ ਤੇ ਹੋਣਹਾਰ ਵਿਦਿਆਰਥੀ ਸੀ। ਤੀਖਣ ਬੁਧੀ ਦੇ ਕਾਰਨ ਰਾਮਨ ਨੇ ਅਧਿਆਪਕਾਂ ਦੇ ਦਿਲ ਵਿਚ ਘਰ ਕਰ ਲਿਆ ਸੀ, ਜਿਸ ਕਰਕੇ ਅਧਿਆਪਕ ਰਾਮਨ ਵਿਚ ਵਧੇਰੇ ਦਿਲਚਸਪੀ ਲੈਣ ਲਗ ਪਏ ਸਨ। ਵਿਗਿਆਨ, ਰਾਮਨ ਦਾ ਮਨ ਭਾਉਂਦਾ ਵਿਸ਼ਾ ਸੀ ਤੇ ਉਨ੍ਹਾਂ ਨੇ ਇਸੇ ਵਿਸ਼ੇ ਵਿਚ ਸਫਲਤਾ ਵੀ ਪ੍ਰਾਪਤ ਕੀਤੀ। ਐਮ.ਏ (ਫਿਜਿਕਸ) ਕਰਨ ਤੋਂ ਬਾਅਦ ਰਾਮਨ ਨੇ ਪਦਾਰਥ ਵਿਗਿਆਨ ਉਤੇ ਕਈ ਲੇਖ ਲਿਖੇ, ਜਿਸ ਕਾਰਨ ਵਿਗਿਆਨਕ ਖੋਜ ਲਈ ਉਸਦਾ ਉਤਸ਼ਾਹ ਦੁਗਣਾ ਹੋ ਗਿਆ ਸੀ।

ਐਮ.ਏ. ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਰਾਮਨ ਦੇ ਪ੍ਰੋਫੈਸਰ ਦੁਆਰਾ ਕੀਤੇ ਜਤਨਾਂ ਸਦਕਾ ਮਦਰਾਸ ਸਰਕਾਰ ਨੇ ਇਨ੍ਹਾਂ ਨੂੰ ਵਜੀਫ਼ਾ ਦੇ ਕੇ ਵਲੈਤ ਭੇਜਣ ਦੀ ਤਜ਼ਵੀਜ ਮੰਨ ਲਈ, ਪਰ ਸਰੀਰਕ ਯੋਗਤਾ ਪੂਰੀ ਨਾ ਹੋਣ ਕਾਰਨ ਆਪ ਨੂੰ ਇਹ ਖਿਆਲ ਛਡਣਾ ਪਿਆ। ਇਸ ਤੋਂ ਬਾਅਦ ਰਾਮਨ ਨੇ ਫਾਈਨੈਂਸ ਸਰਵਿਸ ਦਾ ਇਮਤਿਹਾਨ ਪਹਿਲੇ ਨੰਬਰ ਉਤੇ ਰਹਿ ਕੇ ਪਾਸ ਕੀਤਾ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਉਚ ਪਦਵੀ ਉਤੇ ਅਫਸਰ ਨਿਯੁਕਤ ਕਰ ਦਿਤਾ। ਇਸ ਤੋਂ ਬਾਅਦ ਰਾਮਨ ਨੇ ਕਲਕੱਤਾ ਯੂਨੀਵਰਸਿਟੀ ਵਿਚ ਵਿਗਿਆਨ ਦੇ ਪ੍ਰੋਫੈਸਰ ਵਜੋਂ ਅਹੁਦਾ ਸੰਭਾਲਿਆ। ਪ੍ਰੋਫੈਸਰ ਰਾਮਨ ਦੀ ਪ੍ਰੇਰਨਾ ਸਦਕਾ ਵਿਦਿਆਰਥੀਆਂ ਨੇ ਵਿਗਿਆਨਕ ਖੋਜ ਵਿਚ

[37] *ਜੀਵਣ ਉਸਰਈਏ*, ਪੰਨਾ ੨੮.

ਪੂਰੀ ਦਿਲਚਸਪੀ ਦਿਖਾਈ, ਉਨ੍ਹਾਂ ਦੀਆਂ ਖੋਜਾਂ ਨੇ ਕਲਕਤਾ ਯੂਨੀਵਰਸਿਟੀ ਨੂੰ ਵਿਗਿਆਨਕ ਜਗਤ ਵਿਚ ਪ੍ਰਸਿਧ ਬਣਾ ਦਿਤਾ।

ਪ੍ਰੋਫੈਸਰ ਰਾਮਨ ਨੂੰ ਕਲਕਤਾ ਯੂਨੀਵਰਸਿਟੀ ਨੇ 'ਡਾਕਟਰ ਆਫ ਸਾਇੰਸ' ਦੀ ਡਿਗਰੀ ਪ੍ਰਦਾਨ ਕੀਤੀ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ 'ਸਰ' ਦੇ ਖਿਤਾਬ ਨਾਲ ਸਨਮਾਨਿਆ। ਵਿਗਿਆਨ ਦੇ ਵਿਸ਼ੇ ਵਿਚ ਉਨ੍ਹਾਂ ਦੀਆਂ ਖੋਜਾਂ ਕਰਕੇ ਉਨ੍ਹਾਂ ਨੂੰ 'ਨੋਬਲ ਪ੍ਰਾਈਜ਼' ਦਿਤਾ ਗਿਆ। ਅਜਿਹੇ ਦੁਰਲਭ ਸਨਮਾਨ ਪ੍ਰਾਪਤ ਕਰਕੇ ਵੀ ਡਾਕਟਰ ਰਾਮਨ ਸਮਝਦੇ ਸਨ ਕਿ ਵਿਗਿਆਨ ਦੇ ਖੇਤਰ ਵਿਚ ਹਾਲੇ ਉਨ੍ਹਾਂ ਨੇ ਸ਼ੁਰੂਆਤ ਹੀ ਕੀਤੀ ਹੈ।

*ਦਾਰਸ਼ਨਿਕ ਨੇਤਾ (ਸ਼ੰਕਰਾਚਾਰੀਆ)* ਲੇਖ ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਸ਼ੰਕਰਾਚਾਰੀਆ ਬਾਰ੍ਹਾਂ ਸੌ ਸਾਲ ਪਹਿਲਾਂ ਦਖਣ ਵਿਚ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਏ। ਤੀਖਣ ਬੁਧੀ ਦੇ ਕਾਰਨ ਅਠ ਸਾਲ ਦੀ ਉਮਰ ਵਿਚ ਦਾਰਸ਼ਨਿਕ ਸਮੱਸਿਆ ਉਤੇ ਵਿਚਾਰ ਕਰਨ ਲਗ ਪਏ ਸਨ। ਬਚਪਨ ਤੋਂ ਹੀ ਸ਼ੰਕਰ ਦੁਨਿਆਵੀ ਗੱਲਾਂ ਤੋਂ ਨਿਰਲੇਪ ਸਨ। ਉਹ ਸੰਨਿਆਸੀ ਬਣ ਕੇ ਭਾਰਤ ਵਿਚ ਵੈਦਿਕ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। ਇਸ ਲਈ ਉਹ ਨਰਬਦਾ ਨਦੀ ਦੇ ਕੰਢੇ ਉਤੇ ਬਣੇ ਸੰਨਿਆਸੀਆਂ ਦੇ ਪ੍ਰਸਿਧ ਵਿਦਿਆ ਕੇਂਦਰ ਵਿਚ ਚਲੇ ਗਏ। ਇਥੇ ਸ਼ੰਕਰ ਨੇ ਆਚਾਰੀਆ ਗੋਬਿੰਦ ਪਾਦ ਤੋਂ ਬ੍ਰਹਮ-ਵਿਦਿਆ ਦਾ ਰਹੱਸ ਸਮਝਿਆ। ਇਸ ਤੋਂ ਬਾਅਦ ਉਹ ਕਾਂਸ਼ੀ ਗਏ। ਕਾਂਸ਼ੀ ਵਿਚ ਉਨ੍ਹਾਂ ਨੇ ਵਖ-ਵਖ ਮਤਾਂ ਦੇ ਪੰਡਤਾਂ ਨਾਲ ਸ਼ਾਸਤਾਰਥ ਕੀਤਾ ਤੇ ਸਭ ਨੂੰ ਆਪਣੀਆਂ ਦਲੀਲਾਂ ਨਾਲ ਹਰਾ ਦਿਤਾ।

ਇਸ ਤੋਂ ਬਾਅਦ ਸ਼ੰਕਰਾਚਾਰੀਆ ਨੇ ਗੋਵਰਧਨ ਮਠ ਪੁਰੀ ਵਿਚ ਸਥਾਪਿਤ ਕੀਤਾ। ਫਿਰ ਦਵਾਰਕਾ ਵਿਚ ਸ਼ਾਰਦਾ ਮਠ ਤੇ ਚੌਥਾ ਮਠ ਹਿਮਾਲਾ ਵਿਖੇ ਜੋਸ਼ੀ ਮਠ ਸਥਾਪਿਤ ਕੀਤਾ। ਉਨ੍ਹਾਂ ਦਾ 'ਵੇਦਾਂਤ ਭਾਸ਼ਯ' ਸੰਸਾਰ ਦੇ ਦਾਰਸ਼ਨਿਕ ਸਾਹਿਤ ਵਿਚ ਚੰਗੀ ਪਦਵੀ ਰਖਦਾ ਹੈ। ਸ਼ੰਕਰਾਚਾਰੀਆ ਸਿਰਫ਼ ਫਿਲਾਸਫ਼ਰ ਹੀ ਨਹੀਂ ਸਨ, ਉਹ ਕਵੀ, ਯੋਗੀ ਅਤੇ ਸੁਧਾਰਕ ਵੀ ਸਨ। 32 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਐਨੀ ਛੋਟੀ ਉਮਰ ਵਿਚ ਹੀ ਉਹ ਪ੍ਰਸਿਧ ਦਾਰਸ਼ਨਿਕ ਵਜੋਂ ਸਥਾਪਿਤ ਹੋਏ।

*ਸਰ ਰਾਧਾ ਕ੍ਰਿਸ਼ਨਨ* ਲੇਖ ਵਿਚ ਸਰ ਰਾਧਾ ਕ੍ਰਿਸ਼ਨਨ ਦੇ ਜੀਵਨ ਉਤੇ ਰੌਸ਼ਨੀ ਪਾਈ ਗਈ ਹੈ। ਉਹ ਇਕ ਗਰੀਬ ਤੈਲਗੂ ਬ੍ਰਾਹਮਣ ਦੇ ਘਰ ਮਦਰਾਸ ਵਿਖੇ ਪੈਦਾ ਹੋਏ। ਆਪ ਨੇ ਮੁਢਲੀ ਪੜ੍ਹਾਈ ਪਿੰਡ ਤੋਂ ਕਰਨ ਬਾਅਦ ਬੀ.ਏ. (ਵੇਲੌਰ) ਅਤੇ ਐਮ.ਏ. ਫਿਲਾਸਫ਼ੀ (ਮਦਰਾਸ) ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਆਮ.ਏ. ਪਾਸ ਕਰਨ ਪਿਛੋਂ ਕ੍ਰਿਸ਼ਨਨ ਨੇ ਜੀਵਨ ਦੇ ਵਖ-ਵਖ ਪੜਾਵਾਂ ਉਤੇ ਕਈ ਉਚ ਅਹੁਦਿਆਂ ਉਤੇ ਰਹਿ ਕੇ ਸੇਵਾ ਕੀਤੀ, ਜਿਵੇਂ ਸਭ ਤੋਂ ਪਹਿਲਾਂ ਉਹ ਮਦਰਾਸ ਦੇ ਪ੍ਰੈਜ਼ੀਡੈਂਸੀ ਕਾਲਜ ਵਿਚ ਲੈਕਚਰਾਰ ਵਜੋਂ ਨਿਯੁਕਤ ਹੋਏ। ਇਥੇ ਹੀ ਸਹਾਇਕ ਪ੍ਰੋਫੈਸਰ ਤੇ ਫਿਰ ਪ੍ਰੋਫੈਸਰ ਬਣ ਗਏ। ਉਪਰੰਤ ਮੈਸੂਰ ਵਿਚ ਦਰਸ਼ਨ ਵਿਦਿਆ ਦੇ ਪ੍ਰੋਫੈਸਰ ਰਹੇ। ਉਹ ਆਕਸਫਾਰਡ ਮਾਨਚੈਸਟਰ ਕਾਲਜ (ਯੂ.ਕੇ) ਵਿਚ ਤੁਲਨਾਤਮਿਕ ਧਰਮ ਦੇ ਪ੍ਰੋਫੈਸਰ ਵੀ ਰਹੇ। ਉਹ ਆਂਧਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਰਹੇ।

ਰਾਧਾ ਕ੍ਰਿਸ਼ਨਨ ਦੀ ਪਹਿਲੀ ਪੁਸਤਕ *ਦੀ ਫ਼ਿਲਾਸਫ਼ੀ ਆਫ ਰਾਬਿੰਦਰ ਨਾਥ ਟੈਗੋਰ* ੧੯੧੮ ਵਿਚ ਪ੍ਰਕਾਸ਼ਿਤ ਹੋਈ। ਇਸ ਤੋਂ ਬਾਅਦ ਆਪ ਨੇ ਕਈ ਪੁਸਤਕਾਂ ਲਿਖੀਆਂ, ਜਿਵੇਂ *ਦੀ ਰੇਨ ਆਫ ਰੀਲਿਜ਼ਨ ਇਨ ਕੌਨਟੈਂਪਰੇਰੀ ਫਿਲਾਸਫ਼ੀ*, *ਇੰਡੀਅਨ ਫ਼ਿਲਾਸਫ਼ੀ* ਅਤੇ *ਹਿੰਦੂ ਵਿਉ ਆਫ਼ ਲਾਈਫ਼* ਆਦਿ।

ਸਰ ਰਾਧਾ ਕ੍ਰਿਸ਼ਨਨ ਇਕ ਅਜਿਹੇ ਵਿਦਵਾਨ ਸਨ, ਜਿਨ੍ਹਾਂ ਨੇ ਭਾਰਤੀ ਦਰਸ਼ਨ ਨੂੰ ਪਛਮ ਤਕ ਪਹੁੰਚਾਇਆ। ਇਹ ਸਰ ਰਾਧਾ ਕ੍ਰਿਸ਼ਨਨ ਹੀ ਸਨ, ਜਿਨ੍ਹਾਂ ਨੇ ਭਾਰਤੀ ਦਰਸ਼ਨ ਬਾਰੇ ਪੁਸਤਕਾਂ ਲਿਖ ਕੇ ਤੇ ਲੈਕਚਰ ਦੇ ਕੇ ਪਛਮੀ ਵਿਦਵਾਨਾਂ ਦੇ ਭੁਲੇਖੇ ਦੂਰ ਕੀਤੇ। ਇਕ ਗਰੀਬ ਬ੍ਰਾਹਮਣ ਦੇ ਘਰ ਪੈਦਾ ਹੋ ਕੇ ਭਾਰਤ ਦੇ ਰਾਸ਼ਟਰਪਤੀ ਦੀ ਪਦਵੀ ਤਕ ਪਹੁੰਚਣਾ ਇਨ੍ਹਾਂ ਦੀ ਮਿਹਨਤ, ਸਚਾਈ ਅਤੇ ਯੋਗਤਾ ਦਾ ਹੀ ਸਿਟਾ ਸੀ।

*ਸਮਾਜਿਕ ਨੇਤਾ (ਭਗਤ ਕਬੀਰ ਜੀ)* ਲੇਖ ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਭਗਤ ਕਬੀਰ ਜੀ ਇਕ ਕ੍ਰਾਂਤੀਕਾਰੀ ਜੋਧੇ ਸਨ, ਜਿਨ੍ਹਾਂ ਨੇ ਧਰਮ ਤੇ ਸਮਾਜ ਦੋਹਾਂ ਵਿਚ ਨਵੀਆਂ ਲੀਹਾਂ ਤੋਰੀਆਂ। ਆਪਣੇ ਵਿਚਾਰਾਂ ਨੂੰ ਕਬੀਰ ਜੀ ਨਿਡਰ ਹੋ ਕੇ ਪ੍ਰਗਟਾਉਂਦੇ ਸਨ। ਇਸ ਕਾਰਨ ਭਗਤ ਜੀ ਨੂੰ ਕਸ਼ਟ ਵੀ ਝਲਣੇ ਪਏ, ਪਰ ਆਪ ਆਪਣੇ ਵਿਚਾਰਾਂ ਉਤੇ ਹਮੇਸ਼ਾਂ ਡਟੇ ਰਹੇ। ਭਗਤ ਕਬੀਰ ਜੀ ਦੇ ਜਨਮ ਬਾਰੇ ਡਾ. ਸ਼ੇਰ ਸਿੰਘ ਨੇ ਦੋ ਸਾਖੀਆਂ ਦਸੀਆਂ ਹਨ। ਪ੍ਰਚਲਤ ਸਾਖੀਆਂ

ਵਿਚ ਭਗਤ ਕਬੀਰ ਜੀ ਨੂੰ ਹਿੰਦੂ ਦੇ ਘਰ ਜਨਮਿਆ ਮੰਨਿਆ ਹੈ ਅਤੇ ਜੁਲਾਹਿਆਂ ਦੇ ਘਰ ਪਾਲਣ-ਪੋਸ਼ਣ ਹੋਇਆ ਦਸਿਆ ਗਿਆ ਹੈ। ਡਾ. ਸ਼ੇਰ ਸਿੰਘ ਨੇ ਗੁਰਬਾਣੀ ਦੇ ਅਧਾਰ ਉਤੇ ਮੰਨਿਆ ਹੈ ਕਿ ਭਗਤ ਕਬੀਰ ਜੀ ਦਾ ਜਨਮ ਜੁਲਾਹਿਆਂ ਦੇ ਘਰ ਹੋਇਆ ਤੇ ਉਹ ਜਨਮ ਤੋਂ ਹੀ ਮੁਸਲਮਾਨ ਸਨ।

ਡਾ. ਸ਼ੇਰ ਸਿੰਘ ਅਨੁਸਾਰ ਕਬੀਰ ਜੀ ਦੀ ਬਾਲ-ਅਵਸਥਾ ਤੇ ਮੁਢਲੇ ਜੀਵਨ ਦਾ ਵਰਣਨ ਘਟ ਮਿਲਦਾ ਹੈ, ਪਰ ਡਾ. ਸਾਹਿਬ ਅਨੁਸਾਰ ਕਬੀਰ ਜੀ ਦੇ ਸੁਆਮੀ ਰਾਮਾਨੰਦ ਜੀ ਤੋਂ ਗੁਰੂ-ਦੀਖਿਆ ਲੈਣ ਬਾਰੇ ਇਕ ਬੜੀ ਦਿਲਚਸਪ ਕਹਾਣੀ ਪ੍ਰਸਿਧ ਹੈ, ਜਿਵੇਂ :

> *ਸੁਆਮੀ ਰਾਮਾਨੰਦ ਜੀ ਹਰ ਰੋਜ਼ ਅੰਮ੍ਰਿਤ ਵੇਲੇ ਗੰਗਾ ਦੇ 'ਮਨੀ ਕਰਿਣਕਾ' ਘਾਟ ਤੇ ਅਸ਼ਨਾਨ ਕਰਨ ਜਾਇਆ ਕਰਦੇ ਸਨ। ਕਬੀਰ ਜੀ ਇਕ ਦਿਨ ਅੱਧੀ ਰਾਤੀ ਉਨ੍ਹਾਂ ਦੇ ਰਸਤੇ ਵਿਚ ਜਾ ਲੰਮੇ ਪਏ। ਹਨ੍ਹੇਰੇ ਵਿਚ ਸੁਆਮੀ ਰਾਮਾਨੰਦ ਜੀ ਦੇ ਚਰਨ ਦੀ ਠੋਕਰ ਕਬੀਰ ਜੀ ਨੂੰ ਲਗੀ ਤੇ ਉਨ੍ਹਾਂ ਦੇ ਮੁਖੋਂ 'ਰਾਮ ਰਾਮ' ਨਿਕਲਿਆ। ਕਬੀਰ ਲਈ ਏਹੀ ਗੁਰਮੰਤਰ ਸੀ। ਉਸ ਦਿਨ ਤੋਂ ਉਨ੍ਹਾਂ ਨੇ ਰਾਮਾਨੰਦ ਜੀ ਨੂੰ ਆਪਣਾ ਗੁਰੂ ਕਹਿਣਾ ਸ਼ੁਰੂ ਕਰ ਦਿਤਾ।*[38]

ਕਬੀਰ ਜੀ ਦੇ ਜੀਵਨ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਜੋ ਕੰਮ ਦੂਸਰਿਆਂ ਨੂੰ ਕਰਨ ਲਈ ਕਹਿੰਦੇ ਹਨ ਉਸ ਨੂੰ ਪਹਿਲਾਂ ਆਪ ਕਰਦੇ ਸਨ। ਉਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਭੇਦ ਨਹੀਂ ਸੀ। ਉਨ੍ਹਾਂ ਦੀ ਬਾਣੀ ਹੀ ਉਪਦੇਸ਼-ਭਰੀ ਨਹੀਂ ਸੀ, ਉਨ੍ਹਾਂ ਦਾ ਸਾਰਾ ਜੀਵਨ ਹੀ ਆਦਰਸ਼ਕ ਤੇ ਉਪਦੇਸ਼ਮਈ ਸੀ।

*ਮਹਾਤਮਾ ਗਾਂਧੀ* ਲੇਖ ਵਿਚ ਡਾ. ਸ਼ੇਰ ਸਿੰਘ ਨੇ ਗਾਂਧੀ ਦੇ ਜੀਵਨ ਦੀਆਂ ਲਗਪਗ ਸਾਰੀਆਂ ਘਟਨਾਵਾਂ ਪੇਸ਼ ਕੀਤੀਆਂ ਹਨ, ਜਿਵੇਂ ਜਨਮ, ਵਿਦਿਆ, ਵਿਆਹ, ਜਵਾਨੀ ਦੀ ਅਵਸਥਾ, ਵਲੈਤ ਜਾਣਾ, ਰਾਜਸੀ ਖੇਤਰ ਵਿਚ ਯੋਗਦਾਨ ਆਦਿ। ਡਾ. ਸ਼ੇਰ ਸਿੰਘ ਨੇ ਜਦੋਂ ਇਹ ਲੇਖ ਲਿਖਿਆ, ਉਸ ਸਮੇਂ ਗਾਂਧੀ ਸੁਤੰਤਰਤਾ ਦੀ ਲੜਾਈ ਵਿਚ ਪੂਰੇ ਸਰਗਰਮ ਸਨ। ਇਸ ਕਰਕੇ

[38] *ਜੀਵਣ ਉਸਰਈਏ*, ਪੰਨਾ ੧੧੫.

ਡਾ. ਸ਼ੇਰ ਸਿੰਘ ਨੇ ਉਨ੍ਹਾਂ ਬਾਰੇ ਜੋ ਵੀ ਲਿਖਿਆ ਉਹ ਸਮੇਂ ਦੀ ਤਸਵੀਰ ਹੈ। ਬਾਅਦ ਵਿਚ ਗਾਂਧੀ ਦਾ ਜੀਵਨ ਕਿਸ ਤਰ੍ਹਾਂ ਦਾ ਸੀ ਜਾਂ ਗਾਂਧੀ ਨਾਲ ਕਿਸ ਤਰ੍ਹਾਂ ਲੋਕਾਂ ਦਾ ਮਤਭੇਦ ਹੋਇਆ, ਇਸ ਬਾਰੇ ਲੇਖਕ ਨੇ ਕੋਈ ਵਿਚਾਰ ਨਹੀਂ ਦਿਤੇ। ਵੈਸੇ ਵੀ ਡਾ. ਸ਼ੇਰ ਸਿੰਘ ਦੀਆਂ ਕਈ ਰਚਨਾਵਾਂ ਵਿਚ ਗਾਂਧੀ ਦਾ ਜ਼ਿਕਰ ਆਇਆ ਹੈ, ਜਿਸ ਤੋਂ ਸਿਧ ਹੁੰਦਾ ਹੈ ਕਿ ਡਾ. ਸ਼ੇਰ ਸਿੰਘ ਗਾਂਧੀ ਦੇ ਸਮਰਥਕ ਹੋਣ ਨਾਤੇ ਰਾਸ਼ਟਰਵਾਦੀ ਸੋਚ ਦੇ ਧਾਰਨੀ ਸਨ।

ਸਮੁਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਸ਼ੇਰ ਸਿੰਘ ਦਾ ਇਹ ਉਪਰਾਲਾ ਸਾਰਥਕ ਹੈ, ਜਿਹੜਾ ਪਾਠਕਾਂ ਨੂੰ ਜ਼ਿੰਦਗੀ ਵਿਚ ਅਗਾਂਹ ਵਧਣ ਦੀ ਪ੍ਰੇਰਨਾ ਦਿੰਦਾ ਹੈ।

### 2.3.9 Thoughts on Forms & Symbols in Sikhism

ਡਾ. ਸ਼ੇਰ ਸਿੰਘ ਦੁਆਰਾ ਸੰਪਾਦਿਤ ਇਹ ਪੁਸਤਕ ਮਰਕਨਟਾਈਲ ਪ੍ਰੈਸ, ਲਾਹੌਰ ਵਲੋਂ 1927 ਵਿਚ ਪ੍ਰਕਾਸ਼ਿਤ ਹੋਈ। ਇਸ ਦੇ ਕੁਲ 12 ਅਧਿਆਇ ਹਨ, ਜਿਨ੍ਹਾਂ ਵਿਚ ਕਰਤਾ ਨੇ ਮਦਨ ਗੋਪਾਲ ਸਿੰਘ, ਸ. ਮੰਗਲ ਸਿੰਘ, ਸ. ਜੋਗਿੰਦਰ ਸਿੰਘ, ਸ੍ਰੀ ਐਸ.ਪਰਤਾਬ, ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋ. ਗੁਰਮੁਖ ਨਿਹਾਲ ਸਿੰਘ ਅਤੇ ਸ. ਸਰਦੂਲ ਸਿੰਘ ਕਵੀਸ਼ਰ ਦੇ ਵਿਚਾਰ ਸੰਪਾਦਿਤ ਕੀਤੇ ਹਨ। ਪ੍ਰੋ. ਮਦਨ ਗੋਪਾਲ ਸਿੰਘ, ਜਿਹੜੇ ਕਿ ਉਸ ਸਮੇਂ ਗੌਰਮਿੰਟ ਕਾਲਜ ਸਿੱਖ ਐਸੋਸੀਏਸ਼ਨ, ਲਾਹੌਰ ਦੇ ਹੋਣਹਾਰ ਮੈਂਬਰ ਸਨ, ਨੇ ਇਸ ਪੁਸਤਕ ਦੀ ਭੂਮਿਕਾ ਲਿਖੀ ਹੈ।

ਡਾ. ਸ਼ੇਰ ਸਿੰਘ ਅਨੁਸਾਰ ਉਨ੍ਹਾਂ ਦੇ ਇਕ ਮਿਤਰ ਦੁਆਰਾ ਸਿੱਖਾਂ ਦੇ ਬਾਹਰੀ ਰੂਪ ਤੇ ਚਿੰਨ੍ਹਾਂ ਉਤੇ ਸਵਾਲੀਆ ਚਿੰਨ੍ਹ ਲਗਾਉਣ/ ਸ਼ੰਕਾ ਪ੍ਰਗਟ ਕਰਨ ਉਤੇ ਉਨ੍ਹਾਂ ਨੂੰ ਇਹ ਪੁਸਤਕ ਸੰਪਾਦਿਤ ਕਰਨ ਦੀ ਲੋੜ ਮਹਿਸੂਸ ਹੋਈ। ਉਨ੍ਹਾਂ ਦਾ ਮਿਤਰ ਉਸ ਸਮੇਂ ਆਈਓਵਾ ਯੂਨੀਵਰਸਿਟੀ (ਅਮਰੀਕਾ) ਵਿਖੇ ਪੜ੍ਹਦਾ ਸੀ। ਉਸ ਨੇ ਡਾ. ਸ਼ੇਰ ਸਿੰਘ ਨੂੰ ਇਕ ਪਤਰ ਲਿਖ ਆਪਣਾ ਉਕਤ ਸ਼ੰਕਾ ਜਾਹਰ ਕੀਤਾ। ਇਸ ਪਤਰ ਦਾ ਅਨੁਵਾਦ 'ਅਕਾਲੀ' ਤੇ 'ਪਰਦੇਸੀ' ਰਸਾਲਿਆਂ ਵਿਚ 20 ਅਕਤੂਬਰ, 1926 ਨੂੰ ਪ੍ਰਕਾਸ਼ਿਤ ਕੀਤਾ ਗਿਆ ਤਾਂ ਜੋ ਇਸ ਸੰਬੰਧ ਵਿਚ ਇਕ ਬਹਿਸ ਆਮ ਵਿਦਵਾਨਾਂ ਜਾਂ ਪਾਠਕਾਂ ਤਕ ਛੇੜੀ ਜਾ ਸਕੇ।[39] ਸੰਪਾਦਕ ਅਨੁਸਾਰ ਵਿਦੇਸ਼ਾਂ ਵਿਚ ਪੜ੍ਹਦੇ ਨੌਜਵਾਨ ਸਿੱਖ ਇਹ

---

[39] *Thoughts of Froms & Symbols in Sikhism*, p. 1.

ਮਹਿਸੂਸ ਕਰਦੇ ਹਨ ਕਿ ਸਿੱਖਾਂ ਦੇ ਬਾਹਰੀ ਰੂਪ ਤੇ ਚਿੰਨ੍ਹਾਂ ਦੀ ਕੀ ਲੋੜ ਹੈ? ਇਨ੍ਹਾਂ ਦਾ ਮੁਖ ਸਵਾਲ ਕੇਸਾਂ ਉਤੇ ਹੁੰਦਾ ਹੈ। ਸੰਪਾਦਕ ਦਾ ਕਹਿਣਾ ਹੈ ਕਿ ਇਹ ਸਵਾਲ ਉਨ੍ਹਾਂ ਦੇ ਜਿਹਨ ਵਿਚ ਇਸ ਲਈ ਉਤਰਦਾ ਹੈ ਕਿਉਂਕਿ ਉਨ੍ਹਾਂ ਦਾ ਪਛਮੀ ਲੋਕਾਂ ਨਾਲ ਸਮਾਜਿਕ ਮੇਲ-ਜੋਲ ਹੀ ਐਨਾ ਵਧ ਗਿਆ ਹੈ ਕਿ ਉਹ ਲੋਕ ਸਿੱਖ-ਸਿਧਾਂਤਾਂ ਤੋਂ ਬਿਲਕੁਲ ਅਨਜਾਣ ਹੋਣ ਕਾਰਨ, ਇਨ੍ਹਾਂ ਉਤੇ ਸ਼ੰਕੇ ਕਰਨ ਲਗ ਪਏ ਹਨ। ਇਸ ਸਭ ਦਾ ਇਕ ਵਡਾ ਕਾਰਨ ਸੰਪਾਦਕ ਅਨੁਸਾਰ ਵਿਦੇਸ਼ਾਂ ਵਿਚ ਸਿੱਖ ਸਾਹਿਤ ਦੀ ਅਣਹੋਂਦ ਹੈ।

ਸੰਪਾਦਕ ਦਸਦਾ ਹੈ ਕਿ ਅਜਕਲ (1920-30) ਸਾਡੇ ਘਰਾਂ ਵਿਚ ਵੀ ਸਿੱਖ ਨੌਜਵਾਨ ਬੱਚੇ ਸਿੱਖ ਧਰਮ ਵਿਚਲੇ ਬਾਹਰੀ ਰੂਪ ਤੇ ਪ੍ਰਤੀਕਾਂ ਦੀ ਲੋੜ ਅਤੇ ਵਰਤੋਂ ਬਾਰੇ ਸ਼ੰਕਾ ਪ੍ਰਗਟ ਕਰਨ ਲਗ ਪਏ ਹਨ। ਸੰਪਾਦਕ ਅਨੁਸਾਰ ਇਸ ਗਲ ਦਾ ਵਡਾ ਕਾਰਨ ਉਚ-ਮਿਆਰੀ ਪ੍ਰਚਾਰ ਦੀ ਅਣਹੋਂਦ ਹੈ। ਇਸ ਤੋਂ ਇਲਾਵਾ ਸਿੱਖ-ਧਰਮ, ਇਤਿਹਾਸ, ਧਰਮ ਦਰਸ਼ਨ ਅਤੇ ਸਾਹਿਤ ਬਾਰੇ ਮਿਆਰੀ ਕਿਸਮ ਦੇ ਕਾਰਜਾਂ ਦੀ ਅਣਹੋਂਦ ਵੀ ਉਕਤ ਗਲਤ-ਫਹਿਮੀ ਦਾ ਕਾਰਨ ਹਨ। ਡਾ. ਸ਼ੇਰ ਸਿੰਘ ਦਾ ਇਹ ਮੰਨਣਾ ਹੈ ਕਿ ਇਨ੍ਹਾਂ ਕਾਰਜਾਂ ਲਈ ਨਾ ਤਾਂ ਸਾਡੇ ਕੋਲ ਸਮਾਂ ਹੈ ਤੇ ਨਾ ਹੀ ਯੋਗਤਾ। ਸਾਡੀ ਯੋਗਤਾ ਕੇਵਲ ਚੰਗੇ ਸਿਪਾਹੀ ਹੋਣਾ ਹੀ ਮੰਨੀ ਗਈ ਹੈ। ਬੇਸ਼ਕ ਸਾਨੂੰ ਇਸ ਪਖ ਤੋਂ ਆਪਣੇ ਆਪ ਉਤੇ ਮਾਣ ਮਹਿਸੂਸ ਹੋਣਾ ਚਾਹੀਦਾ ਹੈ, ਪਰ ਫਿਰ ਵੀ ਸਾਨੂੰ ਇਸ ਦੀ ਪੂਰਨਤਾ ਵਲ ਵਧਣਾ ਚਾਹੀਦਾ ਹੈ। ਅਕਾਲੀ ਲਹਿਰ ਦੇ ਮੋਢੀਆਂ ਨੇ ਵੀ ਏਹੋ ਕਰਕੇ ਦਿਖਾਇਆ ਸੀ, ਪਰ ਦੁਖਿਤ ਹਿਰਦੇ ਨਾਲ ਸੰਪਾਦਕ ਕਹਿੰਦਾ ਹੈ ਕਿ ਅਸੀਂ ਇਸ ਤੋਂ ਅਗੇ ਕੁਝ ਨਹੀਂ ਕਰ ਸਕੇ।

ਡਾ. ਸ਼ੇਰ ਸਿੰਘ ਦਾ ਕਹਿਣਾ ਹੈ ਕਿ ਗੁਰੂ-ਕਾਲ ਦੌਰਾਨ ਸਿੱਖੀ ਦਾ ਜਿਹੜਾ ਪ੍ਰਚਾਰ ਹੁੰਦਾ ਸੀ, ਦਸਵੇਂ ਪਾਤਿਸ਼ਾਹ ਤੋਂ ਕੁਝ ਸਮਾਂ ਪਿਛੋਂ ਉਹ ਪ੍ਰਚਾਰ ਬੰਦ ਹੋ ਗਿਆ। ਸਿੱਖ ਰਾਜ ਸਮੇਂ ਇਸ ਦਾ ਰੂਪ ਬਿਲਕੁਲ ਹੀ ਬਦਲ ਕੇ ਕੁਝ ਹੋਰ ਹੀ ਹੋ ਗਿਆ। ਹੌਲੀ-ਹੌਲੀ ਸਿੱਖਾਂ ਦਾ ਪਤਨ ਹੁੰਦਾ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਉਪਰੰਤ ਕੁਝ ਸਾਲਾਂ ਦੇ ਵਕਫੇ ਪਿਛੋਂ ਪਤਨ ਨੂੰ ਦੇਖਦੇ ਹੋਏ ਸਿੰਘ ਸਭਾ ਦਾ ਆਗਾਜ਼ ਹੋਇਆ, ਜਿਸ ਦੇ ਸਿਟੇ ਵਜੋਂ ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ ਹੋਂਦ ਵਿਚ ਆਈਆਂ। ਇਨ੍ਹਾਂ ਲਹਿਰਾਂ ਨੇ ਸਿੱਖਾਂ ਨੂੰ ਹਲੂਣਾ ਦਿਤਾ।

ਸੰਪਾਦਕ ਦਾ ਮੰਨਣਾ ਹੈ ਕਿ ਪਹਿਲਾਂ ਅਸੀਂ ਗਫਲਤ ਦੀ ਨੀਂਦ ਸੁਤੇ ਹੋਏ ਸਾਂ, ਫਿਰ ਸਾਨੂੰ ਜਾਗ ਆਈ, ਜਿਸ ਸਦਕਾ ਅਸੀਂ ਆਪਣੇ ਆਪ ਨੂੰ ਰਣ-ਭੂਮੀ ਵਿਚ ਖੜ੍ਹੇ ਮਹਿਸੂਸ ਕੀਤਾ। ਇਸ

ਗਲ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਅਸੀਂ ਸੁਹਿਰਦ ਹੋਣ ਜਾਂ ਸੁਚੇਤ ਹੋਣ ਲਈ ਕਿੰਨੀ ਤਰਸਯੋਗ ਹਾਲਤ ਵਿਚ ਹਾਂ।

ਸਮੁਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਸ਼ੇਰ ਸਿੰਘ ਨੇ ਇਹ ਪੁਸਤਕ ਸਿੱਖ ਪੰਥ ਦੇ ਬੜੇ ਗੰਭੀਰ ਤੇ ਭਾਵੁਕ ਮਸਲੇ ਦੇ ਮਦੇਨਜ਼ਰ ਸੰਪਾਦਿਤ ਕੀਤੀ ਹੈ, ਜਿਸ ਦਾ ਵਿਦਵਾਨਾਂ ਤੇ ਪਾਠਕਾਂ ਨੂੰ ਨੋਟਿਸ ਲੈਣਾ ਬਣਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਡਾ. ਸ਼ੇਰ ਸਿੰਘ ਦੀ ਇਹ ਪੁਸਤਕ ਕੁਝ ਹੋਰ ਸਿੱਖ ਵਿਦਵਾਨਾਂ ਦੀ ਰਾਇ ਸ਼ਾਮਲ ਕਰਕੇ ਡਾ. ਮਹਿੰਦਰ ਸਿੰਘ (ਦਿੱਲੀ ਵਾਲੇ) ਨੇ ਆਪਣੇ ਨਾਮ ਉਤੇ ਛਪਵਾਈ ਹੈ, ਜਿਹੜੀ ਕਿ ਵਿਦਵਾਨਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

### 2.3.10 Philosophy of Sikhism

ਇਹ ਪੁਸਤਕ ਮੂਲ ਰੂਪ ਵਿਚ ਡਾ. ਸ਼ੇਰ ਸਿੰਘ ਦੁਆਰਾ ਕੀਤਾ ਹੋਇਆ ਪੀਐਚ.ਡੀ. ਖੋਜ-ਪ੍ਰਬੰਧ ਹੈ, ਜਿਹੜਾ 1944 ਵਿਚ ਪਹਿਲੀ ਵਾਰ ਸਿੱਖ ਯੂਨੀਵਰਸਿਟੀ ਪ੍ਰੈਸ, ਲਾਹੌਰ ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਭਾਰਤ-ਪਾਕਿ ਵੰਡ ਹੋਣ ਕਾਰਨ ਜਿਥੇ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ, ਉਥੇ ਇਸ ਦੁਖਾਂਤ ਤੋਂ ਡਾ. ਸ਼ੇਰ ਸਿੰਘ ਵੀ ਅਭਿਜ ਨਾ ਰਹਿ ਸਕੇ। ਹਾਲਾਤ ਬਦਲਣ ਕਾਰਨ ਉਨ੍ਹਾਂ ਨੇ ਇਸ ਪੁਸਤਕ ਦੇ ਸਮੇਤ ਪੰਜਾਬੀ ਅਨੁਵਾਦ (ਗੁਰਮਤਿ ਦਰਸ਼ਨ) ਦੇ ਪ੍ਰਕਾਸ਼ਨ ਦੇ ਸਾਰੇ ਹਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਦੇ ਦਿਤੇ। ਸ਼੍ਰੋਮਣੀ ਕਮੇਟੀ ਨੇ ਇਸ ਪੁਸਤਕ ਦੀ ਇਕ ਵਾਰ ਪ੍ਰਕਾਸ਼ਨਾ ਕਰਕੇ ਪੁਨਰ-ਪ੍ਰਕਾਸ਼ਨਾ ਨਹੀਂ ਕੀਤੀ। ਇਹ ਦੇਖਦੇ ਹੋਏ ਡਾ. ਸ਼ੇਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਬਣਦੀ ਫੀਸ ਦੇ ਕੇ ਪੁਸਤਕ ਦੀ ਪ੍ਰਕਾਸ਼ਨਾ ਦੇ ਹਕ ਵਾਪਿਸ ਲੈ ਲਏ ਅਤੇ 1966 ਵਿਚ ਸਟਰਲਿੰਗ ਪਬਲਿਸ਼ਰਜ਼, ਦਿੱਲੀ ਪਾਸੋਂ ਇਸ ਦੀ ਪੁਨਰ-ਪ੍ਰਕਾਸ਼ਨਾ ਕਰਵਾਈ। ਮੁੜ ਤੀਜੀ ਵਾਰ ਇਸ ਦੀ ਪ੍ਰਕਾਸ਼ਨਾ ਸਟਰਲਿੰਗ ਪਬਲਿਸ਼ਰਜ਼, ਦਿੱਲੀ ਦੁਆਰਾ ਹੀ 1969 ਵਿਚ ਕੀਤੀ ਗਈ।

ਪੁਸਤਕ ਵਿਚਲੀ ਬਹੁਤੀ ਸਮਗਰੀ ਡਾ. ਸ਼ੇਰ ਸਿੰਘ ਨੇ ਆਪਣੇ ਪੀਐਚ.ਡੀ ਖੋਜ-ਪ੍ਰਬੰਧ ਵਿਚੋਂ ਲਈ ਹੈ। ਇਸ ਤੋਂ ਬਿਨ੍ਹਾਂ ਇਸ ਵਿਚਲੇ ਅਠ ਵਿਸ਼ੇ ਡਾ. ਸ਼ੇਰ ਸਿੰਘ ਦੁਆਰਾ ਵਿਦੇਸ਼ ਰਹਿੰਦੇ ਹੋਏ ਦਿਤੇ ਲੈਕਚਰ ਹਨ। ਪੁਸਤਕ ਦੇ ਲਗਪਗ 85000 ਸ਼ਬਦ ਹਨ, ਜਿਨ੍ਹਾਂ ਨੂੰ ਚਾਰ ਮੁਖ ਭਾਗਾਂ (ਭੂਮਿਕਾ, ਸਿੱਖ ਧਰਮ ਦੇ ਸਰੋਤ, ਸਿਧਾਂਤਕ ਦਰਸ਼ਨ ਅਤੇ ਵਿਹਾਰਕ ਦਰਸ਼ਨ) ਵਿਚ ਵੰਡਿਆ

ਗਿਆ ਹੈ। ਇਹ ਅਗੋਂ ਸੋਲਾਂ ਅਧਿਆਇਆਂ ਵਿਚ ਵੰਡੇ ਹੋਏ ਹਨ। ਡਾ. ਸ਼ੇਰ ਸਿੰਘ ਅਨੁਸਾਰ ਪੁਸਤਕ ਦੀ ਦਰਸ਼ਨ ਸੰਬੰਧੀ ਖੋਜ ਸਮਗਰੀ ਸਿੱਖ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਖਿੰਡਵੇਂ ਰੂਪ ਵਿਚ ਮੌਜੂਦ ਹੈ, ਜਿਹੜੀ ਕਿ ਮਧ ਕਾਲ ਦੀ ਗੁਰਮੁਖੀ ਲਿਪੀ ਵਿਚ ਹੈ।

ਪੁਸਤਕ ਦੇ ਪਹਿਲੇ ਭਾਗ ਵਿਚ ਤਿੰਨ ਅਧਿਆਇ ਹਨ, ਜਿਨ੍ਹਾਂ ਵਿਚਲਾ ਪਹਿਲਾ ਅਧਿਆਇ ਸਾਹਿਤਕ ਸਰਵੇਖਣ ਨਾਲ ਸੰਬੰਧਿਤ ਹੈ। ਇਸ ਵਿਚ ਕਈ ਸਾਹਿਤਕ ਸਰਗਰਮੀਆਂ, ਜਿਹੜੀਆਂ ਕਿ ਸਿੱਖ ਧਰਮ ਦੇ ਉਦਭਵ (16 ਵੀਂ ਸਦੀ ਤੋਂ 1966 ਤਕ) ਤੋਂ ਜਾਰੀ ਸਨ, ਦਾ ਸਰਵੇਖਣ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੁਆਰਾ ਸਮਕਾਲੀਨ ਪਰਸਥਿਤੀਆਂ (ਧਾਰਮਿਕ, ਸਮਾਜਿਕ ਅਤੇ ਰਾਜਨੀਤਕ) ਵਿਚ ਆਪਣੇ ਦੈਵੀ ਕਾਰਜ ਨੂੰ ਆਰੰਭ ਕਰਨ ਬਾਰੇ ਚਰਚਾ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ ਉਨਾਂ ਦੀ ਜੀਵਨੀ ਸੰਬੰਧੀ ਉਠਦੇ ਵਿਵਾਦਾਂ ਸੰਬੰਧੀ ਵੀ ਵਿਚਾਰ ਹੈ। ਤੀਜਾ ਅਧਿਆਇ ਪੁਸਤਕ ਵਿਚ ਵਰਤੇ ਸਰੋਤਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ) ਬਾਰੇ ਹੈ।

ਦੂਜਾ ਭਾਗ ਵਿਚ ਸਰੋਤਾਂ ਦੇ ਵਿਸ਼ਲੇਸ਼ਣ ਉਪਰ ਅਧਾਰਿਤ ਹੈ। ਇਸ ਭਾਗ ਦਾ ਪਹਿਲਾ ਅਧਿਆਇ ਸਿੱਖ ਧਰਮ ਦੇ ਪਿਛੋਕੜ ਵਜੋਂ ਹੈ। ਇਸ ਵਿਚ ਸਿੱਖ ਧਰਮ ਬਾਰੇ ਚਾਰ ਵਿਚਾਰ ਦਿਤੇ ਗਏ ਹਨ: ਪਹਿਲਾ, ਸਿੱਖ ਧਰਮ ਹਿੰਦੂ ਧਰਮ ਦਾ ਹਿਸਾ ਹੈ; ਦੂਜਾ ਇਹ ਇਸਲਾਮ ਨਾਲ ਸੰਬੰਧਿਤ ਹੈ; ਤੀਜਾ, ਇਹ ਨਿਵੇਕਲਾ ਧਰਮ ਹੈ ਅਤੇ ਚੌਥਾ ਇਹ ਕਈ ਧਰਮਾਂ ਦੇ ਵਿਚਾਰਾਂ ਦਾ ਜੋੜ ਹੈ, ਜਿਸ ਵਿਚ ਵੇਦਾਂਤ, ਸ਼ੈਵ, ਵੈਸ਼ਨਵ, ਬੁਧ, ਇਸਲਾਮ, ਈਸਾਈ ਅਤੇ ਹੋਰ ਭਾਰਤੀ/ਗੈਰ-ਭਾਰਤੀ ਵਿਚਾਰਧਾਰਾਵਾਂ ਸ਼ਾਮਿਲ ਹਨ।

ਇਸ ਉਪਰੰਤ ਸਿੱਖ ਧਰਮ ਦਾ ਅਲੋਚਨਾਤਮਿਕ ਸਰਵੇਖਣ ਸਿਧਾਂਤਕ ਅਤੇ ਵਿਹਾਰਕ ਪਖ ਤੋਂ ਕੀਤਾ ਗਿਆ ਹੈ। ਤੀਜੇ ਭਾਗ ਵਿਚ ਦਰਸ਼ਨ ਦੇ ਮੁਖ ਸੰਕਲਪਾਂ : ਪਰਮਸਤ, ਸਿਸ਼ਟੀ, ਮਨੁਖ ਅਤੇ ਕਿਸਮਤ ਬਾਰੇ ਸਤ ਅਧਿਆਇਆਂ ਵਿਚ ਚਰਚਾ ਕੀਤੀ ਗਈ ਹੈ। ਇਸ ਭਾਗ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਸਾਹਿਬਾਨ ਦਾ ਪਰਮਸਤ ਬਾਰੇ ਵਿਲਖਣ ਵਿਚਾਰ ਆਧੁਨਿਕ ਅਲੋਚਕਾਂ ਅਨੁਸਾਰ ਦੋ-ਪਰਤੀ ਹੈ: ਸਮਾਜਿਕ ਅਤੇ ਸੁਹਜਾਤਮਿਕ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਤਥ ਮਿਲਦੇ ਹਨ, ਜਿਨ੍ਹਾਂ ਨੂੰ ਕਈ ਵਿਦਵਾਨਾਂ ਦੁਆਰਾ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਪੁਸਤਕ ਦੇ ਚੌਥੇ ਭਾਗ ਵਿਚ ਵਿਹਾਰਕ ਦਰਸ਼ਨ ਬਾਰੇ ਵਿਚਾਰ ਕੀਤੀ ਗਈ ਹੈ। ਇਸ ਭਾਗ ਵਿਚ ਦੋ ਅਧਿਆਇ ਹਨ। ਪਹਿਲੇ ਅਧਿਆਇ ਵਿਚ ਭਾਰਤੀ ਮਤ ਵਿਚ ਪ੍ਰਚਲਤ ਤਿੰਨ ਮਾਰਗਾਂ (ਭਗਤੀ, ਕਰਮ ਤੇ ਗਿਆਨ) ਬਾਰੇ ਵਿਚਾਰ ਦਿਤੀ ਗਈ ਹੈ।

ਡਾ. ਸ਼ੇਰ ਸਿੰਘ ਨੇ ਉਕਤ ਤਿੰਨ ਮਾਰਗਾਂ ਤੋਂ ਨਿਵੇਕਲਾ ਚੌਥਾ ਮਾਰਗ, ਵਿਸਮਾਦ ਮਾਰਗ ਦਰਸਾਇਆ ਹੈ, ਜਿਸ ਦਾ ਖੁਲਾਸਾ ਚੌਥੇ ਭਾਗ ਦੇ ਦੂਜੇ ਅਧਿਆਇ ਵਿਚ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਇਸ ਮਾਰਗ ਦਾ ਰਬ ਨਾਲ ਰਾਬਤਾ ਹੈ। ਇਹ ਸੰਜੋਗ ਪ੍ਰਕਿਰਤੀ ਨਾਲ ਨਹੀਂ, ਬਲਕਿ ਪ੍ਰਕਿਰਤੀ ਦੁਆਰਾ ਹੈ। ਇਹ ਇਕ ਨਵੀਂ ਵਿਚਾਰਧਾਰਾ ਹੈ। ਇਸ ਮਾਰਗ ਦੇ ਵਖ-ਵਖ ਪੜਾਅ ਪੁਸਤਕ ਦੇ ਅੰਤਲੇ ਪੰਨਿਆਂ ਉਤੇ ਬਿਆਨ ਕੀਤੇ ਗਏ ਹਨ।

ਉਕਤ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਡਾ. ਸ਼ੇਰ ਸਿੰਘ ਨੇ ਮੌਜੂਦਾ ਅਕਾਦਮਿਕ ਪ੍ਰਬੰਧ ਅਨੁਸਾਰ ਸਿੱਖ ਦਰਸ਼ਨ ਦੀਆਂ ਲੀਹਾਂ ਤਿਆਰ ਕੀਤੀਆਂ ਹਨ, ਜਿਹੜਾ ਕਿ ਇਕ ਸ਼ਲਾਘਾਯੋਗ ਉਪਰਾਲਾ ਹੈ। ਇਹ ਪੁਸਤਕ ਸਿੱਖ ਦਰਸ਼ਨ ਨੂੰ ਪਛਮੀਂ ਢੰਗ ਨਾਲ ਵੇਖਣ ਦਾ ਮੁਢਲਾ ਜਤਨ ਹੈ, ਜਿਹੜਾ ਅਗੋਂ ਮੌਜੂਦਾ ਸਮੇਂ ਵਿਚ ਦਰਸ਼ਨ ਦੇ ਖੇਤਰ ਵਿਚ ਪੈ ਰਹੀਆਂ ਨਵੀਆਂ ਪੈੜਾਂ ਦਾ ਮੁਢ ਬਣਦਾ ਹੈ।

### 2.3.11 Social & Political Philosophy of Guru Gobind Singh

ਡਾ. ਸ਼ੇਰ ਸਿੰਘ ਦੀ ਇਸ ਪੁਸਤਕ ਨੂੰ ਸਟਰਲਿੰਗ ਪਬਲਿਸ਼ਰਜ਼, ਦਿੱਲੀ ਨੇ 1967 ਵਿਚ ਪ੍ਰਕਾਸ਼ਿਤ ਕੀਤਾ। ਲੇਖਕ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਦਿਹਾੜੇ ਨੂੰ ਮਨਾਉਂਦੇ ਹੋਏ 'ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਆਫ ਇੰਡੀਆ' ਨਾਂ ਦੀ ਸੰਸਥਾ ਸਥਾਪਿਤ ਕੀਤੀ ਗਈ। ਇਸ ਸੰਸਥਾ ਦੇ ਹੋਂਦ ਵਿਚ ਆਉਣ ਦਾ ਕਾਰਨ ਪਟਿਆਲਾ ਵਿਖੇ 1965 ਵਿਚ ਹੋਈ ਇਕ ਕਨਵੈਨਸ਼ਨ ਬਣੀ, ਜਿਸ ਵਿਚ ਰਾਜਨੀਤਕ ਅਤੇ ਧਾਰਮਿਕ ਆਗੂਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਖੋਜ-ਭਰਪੂਰ ਭਾਸ਼ਣ ਦਿਤੇ। ਜ਼ਿਕਰਯੋਗ ਹੈ ਕਿ ਉਸ ਵੇਲੇ ਤਿੰਨ ਸੌ ਸਾਲਾ ਸਮਾਗਮਾਂ ਨੂੰ ਮੁਖ ਰਖਦੇ ਹੋਏ ਅਨੇਕ ਸੰਸਥਾਵਾਂ/ਸਭਾਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਨੇ ਆਪੋ-ਆਪਣੇ ਢੰਗ ਨਾਲ ਇਹ ਸਮਾਗਮ ਮਨਾਉਣ ਦੇ ਪ੍ਰੋਗਰਾਮ ਉਲੀਕੇ। ਇਨ੍ਹਾਂ ਸਭ ਸੰਸਥਾਵਾਂ ਦਾ ਇਕ ਸਾਂਝਾ ਜਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਕਾਰਜ ਅਤੇ ਸਿਖਿਆਵਾਂ ਸੰਬੰਧੀ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਸਾਹਿਤ-ਸਿਰਜਣਾ ਸੀ। ਇਸੇ ਮੰਤਵ ਤਹਿਤ ਲੇਖਕ ਨੂੰ

ਲਗਪਗ 12 ਸੰਸਥਾਵਾਂ ਦੇ ਨੁਮਾਇੰਦਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਣ ਲਈ ਬੇਨਤੀ ਕੀਤੀ, ਜਿਸ ਨੂੰ ਪ੍ਰਵਾਨ ਕਰਦੇ ਹੋਏ ਡਾ. ਸ਼ੇਰ ਸਿੰਘ ਨੇ ਇਸ ਪੁਸਤਕ ਦੀ ਰਚਨਾ ਕੀਤੀ।

ਪੰਜ ਭਾਗਾਂ ਤੇ 16 ਅਧਿਆਇਆਂ ਵਿਚ ਵੰਡੀ ਇਸ ਪੁਸਤਕ ਦਾ ਮੁਖ ਉਦੇਸ਼, ਜਿਵੇਂ ਕਿ ਸਿਰਲੇਖ ਤੋਂ ਹੀ ਸਪਸ਼ਟ ਹੁੰਦਾ ਹੈ, ਕਰਤਾ ਨੇ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਜ ਦਰਸ਼ਨ ਸਪਸ਼ਟ ਕੀਤਾ ਹੈ।

ਪਹਿਲੇ ਅਧਿਆਇ ਦੇ ਭਾਗ (ੲ) ਵਿਚ ਪ੍ਰਸਤਾਵਨਾ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁਤੀ ਉਸਤਤਿ ਕੀਤੀ ਗਈ ਹੈ। ਇਸ ਪ੍ਰਸਤਾਵਨਾ ਵਿਚ ਕਰਤਾ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਅਤੇ ਵਿਚਾਰਧਾਰਾ ਦਾ ਸੁਮੇਲ ਪ੍ਰਗਟ ਕਰਦਾ ਹੈ। ਮੌਜੂਦਾ ਸਮੇਂ ਦੌਰਾਨ ਮਨੁਖੀ ਅਧਿਕਾਰਾਂ ਬਾਰੇ ਅਨੇਕ ਤਰ੍ਹਾਂ ਦੇ ਚਲਾਏ ਜਾ ਰਹੇ ਸੰਵਾਦ ਵੀ ਇਸ ਪ੍ਰਸਤਾਵਨਾ ਵਿਚ ਉਘੜਦੇ ਹਨ ਕਿ ਗੁਰੂ ਸਾਹਿਬ ਦੀ ਮਨੁਖੀ ਅਧਿਕਾਰਾਂ ਬਾਰੇ ਕੀ ਪ੍ਰਕ੍ਰਿਆ ਜਾਂ ਸੋਚ ਸੀ। ਇਸ ਰਾਹੀਂ ਗੁਰੂ ਸਾਹਿਬ ਨੇ ਦੁਨੀਆਂ ਦੇ ਹਰੇਕ ਮਨੁਖ ਨੂੰ (ਭਾਵੇਂ ਉਹ ਕਿਸੇ ਵੀ ਜਾਤ ਜਾਂ ਦਰਜੇ ਦਾ ਹੋਵੇ) ਸਤਿਕਾਰ ਦੇਣ ਦੀ ਗਲ ਕਹੀ ਹੈ। ਇਹੋ ਸੰਕੇਤ[40] UNO ਵਲੋਂ ਜਾਰੀ ਕੀਤੇ 'ਮਨੁਖੀ ਅਧਿਕਾਰਾਂ' ਵਾਲੇ Article ਵਿਚ ਦਿਤਾ ਗਿਆ ਹੈ। ਫਰਾਂਸਸੀ ਕ੍ਰਾਂਤੀ ਦੇ ਮੁਖ ਅਧਾਰ– 'ਨਿਆ, ਮੁਕਤੀ ਅਤੇ ਬਰਾਬਰੀ' ਵੀ ਇਸੇ ਨੁਕਤੇ ਤੋਂ ਹੀ ਲਏ ਗਏ ਸਨ। ਕਰਤਾ ਇਸ ਵਿਚ ਵਾਧਾ ਕਰਦਾ ਹੋਇਆ 'ਭਾਈਚਾਰੇ' ਨੂੰ ਵੀ ਸ਼ਾਮਿਲ ਕਰਦਾ ਹੈ। ਭਾਈਚਾਰਾ ਸਮੁਚੀ ਮਨੁਖੀ ਏਕਤਾ ਦਾ ਲਖਾਇਕ ਹੈ।

ਭਾਗ (ਬੀ) ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿਤ੍ਰ ਨਾਟਕ' ਬਾਰੇ ਮੁਢਲੀ ਜਾਣਕਾਰੀ ਦਿਤੀ ਗਈ ਹੈ। ਇਸ ਭਾਗ ਵਿਚ ਕਰਤਾ ਨੇ 'ਬਚਿਤ੍ਰ ਨਾਟਕ' ਦੇ ਕੁਝ ਹਿਸੇ ਦਾ ਅੰਗਰੇਜ਼ੀ ਅਨੁਵਾਦ ਵੀ ਦਿਤਾ ਹੈ।

ਦੂਜੇ ਅਧਿਆਇ ਵਿਚ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਤਕ ਦਾ ਜੀਵਨ ਬ੍ਰਿਤਾਂਤ ਪੇਸ਼ ਕੀਤਾ ਹੈ।

---

[40] 'Global Fraternity Assuring Self Respect and Dignity of every human being in every community and country in a pattern of International Brotherhood'- *Social & Political Philosophy of Guru Gobind Singh*, p. 11.

ਤੀਜੇ ਅਧਿਆਇ ਵਿਚ ਲੇਖਕ ਨੇ ਭਾਰਤੀ ਲੋਕਤੰਤਰ ਬਾਰੇ ਆਪਣੇ ਵਿਚਾਰ ਅੰਕਿਤ ਕੀਤੇ ਹਨ। ਕਰਤਾ ਅਨੁਸਾਰ ਉਸ ਨੇ ਇਹ ਲੇਖ 1939 ਵਿਚ ਲਿਖਿਆ ਸੀ ਜਿਹੜਾ ਕਿ ਉਸੇ ਸਾਲ *Northern Review,* Lahore ਵਿਚ ਦੋ ਕਿਸ਼ਤਾਂ (ਮਾਰਚ ਅਤੇ ਅਪ੍ਰੈਲ) ਵਿਚ *Modern Democracy and The Indian Mind : A Philosophical Analysis* ਸਿਰਲੇਖ ਹੇਠ ਪ੍ਰਕਾਸ਼ਿਤ ਵੀ ਹੋਇਆ ਸੀ। ਇਸ ਅਧਿਆਇ ਵਿਚ ਡਾ. ਸ਼ੇਰ ਸਿੰਘ ਨੇ ਲੋਕਤੰਤਰ ਬਾਰੇ ਉਘੇ ਵਿਦਵਾਨਾਂ ਦੇ ਵਿਚਾਰ ਅੰਕਿਤ ਕਰਨ ਦੇ ਨਾਲ-ਨਾਲ ਯੂਨਾਨੀ ਅਤੇ ਈਸਾਈ ਮਤ ਦੇ ਵਿਚਾਰ ਵੀ ਦਿਤੇ ਹਨ। ਭਾਰਤੀ ਲੋਕਤੰਤਰ ਬਾਰੇ ਗਲ ਕਰਦਾ ਹੋਇਆ ਲੇਖਕ ਹਿੰਦੂ, ਇਸਲਾਮ ਅਤੇ ਸਿੱਖ ਦ੍ਰਿਸ਼ਟੀਕੋਣ ਤੋਂ ਸੰਵਾਦ ਰਚਾਉਂਦਾ ਹੈ।

ਚੌਥੇ ਅਧਿਆਇ ਉਤੇ ਪੁਸਤਕ ਦਾ ਪਹਿਲਾ ਭਾਗ ਸਮਾਪਤ ਹੁੰਦਾ ਹੈ। ਇਸ ਵਿਚ ਲੇਖਕ ਨੇ ਪੁਸਤਕ ਦੇ ਅਧਾਰ-ਸ੍ਰੋਤ ਗ੍ਰੰਥਾਂ ਦਾ ਵਰਨਣ ਕੀਤਾ ਹੈ। ਕਰਤਾ ਅਨੁਸਾਰ ਇਹ ਦੋ ਪ੍ਰਕਾਰ ਦੇ ਹਨ-ਪਹਿਲਾ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਕੁਝ ਅਨੁਯਾਈਆਂ/ਸੇਵਕਾਂ ਦੇ ਕਾਰਜ ਹਨ। ਇਨ੍ਹਾਂ ਵਿਚ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ), ਸ੍ਰੀ ਦਸਮ ਗ੍ਰੰਥ ਅਤੇ ਕੁਝ ਹੋਰ ਕਾਰਜ ਸ਼ਾਮਿਲ ਹਨ। ਦੂਜੇ ਪ੍ਰਕਾਰ ਦੇ ਸ੍ਰੋਤਾਂ ਵਿਚ ਭਾਈ ਗੁਰਦਾਸ ਜੀ, ਭਾਈ ਨੰਦ ਲਾਲ, ਭਾਈ ਚੌਪਾ ਸਿੰਘ ਅਤੇ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ ਨੂੰ ਲਿਆ ਗਿਆ ਹੈ।[41]

ਪੰਜਵੇਂ ਅਧਿਆਇ ਤੋਂ ਪੁਸਤਕ ਦਾ ਦੂਜਾ ਭਾਗ ਸ਼ੁਰੂ ਹੁੰਦਾ ਹੈ। ਇਸ ਵਿਚ ਕਰਤੇ ਨੇ ਸਮਾਜਿਕ ਅਧਾਰਾਂ ਬਾਰੇ ਸੰਖੇਪ ਵਰਨਣ ਦਿਤਾ ਹੈ, ਜਿਸ ਦਾ ਕਾਰਨ ਇਨ੍ਹਾਂ ਨੂੰ ਅਧਾਰ ਬਣਾ ਕੇ ਅਗਲੇ ਅਧਿਆਇਆਂ ਵਿਚ ਪੇਸ਼ ਕੀਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜ ਦਰਸ਼ਨ ਦੀ ਪਿਠ-ਭੂਮੀ ਸਿਰਜਣਾ ਹੈ। ਕਰਤਾ ਨੇ ਪ੍ਰਸਿਧ ਵਿਦਵਾਨਾਂ ਜਿਵੇਂ, ਸੁਕਰਾਤ, ਪਲੈਟੋ, ਕਾਂਤ ਅਤੇ ਹੋਮਸ ਦੇ ਹਵਾਲੇ ਨਾਲ ਦਸਿਆ ਹੈ ਕਿ ਮਨੁਖੀ ਸਮਾਜ ਦੀ ਰਚਨਾ ਮਨੁਖ ਦੇ ਆਪਣੇ ਸੁਆਰਥੀ ਸੁਭਾਅ ਵਿਚੋਂ ਹੋਈ ਹੈ। ਲੇਖਕ ਦਸਦਾ ਹੈ ਕਿ ਮਨੁਖ ਨੇ ਆਪਣੇ ਤਜ਼ਰਬੇ ਰਾਹੀਂ ਇਹ ਜਾਣ ਲਿਆ ਕਿ ਸਾਰਿਆਂ ਮਨੁਖਾਂ ਦੀਆਂ ਲੋੜਾਂ ਲਗਪਗ ਸਮਾਨ ਹਨ ਅਤੇ ਇਨ੍ਹਾਂ ਲੋੜਾਂ ਦੀ ਪੂਰਤੀ ਕਿਤੇ ਨਾ ਕਿਤੇ ਲੜਾਈ ਦਾ ਕਾਰਨ ਬਣ ਸਕਦੀ ਹੈ। ਇਸ ਤਰ੍ਹਾਂ ਮਨੁਖ ਨੇ ਆਪਣੀਆਂ ਸੀਮਾਵਾਂ ਨੂੰ

[41] *Social & Political Philosophy of Guru Gobind Singh*, p. 82.

ਜਾਣਿਆ ਅਤੇ ਦੂਜਿਆਂ ਦੀਆਂ ਲੋੜਾਂ ਦਾ ਆਦਰ ਕਰਨਾ ਸ਼ੁਰੂ ਕੀਤਾ, ਜਿਸ ਨਾਲ ਮਨੁਖ ਵਿਚ ਨੈਤਿਕ ਅਤੇ ਸਮਾਜਿਕ ਗੁਣ ਪੈਦਾ ਹੋਏ।

ਸਮਾਜ-ਸ਼ਾਸਤਰੀਆਂ ਦੇ ਵਿਚਾਰ ਦੇਣ ਉਪਰੰਤ ਕਰਤਾ ਨੇ ਸਮਾਜ-ਦਰਸ਼ਨ ਦਾ ਦੂਜਾ ਅਹਿਮ ਪਖ ਸਾਹਮਣੇ ਰਖਿਆ ਹੈ। ਲੇਖਕ ਪ੍ਰਸਿਧ ਮਨੋਵਿਗਿਆਨੀ ਸਿਗਮੰਡ ਫਰਾਇਡ ਦੇ ਹਵਾਲੇ ਨਾਲ ਦਸਦਾ ਹੈ ਕਿ ਸਮਾਜ ਦੀ ਸੰਚਾਲਕ ਸ਼ਕਤੀ ਮਨੁਖ ਦੀ ਕਾਮੁਕ ਭਾਵਨਾ ਵਿਚ ਸਮੋਈ ਹੋਈ ਹੈ, ਜਿਸ ਨੂੰ ਫਰਾਇਡ ਨੇ Libido ਦਾ ਨਾਂ ਦਿਤਾ ਹੈ। ਫਰਾਇਡ ਅਨੁਸਾਰ ਮਨੁਖ ਨੇ ਕਾਮ-ਵਾਸ਼ਨਾ ਦੀ ਪੂਰਤੀ ਲਈ ਪਰਿਵਾਰ ਸੰਸਥਾ ਦਾ ਸਹਾਰਾ ਲਿਆ, ਜਿਹੜਾ ਅਗੇ ਜਾ ਕੇ ਸਮਾਜ-ਸਿਰਜਣ ਵਿਚ ਸਹਾਈ ਹੋਇਆ। ਇਸ ਦੇ ਨਾਲ ਹੀ ਮਨੁਖ ਨੇ ਇਹ ਵੀ ਮਹਿਸੂਸ ਕੀਤਾ ਕਿ ਕਾਮ ਸ਼ਕਤੀ ਨੂੰ ਨਿਯਮਤ ਕੀਤੇ ਬਗੈਰ ਸਮਾਜ ਦਾ ਨੁਕਸਾਨ ਹੋ ਸਕਦਾ ਹੈ। ਇਸੇ ਲਈ ਸਮਾਜ ਦੇ ਰੀਤੀ-ਰਿਵਾਜ ਖੁਲ੍ਹੇ ਕਾਮੁਕ ਸੰਬੰਧਾਂ ਉਤੇ ਰੋਕ ਲਗਾਉਂਦੇ ਹਨ।

ਉਕਤ ਦੋ ਖੇਤਰਾਂ ਦੇ ਵਿਚਾਰ ਦੇਣ ਉਪਰੰਤ ਲੇਖਕ ਨੇ ਭਾਰਤੀ ਪਹੁੰਚ ਦੀ ਗਲ ਕੀਤੀ ਹੈ। ਕਰਤਾ ਦਸਦਾ ਹੈ ਕਿ ਪੂਰਬੀ ਵਿਦਵਾਨ ਹਮੇਸ਼ਾਂ ਹੀ ਅੰਤਿਮ ਸਚਾਈ ਨੂੰ ਤਲਾਸ਼ਣ ਵਿਚ ਰੁਝੇ ਰਹੇ ਹਨ। ਭਾਰਤ ਵਿਚ ਸਮਾਜਿਕ ਸੰਸਥਾਵਾਂ ਨੂੰ ਸਦੀਵੀ ਨਾ ਮੰਨਦੇ ਹੋਏ ਇਨ੍ਹਾਂ ਦੇ ਕਾਰਜਾਂ ਉਪਰ ਜ਼ਿਆਦਾ ਵਿਚਾਰ ਨਹੀਂ ਕੀਤੀ ਗਈ। ਕਰਤਾ ਅਨੁਸਾਰ ਭਾਰਤ ਦੀ ਧਰਤੀ ਉਤੇ ਗੁਰੂ ਗੋਬਿੰਦ ਸਿੰਘ ਪਹਿਲੇ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਮਨੁਖੀ ਹੋਣੀ ਨੂੰ ਸਮਾਜ ਨਾਲ ਇਕਸੁਰ ਕੀਤਾ। ਗੁਰੂ ਸਾਹਿਬ ਮਨੁਖ ਦਾ ਭਲਾ ਸਮਾਜ ਵਿਚ ਚਿਤਵਦੇ ਹਨ ਅਤੇ ਸਮਾਜ ਦਾ ਭਲਾ ਮਨੁਖੀ ਅਧਿਆਤਮਕਤਾ ਵਿਚ। ਇਸ ਲਈ ਗੁਰੂ ਸਾਹਿਬਾਨ ਨੇ ਸਮਾਜਿਕ ਸੰਸਥਾਵਾਂ, ਧਰਮ ਅਤੇ ਰਾਜਨੀਤੀ ਦੇ ਰਿਸ਼ਤਿਆਂ ਨੂੰ ਖੁਲ੍ਹ-ਦਿਲੀ ਨਾਲ ਪ੍ਰਵਾਨ ਕੀਤਾ ਹੈ।

ਅਗਲੇਰੇ ਛੇਵੇਂ ਤੋਂ ਦਸਵੇਂ ਅਧਿਆਇਆਂ ਵਿਚ ਡਾ. ਸ਼ੇਰ ਸਿੰਘ ਨੇ ਕੁਝ ਦਾਰਸ਼ਨਿਕ ਕਿਸਮ ਦੇ ਸੰਕਲਪ, ਜਿਵੇਂ ਕਿ ਅਕਾਲਪੁਰਖ, ਜਗਤ, ਜੀਵ, ਗੁਰੂ ਅਤੇ ਹੁਕਮ ਦੀ ਵਿਆਖਿਆ ਕੀਤੀ ਹੈ। ਕਰਤਾ ਅਨੁਸਾਰ ਗੁਰੂ ਸਾਹਿਬ ਦਾ ਸਮਾਜ ਦਰਸ਼ਨ 'ਪੰਜ' ਦਾ ਦਰਸ਼ਨ ਹੈ। ਲੇਖਕ ਗੁਰੂ ਸਾਹਿਬ ਦੇ ਸਮਾਜ ਦਰਸ਼ਨ ਨੂੰ 'ਪੰਜ ਸੰਕਲਪਾਂ ਦਾ ਦਰਸ਼ਨ' (The Philosophy of the Five) ਨਾਂ ਦਿੰਦਾ ਹੈ। ਉਸ ਅਨੁਸਾਰ ਇਹ ਪੰਜ ਮੁਖ ਸੰਕਲਪ ਮਨੁਖੀ ਸਮਾਜ ਦਾ ਅਧਾਰ ਹਨ, ਜਿਹੜੇ ਗੁਰਬਾਣੀ

ਵਿਚ ਸਹਿਜੇ ਹੀ ਦੇਖੇ ਜਾ ਸਕਦੇ ਹਨ।[42] ਇਹ ਸੰਕਲਪ ਬੇਸ਼ਕ ਪਾਠਕਾਂ ਨੂੰ ਮਨੁਖੀ ਸਮਾਜ ਸਿਰਜਦੇ ਪ੍ਰਤੀਤ ਹੁੰਦੇ ਹਨ, ਪਰ ਅਸਲ ਵਿਚ ਇਹ ਪਰਾਭੌਤਿਕ ਸੰਸਾਰ ਦੇ ਲਖਾਇਕ ਹਨ। ਇਹ ਪਰਾਭੌਤਿਕ ਇਸ ਲਈ ਹਨ ਕਿਉਂਕਿ ਇਹ ਅਧਿਆਤਮਕ ਹਨ। ਇਨ੍ਹਾਂ ਅਧਿਆਇਆਂ ਵਿਚ ਇਸੇ ਤਥ ਦੀ ਵਿਆਖਿਆ ਕਰਨਾ ਲੇਖਕ ਦਾ ਮੁਖ ਮਨੋਰਥ ਰਿਹਾ ਹੈ। ਪੰਜਾਂ ਸੰਕਲਪਾਂ ਦੀ ਕ੍ਰਮਵਾਰ ਇਕ-ਇਕ ਅਧਿਆਇ ਵਿਚ ਚਰਚਾ ਕੀਤੀ ਗਈ ਹੈ। ਲੇਖਕ ਨੇ ਇਸ ਅਧਿਆਇ ਵਿਚ, ਸ੍ਰਿਸ਼ਟੀ ਰਚਨਾ ਸੰਬੰਧੀ ਗੁਰਬਾਣੀ ਦੇ ਫੁਰਮਾਨਾਂ ਨਾਲ ਆਪਣੇ ਵਿਚਾਰ ਅੰਕਿਤ ਕੀਤੇ ਹਨ।

ਅਗਲੇ ਅਧਿਆਇ ਵਿਚ ਪਰਾਭੌਤਿਕ ਸੰਸਾਰ ਦੇ ਤਤ 'ਜੀਵ' ਦੀ ਵਿਆਖਿਆ ਕੀਤੀ ਹੈ।

ਦਸਵੇਂ ਅਧਿਆਇ ਵਿਚ ਲੇਖਕ ਨੇ 'ਰਹਿਤ' ਦੀ ਵਿਆਖਿਆ ਕੀਤੀ ਹੈ। ਲੇਖਕ ਕਹਿੰਦਾ ਹੈ ਕਿ ਸਮਾਜਿਕ ਵਿਵਸਥਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਪਨਾਇਆ ਗਿਆ ਇਹ ਇਕ ਬਹੁਤ ਮਹਤਵਪੂਰਨ ਸਿਧਾਂਤ ਹੈ। ਲੇਖਕ ਅਨੁਸਾਰ ਸਿੱਖ ਸ਼ਬਦ ਦੇ ਅਰਥ ਹੀ ਮੁਰੀਦ ਹਨ ਅਤੇ ਸਿੱਖੀ 'ਰਹਿਤ' ਤੋਂ ਇਲਾਵਾ ਹੋਰ ਕੁਝ ਨਹੀਂ। 'ਰਹਿਤ' ਤੋਂ ਭਾਵ ਹੈ ਸਰੀਰ, ਮਨ ਅਤੇ ਆਤਮਾ ਦਾ ਅਨੁਸ਼ਾਸਨ ਹੈ।[43] ਲੇਖਕ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਸਿੱਖ 'ਰਹਿਤ' ਨੂੰ ਬਿਆਨ ਕਰਨ ਲਈ ਰਹਿਤਨਾਮਿਆਂ ਵਿਚੋਂ ਹਵਾਲੇ ਅੰਕਿਤ ਕਰਦਾ ਹੈ।

ਗਿਆਰਵੇਂ ਅਧਿਆਇ ਤੋਂ ਪੁਸਤਕ ਦਾ ਤੀਜਾ ਭਾਗ ਸ਼ੁਰੂ ਹੁੰਦਾ ਹੈ। ਇਸ ਅਧਿਆਇ ਵਿਚ ਲੇਖਕ ਨੇ 'ਖਾਲਸਾ ਵਿਧਾਨ' (The Order of The Khalsa) ਦੀਆਂ ਪੰਜ ਇਕਾਈਆਂ (ਪਰਿਵਾਰ, ਸਤਿਸੰਗਤ, ਕਿਰਤੀ ਭਾਈਚਾਰਾ, ਨੀਤੀ ਭਾਈਚਾਰਾ ਅਤੇ ਖਾਲਸਾ) ਦਾ ਲੋੜੀਂਦਾ ਵਰਨਣ ਕੀਤਾ ਹੈ।

ਪੁਸਤਕ ਦਾ ਚੌਥਾ ਭਾਗ ਬਾਰਵੇਂ ਅਧਿਆਇ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਲੇਖਕ ਨੇ ਗੋਬਿੰਦੀਅਨ ਗਣਤੰਤਰ (Gobindian Republic) ਵਿਚਲੇ ਪੰਜ ਅਧਿਕਾਰੀਆਂ (ਪੰਚਾਇਤ,

---

[42] "The Guru's Social Philosophy is really, the philosophy of the five. I, therefore enumerate, without very wrong five, fundamental concepts of human society, which according to my interpretation are clearly deducible from the Guru's hymns. These are Akal Purkh (The Supreme Being God), Jagat (World), Jiva (The human being – the individual soul), Guru (The Enlightener, The Guide) and the Discipline", *Social & Political Philosophy of Guru Gobind Singh,* p. 96.

[43] "A Sikh literally means a disciple & Sikhism in nothing more than discipline of the body, of the mind and of the soul ", *Ibid,* p.128.

ਜੱਥਾ, ਦੀਵਾਨ, ਦਲ ਅਤੇ ਪੰਥ) ਦੀ ਚਰਚਾ ਕੀਤੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਉਕਤ ਸਾਰੇ ਅਧਿਆਇਆਂ ਵਿਚ ਕਰਤਾ ਨੇ ਉਨ੍ਹਾਂ ਮੁਖ ਸਿਧਾਂਤਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਤੇ ਰਾਜਨੀਤਕ ਦਰਸ਼ਨ ਦਾ ਅਧਾਰ ਬਣਦੇ ਹਨ।

ਅਗਲੇ ਅਧਿਆਇ ਵਿਚ ਲੇਖਕ ਨੇ ਪੰਜਾਂ ਦੇ ਅਸਰ (The Implications of The Five) ਬਾਰੇ ਵਿਚਾਰ ਪੇਸ਼ ਕੀਤੀ ਹੈ। ਲੇਖਕ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਤਿਹਾਸ ਦੇ ਅਧਿਐਨ ਤੋਂ ਬਾਅਦ ਇਸ ਸਿਟੇ ਉਤੇ ਪੁਜੇ ਕਿ ਵਿਅਕਤੀ ਨੂੰ ਸਮੂਹਿਕ ਜ਼ਿੰਦਗੀ ਜਿਊਣੀ ਚਾਹੀਦੀ ਹੈ। ਇਸ ਖੇਤਰ ਵਿਚ ਉਹ ਇਕ ਮਨੁਖ ਦੀ ਬਜਾਇ ਉਚ-ਸੁਚੇ ਆਚਰਣ ਅਤੇ ਡੂੰਘੀ ਧਾਰਮਿਕ ਪ੍ਰਵਿਰਤੀ ਵਾਲੇ ਵਿਅਕਤੀ ਦੇ ਸਮੂਹ ਤੋਂ ਪ੍ਰੇਰਿਤ ਹੋਵੇ। ਪ੍ਰੇਰਿਤ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਪੰਜ ਤੋਂ ਘਟ-ਵਧ ਨਹੀਂ ਹੋਣੀ ਚਾਹੀਦੀ।[44]

ਚੌਂਦਵੇਂ ਅਧਿਆਇ ਵਿਚ ਲੇਖਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਵੇਕਲੇ ਗਣਤੰਤਰ ਦੀ ਚਰਚਾ ਕਰਦਾ ਹੈ। ਲੇਖਕ ਸਵਾਲ ਖੜ੍ਹਾ ਕਰਦਾ ਹੈ ਕਿ 'ਖਾਲਸਾ ਸੰਸਥਾ' ਨੂੰ ਕੀ ਨਾਂ ਦਿਤਾ ਜਾ ਸਕਦਾ ਹੈ? ਕੀ ਇਹ ਧਰਮਤੰਤਰ ਹੈ? ਲੋਕਤੰਤਰ ਹੈ? ਜਾਂ ਫਿਰ ਗਣਤੰਤਰ? ਜਵਾਬ ਵਜੋਂ ਲੇਖਕ ਕਹਿੰਦਾ ਹੈ ਕਿ ਖਾਲਸਾ ਇਨ੍ਹਾਂ ਤਿੰਨਾਂ ਵਿਚੋਂ ਨਹੀਂ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿਤੇ ਸ਼ਬਦ 'ਸੰਗਤ' ਤੇ 'ਖਾਲਸਾ' ਹੀ ਸਪਸ਼ਟ ਹਨ। ਇਸ ਲਈ ਕਿਸੇ ਹੋਰ ਨਾਮ ਦੀ ਕੋਈ ਲੋੜ ਨਹੀਂ ਪੈਂਦੀ।

ਪੰਦਰਵੇਂ ਅਧਿਆਇ ਤੋਂ ਪੁਸਤਕ ਦਾ ਪੰਜਵਾਂ ਭਾਗ ਸ਼ੁਰੂ ਹੁੰਦਾ ਹੈ। ਇਸ ਵਿਚ ਲੇਖਕ ਸਿੱਖ ਧਰਮ ਅਤੇ ਰਾਜਨੀਤੀ ਦੇ ਆਪਸੀ ਰਿਸ਼ਤੇ ਨੂੰ ਦ੍ਰਿੜ ਕਰਵਾਉਂਦਾ ਹੈ। ਇਥੇ ਵਰਨਣਯੋਗ ਹੈ ਕਿ ਇਸ ਅਧਿਆਇ ਵਿਚਲਾ ਇਹ ਲੇਖ 'SIKHISM AND POLITICS' ਇਕ ਵਖਰੇ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਜਿਸ ਦਾ ਵਿਸ਼ਲੇਸ਼ਨ ਵੀ ਦਿਤਾ ਗਿਆ ਹੈ।

---

[44] "After having studied the course of history, the Guru came to the conclusion, the man must lead a group life and in this field he should be guided not by one individual but by a Group of individuals, who should be men of higher character with deep and firm convictions. The number of these individuals constituting the Guide Group should neither be less or more then five", *Social & Political Philosophy of Guru Gobind Singh,* p. 220.

ਅੰਤਲੇ ਸੋਲ੍ਹਵੇਂ ਅਧਿਆਇ ਵਿਚ ਲੇਖਕ ਨੇ ਹਿੰਦੂ-ਸਿੱਖ ਏਕਤਾ ਦੇ ਵਿਸ਼ੇ ਉਤੇ ਚਰਚਾ ਕੀਤੀ ਹੈ। ਕਰਤਾ ਅਨੁਸਾਰ ਇਹ ਲੇਖ 1957 ਵਿਚ *The Tribune* ਅਤੇ *The Spokesman* ਵਿਚ ਅਤੇ 1961 ਵਿਚ ਪੈਂਫਲਟ ਰੂਪ ਵਿਚ ਵੀ ਪ੍ਰਕਾਸ਼ਿਤ ਹੋ ਚੁਕਿਆ ਹੈ। ਇਸ ਲੇਖ ਨੂੰ ਪੜ੍ਹਨ ਉਪਰੰਤ ਹੋਰ ਵਿਦਵਾਨਾਂ ਤੋਂ ਇਲਾਵਾ ਸ. ਪ੍ਰਤਾਪ ਸਿੰਘ ਕੈਰੋਂ ਅਤੇ ਸਪੀਕਰ ਸ. ਹੁਕਮ ਸਿੰਘ ਨੇ ਵੀ ਆਪਣੇ ਸੁਝਾਅ ਲੇਖਕ ਨੂੰ ਭੇਜੇ ਸਨ।[45]

ਉਕਤ ਦੇ ਅਧਾਰ ਉਤੇ ਅਸੀਂ ਕਹਿ ਸਕਦੇ ਹਾਂ ਕਿ ਡਾ. ਸ਼ੇਰ ਸਿੰਘ ਨੇ ਇਸ ਪੁਸਤਕ ਰਾਹੀਂ ਗੋਬਿੰਦ ਸਿੰਘ ਜੀ ਦੇ ਸਮਾਜਿਕ ਅਤੇ ਰਾਜਨੀਤਕ ਸਿਧਾਂਤ ਦ੍ਰਿੜ ਕਰਵਾਏ ਹਨ। ਲੇਖਕ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿਤੇ ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਖੂਬਸੂਰਤੀ ਦੀ ਗਲ ਇਹ ਹੈ ਕਿ ਸਿੱਖ ਸਮਾਜ ਦਰਸ਼ਨ ਦੀ ਸਪਸ਼ਟਤਾ ਲਈ ਉਨ੍ਹਾਂ ਨੇ ਹਰ ਸੰਭਵ ਸੰਕਲਪ ਤੁਲਨਾਤਮਿਕ ਸੰਦਰਭ ਵਿਚ ਦਾਰਸ਼ਨਿਕ ਦ੍ਰਿਸ਼ਟੀ ਤੋਂ ਪ੍ਰਸਤੁਤ ਕੀਤਾ ਹੈ, ਜਿਸ ਕਰਕੇ ਇਹ ਪੁਸਤਕ ਦਰਸ਼ਨ ਅਭਿਲਾਖੀਆਂ ਲਈ ਇਕ ਹਵਾਲਾ ਪੁਸਤਕ ਸਿਧ ਹੁੰਦੀ ਹੈ।

### 2.3.12 Sikhism and Politics

ਡਾ. ਸ਼ੇਰ ਸਿੰਘ ਦੁਆਰਾ ਰਚਿਤ ਇਹ ਕਿਤਾਬਚਾ ਮੂਲ ਰੂਪ ਵਿਚ ਇਕੋ ਵਿਸਤ੍ਰਿਤ ਲੇਖ ਹੈ, ਜਿਸ ਦਾ ਪ੍ਰਕਾਸ਼ਨ ਚੜ੍ਹਦੀਕਲਾ ਪਬਲੀਕੇਸ਼ਨਜ਼, ਲੁਧਿਆਣਾ ਨੇ ਲਗਪਗ 1961-62 ਵਿਚ ਕੀਤਾ।[46] ਇਹ ਲੇਖ ਲਿਖਣ ਦਾ ਤਤਕਾਲੀ ਕਾਰਨ ਉਸ (1961) ਸਮੇਂ ਪ੍ਰੈਸ ਵਿਚ 'ਗੁਰਦੁਆਰਿਆਂ ਦਾ ਰਾਜਨੀਤਕ ਇਸਤੇਮਾਲ' ਵਿਸ਼ੇ ਉਪਰ ਹੋ ਰਹੀ ਚਰਚਾ ਸੀ।

ਲੇਖਕ ਸਾਹਮਣੇ ਮੁਖ ਰੂਪ ਵਿਚ ਦੋ ਪ੍ਰਸ਼ਨ ਸਨ, ਪਹਿਲਾ ਧਰਮ ਅਤੇ ਰਾਜਨੀਤੀ ਦਾ ਕੀ ਸੰਬੰਧ ਹੈ? ਅਤੇ ਦੂਜਾ ਸਿੱਖ ਧਰਮ ਦੇ ਹਵਾਲੇ ਵਿਚ ਇਨ੍ਹਾਂ ਦਾ ਕੀ ਸੰਬੰਧ ਹੈ? ਡਾ. ਸ਼ੇਰ ਸਿੰਘ ਅਨੁਸਾਰ ਕੁਝ ਵਿਦਵਾਨ ਦੋਨੇ ਪ੍ਰਸ਼ਨਾਂ ਨੂੰ ਇਕ ਹੀ ਮੰਨਦੇ ਹਨ, ਪਰ ਅਸਲ ਵਿਚ ਇਹ ਦੋਵੇਂ ਇਕ ਨਹੀਂ। ਵਿਸ਼ੇ

---

[45] *Social & Political Philosophy of Guru Gobind Singh,* p.27.

[46] ਪੁਸਤਕ ਵਿਚ ਕਿਤੇ ਵੀ ਪ੍ਰਕਾਸ਼ਨ ਮਿਤੀ ਦਰਜ ਨਹੀਂ। ਇਸ ਬਾਰੇ ਅਨੁਮਾਨ ਇਸ ਗਲ ਤੋਂ ਲਗਾਇਆ ਜਾ ਸਕਦਾ ਹੈ ਕਿ ਡਾ. ਸ਼ੇਰ ਸਿੰਘ ਨੇ ਲੇਖ ਦੇ ਆਰੰਭ ਵਿਚ ਹੀ ਲੇਖ ਲਿਖਣ ਦਾ ਕਾਰਨ ਦਸਦੇ ਹੋਏ ਪਦ-ਟਿਪਣੀ ਵਿਚ 1961 ਦਾ ਇਸ਼ਾਰਾ ਦਿਤਾ ਹੈ, ਵੇਖੋ: *Sikhism & Politics,* p 1.

ਦੀ ਹੋਰ ਸਪਸ਼ਟਤਾ ਲਈ ਲੇਖਕ ਤੀਸਰੇ ਪ੍ਰਸ਼ਨ ਨਾਲ ਸੰਵਾਦ ਰਚਾਉਂਦਾ ਹੈ, ਜੋ ਕਿ Theocratic communalism ਅਤੇ ਰਾਜਨੀਤੀ ਦਾ ਹੈ। ਕਰਤਾ ਅਨੁਸਾਰ ਪਹਿਲੇ ਨੂੰ ਮਜ਼ਬੂਤ ਅਤੇ ਦੂਸਰੇ ਨੂੰ ਕਮਜ਼ੋਰ ਹੋਣਾ ਚਾਹੀਦਾ ਹੈ, ਪਰ ਲੇਖਕ ਦਸਦਾ ਹੈ ਕਿ ਦੂਸਰੇ ਅਧਾਰ ਨੂੰ ਅਪਨਾਉਣ ਨਾਲ ਇਕ ਸਮੇਂ Jewish State 'Palestine' ਅਤੇ Pakistan ਵਰਗੇ ਦੇਸ਼ ਹੋਂਦ ਵਿਚ ਆਏ।

ਡਾ. ਸ਼ੇਰ ਸਿੰਘ ਅਨੁਸਾਰ Theocratic communalism ਅਤੇ Politics ਦੀ ਸਹਿਮਤੀ ਨਾਲ 'Sikh State' ਦੀ ਮੰਗ ਉਭਰੇਗੀ, ਜੋ ਕਿ ਨਾ ਤਾਂ ਸਿੱਖ ਗੁਰੂ ਸਾਹਿਬਾਨ ਅਤੇ ਨਾ ਹੀ ਖਾਲਸਾ ਪੰਥ ਦਾ ਉਦੇਸ਼ ਸੀ।[47] ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਵੀ ਲੇਖਕ 'Sikh State' ਨਾ ਕਹਿ ਕੇ ਇਸ ਨੂੰ ਪੰਜਾਬ ਦੀ ਅਤੇ ਪੰਜਾਬੀਆਂ ਦੀ ਸਰਕਾਰ ਕਹਿੰਦਾ ਹੈ।

ਲੇਖਕ ਅਨੁਸਾਰ ਰਾਜਨੀਤਕ ਦਲ ਜਾਂ ਭਾਈਚਾਰੇ ਦੇ ਅਸੂਲ ਅਸਾਨੀ ਨਾਲ ਬਦਲੇ ਜਾ ਸਕਦੇ ਹਨ, ਪਰ ਧਾਰਮਿਕ ਅਸੂਲਾਂ ਨਾਲ ਡੂੰਘੀ ਭਾਵਨਾਤਮਿਕ ਸਾਂਝ ਹੋਣ ਕਾਰਨ, ਕਿਸੇ ਪ੍ਰਕਾਰ ਦਾ ਬਦਲਾਅ ਭੜਕਾਹਟ (provocative) ਪੈਦਾ ਕਰ ਸਕਦਾ ਹੈ।[48] ਕਰਤਾ ਅਨੁਸਾਰ, "ਭਾਰਤ ਵਿਚ ਜਿਸ ਨੂੰ ਫਿਰਕੂਪੁਣਾ (communalism) ਕਿਹਾ ਜਾਂਦਾ ਹੈ, ਉਹ ਅਸਲ ਵਿਚ Theocratic communalism ਦਾ ਹੀ ਇਕ ਰੂਪ ਹੈ। ਜਿਵੇਂ ਜਨ ਸੰਘ, ਮੁਸਲਿਮ ਲੀਗ, ਅਕਾਲੀ ਦਲ ਵਰਗੇ ਰਾਜਨੀਤਕ ਦਲ Theocratic communalism ਦਾ ਹੀ ਰੂਪ ਹਨ। ਇਹ ਸਾਰੇ ਆਪਣੇ Theocracy ਦੇ ਅਧਾਰ ਉਤੇ ਸਰਕਾਰ ਬਣਾਉਣਾ ਚਾਹੁੰਦੇ ਹਨ, ਜੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਬਹੁਤ ਵੱਡਾ ਖਤਰਾ ਹੈ।"[49] ਇਸ ਤਰ੍ਹਾਂ ਲੇਖਕ ਧਰਮ ਅਤੇ ਭਾਈਚਾਰੇ ਦੀ ਵਖਰਤਾ ਨੂੰ ਦਰਸਾਉਂਦਾ ਹੈ। ਇਕ ਧਰਮ ਵਿਚ ਕਈ ਭਾਈਚਾਰੇ ਹੋ ਸਕਦੇ ਹਨ ਜਿਵੇਂ ਸਿੱਖਾਂ ਵਿਚ ਨਾਮਧਾਰੀ, ਨਿਰਮਲੇ, ਨਿਹੰਗ ਸਿੰਘ ਆਦਿ।

ਲੇਖਕ ਇਕ ਹੋਰ ਮਹਤਵਪੂਰਨ ਨੁਕਤੇ ਤੋਂ ਧਰਮ ਅਤੇ ਭਾਈਚਾਰੇ ਵਿਚ ਫਰਕ ਦਸਦਾ ਹੈ। ਧਰਮ ਇਕ 'system of belief ' ਹੈ ਜਦੋਂ ਕਿ ਉਸ ਧਰਮ ਦੇ ਅਧੀਨ ਕੋਈ ਭਾਈਚਾਰਾ ਕੁਝ ਪੈਰੋਕਾਰਾਂ ਦਾ ਸਮੂਹ ਹੁੰਦਾ ਹੈ, ਜਿਹੜਾ ਕੋਈ ਖਾਸ ਲਕਸ਼ ਜੀਵਨ ਵਿਚ ਪ੍ਰਾਪਤ ਕਰਨਾ ਚਾਹੁੰਦਾ

---

47 *Sikhism & Politics*, p 2.
48 *Ibid,* p 5.
49 *Ibid*, p 2.
49 *Ibid,* p 5.

ਹੈ।[50] ਧਰਮ ਮਨੁਖੀ ਜੀਵਨ ਦੇ ਹਰ ਪਹਿਲੂ ਨੂੰ ਕਲਾਵੇ ਵਿਚ ਲੈਂਦਾ ਹੈ, ਜਿਸ ਵਿਚ ਰਾਜਨੀਤੀ ਵੀ ਸ਼ਾਮਿਲ ਹੈ। ਧਰਮ ਤੋਂ ਬਿਨਾਂ ਰਾਜਨੀਤੀ ਕੀਮਤਾਂ ਅਤੇ ਆਦਰਸ਼ਾਂ ਤੋਂ ਵਾਂਝੀ ਹੋਵੇਗੀ। ਧਰਮ ਤੋਂ ਬਿਨਾਂ ਆਗੂ ਅੰਨ੍ਹਾ ਹੋਵੇਗਾ। ਰਾਜਨੀਤੀ ਧਰਮ ਤੋਂ ਬਿਨ੍ਹਾਂ ਹੋ ਸਕਦੀ ਹੈ, ਪਰ ਅਜਿਹੀ ਰਾਜਨੀਤੀ ਮਨੁਖਤਾ ਲਈ ਨੁਕਸਾਨਦਾਇਕ ਸਿਧ ਹੋਵੇਗੀ। ਧਰਮ ਤੋਂ ਹੀਣੀ ਰਾਜਨੀਤੀ ਸੀਮਿਤ ਪਦਾਰਥਕ ਲਾਭ ਵਾਸਤੇ ਅਤੇ ਛੋਟੇ ਉਦੇਸ਼ਾਂ ਲਈ ਹੋਵੇਗੀ।

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਚੰਗੀ ਰਾਜਨੀਤੀ ਧਰਮ ਵਿਚੋਂ ਹੀ ਜਨਮ ਲੈ ਸਕਦੀ ਹੈ। ਕਰਤਾ ਅਨੁਸਾਰ, "ਰਾਜਨੀਤੀ ਵਿਚ ਧਾਰਮਿਕ ਕੀਮਤਾਂ ਹੋਣ ਦਾ ਮਤਲਬ ਇਹ ਨਹੀਂ ਕਿ ਧਾਰਮਿਕ ਭਾਈਚਾਰੇ ਨੂੰ ਰਾਜਨੀਤਕ ਖੇਤਰ ਵਿਚ ਰਾਜਨੀਤਕ ਪਾਰਟੀ ਵਜੋਂ ਆਉਣਾ ਚਾਹੀਦਾ ਹੈ। ਧਾਰਮਿਕ ਭਾਈਚਾਰੇ ਸਥਾਨਕ ਸਮਸਿਆਵਾਂ ਦੇ ਅਧਾਰ ਉਤੇ ਆਪਣੇ ਉਦੇਸ਼ ਨਿਸ਼ਚਿਤ ਕਰਦੇ ਹਨ। ਇਸ ਲਈ ਉਨ੍ਹਾਂ ਵਿਚ ਵਿਸ਼ਵ ਪਧਰੀ ਚੇਤਨਾ ਅਤੇ ਅੰਤਰ ਧਾਰਮਿਕ ਸਾਂਝ ਅਤੇ ਸਾਂਝਾ ਲਕਸ਼ ਹੁੰਦਾ ਹੈ।"[51]

ਡਾ. ਸ਼ੇਰ ਸਿੰਘ ਦਾ ਮਤ ਹੈ ਕਿ ਧਰਮ ਅਤੇ ਰਾਜਨੀਤੀ ਨਾਲ-ਨਾਲ ਚਲਦੇ ਹਨ। ਧਰਮ ਵਿਭਿੰਨ ਤਰ੍ਹਾਂ ਦੀ ਰਾਜਨੀਤੀ ਲਈ ਇਕ ਕਸਵੱਟੀ ਹੋਣਾ ਚਾਹੀਦਾ ਹੈ। ਧਰਮ ਵਿਚ ਸਦਾਚਾਰਕ ਜੀਵਨ ਜਾਚ ਹੈ ਤੇ ਇਹ ਹੀ ਧਰਮ ਦੀ ਕਸਵੱਟੀ ਹੈ।[52]

ਸਿੱਖ ਧਰਮ ਅਤੇ ਰਾਜਨੀਤੀ ਦਾ ਵਿਸ਼ਲੇਸ਼ਨ ਕਰਦੇ ਹੋਏ ਲੇਖਕ ਕਹਿੰਦਾ ਹੈ ਕਿ ਸਿੱਖ ਧਰਮ ਅਤੇ ਰਾਜਨੀਤੀ ਵਿਚ ਕੋਈ ਟਕਰਾਅ ਨਹੀਂ। ਸਿੱਖੀ, ਜੀਵਨ ਦੇ ਹਰ ਪਖ ਨੂੰ ਕਲਾਵੇ ਵਿਚ ਲੈਂਦੀ ਹੈ। ਇਸ ਲਈ ਸਿੱਖ ਧਰਮ ਹਰ ਉਸ ਸਰਕਾਰ ਤੇ ਪ੍ਰਬੰਧ ਦੇ ਖਿਲਾਫ ਆਵਾਜ਼ ਉਠਾਉਂਦਾ ਹੈ ਜੋ ਮਨੁਖ ਦੇ ਸਰਬਪੱਖੀ ਵਿਕਾਸ ਵਿਚ ਰੁਕਾਵਟ ਪਾਉਂਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਈ ਥਾਂ ਮੌਜੂਦਾ ਰਾਜਨੀਤਕ ਵਿਵਸਥਾ ਦੀ ਆਲੋਚਨਾ ਡੰਕੇ ਦੀ ਚੋਟ ਉਤੇ ਕੀਤੀ ਹੈ। ਉਨ੍ਹਾਂ ਦੀ ਆਲੋਚਨਾ ਪਿਛੇ ਇਕ ਵਡਾ ਕਾਰਨ ਇਹ ਸੀ ਕਿ ਭ੍ਰਿਸ਼ਟਾਚਾਰੀ ਅਤੇ ਨਿਰਦਈ ਪ੍ਰਬੰਧਕੀ ਢਾਂਚੇ ਵਿਚ ਮਨੁਖ ਅਧਿਆਤਮਕ ਅਤੇ ਨੈਤਿਕ ਤਰੱਕੀ

---

[50] *Sikhism & Politics,* p 6.
[51] *Ibid,* p 9.
[52] *Ibid,* p 11.

ਨਹੀਂ ਕਰ ਸਕਦਾ। ਜਿਹੜੇ ਵਿਅਕਤੀ ਆਤਮਿਕ ਰੂਪ ਵਿਚ ਚੇਤੰਨ ਹਨ, ਉਹ ਉਨ੍ਹਾਂ ਤਤਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ ਜਿਹੜੇ ਸਮਾਜ ਵਿਚ ਬੁਰਾਈ ਫੈਲਾਅ ਰਹੇ ਹੋਣ। ਇਸ ਲਈ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੀਆਂ ਸਮਾਜਿਕ ਅਤੇ ਰਾਜਨੀਤਕ ਹਾਲਤਾਂ ਵਿਚ ਦਿਲਚਸਪੀ ਦਿਖਾਈ।

ਲੇਖਕ ਧਰਮ ਅਤੇ ਰਾਜਨੀਤੀ ਵਿਚ ਸੰਤੁਲਨ ਬਾਰੇ ਲਿਖਦਾ ਹੈ ਕਿ ਧਾਰਮਿਕ ਵਿਅਕਤੀ ਨੂੰ ਕਿਸੀ ਪਰਸਥਿਤੀ ਜਾਂ ਪ੍ਰਬੰਧ ਪ੍ਰਤੀ ਆਪਣਾ ਨਿਰਣਾ ਦੇਣਾ ਚਾਹੀਦਾ ਹੈ ਅਤੇ ਰਾਜਨੀਤਕ ਵਿਅਕਤੀ ਨੂੰ ਉਹ ਨਿਰਣਾ ਵਿਵਹਾਰਿਕ ਤੌਰ ਉਤੇ ਲਾਗੂ ਕਰਨਾ ਚਾਹੀਦਾ ਹੈ।[53]

ਇਸ ਤੋਂ ਬਾਅਦ ਲੇਖਕ ਧਰਮ ਅਤੇ ਭਾਈਚਾਰੇ ਦੇ ਆਪਸੀ ਰਿਸ਼ਤੇ ਦਾ ਵਿਸ਼ਲੇਸ਼ਨ ਕਰਦਾ ਹੈ। ਕਰਤਾ ਅਨੁਸਾਰ ਧਰਮ ਅਤੇ ਭਾਈਚਾਰਾ ਦੋ ਅਲਗ-ਅਲਗ ਸੰਕਲਪ ਹਨ। ਡਾ. ਸ਼ੇਰ ਸਿੰਘ ਦੇ ਸ਼ਬਦਾਂ ਵਿਚ, "ਭਾਈਚਾਰਾ ਲੋਕਾਂ ਦਾ ਇਕ ਸਮੂਹ ਹੁੰਦਾ ਹੈ ਜਿਹੜਾ ਕਿਸੇ ਸਮਸਿਆ ਪ੍ਰਤੀ ਕੁਝ ਖਾਸ ਵਿਚਾਰਧਾਰਾ ਜਾਂ ਭਾਵਨਾਵਾਂ ਰਖਦਾ ਹੈ।"[54] ਇਸ ਪ੍ਰਸੰਗ ਵਿਚ ਲੇਖਕ All India Congress Committee, The Communist Party of India ਤੇ ਸ਼੍ਰੋਮਣੀ ਅਕਾਲੀ ਦਲ ਜਿਹੇ ਰਾਜਨੀਤਕ ਦਲਾਂ ਨੂੰ ਵੀ ਭਾਈਚਾਰਾ ਮੰਨਦਾ ਹੈ।

ਲੇਖ ਦੇ ਅੰਤਲੇ ਵਰਕਿਆਂ ਉਤੇ ਕਰਤਾ ਨੇ 'ਖਾਲਸਾ' ਨੂੰ ਇਕ 'ਆਦਰਸ਼ਕ ਸਮਾਜ' ਦਾ ਸਿਰਜਣਹਾਰ ਦਰਸਾਇਆ ਹੈ। ਖਾਲਸਾ ਸਾਜਨਾ ਦੇ ਕਾਰਨ ਦਰਸਾਉਂਦੇ ਹੋਏ ਕਰਤਾ ਕਹਿੰਦਾ ਹੈ ਕਿ ਜੇਕਰ ਬੁਰਾਈ (ਸ਼ੈਤਾਨ) ਚੰਗਿਆਈ ਨੂੰ ਖਤਮ ਕਰਨ ਲਈ ਸਮਾਜਿਕ ਰੂਪ ਵਿਚ ਅਗੇ ਵਧਦੀ ਹੈ ਤਾਂ ਚੰਗਿਆਈ ਨੂੰ ਵੀ ਸੰਗਠਿਤ ਹੋ ਕੇ ਇਸ ਦਾ ਟਾਕਰਾ ਕਰਨਾ ਚਾਹੀਦਾ ਹੈ। 'ਖਾਲਸਾ' ਗੁਰੂ ਹੁਕਮ ਵਿਚ ਚਲਣ ਵਾਲੇ ਮਨੁਖਾਂ ਦੀ ਸੰਗਤ ਹੈ। ਇਹ ਪਵਿਤਰ ਇਕਠ ਹਰ ਸਿੱਖ ਨੂੰ ਰਾਜਨੀਤਿਕ, ਆਰਥਿਕ, ਸਮਾਜਿਕ, ਨੈਤਿਕ ਅਤੇ ਅਧਿਆਤਮਕ ਸਮਸਿਆਵਾਂ ਦਾ ਟਾਕਰਾ ਕਰਨ ਲਈ ਜੋਸ਼ ਭਰਦਾ ਹੈ। ਇਨ੍ਹਾਂ ਸਮਸਿਆਵਾਂ ਦਾ ਮੁਕਾਬਲਾ ਕਰਦੇ ਹੋਏ ਹੀ ਸਿੱਖ ਆਪਣੇ ਆਤਮਿਕ ਵਿਕਾਸ ਦੀ ਬੁਲੰਦੀ ਉਤੇ ਪਹੁੰਚਦਾ ਹੈ।

---

[53] *Sikhism & Politics*, p 22.

[54] *Ibid*, p 3.

ਸਮੁਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਸ਼ੇਰ ਸਿੰਘ ਨੇ ਇਸ ਲੇਖ ਵਿਚ ਬਾ-ਖ਼ੂਬੀ ਧਰਮ ਅਤੇ ਰਾਜਨੀਤੀ ਦਾ ਸੁਮੇਲ ਦਸਿਆ ਹੈ।

### 2.3.13 Guru Nanak On the Malady of Man

ਡਾ. ਸ਼ੇਰ ਸਿੰਘ ਦੀ ਇਹ ਪੁਸਤਕ ਸਟਰਲਿੰਗ ਪਬਲਿਸ਼ਰਜ਼, ਦਿੱਲੀ ਵਲੋਂ 1968 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਪੁਸਤਕ ਅਸਲ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚਲੇ ਚੋਣਵੇਂ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ ਹੈ। ਇਸ ਅਨੁਵਾਦ ਦਾ ਮੁਖ ਕਾਰਨ ਲੇਖਕ ਵਲੋਂ ਗੁਰਬਾਣੀ ਵਿਚਲੇ ਪ੍ਰਗਟਾਏ ਸਹੀ ਪਰਿਪੇਖ ਨੂੰ ਉਨ੍ਹਾਂ ਲੋਕਾਂ ਸਾਹਮਣੇ ਲਿਆਉਣਾ ਹੈ, ਜਿਹੜੇ ਪੰਜਾਬੀ ਬੋਲੀ (ਗੁਰਮੁਖੀ ਲਿਪੀ) ਤੋਂ ਅਣਜਾਣ ਹਨ। ਪੁਸਤਕ ਵਿਚਲੇ ਅਨੁਵਾਦ ਦਾ ਸੰਬੰਧ ਕੇਵਲ ਉਨ੍ਹਾਂ ਸ਼ਬਦਾਂ ਨਾਲ ਹੈ, ਜਿਹੜੇ ਕਿਸੇ ਪ੍ਰਸੰਗ ਵਿਸ਼ੇਸ਼ ਵਿਚ ਇਸ ਦ੍ਰਿਸ਼ਟਮਾਨ ਸੰਸਾਰ ਨੂੰ ਮਾਇਆ ਦਾ ਇਕ ਰੂਪ ਦਸਦੇ ਹਨ।

ਪੁਸਤਕ ਵਿਚ ਅਨੁਵਾਦਕ ਨੇ ਗੁਰੂ ਨਾਨਕ ਸਾਹਿਬ ਦੇ ਕੁਲ 44 ਸ਼ਬਦਾਂ ਦਾ ਅਨੁਵਾਦ ਕੀਤਾ ਹੈ। ਅਨੁਵਾਦਿਤ ਸਮਗਰੀ ਦੀ ਕਿਸੇ ਕਿਸਮ ਦੀ ਤਰਤੀਬ ਸਾਨੂੰ ਇਥੋਂ ਪ੍ਰਾਪਤ ਨਹੀਂ ਹੁੰਦੀ। ਸਰਲ ਅੰਗਰੇਜ਼ੀ ਵਾਰਤਕ ਵਿਚ ਕੀਤੇ ਗਏ ਅਨੁਵਾਦ ਦਾ ਅਧਾਰ ਸ਼ਬਦ ਦੇ ਭਾਵ ਨਾਲ ਹੈ, ਸ਼ਾਬਦਿਕ ਤਰਤੀਬ ਨਾਲ ਨਹੀਂ। ਗੁਰੂ ਨਾਨਕ ਸਾਹਿਬ ਦੇ ਨਾਲ ਹੀ ਭਗਤ ਕਬੀਰ ਜੀ ਦੇ ਵੀ ਕੁਝ ਚੋਣਵੇਂ ਸ਼ਬਦ ਇਸ ਅਨੁਵਾਦ ਵਿਚ ਸ਼ਾਮਿਲ ਕੀਤੇ ਗਏ ਹਨ। ਪੁਸਤਕ ਦੇ ਅੰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ ਬ੍ਰਿਤਾਂਤ ਦਿੱਤਾ ਗਿਆ ਹੈ[55] ਅਤੇ ਅਨੁਵਾਦਕ ਨੇ ਆਪਣੀਆਂ ਪੁਸਤਕਾਂ *Social and Political Philosophy of Guru Gobind Singh* ਅਤੇ *Philosophy of Sikhism* ਦੀ ਸਮੀਖਿਆ ਕੀਤੀ ਹੈ।

ਉਕਤ ਵਰਨਣ ਤੋਂ ਇਹ ਗਲ ਸਪਸ਼ਟ ਹੁੰਦੀ ਹੈ ਕਿ ਡਾ. ਸ਼ੇਰ ਸਿੰਘ ਕੇਵਲ ਬੌਧਿਕ ਕਿਸਮ ਦੇ ਵਿਦਵਾਨ ਹੀ ਨਹੀਂ ਸਨ, ਬਲਕਿ ਉਨ੍ਹਾਂ ਅੰਦਰ ਸਿੱਖੀ ਪਿਆਰ ਤੇ ਪੰਥਕ ਦਰਦ ਵੀ ਸੀ, ਜਿਸ ਦੀ ਪ੍ਰਤਖ ਉਦਾਹਰਨ ਉਨ੍ਹਾਂ ਦੀਆਂ ਲਿਖਤਾਂ ਤੋਂ ਮਿਲਦੀ ਹੈ। ਬੇਸ਼ਕ ਉਨ੍ਹਾਂ ਦੀਆਂ ਬਹੁਤੀਆਂ

[55] *Guru Nanak on The Malady of Man,* pp. 65-8.

ਪੁਸਤਕਾਂ ਵਿਚ ਗੁਰਮਤਿ ਸਿਧਾਂਤਾਂ ਦੀ ਦਾਰਸ਼ਨਿਕ ਵਿਆਖਿਆ ਕਰਨਾ ਹੀ ਮੁਖ ਵਿਸ਼ਾ ਰਿਹਾ ਹੈ, ਪਰੰਤੂ ਫਿਰ ਵੀ ਕਿਤੇ-ਕਿਤੇ ਉਨ੍ਹਾਂ ਨੇ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਭਾਵੁਕ ਹੋ ਕੇ ਅਜਿਹੀਆਂ ਸਿਰਜਣਾਵਾਂ ਵੀ ਕੀਤੀਆਂ, ਜਿਹੜੀਆਂ ਚਿਰ ਸਥਾਈ ਆਪਣੀ ਖੁਸ਼ਬੋ ਫੈਲਾਉਂਦੀਆਂ ਰਹਿਣਗੀਆਂ। ਇਸ ਤੋਂ ਬਿਨਾਂ ਜੇਕਰ ਦਾਰਸ਼ਨਿਕ ਸਿਰਜਣਾਵਾਂ ਦੀ ਗਲ ਕਰੀਏ ਤਾਂ *ਗੁਰਮਤਿ ਦਰਸ਼ਨ* ਪੁਸਤਕ ਇਸ ਲੜੀ ਵਿਚ ਮੀਲ ਪਥਰ ਤੋਂ ਘਟ ਨਹੀਂ। ਅਗਲੇ ਅਧਿਆਇ ਵਿਚ ਅਸੀਂ ਡਾ. ਸ਼ੇਰ ਸਿੰਘ ਦੁਆਰਾ ਕੀਤੇ ਸਿੱਖ ਅਧਿਐਨ ਦੇ ਵਿਭਿੰਨ ਪਖਾਂ ਨੂੰ ਸਮਝਣ ਦਾ ਜਤਨ ਕਰਾਂਗੇ।

ਹਥਲੇ ਅਧਿਆਇ ਵਿਚ ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਇਸ ਜਤਨ ਵਿਚ ਅਸੀਂ ਮੁਖ ਰੂਪ ਵਿਚ ਡਾ. ਸਾਹਿਬ ਦੀਆਂ ਗੁਰਮਤਿ ਸੰਬੰਧੀ ਰਚਨਾਵਾਂ ਦਾ ਵਿਸ਼ਲੇਸ਼ਨ ਕਰਨ ਜਾ ਰਹੇ ਹਾਂ, ਜਿਸ ਤਹਿਤ ਉਨ੍ਹਾਂ ਦੁਆਰਾ ਗੁਰਮਤਿ ਦੇ ਛੋਹੇ ਵਿਸ਼ਿਆਂ ਨੂੰ ਵਿਚਾਰਾਧੀਨ ਕਰਨਾ ਹੈ। ਇਸ ਕਾਰਜ ਲਈ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਵਿਸ਼ੇ ਅਧਾਰਿਤ ਹੇਠ ਲਿਖੇ ਵਰਗਾਂ ਵਿਚ ਵੰਡ ਰਹੇ ਹਾਂ:

1. ਸਿਧਾਂਤਕ
2. ਧਾਰਮਿਕ
3. ਸਮਾਜਿਕ
4. ਸੰਸਥਾਗਤ

## 3.1 ਸਿਧਾਂਤਕ

ਇਸ ਵਰਗ ਵੰਡ ਵਿਚ ਅਸੀਂ ਦਰਸ਼ਨ ਦੇ ਮੁਢਲੇ ਸਵਾਲ – ਪਰਮਸਤਿ, ਸ੍ਰਿਸ਼ਟੀ, ਮਨੁਖ ਅਤੇ ਮੁਕਤੀ ਬਾਰੇ ਡਾ. ਸ਼ੇਰ ਸਿੰਘ ਦੁਆਰਾ ਕੀਤੀ ਵਿਆਖਿਆ ਦੀ ਪੜਚੋਲ ਕਰ ਰਹੇ ਹਾਂ। ਇਸ ਪੜਚੋਲ ਦਾ ਅਧਾਰ ਗੁਰਬਾਣੀ ਤੋਂ ਇਲਾਵਾ ਉਘੇ ਵਿਦਵਾਨਾਂ ਦੀਆਂ ਲਿਖਤਾਂ ਨੂੰ ਬਣਾਇਆ ਹੈ।

### 3.1.1 ਪਰਮਸਤਿ

ਮਨੁਖੀ ਜਿਹਨ ਵਿਚ ਸਭ ਤੋਂ ਮੁਢਲਾ ਸਵਾਲ ਰਬ ਸੰਬੰਧੀ ਹੀ ਉਤਪੰਨ ਹੁੰਦਾ ਹੈ ਕਿ ਕੀ ਰਬ ਹੈ? ਇਸ ਦੇ ਉਤਰ ਵਜੋਂ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਗੁਰੂ ਸਾਹਿਬਾਨ ਦੇ ਮਨ ਵਿਚ ਅਕਾਲਪੁਰਖ ਸੰਬੰਧੀ ਸ਼ੰਕਾ ਕਦੀ ਸੁਪਨੇ ਵਿਚ ਵੀ ਨਹੀਂ ਆਇਆ, ਕਿਉਂਕਿ ਗੁਰੂ ਸਾਹਿਬ ਅਕਾਲਪੁਰਖ ਦੇ ਪਿਆਰ ਵਿਚ ਐਨੇ ਰੰਗੇ ਹੋਏ ਸਨ ਕਿ ਉਨ੍ਹਾਂ ਨੂੰ ਅਕਾਲਪੁਰਖ ਦੀ ਹੋਂਦ ਜਾਂ ਅਣਹੋਂਦ ਦਾ ਕਦੀ ਅਹਿਸਾਸ ਹੀ ਨਹੀਂ ਹੋਇਆ। ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਜਦੋਂ ਇਹ ਹੋਂਦ (ਅਕਾਲਪੁਰਖ) ਐਨੀ ਸਪਸ਼ਟ, ਜਾਹਰ-ਜਹੂਰ ਤੇ ਹਾਜਰ-ਹਜ਼ੂਰ ਹੈ ਤਾਂ ਫਿਰ ਇਸ ਨੂੰ ਸਿਧ ਕਰਨ ਦੀ ਕੀ ਲੋੜ ਹੈ? ਅਕਾਲਪੁਰਖ ਦੀ ਹੋਂਦ ਸੰਬੰਧੀ ਗੁਰਬਾਣੀ ਵਿਚ ਸਪਸ਼ਟ ਫੁਰਮਾਣ ਹੈ :

*ਜਤ ਕਤ ਦੇਖਉ ਤੇਰਾ ਵਾਸਾ॥*[1]

---

[1] ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੭.

ਡਾ. ਸਾਹਿਬ ਸਪਸ਼ਟ ਕਰਦੇ ਹਨ ਕਿ ਅਕਾਲਪੁਰਖ ਨੂੰ ਸੂਰਜ ਵਾਂਗ ਜਾਹਿਰਾ ਕਹਿਣ ਤੋਂ ਗੁਰੂ ਸਾਹਿਬ ਦਾ ਭਾਵ ਅੰਤ੍ਰੀਵ ਦ੍ਰਿਸ਼ਟੀ ਤੋਂ ਹੈ। ਆਮ ਸ਼ੰਕਾਵਾਦੀ ਦੀ ਧਾਰਨਾ ਹੁੰਦੀ ਹੈ ਕਿ ਪਰਮਾਤਮਾ ਉਸੇ ਤਰ੍ਹਾਂ ਪ੍ਰਗਟ ਰੂਪ ਵਿਚ ਦਿਸੇ ਜਿਵੇਂ ਸੰਸਾਰ ਵਿਚ ਹੋਰ ਵਸਤੂਆਂ ਦਿਖਾਈ ਦਿੰਦੀਆਂ ਹਨ। ਪਰੰਤੂ ਗੁਰਮਤਿ ਅਨੁਸਾਰ ਸਰੀਰਕ ਅਖਾਂ ਨਾਲ ਸੰਸਾਰੀ ਵਸਤੂਆਂ ਦੇਖੀਆਂ ਜਾ ਸਕਦੀਆਂ ਪਰ ਉਹ ਅਖਾਂ ਹੋਰ ਹਨ, ਜਿਨ੍ਹਾਂ ਨੂੰ ਅਕਾਲਪੁਰਖ ਦੇ ਦਰਸ਼ਨ ਹੁੰਦੇ ਹਨ :

*ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥*[2]

ਡਾ. ਸ਼ੇਰ ਸਿੰਘ ਦਾ ਖਿਆਲ ਹੈ ਕਿ ਦਲੀਲਾਂ ਤੇ ਸਬੂਤਾਂ ਨਾਲ ਇਕ ਨਾਸਤਿਕ ਆਸਤਕ ਨਹੀਂ ਹੋ ਸਕਦਾ, ਕਿਉਂਕਿ ਦਲੀਲਾਂ ਤੇ ਸਬੂਤਾਂ ਨਾਲ ਅਕਾਲਪੁਰਖ ਦੀ ਹੋਂਦ ਸੰਬੰਧੀ ਸ਼ਰਧਾ ਜਾਂ ਨਿਸ਼ਚਾ ਪੈਦਾ ਨਹੀਂ ਹੁੰਦਾ। ਡਾ. ਸਾਹਿਬ ਅਨੁਸਾਰ ਦਰਸ਼ਨ (Philosophy) ਦੀ ਇਹ ਸਮਸਿਆ ਹੈ ਕਿ ਦਲੀਲਾਂ ਜਾਂ ਨਿਯਮਾਂ ਨਾਲ ਉਹੀ ਸ਼ੈਅ ਸਿਧ ਹੋ ਸਕਦੀ ਹੈ, ਜਿਹੜੀ ਦਲੀਲਾਂ ਜਾਂ ਨਿਯਮਾਂ ਦੇ ਘੇਰੇ ਵਿਚ ਹੋਵੇ। ਅਕਾਲਪੁਰਖ ਅਕਹਿ ਤੇ ਅਗਮ ਹੈ। ਇਸ ਲਈ ਮਨੁਖੀ ਦਲੀਲਾਂ ਨਾਲ ਅਕਹਿ ਤੇ ਅਗਮ ਨੂੰ ਕਿਵੇਂ ਸਿਧ ਕੀਤਾ ਜਾ ਸਕਦਾ ਹੈ? ਡਾ. ਸ਼ੇਰ ਸਿੰਘ ਅਨੁਸਾਰ ਰਬ ਦੀ ਹੋਂਦ ਇਕ ਰੂਹਾਨੀ ਤਜ਼ਰਬਾ ਹੈ। ਪਰਮਸਤਿ ਇਕ ਅੰਦਰਲਾ ਗਿਆਨ ਹੈ, ਇਸ ਨੂੰ ਗਲਾਂ, ਦਲੀਲਾਂ ਜਾਂ ਨਿਯਮਾਂ ਨਾਲ ਨਹੀਂ ਦਰਸਾਇਆ ਜਾ ਸਕਦਾ।[3]

ਡਾ. ਸ਼ੇਰ ਸਿੰਘ ਨੇ ਰਬ ਸੰਬੰਧੀ ਵਿਚਾਰ ਵਿਚ ਸਭ ਤੋਂ ਪਹਿਲਾਂ ਬਹੁ-ਰਬੀ ਵਿਚਾਰ ਪੇਸ਼ ਕੀਤੀ ਹੈ। ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਬਹੁ-ਰਬੀ ਮਤ ਦੇ ਵਿਰੋਧੀ ਸਨ। ਗੁਰਬਾਣੀ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿ ਦੇਵਤਿਆਂ ਦੇ ਨਾਂ ਦੀ ਵਰਤੋਂ ਕਰਨ ਤੋਂ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਹਿੰਦੂ ਮਤ ਨਾਲ ਸਹਿਮਤ ਸਨ। ਹਿੰਦੂ ਮਤ ਵਿਚ ਵਖ-ਵਖ ਕੰਮਾਂ ਲਈ ਵਖ-ਵਖ ਦੇਵਤਿਆਂ ਦੀ ਹੋਂਦ ਕਲਪਿਤ ਕੀਤੀ ਗਈ ਹੈ, ਜਿਵੇਂ ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾ, ਪਾਲਣ ਵਾਲਾ ਵਿਸ਼ਨੂੰ ਤੇ ਸੰਘਾਰਨ ਵਾਲਾ ਮਹੇਸ਼। ਗੁਰਬਾਣੀ ਵਿਚ ਸੰਸਾਰ ਦੀ ਉਤਪਤੀ, ਪਾਲਣਾ ਤੇ ਸੰਘਾਰ ਨੂੰ ਤਿੰਨਾਂ ਦੇਵਤਿਆਂ ਦੇ ਵਸ ਕਰਕੇ ਉਨ੍ਹਾਂ ਨੂੰ ਇਕ ਅਕਾਲਪੁਰਖ ਦੇ ਅਧੀਨ ਦਰਸਾਇਆ ਗਿਆ ਹੈ। 'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ'[4] ਵਿਚ ਬ੍ਰਹਮਾ,

---

[2] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੭੭.

[3] *ਗੁਰਮਤਿ ਦਰਸ਼ਨ,* ਪੰਨਾ ੨੪੨.

[4] ਸ੍ਰੀ ਗੁਰੂ ਗ੍ਰੰਥ ਸਾਹਿਬ, ੭.

ਵਿਸ਼ਨੂੰ ਤੇ ਸ਼ਿਵ ਨੂੰ ਸੰਸਾਰੀ, ਭੰਡਾਰੀ ਤੇ ਦੀਬਾਨ ਲਾਉਣ ਵਾਲਾ ਦਸ ਕੇ ਇਨ੍ਹਾਂ ਨੂੰ ਇਕ ਰਬ ਦੇ ਹੁਕਮ ਵਿਚ ਦਸਿਆ ਗਿਆ ਹੈ। ਡਾ. ਸ਼ੇਰ ਸਿੰਘ ਨੇ ਪਰਮਸਤਿ ਦੀ ਵਿਚਾਰ ਮੂਲ ਮੰਤ੍ਰ[5] ਦੇ ਹੇਠ ਲਿਖੇ ਵਿਭਿੰਨ ਪਖਾਂ ਨੂੰ ਅਧਾਰ ਬਣਾ ਕੇ ਕੀਤੀ ਹੈ :

**(1) ੴ**

ਡਾ. ਸ਼ੇਰ ਸਿੰਘ ਨੇ ਇਕ ਰਬੀ ਵਿਚਾਰ ਨੂੰ ਇਕ ਰਬੀ ਨਿਸ਼ਚਾ ਜਾਂ ਖਾਲਿਸ ਮੋਨੋਥੀਇਜ਼ਮ ਦਾ ਨਾਂ ਦਿਤਾ ਹੈ। ਖਾਲਿਸ ਇਸ ਕਰਕੇ ਕਿਹਾ ਹੈ ਕਿਉਂਕਿ ਇਥੇ ਬਿਨਾਂ ਇਕ ਰਬ ਦੇ ਹੋਰ ਕੁਝ ਵੀ ਨਹੀਂ ਹੈ। ਡਾ. ਸ਼ੇਰ ਸਿੰਘ ਪਰਮਸਤਿ ਲਈ ਅਕਾਲਪੁਰਖ ਸ਼ਬਦ ਦੀ ਵਰਤੋਂ ਕਰਦੇ ਹਨ। ਉਨ੍ਹਾਂ ਨੇ ਆਪਣੇ ਵਿਸ਼ਲੇਸ਼ਣ ਵਿਚ ਮੂਲ ਮੰਤਰ ਦੇ 14 ਅੰਗ (੧, ਓ, ਸਤਿ, ਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ, ਮੂਰਤਿ, ਅਜੂਨੀ, ਸੈਭੰ, ਗੁਰ ਅਤੇ ਪ੍ਰਸਾਦਿ) ਚਿਤਵੇ ਹਨ, ਪਰੰਤੂ ਭਾਈ ਗੁਰਦਾਸ ਜੀ ਨੇ ਇਨ੍ਹਾਂ ਪਦਾਂ ਦੀ ਗਿਣਤੀ ਨੌਂ (ੴ, ਸਤਿਨਾਮੁ, ਕਰਤਾਪੁਰਖੁ, ਨਿਰਭਉ, ਨਿਰਵੈਰੁ, ਅਕਾਲਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ) ਕੀਤੀ ਹੈ :

*ਏਕਾ ਏਕੰਕਾਰੁ ਲਿਖਿ ਦੇਖਾਲਿਆ।*
*ਊੜਾ ਓਅੰਕਾਰੁ ਪਾਸਿ ਬਹਾਲਿਆ।*
*ਸਤਿਨਾਮੁ ਕਰਤਾਰੁ ਨਿਰਭਉ ਭਾਲਿਆ।*
*ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।*
*ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।*
*ਪੰਜ ਅਖਰ ਉਪਕਾਰ ਨਾਮੁ ਸਮਾਲਿਆ।*
*ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।*
*ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।*
*ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ॥*[6]

ਡਾ. ਸ਼ੇਰ ਸਿੰਘ ਨੇ ਅਕਾਲਪੁਰਖ ਦੀ ਵਿਆਖਿਆ 'ੴ' ਤੋਂ ਸ਼ੁਰੂ ਕੀਤੀ ਹੈ। ਉਨ੍ਹਾਂ ਅਨੁਸਾਰ 'ਓ' ਪਰਮਾਤਮਾ ਦਾ ਨਾਮ ਹੈ, ਜਿਹੜਾ ਕਿ ਇਕੋ ਇਕ ਹੈ। ਇਸ ਲਈ ਗੁਰੂ ਨਾਨਕ ਸਾਹਿਬ ਨੇ 'ਓ' ਪਦ ਤੋਂ ਪਹਿਲਾਂ '੧' ਲਗਾ ਕੇ ਇਸ ਨੂੰ 'ੴ' ਬਣਾ ਦਿਤਾ। '੧'

[5] *ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧.

[6] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੩/੧੫.

ਤੇ 'ਓ' ਦੋਵੇਂ ਪਦ ਹੀ ਪਰਮਾਤਮਾ ਦੇ ਨਾਮ ਹਨ।[7] ਇਹ '੧' ਪਰਮਾਤਮਾ ਦਾ ਉਸੇ ਤਰ੍ਹਾਂ ਦਾ ਨਾਮ ਹੈ, ਜਿਸ ਤਰ੍ਹਾਂ ਦਾ 'ਸਤਿ' ਜਾਂ 'ਅਕਾਲ' ਆਦਿ। ਇਸ ਤਥ ਦੀ ਪੁਸ਼ਟੀ ਲਈ ਡਾ. ਸ਼ੇਰ ਸਿੰਘ ਜਪੁ ਜੀ ਵਿਚਲੀ ਇਕ ਤੁਕ *ਗੁਰਾ ਇਕ ਦੇਹਿ ਬੁਝਾਈ*[8] ਦਿੰਦੇ ਹਨ। ਭਾਵ, ਹੇ ਗੁਰੂ ! ਮੈਨੂੰ ਇਕ ਦੀ ਬੂਝ ਕਰਵਾ ਦਿਓ। ਇਥੇ ਇਕ ਅਕਾਲਪੁਰਖ ਦਾ ਨਾਮ ਹੈ।[9] ਡਾ. ਸ਼ੇਰ ਸਿੰਘ ਅਨੁਸਾਰ ਨਿਰੰਕਾਰ, ਏਕੰਕਾਰ ('੧') ਤੇ ਓਅੰਕਾਰ, ਪਰਮਾਤਮਾ ਦੇ ਤਿੰਨ ਭੇਦ ਜਾਂ ਅਵਸਥਾਵਾਂ ਹਨ। ਨਿਰੰਕਾਰੀ ਅਵਸਥਾ ਤੋਂ ਸਾਕਾਰੀ ਜਾਂ ਸਰਗੁਣੀ ਅਵਸਥਾ ਏਕੰਕਾਰ '੧' ਤੇ ਫਿਰ 'ਓ' ਦੇ ਰੂਪ ਵਿਚ ਪ੍ਰਗਟ ਹੁੰਦੀ ਹੈ, ਜਿਸ ਨੂੰ ਡਾ. ਸ਼ੇਰ ਸਿੰਘ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਦਸਦੇ ਹਨ:

*ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।*

*ਹੋਆ ਏਕੰਕਾਰੁ ਆਪੁ ਉਪਾਇਆ।*

*ਓਅੰਕਾਰਿ ਅਕਾਰੁ ਚਲਿਤੁ ਰਚਾਇਆ।*[10]

ਇਨ੍ਹਾਂ ਤਿੰਨਾਂ ਹਾਲਤਾਂ ਨੂੰ ਇਕ ਤੁਕ ਵਿਚ ਭਾਈ ਗੁਰਦਾਸ ਜੀ ਨੇ ਇਉਂ ਵੀ ਸਪਸ਼ਟ ਕੀਤਾ ਹੈ :

*ਨਿਰੰਕਾਰ ਏਕੰਕਾਰ ਹੋਇ ਓਅੰਕਾਰ ਆਕਾਰ ਅਪਾਰਾ॥*[11]

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲਾ ਪਦ '੧' ਇਕ ਅਕਾਲਪੁਰਖ ਵਾਹਿਗੁਰੂ ਦਾ ਲਖਾਇਕ ਹੈ।[12] '੧' ਦਾ ਪਸਾਰ ਇਹ ਸਾਰਾ ਸੰਸਾਰ ਹੈ ਅਤੇ '੧' ਦਾ ਵਿਸਤਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਇਸ '੧' ਦੇ ਸਿਧਾਂਤ ਦਾ ਸੰਬੰਧ ਗੁਰੂ ਸਾਹਿਬ ਦੇ ਉਸ ਸਿਧਾਂਤ ਨਾਲ ਹੈ, ਜਿਹੜਾ ਕਿ ਉਨ੍ਹਾਂ ਨੇ ਬ੍ਰਹਿਮੰਡ ਸੰਬੰਧੀ ਦਰਸਾਇਆ ਹੈ। ਇਸ ਸੰਸਾਰ ਦੇ ਆਦਿ, ਮਧ ਅਤੇ ਅੰਤ ਵਿਚ ਇਕ ਹੀ ਇਕ ਹੈ:

---

[7] ਭਾਈ ਵੀਰ ਸਿੰਘ ਜੀ 'ਇਕ/੧' ਤੋਂ ਭਾਵ ਅਕਾਲਪੁਰਖ ਦੇ ਨਾਮ ਤੋਂ ਲੈਂਦੇ ਹਨ। ਭਾਈ ਸਾਹਿਬ ਅਨੁਸਾਰ ਇਹ 'ਇਕ/੧' ਅਦੁਤੀ ਇਕ ਹੈ ਜਿਵੇਂ ਕਿ ਬਾਣੀ ਵਿਚ ਦਸਿਆ ਗਿਆ ਹੈ: *ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੦), ਵੇਖੋ: *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਭਾਸ਼ਾ ਵਿਭਾਗ, ਪੰਜਾਬ, 1993 (ਪੰਜਵੀਂ ਵਾਰ), ਪੰਨਾ ੨.

[8] ਸ੍ਰੀ ਗੁਰੂ ਗ੍ਰੰਥ ਸਾਹਿਬ, ੧.

[9] *ਜਪੁ ਜੀ ਦਰਸ਼ਨ*, ਪੰਨਾ ੭੧.

[10] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੨੨/੧.

[11] *ਉਹੀ*, ੨੯/੧੯.

[12] *ਗੁਰਮਤਿ ਦਰਸ਼ਨ*, ਪੰਨਾ ੨੦੯.

*ਤਿਸੁ ਬਿਨੁ ਦੂਜਾ ਅਵਰੁ ਨ ਕੋਊ॥*

*ਆਦਿ ਮਧਿ ਅੰਤਿ ਹੈ ਸੋਊ॥*[13]

ਡਾ. ਸ਼ੇਰ ਸਿੰਘ ਨੇ ਇਥੇ ਇਹ ਵੀ ਸਪਸ਼ਟ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਦੇ ਆਰੰਭ ਵਿਚ ਅਖਰ (ਇਕ) ਦੀ ਬਜਾਇ ਅੰਕ (੧) ਦੀ ਵਰਤੋਂ ਕਿਉਂ ਕੀਤੀ। ਇਸ ਦੀ ਪੁਸ਼ਟੀ ਲਈ ਉਨ੍ਹਾਂ ਨੇ ਚਾਰ ਪਖਾਂ ਤੋਂ ਵਿਚਾਰ ਦਿਤੀ ਹੈ। ਪਹਿਲੇ ਪਖ ਤੋਂ ਉਨ੍ਹਾਂ ਦੀ ਦਲੀਲ ਗੁਰਬਾਣੀ ਰਚਨਾ ਪ੍ਰਬੰਧ ਉਤੇ ਕੇਂਦਰਿਤ ਹੈ, ਜਿਸ ਅਨੁਸਾਰ ਉਹ ਕਹਿੰਦੇ ਹਨ ਕਿ '੧' ਸਰਬ ਗਿਆਨ, ਸਰਬੋਤਮ ਗਿਆਨ ਦਾ ਤਤ ਹੈ। ਦੂਜੇ ਪਖ ਤੋਂ ਉਹ ਕਹਿੰਦੇ ਹਨ ਕਿ ਸਾਂਸਕ੍ਰਿਤਕ ਮਰਯਾਦਾ ਅਨੁਸਾਰ ਹਰ ਪ੍ਰਮਾਣਿਕ ਗ੍ਰੰਥ ਇਕ ਮੈਮਾਂਸਿਕ ਤੁਕ ਵਿਚ ਦਸੇ ਅੰਗਾਂ ਦੀ ਕਸੌਟੀ ਉਤੇ ਪੂਰਾ ਉਤਰਨਾ ਚਾਹੀਦਾ ਹੈ :

*ਉਪ ਕਰਮ ਉਪ ਸੰਹਾਰ ਅਭਿਆਸ ਪੂਰਵਤਾ ਫਲੰ॥*

*ਅਰਥਵਾਦ ਉਪਾਮਤੀ ਲਿੰਗਮ ਤਾਤਪਰਯ ਨਿਰਣਯ॥*[14]

ਇਨ੍ਹਾਂ ਵਿਚੋਂ ਪਹਿਲੇ ਦੋ ਗੁਣਾਂ ਅਨੁਸਾਰ ਪ੍ਰਮਾਣਿਕ ਗ੍ਰੰਥ ਦਾ ਵਸਤੂ-ਵਿਸ਼ੈ ਆਦਿ-ਮਧਿ-ਅੰਤਿ ਇਕ ਹੋਣਾ ਜ਼ਰੂਰੀ ਹੈ, ਜਿਹੜਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਕ ਅਕਾਲਪੁਰਖ ਪਰਮਾਤਮਾ ਦਾ ਗੁਣਾਨਵਾਦਿ ਗਿਆਨੁ ਹੈ। ਇਸ ਵਿਸ਼ੇ ਦੀ ਪ੍ਰਪਕਤਾ ਨੂੰ ਦਰਸਾਉਣ ਲਈ ਮੁਢ ਵਿਚ '੧' ਤੇ ਅੰਤ ਵਿਚ ਮੁੰਦਾਵਣੀ ਦੇ ਭੋਗ ਪਿਛੋਂ ਵੀ '੧' ਲਿਖਿਆ ਹੈ।[15] ਤੀਜਾ ਪਖ ਡਾ. ਸ਼ੇਰ ਸਿੰਘ ਨੇ ਅੰਕ ਸਿਧਾਂਤ ਵਜੋਂ ਪੇਸ਼ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਯੂਨਾਨ ਦੇ ਦਾਰਸ਼ਨਿਕ ਫੀਸਾਗੋਰਸ ਦੇ ਅੰਕ ਦਰਸ਼ਨ ਦੇ ਹਵਾਲੇ ਨਾਲ ਆਪਣੇ ਮਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੰਕ ਹੋਣ ਦੇ ਨਾਤੇ ਹੀ '੧' ਗੂੜ੍ਹ ਤੋਂ ਗੂੜ੍ਹ ਭਾਵਾਂ ਦਾ ਅਤੁਟ ਭੰਡਾਰ ਹੈ।[16] ਅੰਤਿਮ ਚੌਥਾ ਪਖ ਡਾ. ਸ਼ੇਰ ਸਿੰਘ ਨੇ ਪ੍ਰਤੀਕ ਸਿਧਾਂਤ ਦਾ ਦਿਤਾ ਹੈ, ਜਿਸ ਅਨੁਸਾਰ ਅਕਾਲਪੁਰਖ ਪਰਮਾਤਮਾ ਨਿਰਗੁਣ ਸਰੂਪ ਵਿਚ

---

[13] ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੦੧.

[14] *ਜਪੁ ਜੀ ਦਰਸ਼ਨ,* ਪੰਨੇ ੭੧-੨.

[15] *ਉਹੀ,* ਪੰਨੇ ੭੧-੨ ; ਡਾ. ਸ਼ੇਰ ਸਿੰਘ ਨੇ ਵਿਦਵਾਨਾਂ ਦਾ ਬਿਨਾਂ ਨਾਮ ਲਏ ਜ਼ਿਕਰ ਕੀਤਾ ਹੈ ਕਿ ਕਈ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਮੁੰਦਾਵਣੀ ਦੇ ਅੰਤ *ਤਨੁ ਮਨੁ ਥੀਵੈ ਹਰਿਆ* ਉਤੇ ਮੰਨਦੇ ਹਨ। ਉਨ੍ਹਾਂ ਦੀ ਆਪਣੀ ਵੀ ਇਹੋ ਧਾਰਨਾ ਹੈ, ਜਿਸ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਤੋਂ ਹੁੰਦੀ ਹੈ, "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪਦ '੧' ਹੈ ਤੇ ਅੰਤਲਾ ਪਦ '੧' ਹੈ।" (*ਜਪੁ ਜੀ ਦਰਸ਼ਨ,* ਪੰਨਾ ੭੪) ਇਥੋਂ ਇਹ ਸਪਸ਼ਟ ਹੁੰਦਾ ਹੈ ਕਿ ਡਾ. ਸ਼ੇਰ ਸਿੰਘ ਰਾਗਮਾਲਾ ਦੇ ਵਿਰੋਧ ਵਿਚ ਸਨ।

[16] *ਜਪੁ ਜੀ ਦਰਸ਼ਨ,* ਪੰਨਾ ੭੨.

ਨਾ ਜਾਣੇ ਜਾਣ ਵਾਲੀ ਹੋਂਦ ਹੈ। ਇਹ ਹੋਂਦ ਗੁਣ ਅਤੀਤ ਹੋਣ ਕਰਕੇ ਅਰੂਪ ਤੇ ਅਲਖ ਹੁੰਦੀ ਹੈ। ਇਸ ਦਾ ਪ੍ਰਤੀਕ ਰੂਪ ਸਿਫਰ, ਸੁੰਨ, ਬਿੰਦੀ, ਜ਼ੀਰੋ ਆਦਿ ਸਮਝਿਆ ਗਿਆ ਹੈ। ਇਹ ਬਿੰਦੀ ਜਾਂ ਜ਼ੀਰੋ ਅਣਹੋਂਦ ਦਾ ਲਖਾਇਕ ਨਹੀਂ, ਬਲਕਿ ਇਹ ਇਕ ਅਜਿਹੀ ਹੋਂਦ ਹੈ ਜਿਹੜੀ ਜਾਣੀ ਤਾਂ ਨਹੀਂ ਜਾ ਸਕਦੀ, ਪਰੰਤੂ ਇਹ ਬੇਅੰਤ ਸੰਭਾਵਨਾਵਾਂ ਦਾ ਭੰਡਾਰ ਹੈ। ਇਹ ਪਰਮਾਤਮਾ ਦੀ ਲਖਾਇਕ ਹੈ। ਇਹ ਅਫੁਰ ਬ੍ਰਹਮ ਹੈ, ਜਿਸ ਨੂੰ ਬਾਣੀ ਵਿਚ *ਅਰਬਦ ਨਰਬਦ ਧੁੰਦੂਕਾਰਾ*[17] ਜਾਂ *ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ*[18] ਰਾਹੀਂ ਸੰਕੇਤਿਆ ਹੈ। ਇਸੇ ਨਿਰਗੁਣੀ ਅਫੁਰ ਅਵਸਥਾ ਤੋਂ ਬ੍ਰਹਮ ਸਫੁਰ ਹੋਇਆ। ਇਸ ਸਰਗੁਣਤਾ ਦੇ ਵਿਕਾਸ ਪ੍ਰਕਾਸ਼ ਵਿਚ ਪਰਮਾਤਮਾ 0 ਤੋਂ '੧' ਹੋਇਆ। ਇਸ '੧' ਨੇ 0 ਦਾ ਅਭਾਵ ਨਹੀਂ ਕੀਤਾ, ਬਲਕਿ 0 ਦੇ ਵਿਚੋਂ ਹੀ '੧' ਦਾ ਪ੍ਰਕਾਸ਼ ਹੋਇਆ ਅਤੇ ਅਜਿਹੇ ਪ੍ਰਕਾਸ਼ ਦੀਆਂ ਬੇਅੰਤ ਸੰਭਾਵਨਾਵਾਂ 0 ਵਿਚ ਮੌਜੂਦ ਹਨ। 0 ਵਿਚ '੧' ਮੌਜੂਦ ਹੈ ਤੇ '੧' ਵਿਚ 0। ਨਿਰਗੁਣ-ਸਰਗੁਣ, ਚੇਤ-ਅਚੇਤ ਸਭ ਇਕੋ ਹੋਂਦ ਦੇ ਪਖ ਹਨ, ਦੋ ਕਲਾ ਹਨ, ਦੋ ਅਵਸਥਾਵਾਂ ਹਨ।[19]

ਉਕਤ ਵਿਸ਼ਲੇਸ਼ਣ ਰਾਹੀਂ ਡਾ. ਸ਼ੇਰ ਸਿੰਘ ਇਸ ਤਥ ਦੀ ਪੁਸ਼ਟੀ ਕਰਦੇ ਹਨ ਕਿ '੧' ਅਕਾਲਪੁਰਖ ਦਾ ਨਾਮ ਹੈ, ਜਿਸ ਦੀ ਸਪਸ਼ਟਤਾ ਲਈ ਡਾ. ਸਾਹਿਬ ਗੁਰਬਾਣੀ ਵਿਚੋਂ ਕਈ ਹਵਾਲੇ ਦਿੰਦੇ ਹਨ।

ਡਾ. ਸ਼ੇਰ ਸਿੰਘ ਅਨੁਸਾਰ ਗੁਰੂ ਸਾਹਿਬ ਦੁਆਰਾ ਵਰਤੇ 'ਏਕੇ' ਵਿਚ ਕਿਸੇ ਵੀ ਹੋਰ ਮਤ ਦੀ ਲੇਸ ਨਹੀਂ ਭਾਵ ਕਿ ਇਹ ਸਿਰਫ਼ ਤੇ ਸਿਰਫ਼ ਗੁਰੂ ਸਾਹਿਬ ਦੁਆਰਾ ਦ੍ਰਿੜ ਕਰਵਾਇਆ ਗਿਆ ਸਿਧਾਂਤ ਹੈ। ਡਾ. ਸ਼ੇਰ ਸਿੰਘ ਅਨੁਸਾਰ ਅਕਾਲਪੁਰਖ ਦੀ ਏਕਤਾ-ਅਨੇਕਤਾ ਦਾ ਜਿਹੜਾ ਮਸਲਾ ਗੁਰਮਤਿ ਵਿਚ ਹਲ ਕੀਤਾ ਗਿਆ ਹੈ, ਉਸ ਦਾ ਭਾਵ ਪੁਰਾਣਾ ਬਹੁ-ਰਬੀ ਮਤਿ ਨਹੀਂ। ਗੁਰਬਾਣੀ ਅਨੁਸਾਰ ਜਦ ਪਰਮਾਤਮਾ ਆਪਣੀ ਇਛਾ ਨਾਲ ਉਦਕਰਖਦਾ (ਵਿਸਥਾਰਦਾ) ਹੈ ਤਾਂ ਅਨੇਕ ਹੋ ਜਾਂਦਾ ਹੈ ਤੇ ਆਕਰਖਦਾ (ਸੁੰਗੜਦਾ) ਹੈ ਤਾਂ ਏਕ ਹੋ ਜਾਂਦਾ ਹੈ :

*ਅਨੇਕ ਹੈ॥ ਫਿਰਿ ਏਕ ਹੈ॥*[20]

ਓਅੰਕਾਰ (ਓ) ਅਕਾਲਪੁਰਖ ਦੀ ਹੋਂਦ ਦਾ ਜਣਾਇਕ ਹੈ। 'ਓ' ਇਕ ਧੁਨੀ ਹੈ, ਇਹ ਇਕ ਵਿਸਮਿਕ ਚਿੰਨ੍ਹ ਹੈ। ਡਾ. ਸ਼ੇਰ ਸਿੰਘ ਅਨੁਸਾਰ ਰਬ ਬਾਰੇ ਮਨੁਖ ਜੋ ਕੁਝ ਕਹਿ ਸਕਦਾ ਹੈ, ਉਸ

---

[17] ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੫.
[18] ਉਹੀ, ੯੪੩.
[19] *ਜਪੁ ਜੀ ਦਰਸ਼ਨ,* ਪੰਨੇ ੭੧-੩.
[20] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਭਾਗ ਪਹਿਲਾ), ਪੰਨਾ ੪.

ਸਭ ਕੁਝ ਦਾ ਲਖਾਇਕ ਇਹ ਓ ਧੁਨੀ ਹੈ।[21] ਭਾਵੇਂ ਹਿੰਦੂ ਗ੍ਰੰਥਾਂ ਵਿਚ ਓਂਮ (ਓਅਮ) ਦਾ ਭਾਵ ਪਰਮਾਤਮਾ ਤੋਂ ਲਿਆ ਜਾਂਦਾ ਹੈ, ਪਰ ਉਥੇ ਓ-ਅ-ਮ ਤਿੰਨੇ ਅਖਰ ਤਿੰਨ ਦੇਵਤਿਆਂ (ਬ੍ਰਹਮਾ, ਵਿਸ਼ਨੂੰ ਤੇ ਸ਼ਿਵ) ਲਈ ਵਰਤੇ ਜਾਂਦੇ ਹਨ। ਗੁਰੂ ਸਾਹਿਬ ਦੁਆਰਾ ਦਿਤੇ ਸਿਧਾਂਤ '੧ਓ' ਦਾ ਭਾਵ ਕਿਸੇ ਦੇਵੀ-ਦੇਵਤੇ ਜਾਂ ਅਵਤਾਰ ਤੋਂ ਨਹੀਂ।[22] '੧ਓ' ਦਾ ਭਾਵ ਹੈ ਕੇਵਲ ਇਕ ਪਾਰਬ੍ਰਹਮ। ਓਅੰਕਾਰ ਤੋਂ ਪਹਿਲਾਂ '੧' ਹਿੰਦਸੇ ਦੀ ਵਰਤੋਂ ਕਰਨਾ ਰਬੀ ਏਕਤਾ ਨੂੰ ਦ੍ਰਿੜ ਕਰਾਉਣਾ ਹੈ। ਇਹ ਇਕ ਸੰਖਿਆ ਵਾਚਕ ਵਿਸ਼ੇਸ਼ਣ ਨਹੀਂ, ਸਗੋਂ ਅਕਾਲਪੁਰਖ ਵਾਚਕ ਪਦ ਹੈ:

*ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥*[23]

ਓਅੰਕਾਰ ਸ਼ਬਦ ਗੁਰੂ ਸਾਹਿਬ ਤੋਂ ਪਹਿਲਾਂ ਵੀ ਪ੍ਰਚਲਤ ਸੀ ਪਰੰਤੂ ਓਅੰਕਾਰ ਨੂੰ ਓ ਕਰਕੇ ਲਿਖਣਾ ਭਾਵ ਕਿ ਓ ਨੂੰ ਉਪਰੋਂ ਖੋਲ ਕੇ ਫਿਰ ਕਾਰ ਲਾਉਣੀ, ਇਹ ਸਰੂਪ ਗੁਰਬਾਣੀ ਵਿਚ ਹੀ ਸਭ ਤੋਂ ਪਹਿਲੀ ਵਾਰ ਆਇਆ ਹੈ। ਡਾ. ਸ਼ੇਰ ਸਿੰਘ ਨੇ ਓਅੰਕਾਰ ਦਾ ਪਿਛੋਕੜ ਵੇਦਾਂ ਤੋਂ ਲਿਆ ਹੈ। ਇਸ ਸ਼ਬਦ ਵਿਚਲੀ ਕਾਰ ਤੋਂ ਭਾਵ 'ਕੇਵਲ' ਵੀ ਲਿਆ ਜਾਂਦਾ ਹੈ।[24] ਇਸ ਪ੍ਰਕਾਰ ੧ਓ ਦਾ ਅਰਥ 'ਕੇਵਲ ਇਕ ਬ੍ਰਹਮ' ਹੋਇਆ।[25] ਸਾਧੂ ਸਦਾ ਨੰਦ ਕ੍ਰਿਤ *ਵਿਗਿਆਨ ਅਰਕ* ਵਿਚ ੧ਓ ਦੇ ਵਿਸ਼ੇ ਸੰਬੰਧੀ ਇਕ ਕਥਾ ਇਉਂ ਦਿਤੀ ਗਈ ਹੈ :

> *ਐਸੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਚਲੇ ਥੇ ਤਬ ਕਹਿਤ ਭਏ ਕਿ ਕੋਊ ਐਸਾ ਸਿਖ ਹੋਇ ਜੋ ਹਮਾਰੇ ਚਰਨ ਰਕਾਬ ਧਰਣ ਮਾਤ੍ਰ ਕਾਲ ਵਿਖੇ ਸੰਪੂਰਣ ਗਿਰੰਥ ਸਾਹਿਬ ਕਾ ਭੋਗ ਪਾਵੇ। ਤਬ ਸੰਪੂਰਨ ਸਿਖ ਅਸਚਰਜਮਾਨ ਹੁਏ। ਜੋ ਯਹ ਅਸੰਭਵ ਬਾਤ ਹੈ। ਤਬ ਏਕ ਸਿਖ ਜੋ ਤਿਨ ਕੇ ਰਿਦੇ ਦਾ ਭੇਦੀ ਥਾ ਕਹਤ ਭਯਾ। ਕਿ ਹੇ ਸਵਰਗਯ ਪੁਰਖ, ਦਾਸ ਕੌ ਆਗਿਆ ਹੋਇ ਤੋ ਐਸੇ ਹੀ ਕਰੋਂ। ਜਬ ਗੁਰੂ ਜੀ*

---

[21] *ਜਪੁ ਜੀ ਦਰਸ਼ਨ,* ਪੰਨਾ ੭੬.

[22] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਓਅੰਕਾਰ ਦੇ ਮੁਢ ਵਿਚ ਗੁਰੂ ਸਾਹਿਬ ਨੇ ਏਕਾ ਅੰਗ ਇਸ ਵਾਸਤੇ ਲਾਇਆ ਹੈ ਕਿ ਵਾਹਗੁਰੂ ਇਕ ਅਤੇ ਅਦ੍ਵਿਤੀਯ ਹੈ, ਅਰ ਉਸ ਦੀ ਅ-ਓ-ਮ ਅਥਵਾ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਭੇਦ ਕਲਪ ਕੇ ਉਪਾਸ਼ਨਾ ਕਰਨੀ ਭੁਲ ਹੈ", ਵੇਖੋ: *ਗੁਰਮਤ ਮਾਰਤੰਡ* (ਭਾਗ ਪਹਿਲਾ), ਪੰਨਾ 98.

[23] ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੦.

[24] ਭਾਈ ਵੀਰ ਸਿੰਘ ਜੀ ਵੀ 'ਓ' ਦਾ ਅਰਥ 'ਕੇਵਲ' ਹੀ ਲੈਂਦੇ ਹਨ। ਵੇਖੋ: *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੬.

[25] *ਉਹੀ,* ਪੰਨਾ ੭੬ ; ਭਾਈ ਵੀਰ ਸਿੰਘ ਜੀ ਅਨੁਸਾਰ 'ਓ' ਸ੍ਰਿਸ਼ਟੀ ਦੇ ਕਰਤਾ ਅਕਾਲਪੁਰਖ ਦਾ ਲਖਾਇਕ ਹੈ, ਜਿਸ ਤੋਂ ਸਾਰੀ ਉਤਪਤੀ ਹੋਈ ਹੈ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੬.

*ਆਗਿਆ ਦੀਨੀ ਤਬ ਸਿਖ ਕਹਾ, 'ਏਕੋਅੰਕਾਰ ਸਤਿਗੁਰ ਪ੍ਰਸਾਦਿ'। ਏਤੇ ਕਹਿਣੇ ਮਾਤ੍ਰ ਵਿਖੇ ਸ੍ਰੀ ਗੁਰੂ ਜੀ ਤੁਰੰਗ ਪਰ ਆਰੂਦ ਹੂਏ। ਅਰ ਬਚਨ ਕੀਆ ਕਿ ਨਿਹਾਲ ਸਿਖਾ। ਤਬ ਸਿਖੋਂ ਅਰਦਾਸ ਕਹੀ ਹੇ ਅਨੰਤ ਪੁਰਖ, ਗਿਰੰਥ ਸਾਹਿਬ ਤੋ ਜਿਉ ਕਾ ਤਿਉ ਰਹਯਾ। ਤਬ ਸ੍ਰੀ ਗੁਰੂ ਜੀ ਕਹਾ ਕਿ "ਗਿਰੰਥ ਸਾਹਿਬ ਏਤਾ ਹੀ ਮਾਤ੍ਰ ਹੈ। ਆਗੈ ਇਸ ਦਾ ਪਰਮਾਰਥ ਹੈ। ਅਰਥ ਯਹ ਕਿ ਟੀਕਾ ਹੈ।"* [26]

### (2) ਸਤਿ

ਡਾ. ਸ਼ੇਰ ਸਿੰਘ ਅਨੁਸਾਰ 'ਸਤਿ' ਤੋਂ ਭਾਵ ਕੇਵਲ ਪਾਰਬ੍ਰਹਮ ਹੈ। ਇਕ ਵਾਹਿਗੁਰੂ ਪਰਮਾਤਮਾ ੴ ਦਾ ਸਭ ਤੋਂ ਪਹਿਲਾ ਅੰਤਮ ਸਤਿਤਾ ਦ੍ਰਿੜ ਕਰਵਾਉਣ ਵਾਲਾ ਨਾਮ, ਜੋ ਗੁਰੂ ਸਾਹਿਬ ਨੂੰ ਰਬੀ ਅਨੁਭਵ ਦੁਆਰਾ ਪ੍ਰਗਟ ਹੋਇਆ, ਉਹ 'ਸਤਿ' ਹੈ।[27] 'ੳ' ਧੁਨੀ ਦੇ ਭਾਵ, ਆਵਾਜ਼ ਅਤੇ ਅਰਥ ਵਾਲਾ ਪਦ 'ਸਤਿ' ਹੈ।[28] ਕੇਵਲ ਅਕਾਲਪੁਰਖ ਹੀ ਅਸਲ ਹੋਂਦ ਰਖਦਾ ਹੈ। ਬਾਕੀ ਸਾਰੀ ਰਚਨਾ ਪਰਿਵਰਤਨਸ਼ੀਲ ਹੈ। ਭਾਵ ਸਦਾ ਇਕ ਰਸ ਨਹੀਂ ਰਹਿੰਦੀ, ਹੋਂਦ ਨਹੀਂ ਰਖਦੀ।[29] ਜਦੋਂ ਗੁਰੂ ਸਾਹਿਬ ਇਸ ਹਸਤੀ ਨੂੰ ਕਾਲ ਦੇ ਭਾਵ ਵਿਚ ਪ੍ਰਗਟ ਕਰਦੇ ਹਨ ਤਾਂ ਕਹਿੰਦੇ ਹਨ :

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥*[30]

ਗੁਰੂ ਸਾਹਿਬ ਅਕਾਲਪੁਰਖ ਨੂੰ ਸਮੇਂ ਦਾ ਅਭਾਵ ਕਰਕੇ ਤਿੰਨ ਵਾਰੀ 'ਸਤਿ' ਕਹਿ ਕੇ ਪਕਿਆਉਂਦੇ ਹਨ:

*ਸਸਾ ਸਤਿ ਸਤਿ ਸਤਿ ਸੋਊ॥*
*ਸਤਿ ਪੁਰਖ ਤੇ ਭਿੰਨ ਨ ਕੋਊ॥*[31]

---

[26] ਉਧਰਿਤ: *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* (ਜਿਲਦ ਪਹਿਲੀ), ਪੰਨਾ 4.
[27] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਤਿ ਨੂੰ ਅਕਾਲਪੁਰਖ ਦਾ ਨਾਮ ਦਸਿਆ ਹੈ, ਵੇਖੋ: *ਗੁਰੁਮਤ ਮਾਰਤੰਡ* (ਭਾਗ ਪਹਿਲਾ), ਪੰਨਾ 129.
[28] *ਜਪੁ ਜੀ ਦਰਸ਼ਨ*, ਪੰਨਾ ੭੬.
[29] *ਗੁਰਮਤਿ ਦਰਸ਼ਨ*, ਪੰਨਾ ੨੭੪.
[30] ਸ੍ਰੀ ਗੁਰੂ ਗ੍ਰੰਥ ਸਾਹਿਬ, ੧.
[31] ਉਹੀ, ੨੫੦.

ਡਾ. ਸ਼ੇਰ ਸਿੰਘ ਅਨੁਸਾਰ ਅਕਾਲਪੁਰਖ ਦਾ ਇਹ ਨਾਮ (ਸਤਿ) 'ਪਰਾ ਪੂਰਬਲਾ'[32] ਹੈ, ਬਾਕੀ ਸਾਰੇ ਨਾਮ 'ਕਿਰਤਮ' ਹਨ[33], ਕਿਸੇ ਕਰਮ ਨਾਲ, ਕਿਸੇ ਕਿਰਿਆ ਨਾਲ, ਰਬ ਦੀ ਕਰਤਰੀ ਸ਼ਕਤੀ ਦੇ ਪ੍ਰਗਟਾਉ ਨਾਲ ਸੰਬੰਧਿਤ ਹਨ, ਜਿਵੇਂ ਕਿਰਪਾਲੂ ਵਿਚ ਕਿਰਪਾ ਕਰਨ ਦੀ ਕਿਰਤ ਹੈ।

### (3) ਨਾਮੁ

ਡਾ. ਸ਼ੇਰ ਸਿੰਘ ਅਨੁਸਾਰ ਦੁਨੀਆ ਦੇ ਆਸਤਕ ਧਰਮਾਂ ਤੇ ਰਹਸਵਾਦੀ ਮਤਾਂ ਵਿਚ 'ਨਾਮੁ' ਇਕ ਮਹਤਵਪੂਰਨ ਪਦ ਹੈ। ਅਕਾਲਪੁਰਖ ਦੇ ਸਿਮਰਨ ਲਈ ਕੋਈ ਵੀ ਪਦ ਹੋਵੇ (ਜਿਸ ਪਦ ਦਾ ਕੋਈ ਜਗਿਆਸੂ ਅਭਿਆਸ ਕਰਦਾ ਹੈ) ਉਸ ਨੂੰ ਉਹ 'ਨਾਮੁ' ਸਮਝਦਾ ਹੈ। ਇਸ ਪ੍ਰਕਾਰ ਨਾਮ ਤੋਂ ਭਾਵ ਉਹ ਖਾਸ ਜਾਪ ਕਰਨ ਵਾਲਾ ਪਦ ਜਾਂ ਅਕਾਲਪੁਰਖ ਦਾ ਨਾਉਂ ਹੁੰਦਾ ਹੈ ਜਿਸ ਦੇ ਸਿਮਰਨ ਤੋਂ ਉਹ ਪਰਮ ਪਦ ਤੇ ਪਰਮ ਆਨੰਦ ਦੀ ਪ੍ਰਾਪਤੀ ਦੇ ਚਾਹਵਾਨ ਹੁੰਦੇ ਹਨ। ਗੁਰਬਾਣੀ ਵਿਚ ਨਾਮੁ ਪਦ ਕਈ ਰੂਪਾਂ ਵਿਚ ਮਿਲਦਾ ਹੈ, ਜਿਵੇਂ ਨਾਉ, ਨਾਵ, ਨਾਇ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਪਦ ਵਿਸ਼ੇਸ਼ ਕਰਕੇ ਪਰਮਾਤਮਾ ਦੇ ਨਾਮ ਵਾਚਕ ਹੋ ਕੇ ਆਇਆ ਹੈ, ਜਿਸ ਨੂੰ ਕਈ ਵਾਰ 'ਹਰਿਨਾਮੁ' ਕਰਕੇ ਵੀ ਲਿਖਿਆ ਹੈ, ਪਰੰਤੂ ਅਕਸਰ ਇਹ ਪਦ ਕੇਵਲ ਨਾਮੁ ਕਰਕੇ ਹੀ ਵਰਤਿਆ ਗਿਆ ਹੈ।[34]

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਨਾਮੁ ਕੇਵਲ ਰਟਨ ਵਾਲਾ ਪਦ ਨਹੀਂ, ਬਲਕਿ ਦ੍ਰਿਸ਼ਟਮਾਨ ਸੰਸਾਰ ਵਿਚ ਵਰਤ ਰਹੀ ਕਲਾ ਵੀ ਨਾਮੁ ਹੈ। ਇਸ ਕਲਾ ਦਾ ਅਧਾਰ ਨਾਮੁ ਹੈ। ਜੇ ਇਹ ਕਲਾ ਨਾ ਵਰਤੇ, ਇਹ ਸੰਸਾਰ ਨਾ ਰੂਪ ਧਾਰੇ, ਸਾਕਾਰ ਨਾ ਹੋਵੇ, ਨਿਰਗੁਣ ਰਹੇ, ਤਾਂ ਵੀ ਉਹ ਨਾਮੁ ਹੈ। ਇਹ ਅਸਲ ਤਤ ਅਵਸਥਾ ਵਿਚ ਉਹ 'ਸਤਿਨਾਮੁ' ਹੈ। ਉਸ ਹਸਤੀ ਨੂੰ ਗੁਰੂ ਸਾਹਿਬ 'ਸਤਿ' ਤੇ 'ਨਾਮੁ' ਕਹਿੰਦੇ ਹਨ, ਭਾਵ ਕਿ ਉਹ ਇਕ ਅਜਿਹੀ ਸਤਾ ਹੈ ਜਿਹੜੀ ਸਭ ਥਾਂ ਵਿਆਪਕ ਹੈ। ਇਸੇ ਲਈ 'ਸਤਿਨਾਮੁ' ਦੋਨੋਂ ਮਿਲ ਕੇ ਅਕਾਲਪੁਰਖ ਦੀ ਹੋਂਦ ਤੇ ਅਸਲੀ ਮੁਢਲੇ ਭਾਵ ਨੂੰ ਦਰਸਾਉਂਦੇ ਹਨ।

ਡਾ. ਸ਼ੇਰ ਸਿੰਘ ਅਨੁਸਾਰ ਸਾਰੇ ਦੁਖਾਂ-ਕਲੇਸ਼ਾਂ ਦਾ ਦਾਰੂ ਨਾਮ ਹੀ ਹੈ। ਗੁਰਬਾਣੀ ਵਿਚ ਸ਼ਾਇਦ ਹੀ ਕੋਈ ਅਜਿਹਾ ਸ਼ਬਦ ਹੋਵੇ ਜਿਸ ਵਿਚ ਨਾਮ ਦਾ ਜਸ ਗਾਇਆ ਨਾ ਗਿਆ ਹੋਵੇ :

---

[32] *ਸਤਿ ਨਾਮੁ ਤੇਰਾ ਪਰਾ ਪੂਰਬਲਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੩.

[33] *ਕਿਰਤਮ ਨਾਮ ਕਥੇ ਤੇਰੇ ਜਿਹਬਾ॥* ਉਹੀ.

[34] ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੧੨.

*– ਸਰਬ ਧਰਮ ਮਹਿ ਸ੍ਰੇਸਟ ਧਰਮੁ॥*

*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*[35]

*– ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥*

*ਭਗਤ ਜਨਾ ਕੈ ਮਨਿ ਬਿਸ੍ਰਾਮ॥*[36]

ਉਨ੍ਹਾਂ ਅਨੁਸਾਰ ਨਾਮ ਮਿਠੇ ਤੋਂ ਮਿਠਾ ਅੰਮ੍ਰਿਤ ਹੈ। ਸਭ ਤੋਂ ਮਿਠੀ ਸ਼ੈਅ ਵੀ ਨਾਮ ਤੋਂ ਘਟ ਮਿਠੀ ਹੈ। ਗੁਰਬਾਣੀ ਅਨੁਸਾਰ ਨਾਮ ਤੋਂ ਬਿਨਾਂ ਮਨੁਖੀ ਜੀਵਨ ਪਸ਼ੂ ਜੀਵਨ ਤੋਂ ਵੀ ਭੈੜਾ ਹੈ:

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥*

*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥*[37]

ਨਾਮ ਕੋਈ ਕਿਤਾਬੀ ਗਿਆਨ ਨਹੀਂ, ਕੋਈ ਵਾਕਫ਼ੀਅਤ ਦਾ ਭੰਡਾਰਾ ਨਹੀਂ, ਨਾ ਹੀ ਇਹ ਕੋਈ ਦਾਰਸ਼ਨਿਕ ਖੋਜ ਹੈ। ਇਸੇ ਲਈ ਇਹ ਵੇਦਾਂ, ਸ਼ਾਸਤ੍ਰਾਂ ਜਾਂ ਪੋਥੀਆਂ (ਕਤੇਬਾਂ) ਦੇ ਪਾਠ ਤੋਂ ਨਹੀਂ ਲਭਦਾ। ਇਹ ਕੋਈ ਬਾਹਰੋਂ ਅੰਦਰ ਆਉਣ ਵਾਲੀ ਸ਼ੈਅ ਨਹੀਂ, ਬਲਕਿ ਇਹ ਤਾਂ ਅੰਦਰੋਂ ਪ੍ਰਫਲਤ ਹੋ ਕੇ ਸਾਰੇ ਆਲੇ-ਦੁਆਲੇ ਨੂੰ ਸੁਰਜੀਤ ਕਰਨ ਵਾਲੀ ਔਸ਼ਧੀ ਹੈ।

ਡਾ. ਸ਼ੇਰ ਸਿੰਘ ਨੇ ਅਕਾਲਪੁਰਖ ਦੇ ਨਾਮ ਸੰਬੰਧੀ ਇਕ ਹੋਰ ਵਿਚਾਰ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ 'ਵਾਹਿਗੁਰੂ' ਨਾਮ ਵੀ ਸਿੱਖਾਂ ਲਈ ਉਸੇ ਤਰ੍ਹਾਂ ਦਾ ਨਾਂ ਬਣ ਗਿਆ ਹੈ, ਜਿਵੇਂ ਮੁਸਲਮਾਨਾਂ ਲਈ ਅੱਲਾਹ, ਹਿੰਦੂਆਂ ਲਈ ਰਾਮ ਤੇ ਯਹੂਦੀਆਂ ਲਈ ਯਹੋਵਾ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਸਿੱਖਾਂ ਲਈ 'ਵਾਹਿਗੁਰੂ' ਮੰਤਰ ਦਾ ਜਾਪ ਜ਼ਰੂਰੀ ਹੈ, ਪਰ ਇਸ ਦਾ ਭਾਵ ਇਹ ਹੈ ਕਿ ਗੁਰਸਿਖ ਅਕਾਲਪੁਰਖ ਦੀ ਹੋਂਦ ਨੂੰ ਮਹਿਸੂਸ ਕਰੇ। ਵਾਹਿਗੁਰੂ ਮਨ ਦੀ ਵਿਸਮਾਦੀ ਹਾਲਤ ਦਾ ਆਖ਼ਰੀ ਚਿੰਨ੍ਹ ਹੈ। ਇਹ ਅੱਲਾ, ਰਾਮ ਦੀ ਤਰ੍ਹਾਂ ਨਾਉਂ (ਸੰਗਿਆ) ਨਹੀਂ ਹੈ।

ਵਾਹਿਗੁਰੂ ਦੇ ਪਿਛੋਕੜ ਵਿਚ ਬਿਲਕੁਲ ਨਵਾਂ ਫ਼ਲਸਫ਼ਾ ਹੈ, ਜਿਹੜਾ ਗੁਰੂ ਸਾਹਿਬ ਨੇ ਸੰਸਾਰ ਵਿਚ ਪੇਸ਼ ਕੀਤਾ। ਇਹ ਇਕ ਨਵਾਂ ਖਿਆਲ ਹੈ ਤੇ ਨਿਰਾਲਾ ਸਿੱਖ ਧਰਮ ਇਸ ਦੇ ਆਸਰੇ ਨਾਲ ਕਾਇਮ ਹੋਇਆ ਹੈ।[38] ਸਰਦੂਲ ਸਿੰਘ ਕਵੀਸ਼ਰ ਦਾ ਮਤ ਹੈ ਕਿ ਅਸਲ ਅਰਥਾਂ ਵਿਚ

---

[35] ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬.

[36] ਉਹੀ, ੨੬੨.

[37] ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੯.

[38] ਸਰਦੂਲ ਸਿੰਘ ਕਵੀਸ਼ਰ ਨੇ ਵੀ 'ਵਾਹਿਗੁਰੂ' ਪਦ ਬਾਰੇ ਇਹੋ ਵਿਚਾਰ ਅੰਕਿਤ ਕੀਤੇ ਹਨ, ਵੇਖੋ : *ਸਿੱਖ ਧਰਮ ਦਰਸ਼ਨ*, ਪੰਨਾ 75.

ਵਾਹਿਗੁਰੂ ਸ਼ਬਦ ਅਕਾਲਪੁਰਖ ਦੀ ਕਿਸੇ ਸਿਫ਼ਤ ਨੂੰ ਦਰਸਾਉਣ ਵਾਲਾ ਨਹੀਂ। ਇਸ ਤੋਂ ਅਕਾਲਪੁਰਖ ਦੀ ਰਚਨਾ ਵੇਖ ਕੇ ਵਿਸਮਾਦ ਦਾ ਅਹਿਸਾਸ ਪ੍ਰਗਟ ਹੁੰਦਾ ਹੈ। ਜਦ ਮਨੁਖ ਅਕਾਲਪੁਰਖ ਨੂੰ ਸ੍ਰਿਸ਼ਟੀ ਵਿਚ ਵਿਆਪਕ ਵੇਖਦਾ ਹੈ ਤਾਂ ਉਹ ਵਿਸਮਾਦ-ਪੂਰਤ ਹੋ ਕੇ ਅਕਾਲਪੁਰਖ ਦਾ ਸ਼ੁਕਰ ਗੁਜ਼ਾਰ ਹੁੰਦਾ ਹੈ, ਜਿਸ ਨੇ ਉਸ ਨੂੰ ਅਕਲ ਦਾ ਚਾਨਣ ਦਿਤਾ ਅਤੇ ਪ੍ਰੇਮ ਦਾ ਮਾਰਗ ਦਰਸਾਇਆ। ਵਾਹਿਗੁਰੂ ਸ਼ਬਦ ਇਨ੍ਹਾਂ ਭਾਵਾਂ ਨੂੰ ਦਰਸਾਉਣ ਵਾਲਾ ਹੈ।[39]

### (4) ਕਰਤਾ

ਗੁਰਬਾਣੀ ਦੇ ਆਦਿ ਵਿਚ ਜਦ ਗੁਰੂ ਸਾਹਿਬ ਅਕਾਲਪੁਰਖ ਦੀ ਨਿਰੋਲ ਏਕਤਾ ਤੇ ਸਤਿਤਾ ਨੂੰ ਦ੍ਰਿੜਾਉਂਦੇ ਹਨ ਤਾਂ ਇਨ੍ਹਾਂ ਤੋਂ ਪਿਛੋਂ ਅਕਾਲਪੁਰਖ ਦਾ ਸਭ ਤੋਂ ਪਹਿਲਾ ਗੁਣ 'ਕਰਤਾ' ਹੋਣ ਦਾ ਦ੍ਰਿੜ ਕਰਵਾਉਂਦੇ ਹਨ, ਭਾਵ ਪਰਮਾਤਮਾ ਸ੍ਰਿਸ਼ਟੀ ਦਾ ਰਚਨਹਾਰ ਹੈ। ਵੈਦਿਕ ਮਤ ਅਨੁਸਾਰ ਸ੍ਰਿਸ਼ਟੀ ਦੀ ਪੈਦਾਇਸ਼, ਪਾਲਣਾ ਅਤੇ ਸੰਘਾਰਣਾ ਤਿੰਨ ਦੇਵਤਿਆਂ ਦੇ ਹਥ ਵਿਚ ਹੈ, ਪਰੰਤੂ ਗੁਰਮਤਿ ਅਨੁਸਾਰ ਸਾਰੇ ਕਾਰਨਾਂ ਦਾ ਕਾਰਨ ਅਕਾਲਪੁਰਖ ਆਪ ਹੈ। ਉਸ ਤੋਂ ਬਿਨਾਂ ਸ੍ਰਿਸ਼ਟੀ ਰਚਨਾ ਦਾ ਹੋਰ ਕੋਈ ਕਾਰਨ ਨਹੀਂ :

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥*[40]

ਡਾ. ਸ਼ੇਰ ਸਿੰਘ ਨੇ ਇਥੇ ਇਕ ਭੁਲੇਖਾ ਵੀ ਦੂਰ ਕੀਤਾ ਹੈ ਕਿ ਗੁਰਮਤਿ ਵਿਚ ਅਕਾਲਪੁਰਖ ਸਾਰੇ ਕਾਰਨਾਂ ਦਾ ਕਾਰਨ ਆਪ ਹੋਣ ਦਾ ਭਾਵ ਇਹ ਨਹੀਂ ਕਿ ਸ੍ਰਿਸ਼ਟੀ ਅਣਹੋਂਦ (ਸ਼ੁਨਯ) ਵਿਚੋਂ ਹੋਂਦ ਵਿਚ ਆਈ, ਭਾਵ ਨਿਰਗੁਣ ਤੋਂ ਸਰਗੁਣ ਹੋਈ। ਗੁਰੂ ਸਾਹਿਬ ਸ੍ਰਿਸ਼ਟੀ ਨੂੰ ਅਕਾਰਨ ਨਹੀਂ ਮੰਨਦੇ। ਸ੍ਰਿਸ਼ਟੀ ਰਚਨਾ ਹੁਕਮ ਦੀ ਖੇਡ ਹੈ।[41]

ਡਾ. ਸ਼ੇਰ ਸਿੰਘ ਅਨੁਸਾਰ ਅਕਾਲਪੁਰਖ ਸੰਸਾਰ ਲਈ ਟੇਕ ਹੈ, ਆਸਰਾ ਹੈ, ਅਧਾਰ ਹੈ ਭਾਵ ਕਿ ਸ੍ਰਿਸ਼ਟੀ ਨੂੰ ਸਾਜਣ ਵਾਲਾ ਤੇ ਸ੍ਰਿਸ਼ਟੀ ਕਾਇਮ ਰਖਣ ਵਾਲਾ ਵੀ ਉਹੀ ਹੈ। ਉਨ੍ਹਾਂ ਅਨੁਸਾਰ ਗੁਰਬਾਣੀ ਵਿਚ ਮੂਲ, ਟੇਕ, ਆਸਰਾ ਜਾਂ ਅਧਾਰ ਆਦਿ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਅਕਾਲਪੁਰਖ ਸੰਸਾਰ ਦੀ ਟੇਕ ਜਾਂ ਆਸਰਾ ਉਸ ਤਰ੍ਹਾਂ ਹੈ, ਜਿਵੇਂ ਛਤ ਦਾ ਆਸਰਾ ਥੰਮੀ ਹੁੰਦੀ ਹੈ। ਰਬ ਸ੍ਰਿਸ਼ਟੀ ਰਚਨ ਦਾ ਮੂਲ ਕਾਰਨ ਹੈ। ਰਬ ਦੇ ਅੰਦਰੋਂ ਹੀ

---

[39] *ਸਿੱਖ ਧਰਮ ਦਰਸ਼ਨ*, ਪੰਨਾ 77.
[40] ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੬
[41] *ਗੁਰਮਤਿ ਦਰਸ਼ਨ*, ਪੰਨਾ ੨੪੧.

ਇਛਾ ਉਪਜਦੀ ਤੇ ਉਤਪੰਨ ਹੋ ਕੇ ਪ੍ਰਗਟ ਹੁੰਦੀ ਹੈ ਤੇ ਫਿਰ ਲੋੜ ਅਨੁਸਾਰ ਉਸ ਵਿਚ ਹੀ ਸਮਾ ਜਾਂਦੀ ਹੈ।[42]

ਅਕਾਲਪੁਰਖ ਦਾ ਸ੍ਰਿਸ਼ਟੀ ਨਾਲ ਇਕ ਹੋਰ ਸੰਬੰਧ ਗੁਰਬਾਣੀ ਵਿਚ ਪੇਡ (ਤਰੋਵਰ) ਦੇ ਪਖ ਤੋਂ ਦਰਸਾਇਆ ਗਿਆ ਹੈ। ਡਾ. ਸ਼ੇਰ ਸਿੰਘ ਅਨੁਸਾਰ ਇਹ ਸੰਬੰਧ ਗੁਰਬਾਣੀ ਵਿਚ ਨਵੀਂ ਤਰ੍ਹਾਂ ਨਾਲ ਦਰਸਾਇਆ ਗਿਆ ਹੈ। ਗੁਰਬਾਣੀ ਅਨੁਸਾਰ ਅਕਾਲਪੁਰਖ ਰੁਖ ਦੇ ਰੂਪ ਵਿਚ ਨਵਾਂ ਹੈ ਤੇ ਇਸ ਲਈ ਸਦਾ ਮਨ ਚਾਉ ਹੈ :

*ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥*[43]

ਡਾ. ਸ਼ੇਰ ਸਿੰਘ ਦਸਦੇ ਹਨ ਕਿ ਜਿਵੇਂ ਦਰਖਤ ਹਰ ਵੇਲੇ ਹਰਾ-ਭਰਾ, ਤਰੋ ਤਾਜ਼ਾ ਤੇ ਨਵਾਂ ਰਹਿੰਦਾ ਹੈ, ਉਸੇ ਤਰ੍ਹਾਂ ਰਬ ਵੀ ਸਦਾ ਤਾਜ਼ਾ, ਨਵਾਂ ਤੇ ਸੁੰਦਰ ਪ੍ਰਤੀਤ ਹੁੰਦਾ ਹੈ। ਡਾ. ਸਾਹਿਬ ਨੇ ਮਨੋਵਿਗਿਆਨਿਕ ਨੁਕਤੇ ਤੋਂ ਇਹ ਵੀ ਸਿਧ ਕੀਤਾ ਹੈ ਕਿ ਮਨੁਖ ਦਾ ਸੁਭਾਅ ਹੈ ਕਿ ਜੇ ਉਹ ਇਕੋ ਚੀਜ਼ ਨੂੰ ਵਾਰ-ਵਾਰ ਤਕਦਾ ਰਹੇ ਤਾਂ ਮਨ ਛੇਤੀ ਅਕ ਜਾਂਦਾ ਹੈ। ਪਰੰਤੂ ਗੁਰਬਾਣੀ ਵਿਚਲਾ ਅਕਾਲਪੁਰਖ ਇਕੋ ਸ਼ੈਅ ਨਹੀਂ ਹੈ ਜਿਸ ਨੂੰ ਦੇਖ ਕੇ ਮਨੁਖੀ ਮਨ ਅਕ ਜਾਵੇ।

ਡਾ. ਸ਼ੇਰ ਸਿੰਘ ਅਨੁਸਾਰ ਬੇਸ਼ਕ *ਗੀਤਾ* ਵਿਚ ਵੀ ਪਰਮਾਤਮਾ ਤੇ ਸ੍ਰਿਸ਼ਟੀ ਦਾ ਸੰਬੰਧ ਦਰਖਤ ਵਾਲਾ ਦਰਸਾਇਆ ਗਿਆ ਹੈ, ਪਰੰਤੂ ਗੁਰਬਾਣੀ ਵਿਚ ਅਕਾਲਪੁਰਖ ਤੇ ਸ੍ਰਿਸ਼ਟੀ ਦਾ ਇਹ ਸੰਬੰਧ ਬਿਲਕੁਲ ਵਿਲਖਣ ਹੈ।[44] *ਗੀਤਾ* ਵਿਚ ਇਸ ਪ੍ਰਕਾਰ ਦਸਿਆ ਗਿਆ ਹੈ :

> *ਇਹ ਇਕ ਪੁਰਾਣਾ ਅਸਵੇਤਾ ਬ੍ਰਿਛ ਹੈ। ਇਸ ਦੀਆਂ ਜੜ੍ਹਾਂ ਅਕਾਸ਼ ਵੱਲ ਉਚੀਆਂ ਹਨ; ਟਾਹਣ ਤੇ ਪੱਤੇ ਹੇਠਾਂ ਨੂੰ ਹਨ। ਪੱਤੇ ਵੇਦ ਹਨ। ਜਿਹੜਾ ਇਸ ਗੱਲ ਨੂੰ ਜਾਣ ਲਵੇਗਾ, ਉਹ ਵੇਦਾਂ ਦੇ ਭਾਵ ਨੂੰ ਸਮਝ ਲਵੇਗਾ। ਇਸ ਬ੍ਰਿਛ ਦੀਆਂ ਟਹਿਣੀਆਂ ਹੇਠਾਂ ਉਤੇ ਸਭ ਪਾਸੇ ਖਿੱਲਰੀਆਂ ਹੋਈਆਂ ਹਨ। ਇਸ ਪੱਤਿਆਂ (ਅਥਵਾ ਪਦਾਰਥਾਂ) ਨੂੰ ਤਿੰਨ ਗੁਣ ਰਜੋ, ਤਮੋ, ਸਤੋ, ਖ਼ੁਰਾਕ ਦੇਂਦੇ ਹਨ। ਇਸ ਦੀਆਂ ਜੜ੍ਹਾਂ ਸੰਸਾਰ ਨਾਲ ਕਰਮਾਂ ਨਾਲ*

[42] *ਖੇਲੁ ਸੰਕੋਚੈ ਤਉ ਨਾਨਕ ਏਕੈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੨.
[43] ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੦.
[44] *ਗੁਰਮਤਿ ਦਰਸ਼ਨ,* ਪੰਨਾ ੨੪੩.

*ਬੱਝੀਆਂ ਹੋਈਆਂ ਹਨ। ਇਸ ਸੰਸਾਰ ਵਿਚ ਇਸ ਦੀ ਅਸਲੀਅਤ ਦਾ ਗਿਆਨ ਨਹੀਂ ਹੋ ਸਕਦਾ। ਇਸ ਦਾ ਆਦਿ, ਅੰਤ ਹੈ ਪਰ ਏਸ ਦੇ ਅੰਦਰੂਨੀ ਭੇਦ ਦਾ ਪਤਾ ਨਹੀਂ ਲੱਗਦਾ। ਏਸ ਅਸਵੇਤਾ ਬ੍ਰਿਛ ਦੀਆਂ ਜੜ੍ਹਾਂ ਨੂੰ ਤਿਆਗ-ਵੈਰਾਗ ਦੇ ਕੁਹਾੜੇ ਨਾਲ ਕੱਟਿਆ ਜਾਵੇ ਤਾਂ ਉਹ ਪਦਵੀ ਪ੍ਰਾਪਤ ਹੁੰਦੀ ਹੈ, ਜਿਥੋਂ ਕਿ ਫੇਰ ਮਨੁੱਖ ਹੇਠਾਂ ਨਹੀਂ ਡਿੱਗ ਸਕਦਾ।*[45]

ਡਾ. ਸ਼ੇਰ ਸਿੰਘ ਅਨੁਸਾਰ ਅਕਾਲਪੁਰਖ ਨੂੰ ਪੇਡ ਵਾਂਗ ਸਮਝਣ ਨਾਲ ਕਈ ਸਮਸਿਆਵਾਂ ਆਉਂਦੀਆਂ ਹਨ, ਪਰ ਉਨ੍ਹਾਂ ਨੇ ਇਨ੍ਹਾਂ ਸਮਸਿਆਵਾਂ ਨੂੰ ਦਾਰਸ਼ਨਿਕ ਨੁਕਤੇ ਤੋਂ ਇਸ ਪ੍ਰਕਾਰ ਹਲ ਕੀਤਾ ਹੈ ਕਿ ਰਬ ਨੂੰ ਪੇਡ (ਦਰਖਤ) ਵਾਂਗ ਸਮਝਣ ਤੋਂ ਇਹ ਭਾਵ ਨਹੀਂ ਕਿ ਰਬ ਵੀ ਦਰਖਤ ਵਾਂਗ ਹਰ ਰੁਤ, ਹਰ ਮੌਸਮ ਤੇ ਹਰ ਦਿਨ ਵਧ-ਫੁਲ ਰਿਹਾ ਹੈ। ਗੁਰਬਾਣੀ ਅਨੁਸਾਰ ਡਾ. ਸ਼ੇਰ ਸਿੰਘ ਨੇ ਦਸਿਆ ਹੈ ਕਿ ਰਬ ਚਲਾਇਮਾਨ ਨਹੀਂ ਹੈ। ਗੁਰੂ ਸਾਹਿਬ ਨੇ ਅਕਾਲਪੁਰਖ ਨੂੰ ਸਤ, ਅਚਲ, ਨਿਹਚਲ ਤੇ ਇਕ ਰਸ ਆਦਿ ਕਿਹਾ ਹੈ। ਪਰ ਇਕ ਪਾਸੇ ਅਕਾਲਪੁਰਖ ਨਿਹਚਲ ਤੇ ਇਕ-ਰਸ ਤੇ ਨਾਲ ਹੀ ਤਰੋਵਰ (ਪੇਡ) ਹੋ ਕੇ ਨਿਤ ਨਵਾਂ ਹੈ। ਇਨ੍ਹਾਂ ਦੋਨਾਂ ਵਿਰੋਧੀ ਵਿਚਾਰਾਂ ਨੂੰ ਕਿਵੇਂ ਸਮਝਿਆ ਜਾਵੇ? ਡਾ. ਸਾਹਿਬ ਨੇ ਗੁਰਬਾਣੀ ਅਨੁਸਾਰ ਇਨ੍ਹਾਂ ਦੋਨਾਂ ਵਿਚਾਰਾਂ ਨੂੰ ਇਸ ਪ੍ਰਕਾਰ ਦਰਸਾਇਆ ਹੈ ਕਿ ਸਰਗੁਣ ਹਾਲਤ ਵਿਚ ਅਕਾਲਪੁਰਖ ਤਰੋਵਰ ਵਾਂਗ ਹੈ ਭਾਵ ਨਿਤ ਨਵਾਂ, ਸੋਹਣਾ ਦਰਖਤ ਵਾਂਗ ਹੈ ਪਰ ਇਹ ਨਵੀਨਤਾ (ਅਦਲਾ-ਬਦਲੀ) ਮਨੁਖ ਲਈ ਹੈ, ਰਬ ਲਈ ਨਹੀਂ। ਨਿਰਗੁਣ ਹਾਲਤ ਵਿਚ ਅਕਾਲਪੁਰਖ ਅਚਲ, ਇਕ ਰਸ ਤੇ ਆਦਿ–ਅਨਾਦਿ ਹੈ।[46]

ਅਕਾਲਪੁਰਖ ਨੂੰ ਗੁਰਬਾਣੀ ਵਿਚ ਸੁੰਦਰ ਤੇ ਕੋਮਲ ਦੇ ਨਾਲ-ਨਾਲ 'ਸਵਾਰਨਹਾਰ' ਵੀ ਕਿਹਾ ਹੈ। ਡਾ. ਸ਼ੇਰ ਸਿੰਘ ਅਨੁਸਾਰ ਪਰਮਾਤਮਾ ਦੇ ਸਾਰੇ ਕੰਮਾਂ ਵਿਚ, ਸ੍ਰਿਸ਼ਟੀ ਦੇ ਸਿਰਜਣਾ ਵਿਚ ਕੋਈ ਬੇਤਰਤੀਬੀ ਨਹੀਂ, ਸਗੋਂ ਹਰੇਕ ਕੰਮ ਸੁਚਜੀ ਨਿਯਮਾਵਲੀ ਰਾਹੀਂ ਹੀ ਹੋ ਰਿਹਾ ਹੈ। ਇਸ ਲਈ ਅਕਾਲਪੁਰਖ ਸਿਰਫ਼ ਸ੍ਰਿਸ਼ਟੀ ਨੂੰ ਰਚਦਾ ਹੀ ਨਹੀਂ, ਸਗੋਂ ਇਸ ਨੂੰ ਸੁਆਰ ਕੇ ਵੀ ਰਖਦਾ ਹੈ ਤੇ ਸੁੰਦਰਤਾ ਵੀ ਕਾਇਮ ਰਖਦਾ ਹੈ। ਇਸ ਸੰਬੰਧੀ ਡਾ. ਸਾਹਿਬ ਇਥੇ ਇਕ ਪ੍ਰਸ਼ਨ

---

[45] *ਗੁਰਮਤਿ ਦਰਸ਼ਨ*, ਪੰਨਾ ੨੪੩.

[46] *ਉਹੀ*, ਪੰਨੇ ੨੪੩-੪੬.

ਵੀ ਉਠਾਉਂਦੇ ਹਨ ਕਿ ਜੇ ਸੰਸਾਰ ਵਿਚ ਸਭ ਕੁਝ ਹੀ ਸੁੰਦਰ ਹੈ ਤਾਂ ਫਿਰ ਕੀ ਕੋਝਾਪਣ ਰਬ ਤੋਂ ਬਿਨਾਂ ਕਿਸੇ ਨੇ ਹੋਰ ਪੈਦਾ ਕੀਤਾ ਹੈ? ਡਾ. ਸ਼ੇਰ ਸਿੰਘ ਨੇ ਇਸ ਦੇ ਉਤਰ ਵਜੋਂ ਕਹਿੰਦੇ ਹਨ ਕਿ ਇਹ ਸਭ ਕੁਝ ਤਕਣ ਵਾਲੇ ਦਾ ਆਪਣਾ ਪ੍ਰਤਿਬਿੰਬ ਹੈ, ਜਿਵੇਂ ਨਿੰਦਾ ਕਰਨ ਵਾਲੇ ਲਈ ਹਰ ਥਾਂ ਔਗੁਣ ਹੀ ਔਗੁਣ ਹਨ, ਕਿਤੇ ਕੋਈ ਖੂਬੀ ਨਹੀਂ। ਇਸ ਤੋਂ ਬਿਨਾਂ ਗੁਰਬਾਣੀ ਵਿਚ ਗੁਰੂ ਸਾਹਿਬ ਨੇ ਇਸ ਨੂੰ ਹੁਕਮ ਦੀ ਖੇਡ ਕਿਹਾ ਹੈ ਕਿ ਇਹ ਸਭ ਕੁਝ ਹੁਕਮ ਅਨੁਸਾਰ ਹੈ, ਕੁਝ ਵੀ ਹੁਕਮ ਤੋਂ ਬਾਹਰ ਨਹੀਂ ਹੈ।[47]

## (5) ਪੁਰਖੁ

ਡਾ. ਸ਼ੇਰ ਸਿੰਘ ਅਨੁਸਾਰ 'ਪੁਰਖੁ' ਤੋਂ ਭਾਵ ਮਨੁਖੀ ਸਰੀਰ ਨਹੀਂ, ਸਗੋਂ ਪੁਰਖੀ ਚੇਤਨਤਾ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਨੇ ਸਦਾ ਕਾਇਮ ਰਹਿਣ ਵਾਲੀ ਅਸਲੀ ਹੋਂਦ ਨੂੰ 'ਪੁਰਖੁ' ਕਿਹਾ ਹੈ। ੧ਓ ਸਤਿਨਾਮੁ 'ਪੁਰਖੁ' ਹੈ।[48] ਡਾ. ਸ਼ੇਰ ਸਿੰਘ ਕਹਿੰਦੇ ਹਨ, "ਗੁਰਬਾਣੀ ਦਾ ਅਧਾਰ ਹੀ ਅਕਾਲਪੁਰਖ ਹੈ ਤੇ ਗੁਰੂ ਗ੍ਰੰਥ ਦੀ ਪਹਿਲੀ ਸਤਰ ਮੂਲ ਮੰਤ੍ਰ ਵਿਚ ਹੀ ੧ਓ ਨੂੰ ਸਤਿਨਾਮੁ ਕਹਿ ਕੇ 'ਪੁਰਖੁ' ਕਿਹਾ ਹੈ, ਜਿਹੜਾ ਸ੍ਰਿਸ਼ਟੀ ਦਾ ਕਰਤਾ ਹੈ; ਉਹ ਕੋਈ ਸਾਡੇ ਵਾਂਗ ਪੁਰਖ ਨਹੀਂ ਹੈ; ਮਨੁਖੀ ਪੁਰਖ ਨਹੀਂ ਹੈ। ਉਹ ਚੇਤਨ ਪੁਰਖੁ ਹੈ।"[49]

'ਪੁਰਖੁ' ਭਾਵ ਦਾ ਤਤ ਇਹ ਹੈ ਕਿ ਉਹ ਸਾਰਿਆਂ ਦੀ ਸਾਰ ਲੈਣ ਵਾਲਾ ਹੋਵੇ। ਇਕ ਨਿਰਜੀਵ ਤੇ ਅਚੇਤ ਰਬ, ਜੋ ਪੁਰਖੀ ਭਾਵ ਤੋਂ ਕੋਰਾ ਹੈ, ਉਹ ਕਿਸ ਤਰ੍ਹਾਂ ਆਪਣਿਆਂ ਨਾਲ ਮਿਲਵਰਤਨ ਰਖ ਸਕਦਾ ਹੈ? ਮਤਲਬ ਇਹ ਹੈ ਕਿ ਪਰਮਾਤਮਾ ਅਜਿਹਾ ਹੋਵੇ ਜਿਹੜਾ ਆਪਣੇ ਭਗਤਾਂ ਦੀ ਸਾਰ ਲਵੇ ਤੇ ਪੈਜ ਰਖੇ।[50] ਇਸ ਲਈ ਗੁਰਬਾਣੀ ਅਨੁਸਾਰ ਪਰਮਾਤਮਾ ਨਾ ਕੇਵਲ ਸਤਿ ਹੈ, ਉਹ ਨਾਲ ਹੀ 'ਪੁਰਖੁ' ਵੀ ਹੈ। ਮੂਲ ਮੰਤਰ ਵਿਚ '੧ਓ' ਨੂੰ ਸਤਿਨਾਮੁ ਕਹਿ ਕੇ 'ਪੁਰਖੁ' ਵੀ ਕਿਹਾ ਹੈ।[51]

ਡਾ. ਸ਼ੇਰ ਸਿੰਘ ਨੇ ਪਰਮਾਤਮਾ ਨੂੰ ਸਰਬ-ਦੇਸੀ-ਪੁਰਖ (Omnipresent) ਕਿਹਾ ਹੈ, ਜਿਸ ਤੋਂ ਭਾਵ (ਗੁਰਬਾਣੀ ਅਨੁਸਾਰ) ਹੈ ਕਿ ਪਰਮਾਤਮਾ ਹਰ ਥਾਂ 'ਤੇ ਹਰ ਵਕਤ ਹਾਜ਼ਰ-ਨਾਜ਼ਰ

---

[47] *ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧.

[48] *ਗੁਰਮਤਿ ਦਰਸ਼ਨ,* ਪੰਨਾ ੨੭੫.

[49] *ਉਹੀ,* ਪੰਨਾ ੨੭੬ ; ਡਾ. ਸ਼ੇਰ ਸਿੰਘ ਦੁਆਰਾ ਪੁਰਖੁ ਦਾ ਅਰਥ ਚੇਤਨਤਾ ਕਰਨਾ ਉਚਿਤ ਨਹੀਂ ਪ੍ਰਤੀਤ ਹੁੰਦਾ। ਪੁਰਖੁ ਦਾ ਅਰਥ 'ਸਾਰਿਆਂ ਵਿਚ ਪੂਰਿਆ/ਸਮਾਇਆ ਹੋਇਆ' ਵਧੇਰੇ ਠੀਕ ਲਗਦਾ ਹੈ।

[50] *ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥* ਸ੍ਰੀ ਗੁਰੂ ਗੰਥ ਸਾਹਿਬ, ੪੫੧.

[51] ਭਾਈ ਵੀਰ ਸਿੰਘ ਜੀ ਅਨੁਸਾਰ ਪੁਰਖੁ ਪਦ ਤੋਂ ਪੌਰਖ ਤੇ ਪੁਰਖਾਰਥ ਪਦ ਬਣੇ ਹਨ, ਜਿਨ੍ਹਾਂ ਦੇ ਅਰਥ ਬਲਵਾਨਤਾ ਤੇ ਉਦਮ ਹਨ, ਵੇਖੋ: *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੨੧.

ਕਿਹਾ ਹੈ। ਇਸ ਤਰ੍ਹਾਂ ਨਾਲ ਪਰਮਾਤਮਾ ਦੇ ਸਰੂਪ ਭਿੰਨ-ਭਿੰਨ ਹਾਲਤਾਂ ਵਿਚ ਦਰਸਾਏ ਹਨ। ਪੁਰਖੁ ਰੂਪ ਵਿਚ ਉਹ ਦੇਸ਼, ਕਾਲ ਤੇ ਪ੍ਰਕਿਰਤੀ ਨਾਲ ਸੰਬੰਧਿਤ ਹੈ ਤੇ ਅਪੁਰਖ ਰੂਪ ਵਿਚ ਉਹ ਇਕ ਸਤਾ ਹੈ। ਸਭ ਕੁਝ ਉਹੋ ਹੈ। ਦ੍ਰਿਸ਼ਟਿਮਾਨ ਨਾਸ ਹੋਣ 'ਤੇ ਹੀ ਉਹ ਅਦ੍ਰਿਸ਼ਟ ਰੂਪ ਵਿਚ ਕਾਇਮ ਹੈ।[52]

## (6) ਨਿਰਭਉ/ਨਿਰਵੈਰੁ

ਡਾ. ਸ਼ੇਰ ਸਿੰਘ ਅਨੁਸਾਰ ਪੁਰਖੋਤਮ ਤੋਂ ਭਾਵ ਇਹ ਨਹੀਂ ਕਿ ਅਕਾਲਪੁਰਖ ਵਿਚ ਆਮ ਜੀਵ ਵਾਂਗ ਭਉ ਤੇ ਵੈਰ ਜਿਹੇ ਭਾਵ ਹਨ। ਉਹ ਨਿਰਭਉ ਤੇ ਨਿਰਵੈਰੁ ਹੈ। ਪਰਮਾਤਮਾ ਦੇ ਨਿਰਭਉ ਤੇ ਨਿਰਵੈਰੁ ਹੋਣ ਦਾ ਇਕ ਹੋਰ ਕਾਰਨ ਇਹ ਹੈ ਕਿ ਭਉ ਤੇ ਵੈਰ ਸਦਾ ਹੀ ਇਕ-ਦੂਜੇ ਤੋਂ ਉਪਜਦੇ ਹਨ, ਪਰੰਤੂ ਅਕਾਲਪੁਰਖ ਲਈ ਦੂਜਾ ਕੋਈ ਨਹੀਂ। ਉਹ ਸਭ ਆਪ ਹੀ ਆਪ ਹੈ। ਉਸ ਦਾ ਕੋਈ ਦੋਖੀ ਨਹੀਂ, ਨਾ ਹੀ ਉਸ ਦਾ ਕੋਈ ਦੁਸ਼ਮਣ ਹੈ। ਇਸ ਲਈ ਉਹ ਨਿਰਭਉ ਤੇ ਨਿਰਵੈਰੁ ਹੈ। ਅਕਾਲਪੁਰਖ ਨਿਰਭਉ ਤੇ ਨਿਰਵੈਰੁ ਚੇਤਨ ਸਤਾ ਹੁੰਦਾ ਹੋਇਆ ਵੀ ਕਾਲ-ਅਨੁਭਵ ਤੋਂ ਬਾਹਰ ਹੈ। ਉਹ ਅਕਾਲ ਹੈ। ਪ੍ਰਭੂ ਸਦਾ ਸਤਿ ਹੈ- ਸਰਬ ਵਿਆਪੀ ਹੋਂਦ ਹੈ।[53]

## (7) ਅਕਾਲ

ਪੁਰਖੁ ਹਸਤੀ ਦਾ ਮਨੁਖੀ ਦ੍ਰਿਸ਼ਟੀਕੋਣ ਤੋਂ ਦੂਜਾ ਅੰਗ ਹੈ ਕਾਲ (ਸਮਾਂ)। ਡਾ. ਸ਼ੇਰ ਸਿੰਘ ਅਨੁਸਾਰ ਅਕਾਲ ਦਾ ਅਰਥ ਮੌਤ ਤੋਂ ਰਹਿਤ ਹੈ।[54] ਭਾਵ, ਅਕਾਲ ਉਹ ਹੈ ਜਿਹੜਾ ਮਰਦਾ ਨਹੀਂ। ਅਕਾਲ ਦੇ ਅਰਥ ਸਮੇਂ ਦੇ ਹਦ-ਬੰਨੇ ਤੋਂ ਹਟ ਕੇ ਉਸ ਹਸਤੀ ਨੂੰ ਠੀਕ ਰੂਪ ਵਿਚ ਬਿਆਨ ਤੇ ਅਨੁਭਵ ਕਰਨਾ ਹੈ। ਡਾ. ਸ਼ੇਰ ਸਿੰਘ ਅਨੁਸਾਰ ਅਕਾਲ ਦੇ ਅਰਥ ਸਮੇਂ ਤੋਂ ਰਹਿਤ ਵੀ ਹਨ। ਗੁਰਬਾਣੀ ਵਿਚ ਪਰਮਾਤਮਾ ਕਾਲ ਦੀ ਹਦ ਤੋਂ ਪਰ੍ਹੇ ਹੈ। ਕਾਲ ਦੇ ਹਦ ਬੰਨੇ ਵਿਚ ਮਨੁਖ ਹੈ, ਪਰਮਾਤਮਾ ਨਹੀਂ। ਅਕਾਲਪੁਰਖ ਤਿੰਨ ਗੁਣਾਂ ਤੇ ਤਿੰਨਾਂ ਕਾਲਾਂ ਦੀ ਕੈਦ ਤੋਂ ਬਾਹਰ ਹੈ।[55] ਜਿਸ ਦਾ ਆਦਿ ਹੋਵੇ ਉਸ ਦਾ ਅੰਤ ਵੀ ਹੁੰਦਾ ਹੈ, ਪਰੰਤੂ ਗੁਰੂ ਸਾਹਿਬ ਨੇ ਪਰਮਾਤਮਾ ਨੂੰ ਅਨਾਦਿ

---

[52] *ਗੁਰਮਤਿ ਦਰਸ਼ਨ*, ਪੰਨਾ ੨੯੯.

[53] *ਜਪੁ ਜੀ ਦਰਸ਼ਨ*, ਪੰਨੇ ੮੧-੨.

[54] ਭਾਈ ਵੀਰ ਸਿੰਘ ਜੀ ਅਨੁਸਾਰ ਅਕਾਲ ਤੋਂ ਭਾਵ ਹੈ ਉਹ ਹੋਂਦ ਜਿਹੜੀ ਕਾਲ ਦੇ ਅਸਰ ਹੇਠ ਨਹੀਂ, ਜਿਸ ਦਾ ਵਿਨਾਸ਼ ਕਾਲ ਨਹੀਂ ਕਰ ਸਕਦਾ। ਭਾਈ ਸਾਹਿਬ ਦਾ ਖਿਆਲ ਹੈ ਕਿ ਕਾਲ ਜਦੋਂ ਅੰਤ ਵਿਚ ਆਪਣਾ ਆਪ ਦਿਖਾਲਦਾ ਹੈ ਤਾਂ ਅਰਥ ਮੌਤ ਹੋ ਜਾਂਦਾ ਹੈ। ਇਉਂ ਕਾਲ ਪਦ ਦਾ ਮੌਤ ਅਰਥ ਕਾਲ ਪਦ ਦੇ ਸਮਾਂ ਅਰਥ ਦੇ ਅੰਤਰਗਤਿ ਹੈ, ਵੇਖੋ: *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨੇ ੨੭-੮.

[55] *ਜਪੁ ਜੀ ਦਰਸ਼ਨ*, ਪੰਨਾ ੮੪.

ਆਖਿਆ ਹੈ [56], ਉਸ ਦਾ ਅੰਤ ਨਹੀਂ। ਜਿਸ ਦਾ ਨਾ ਆਦਿ ਹੈ ਨਾ ਅੰਤਿ ਹੈ, ਉਹ ਦੋਹਾਂ ਸਿਰਿਆਂ ਤੋਂ ਕਾਲ ਸੁਤੰਤਰ ਹੈ। ਉਹ ਸਭ ਦਾ ਆਦਿ ਹੈ, ਉਸ ਤੋਂ ਸਾਰੇ ਹੋਏ। [57]

ਡਾ. ਸ਼ੇਰ ਸਿੰਘ ਅਨੁਸਾਰ ਅਕਾਲਪੁਰਖ ਨਿਰਭਉ-ਨਿਰਵੈਰ ਚੇਤਨ ਸਤਾ ਹੁੰਦਾ ਹੋਇਆ ਵੀ ਕਾਲ-ਅਨੁਭਵ ਤੋਂ ਬਾਹਰ ਹੈ। ਉਹ ਅਕਾਲ ਹੈ। ਸ੍ਰਿਸ਼ਟੀ ਰਚਨਾ ਕਦੇ ਨਹੀਂ ਸੀ, ਹੁਣ ਹੈ, ਤੇ ਸਮਾਂ ਆਵੇਗਾ ਜਦੋਂ ਇਹ ਨਹੀਂ ਹੋਵੇਗੀ। ਫਿਰ ਹੋ ਜਾਵੇਗੀ, ਫਿਰ ਨਾ ਹੋਵੇਗੀ। ਪਰੰਤੂ ਪ੍ਰਭੂ ਸਦਾ ਹੈ, ਸਤਿ ਹੈ, ਉਹ ਸਰਬ ਵਿਆਪੀ ਹੋਂਦ ਹੈ, ਚੇਤਨਾ ਹੁੰਦਾ ਹੋਇਆ ਵੀ ਅਕਾਲ ਹੈ।[58]

## (8) ਮੂਰਤਿ

ਡਾ. ਸ਼ੇਰ ਸਿੰਘ ਦਾ ਮੰਨਣਾ ਹੈ ਕਿ ਸਾਰੇ ਸਰਗੁਣ ਸੰਸਾਰ ਦੇ ਆਕਾਰ ਤੇ ਵਸਤੂਆਂ, ਜੋ ਵੀ ਸਾਕਾਰੀ ਰੂਪ ਵਿਚ ਦਿਸ ਰਹੀਆਂ ਹਨ, ਇਕ ਪਰਮ ਬੁਨਿਆਦੀ 'ਮੂਰਤਿ' ਦਾ ਅਕਸ ਹਨ। ਉਹ ਪਰਮ ਬੁਨਿਆਦੀ ਮੂਰਤਿ ਅਕਾਲਪੁਰਖ ਆਪ ਹੈ। ਇਸ ਤਰ੍ਹਾਂ ਅਕਾਲਪੁਰਖ ਨਾ ਕੇਵਲ ਪਰਮ ਆਤਮਾ ਹੈ, ਸਗੋਂ ਪਰਮ 'ਮੂਰਤਿ' ਵੀ ਹੈ, ਪਰ ਇਹ 'ਮੂਰਤਿ' ਢਹਿੰਦੀ, ਭਜਦੀ, ਟੁਟਦੀ ਨਹੀਂ, ਬਲਕਿ ਸਦੀਵੀ ਹੈ।

ਅਕਾਲਪੁਰਖ ਨੂੰ ਪੁਰਖੁ ਦਸ ਕੇ ਅਦ੍ਰਿਸ਼ਟ ਮੂਰਤ ਵੀ ਕਿਹਾ ਹੈ। ਡਾ. ਸਾਹਿਬ ਅਨੁਸਾਰ ਸ੍ਰਿਸ਼ਟੀ ਵਿਚ ਭਾਵੇਂ ਵਖ-ਵਖ ਮੂਰਤਾਂ ਦਿਖਾਈ ਦਿੰਦੀਆਂ ਹਨ ਪਰ ਉਹਨਾਂ ਸਾਰੀਆਂ ਮੂਰਤਾਂ ਦੀ ਇਕ ਸਰਬ ਸਾਂਝੀ ਮੂਰਤ ਹੈ, ਉਹ ਰਬ ਹੈ, ੴ ਹੈ, ਬ੍ਰਹਮ ਹੈ। ਡਾ. ਸਾਹਿਬ ਅਨੁਸਾਰ ਅਕਾਲ ਆਪਣਾ ਆਪ ਨਾਉ ਹੈ ਤੇ ਮੂਰਤਿ ਨਾਲ ਇਸ ਦਾ ਭਾਵ ਬਣਦਾ ਹੈ ਕਿ ਇਹ ਮੂਰਤਿ ਦੇਸ਼ ਕਾਲ ਦੀ ਹਦ ਤੋਂ ਪਰ੍ਹੇ ਹੈ।[59] ਭਾਈ ਵੀਰ ਸਿੰਘ ਜੀ ਦਾ ਖਿਆਲ ਹੈ ਕਿ, "ਅਕਾਲ ਕਹਿ ਕੇ ਮੂਰਤਿ ਪਦ ਨਾਲ ਲਿਖਣਾ ਇਸ ਵਾਸਤੇ ਸਹੀ ਹੁੰਦਾ ਹੈ ਕਿ ਅਕਾਲ ਹੋਣ ਕਰਕੇ ਉਹ ਆਪ ਅਣਹੋਂਦ ਨਹੀਂ ਹੋ ਜਾਂਦਾ।" [60]

ਗੁਰਬਾਣੀ ਵਿਚ ਰਬ ਦੀ ਸਥੂਲ ਮੂਰਤ ਵੀ ਦਰਸਾਈ ਗਈ ਹੈ। ਉਸ ਨੂੰ ਸੁੰਦਰਤਾ ਦਾ ਭੰਡਾਰ ਕਿਹਾ ਗਿਆ ਹੈ। ਸੰਸਾਰ ਵਿਚ ਜੋ ਵੀ ਸੁੰਦਰ ਤਤ ਹੈ, ਉਸ ਦਾ ਨਿਕਾਸ

---

[56] *ਆਦਿ ਅਨੀਲ ਅਨਾਦਿ ਅਸੰਭ॥ ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ* (ਭਾਗ ਪੰਜਵਾਂ), ੬੭੨.

[57] *ਕਾਲ ਰਹਿਤ ਅਨਕਾਲ ਸਰੂਪਾ॥ ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਭਾਗ ਪਹਿਲਾ), ਪੰਨਾ ੧੬.

[58] *ਗੁਰਮਤਿ ਦਰਸ਼ਨ*, ਪੰਨਾ ੮੩.

[59] *ਉਹੀ*, ਪੰਨਾ ੨੮0.

[60] *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੨੮.

ਅਕਾਲਪੁਰਖ ਹੈ। ਇਸ ਖਿਆਲ ਨਾਲ ਸੁੰਦਰ-ਕੁੰਡਲ, ਕਮਲ ਨੈਣ, ਦੰਤ-ਰੀਸਾਲਾ, ਲੰਮੜੇ ਵਾਲ, ਆਦਿ ਸੁੰਦਰਤਾ ਦੇ ਚਿੰਨ੍ਹ ਉਸ ਵਿਚ ਦਰਸਾਏ ਗਏ ਹਨ :

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*

*ਸੋਹਣੇ ਨਕ ਜਿਨ ਲੰਮੜੇ ਵਾਲਾ॥*[61]

## (9) ਅਜੂਨੀ

ਡਾ. ਸ਼ੇਰ ਸਿੰਘ ਅਨੁਸਾਰ ਜਦੋਂ ਬ੍ਰਹਮ ਨੂੰ 'ਪੁਰਖੁ' ਤੇ 'ਮੂਰਤਿ' ਕਿਹਾ ਜਾਂਦਾ ਹੈ ਤਾਂ ਉਸ ਦੇ ਜਨਮ ਲੈਣ ਜਾਂ ਹੋਂਦ ਵਿਚ ਆਉਣ ਬਾਰੇ ਵਿਚਾਰ ਉਤਪੰਨ ਹੁੰਦਾ ਹੈ, ਪਰੰਤੂ ਗੁਰੂ ਸਾਹਿਬ ਬ੍ਰਹਮ ਨੂੰ 'ਅਜੂਨੀ' ਦਸਦੇ ਹਨ। ਬ੍ਰਹਮ 'ਪੁਰਖੁ' ਤੇ 'ਮੂਰਤਿ' ਵੀ ਹੈ, ਪਰੰਤੂ ਉਹ ਜੂਨਾਂ ਵਿਚ ਨਹੀਂ ਆਉਂਦਾ, ਭਾਵ ਉਹ ਜਨਮ ਨਹੀਂ ਲੈਂਦਾ।

ਗੁਰਬਾਣੀ ਅਕਾਲਪੁਰਖ ਨੂੰ ਮਨੁਖੀ ਹੋਂਦ ਵਾਂਗ ਸਿਧ ਕਰਨ ਦੇ ਖਿਆਲ ਦੀ ਵਿਰੋਧਤਾ ਕਰਦੀ ਹੈ। ਇਸ ਖਿਆਲ ਨੂੰ ਰਬ ਸੰਬੰਧੀ ਪ੍ਰਗਟਾਉਣ ਉਤੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹ ਜੀਭ ਸੜ ਜਾਏ, ਜਿਹੜੀ ਇਹ ਕਹਿੰਦੀ ਹੈ ਕਿ '੧ਓ' ਮਨੁਖਾਂ ਵਾਂਗ ਜਨਮ ਲੈਂਦਾ ਤੇ ਮਰਦਾ ਹੈ। ਇਸ ਵਿਆਖਿਆ ਵਿਚ ਡਾ. ਸ਼ੇਰ ਸਿੰਘ ਗੁਰਬਾਣੀ ਦੀਆਂ ਇਨ੍ਹਾਂ ਸਤਰਾਂ ਤੋਂ ਅਗਵਾਈ ਲੈਂਦੇ ਪ੍ਰਤੀਤ ਹੁੰਦੇ ਹਨ :

*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥*[62]

## (10) ਸੈਭੰ

ਗੁਰੂ ਸਾਹਿਬ ਨੇ ਅਜੂਨੀ ਤੋਂ ਅਗੇ 'ਸੈਭੰ' ਕਹਿ ਦਿਤਾ, ਭਾਵ ਪਰਮਸਤਿ ਸੁਤੇਸਿਧ ਆਪਣੇ ਆਪ ਪ੍ਰਗਟ ਹੈ। ਡਾ. ਸ਼ੇਰ ਸਿੰਘ ਅਨੁਸਾਰ 'ਸੈਭੰ' ਦੇ ਅਰਥ ਸੁਤੇਸਿਧ ਪ੍ਰਕਾਸ਼ ਵਿਚਲੇ 'ਪ੍ਰਕਾਸ਼' ਤੋਂ ਭਾਵ ਚਾਨਣ ਨਹੀਂ, ਬਲਕਿ ਪ੍ਰਗਟ/ਪੈਦਾ ਹੋਣਾ ਹੈ। 'ਸੈਭੰ' ਬ੍ਰਹਮ, ਪੁਰਖੀ ਸਰੀਰ ਰਖਦਾ ਹੋਇਆ ਅਜੂਨੀ ਤੇ ਸ੍ਵੈ-ਪ੍ਰਗਟ ਹੈ। ਉਸ ਦਾ ਕਿਸੇ ਕਾਰਨ ਕਰਕੇ ਵਜੂਦ ਨਹੀਂ। ਭਾਈ ਵੀਰ ਸਿੰਘ ਜੀ ਅਨੁਸਾਰ ਪਰਮਾਤਮਾ ਆਪਣੇ ਆਪ ਹੀ ਪ੍ਰਕਾਸ਼ ਸਰੂਪ ਹੈ, ਅਰਥਾਤ ਜਜੋਤੀ ਸਰੂਪ ਹੈ ਪਰ ਆਪਣੇ ਆਪ ਕੋਈ ਹੋਰ ਪ੍ਰਕਾਸ਼ ਉਸ ਨੂੰ ਪ੍ਰਕਾਸ਼ਨ ਵਾਲਾ ਨਹੀਂ ਹੈ, ਸਗੋਂ ਸਭ ਨੂੰ ਪ੍ਰਕਾਸ਼ਨ ਵਾਲਾ ਉਹ ਆਪ ਹੈ।[63] ਪਰਮੇਸ਼ਰ ਨੂੰ ਪ੍ਰਕਾਸ਼ ਸਰੂਪ ਸੈਭੰ ਕਹਿਣ ਤੋਂ ਭਾਵ ਹੈ ਕਿ

---

[61] ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੭.

[62] ਉਹੀ, ੧੧੩੬.

[63] *ਸਭ ਮਹਿ ਜੋਤਿ ਜੋਤਿ ਹੈ ਸੋਇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧੩.

ਉਹ ਚੇਤੰਨ ਹੈ ਅਤੇ ਉਸ ਦੀ ਚੇਤੰਨਤਾ ਆਪਣੇ ਆਪ ਹੈ। ਗੁਰਬਾਣੀ ਵਿਚ ਅਜੂਨੀ ਸੰਭਉ ਅਤੇ ਅਜੂਨੀ ਸੰਭਵਿਓ ਪਾਠ ਵੀ ਆਇਆ ਹੈ, ਜਿਸ ਦਾ ਅਰਥ ਬਿਨਾ ਕਿਸੇ ਕਾਰਨ ਦੇ ਆਪਣੀ ਹੋਂਦ ਵਿਚ ਹੈ।[64]

ਸੈਭੰ ਦੀ ਵਿਆਖਿਆ ਕਰਦੇ ਹੋਏ ਡਾ. ਸ਼ੇਰ ਸਿੰਘ ਦਸਦੇ ਹਨ ਕਿ ਬ੍ਰਹਮ, ਅਜੂਨੀ ਤੇ ਸ੍ਵੈ ਪ੍ਰਗਟ ਹੈ। ਉਸ ਦਾ ਕਿਸੇ ਕਾਰਨ ਕਰਕੇ ਵਜੂਦ ਨਹੀਂ। ਡਾ. ਸਾਹਿਬ ਦਸਦੇ ਹਨ ਕਿ ਸ੍ਵਭੂ ਤੇ ਸ੍ਵਭੰ ਦੋਵੇਂ ਤਰ੍ਹਾਂ ਹੀ ਰਿਗਵੇਦ ਤੇ ਉਪਨਿਸ਼ਦਾਂ ਆਦਿ ਵਿਚ ਵੀ ਆਇਆ ਹੈ। ਇਥੇ ਡਾ. ਸ਼ੇਰ ਸਿੰਘ ਦਾ ਇਸ਼ਾਰਾ ਕੁਝ ਭੁਲੇਖਾ ਪਾਉਂਦਾ ਦਰਸਾਉਂਦਾ ਹੈ ਕਿ ਜੇਕਰ ਇਹ ਵੇਦ-ਉਪਨਿਸ਼ਦਾਂ ਵਿਚ ਮੌਜੂਦ ਹੈ, ਤਾਂ ਫਿਰ ਗੁਰੂ ਸਾਹਿਬ ਦੀ ਮੌਲਿਕਤਾ ਕਿਥੇ ਹੋਈ? ਇਸ ਦੇ ਨਾਲ ਹੀ ਡਾ. ਸਾਹਿਬ ਨੇ ਇਸ ਗਲ ਦਾ ਕੋਈ ਹਵਾਲਾ ਵੀ ਨਹੀਂ ਦਿਤਾ ਕਿ ਰਿਗਵੇਦ ਦੇ ਕਿਹੜੇ ਮੰਡਲ/ਅਧਿਆਇ/ਬੰਦ ਵਿਚ ਇਸ ਦਾ ਜ਼ਿਕਰ ਆਉਂਦਾ ਹੈ। ਇਸ ਤੋਂ ਇਲਾਵਾ ਵੈਦਿਕ ਕਾਲ ਦੌਰਾਨ ਏਕਈਸ਼ਵਰਵਾਦ (Monotheism) ਦਾ ਕੋਈ ਸੰਕਲਪ ਪ੍ਰਚਲਤ ਹੀ ਨਹੀਂ ਸੀ।

### (11) ਗੁਰਪ੍ਰਸਾਦਿ

ਡਾ. ਸ਼ੇਰ ਸਿੰਘ ਦਾ ਵਿਚਾਰ ਹੈ ਕਿ ਗੁਰ ਤੇ ਪ੍ਰਸਾਦਿ ਆਪਣੇ ਆਪ ਵਿਚ ਦੋ ਪਦ ਹਨ, ਪੂਰਨ ਤੇ ਸੰਪੂਰਨ ਅਤੇ ਦੋਵੇਂ ਹੀ ਅਕਾਲਪੁਰਖ ਦੇ ਗੁਣਵਾਚਕ ਨਾਮ ਹਨ, ਪਰੰਤੂ ਭਾਈ ਗੁਰਦਾਸ ਜੀ ਗੁਰਪ੍ਰਸਾਦਿ ਨੂੰ ਇਕਠੇ ਸ਼ਬਦ/ਇਕਾਈ ਵਜੋਂ ਪ੍ਰਵਾਨ ਕਰਦੇ ਹਨ :

*ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ॥*[65]

ਡਾ. ਸ਼ੇਰ ਸਿੰਘ ਦਾ ਮੰਨਣਾ ਹੈ ਕਿ 'ਗੁਰਪ੍ਰਸਾਦਿ' ਦਾ ਅਰਥ 'ਗੁਰੂ ਦੀ ਕ੍ਰਿਪਾ ਨਾਲ ਜਾਣਿਆ ਜਾਂਦਾ ਹੈ', ਠੀਕ ਨਹੀਂ। ਵਿਦਵਾਨਾਂ ਦੁਆਰਾ 'ਜਾਣਿਆ ਜਾਂਦਾ ਹੈ' ਕੋਲੋਂ ਲਾ ਕੇ ਅਰਥ ਕੀਤੇ ਜਾਂਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਮੂਲ ਮੰਤ੍ਰ ਦੇ ਸਾਰੇ ਪਦ ਹੀ ਅਕਾਲਪੁਰਖ ਦੇ ਲਖਾਇਕ ਨਾਮ ਹਨ, ਜਿਵੇਂ ਸਤਿ ਅਤੇ ਅਜੂਨੀ। ਇਸੇ ਤਰ੍ਹਾਂ ਗੁਰ ਅਤੇ ਪ੍ਰਸਾਦਿ ਹੈ। ਉਕਤ ਕੀਤੇ ਜਾਂਦੇ ਅਰਥ ਮੂਲ ਮੰਤਰ ਵਿਚ ਆਏ ਬਾਕੀ ਪਦਾਂ ਨਾਲ ਇਕਸੁਰਤਾ ਨਹੀਂ ਰਖਦੇ। 'ਗੁਰੂ' ਬ੍ਰਹਮ ਆਪ ਹੈ। ਉਹ ਆਪ ਗਿਆਨ, ਗਿਆਨ ਭੰਡਾਰ ਤੇ ਮਹਾਨ ਗਿਆਨ ਹੈ।[66]

---

[64] *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੩੦.

[65] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੩੯/੧.

[66] *ਜਪੁ ਜੀ ਦਰਸ਼ਨ*, ਪੰਨਾ ੮੨.

ਡਾ. ਸ਼ੇਰ ਸਿੰਘ ਨੇ ਗੁਰਪ੍ਰਸਾਦਿ ਦੇ ਅਰਥਾਂ ਸੰਬੰਧੀ ਇਕ ਹੋਰ ਦਲੀਲ ਦਿਤੀ ਹੈ ਕਿ ਜਿੰਨਾ ਚਿਰ ਉਕਤ ਦਰਸਾਏ ਅਰਥ 'ਗੁਰੂ ਦੀ ਕ੍ਰਿਪਾ ਨਾਲ ਜਾਣਿਆ ਜਾਂਦਾ ਹੈ' ਕੀਤੇ ਜਾਣਗੇ ਦੇਹਧਾਰੀ ਗੁਰੂ ਡੰਮ੍ਹ ਨੂੰ ਹਲਾਸ਼ੇਰੀ ਮਿਲਦੀ ਰਹੇਗੀ, ਜਿਸ ਨਾਲ ਸਮਾਜ ਵਿਚ ਗੁਰ ਪ੍ਰਣਾਲੀ (ਦੇਹਧਾਰੀ ਗੁਰੂ) ਚਲਦੀ ਰਹੇਗੀ। ਸੋ, ਇਸ ਪ੍ਰਕਾਰ ਗੁਰਪ੍ਰਸਾਦਿ ਦੇ ਅਰਥ 'ਗੁਰੂ ਦੀ ਕ੍ਰਿਪਾ ਨਾਲ ਜਾਣਿਆ ਜਾਂਦਾ ਹੈ' ਕਰਨੇ ਠੀਕ ਨਹੀਂ।

'ਗੁਰ' ਪਦ ਦੇ ਅਰਥ ਕਰਦਿਆਂ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਸਾਰੇ ਮੂਲ ਮੰਤ੍ਰ ਵਿਚ ਕੋਈ ਕਿਰਿਆਵਾਚੀ ਪਦ ਨਹੀਂ ਹੈ। ਅਕਾਲਪੁਰਖ ਦੇ ਤਤ ਗਿਆਨ ਵਿਚ ਕੋਈ ਕਿਰਿਆ ਨਹੀਂ ਆ ਸਕਦੀ।[67] ਡਾ. ਸ਼ੇਰ ਸਿੰਘ ਅਨੁਸਾਰ 'ਪ੍ਰਸਾਦਿ' ਦੇ ਅਰਥ ਹਨ: ਸੰਤੁਸ਼ਟ, ਖੁਸ਼, ਮਿਹਰਬਾਨ ਅਤੇ ਕ੍ਰਿਪਾਲੂ ਆਦਿ। ਉਨ੍ਹਾਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਵਿਚ ਇਸ ਪਦ ਲਈ Gracious-kind ਸ਼ਬਦ ਵਰਤਿਆ ਜਾਂਦਾ ਹੈ।[68] ਉਨ੍ਹਾਂ ਅਨੁਸਾਰ ਪ੍ਰਸਾਦਿ ਦੇ ਅਰਥ 'ਨਦਰੀ ਨਦਰਿ ਨਿਹਾਲ' ਵਿਚ ਵੀ ਸਮਾਏ ਹੋਏ ਹਨ।[69]

ਮੂਲ ਮੰਤ੍ਰ ਦੀ ਵਿਆਖਿਆ ਕਰਨ ਉਪਰੰਤ ਡਾ. ਸ਼ੇਰ ਸਿੰਘ ਗੁਰਮਤਿ ਅੰਦਰ ਅਕਾਲਪੁਰਖ ਦੇ ਸਰੂਪ ਬਾਰੇ ਜ਼ਿਕਰ ਕਰਦੇ ਹਨ। ਉਨ੍ਹਾਂ ਅਨੁਸਾਰ ਗੁਰਬਾਣੀ ਵਿਚ ਰਬ ਨੂੰ ਬਾਜੀਗਰ ਆਦਿ ਨਾਮ ਨਾਲ ਵੀ ਬੁਲਾਇਆ ਗਿਆ ਹੈ। ਜਾਦੂਗਰ ਇਸ ਕਰਕੇ ਕਿਹਾ ਹੈ ਕਿ ਅਕਾਲਪੁਰਖ ਦੇ ਕੰਮ ਅਗਮ ਅਗੋਚਰ ਹਨ, ਭਾਵ ਮਨੁਖੀ ਸਮਝ ਤੋਂ ਬਾਹਰ ਹਨ, ਇਸ ਲਈ ਮਨੁਖ ਨੂੰ ਇਹ ਕੰਮ ਜਾਦੂ ਦੀਆਂ ਖੇਡਾਂ ਜਾਪਦੇ ਹਨ। ਗੁਰਬਾਣੀ ਵਿਚ ਇਹ ਭਾਵ ਇਸ ਪ੍ਰਕਾਰ ਹੈ :

*ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ॥*
*ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥*[70]

ਡਾ. ਸ਼ੇਰ ਸਿੰਘ ਦਸਦੇ ਹਨ ਕਿ ਭਾਰਤੀ ਦਰਸ਼ਨ (ਖਾਸਕਰ ਵੈਦਿਕ ਦਰਸ਼ਨ) ਵਿਚ ਪਰਮਾਤਮਾ ਨੂੰ ਘਟ-ਘਟ ਅੰਤਰ (Immanent) ਤੇ ਪਛਮੀ ਦਰਸ਼ਨ ਵਿਚ ਰਬ ਨੂੰ ਉਚੇ ਤੋਂ ਉਚਾ (Transcendent) ਕਿਹਾ ਹੈ। ਡਾ. ਸਾਹਿਬ ਨੇ ਗੁਰਬਾਣੀ ਦੀ ਰੌਸ਼ਨੀ ਵਿਚ

---

[67] *ਗੁਰਮਤਿ ਦਰਸ਼ਨ*, ਪੰਨਾ ੮੭.
[68] *ਜਪੁ ਜੀ ਦਰਸ਼ਨ*, ਪੰਨਾ ੮੮.
[69] *ਉਹੀ*, ਪੰਨਾ ੯੦.
[70] ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੩-੩੪.

ਅਕਾਲਪੁਰਖ ਸੰਬੰਧੀ 'ਸਭਹੂੰ ਤੇ ਬਾਹਰ', 'ਅੰਤਰ ਭੀ ਤੇ ਬਾਹਰ ਭੀ' ਆਦਿ ਵਿਸ਼ਿਆ 'ਤੇ ਵਿਚਾਰ ਕੀਤੀ ਹੈ। ਸਭਹੂੰ ਤੇ ਬਾਹਰ ਤੋਂ ਭਾਵ ਹੈ ਕਿ ਗੁਰਬਾਣੀ ਅਨੁਸਾਰ ਅਕਾਲਪੁਰਖ ਸੰਸਾਰ ਤੋਂ ਬਾਹਰ ਹੈ, ਇਸ ਲਈ ਉਸ ਨੂੰ ਨਿਰਲੇਪ ਕਿਹਾ ਹੈ। ਨਿਰਲੇਪਤਾ ਦਾ ਅਰਥ ਹੈ ਕਿ ਅਕਾਲਪੁਰਖ ਪਰ੍ਹੇ ਤੋਂ ਪਰ੍ਹੇ ਅਪਰੰਪਰ ਹੈ। ਭਾਵ ਰਬ ਦੂਰ ਹੈ, ਬਹੁਤ ਦੂਰ ਹੈ। ਭਾਵੇਂ ਸਾਰੀ ਜੋਤਿ ਉਸ ਦੀ ਹੀ ਹੈ, ਪਰ ਫਿਰ ਵੀ ਅਕਾਲਪੁਰਖ ਹੀ 'ਪਰਮ-ਜੋਤਿ' ਹੈ। ਗੁਰਬਾਣੀ ਵਿਚ ਅਕਾਲਪੁਰਖ ਨੂੰ ਸੰਸਾਰ ਤੋਂ ਬਾਹਰ ਇਸ ਪ੍ਰਕਾਰ ਦਰਸਾਇਆ ਗਿਆ ਹੈ :

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*[71]

ਡਾ. ਸ਼ੇਰ ਸਿੰਘ ਨੇ ਜਿਥੇ ਗੁਰਬਾਣੀ ਅਨੁਸਾਰ ਨਿਰਲੇਪ (ਅਕਾਲਪੁਰਖ) ਦੀ ਵਿਚਾਰ ਕੀਤੀ ਹੈ ਉਥੇ 'ਘਟ ਘਟ ਮਹਿ ਹਰਿ ਜੂ' ਭਾਵ 'ਨੇੜੇ ਤੋਂ ਨੇੜੇ' ਵੀ ਦਸਿਆ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਹਰ ਥਾਂ ਰਮਿਆਂ ਹੋਇਆ ਹੈ। ਭਾਵ ਸਾਰੇ ਸੰਸਾਰ ਦੀ ਜੋਤਿ ਪਰਮਾਤਮਾ ਹੈ। ਉਪਰੋਕਤ ਦੋਨਾਂ ਵਿਚਾਰਾਂ (ਨਿਰਲੇਪ ਤੇ ਅੰਤਰ) ਤੋਂ ਬਾਅਦ ਡਾ. ਸ਼ੇਰ ਸਿੰਘ ਨੇ ਅਕਾਲਪੁਰਖ ਨੂੰ 'ਅੰਤਰ ਵੀ ਤੇ ਬਾਹਰ ਵੀ' ਦੋਨਾਂ ਹਾਲਤਾਂ ਵਿਚ ਦਰਸਾਇਆ ਹੈ। ਗੁਰਬਾਣੀ ਵਿਚ ਅਕਾਲਪੁਰਖ ਨੂੰ ਅੰਤਰ ਤੇ ਬਾਹਰ ਦੋਵਾਂ ਤਰ੍ਹਾਂ ਹੀ ਦਰਸਾਇਆ ਹੈ। ਡਾ. ਸ਼ੇਰ ਸਿੰਘ ਕਮਲ ਦਾ ਫੁਲ ਤੇ ਮੁਰਗਾਬੀ ਦੀਆਂ ਗੁਰੂ ਸਾਹਿਬ ਦੁਆਰਾ ਦਿਤੀਆਂ ਉਦਾਹਰਨਾਂ ਅਨੁਸਾਰ ਦਸਦੇ ਹਨ ਕਿ ਜਿਵੇਂ ਕਮਲ ਦਾ ਫੁਲ ਪਾਣੀ ਵਿਚ ਵੀ ਹੈ ਤੇ ਬਾਹਰ ਵੀ। ਪਾਣੀ ਉਸ ਦੇ ਪਤਿਆਂ ਤੇ ਪੈਂਦਾ ਹੈ ਪਰ ਫਿਰ ਵੀ ਕਮਲ ਦਾ ਫੁਲ ਨਿਰਲੇਪ ਰਹਿੰਦਾ ਹੈ।[72] ਜਿਵੇਂ ਦੀਵਾ ਇਕ ਹੈ ਤੇ ਇਕ ਹੀ ਪ੍ਰਕਾਸ਼ ਹੈ ਪਰ ਜਦ ਕਿਸੇ ਦੀਵੇ ਦਾ ਇਕ ਭਾਗ ਕਿਸੇ ਹੋਰ ਥਾਂ ਉਪਾਧੀ ਕਰਕੇ ਵਖਰਾ ਹੋ ਜਾਂਦਾ ਹੈ, ਤਾਂ ਉਹ ਵਖਰੀ ਜੋਤਿ ਸਰਬ-ਜੋਤਿ ਦੇ ਨਾਲ ਅਭੇਦ ਵੀ ਹੈ ਤੇ ਭਿੰਨ ਵੀ ਹੈ। ਇਹੀ ਸੰਬੰਧ ਜੀਵ ਤੇ ਪਰਮਾਤਮਾ ਦਾ ਹੈ। ਜਿਵੇਂ ਗੁਰਬਾਣੀ ਵਿਚ ਅਕਾਲਪੁਰਖ ਨੂੰ ਪਹਿਲਾਂ ਬਾਹਰੀ ਰੂਪ ਵਿਚ (ਉਚੇ ਤੋਂ ਉਚਾ ਤੇ ਦੂਰ) ਤੇ ਫਿਰ ਅੰਤਰ ਭਾਵ ਨੂੰ ਨੇੜੇ ਤੋਂ ਨੇੜੇ (ਘਟਿ ਘਟਿ ਵਿਚ) ਕਿਹਾ ਸੀ, ਪਰ ਇਥੇ ਇਨ੍ਹਾਂ ਦੋਨਾਂ ਨੂੰ ਜੋੜ ਕੇ ਵੀ ਕਿਹਾ ਗਿਆ ਹੈ :

- *ਆਪੇ ਨੇੜੈ ਆਪੇ ਦੂਰਿ॥*[73]

---

[71] ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੭.

[72] *ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮.

[73] ਸ੍ਰੀ ਗੁਰੂ ਗ੍ਰੰਥ ਸਾਹਿਬ, ੩੯੨.

- *ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*[74]

ਡਾ. ਸ਼ੇਰ ਸਿੰਘ ਅਕਾਲਪੁਰਖ ਸੰਬੰਧੀ ਵਿਚਾਰ ਵਿਚ ਸਵਾਲ ਕਰਦੇ ਹਨ ਕਿ ਕੀ ਰਬ ਜਾਣਿਆ ਜਾ ਸਕਦਾ ਹੈ ਜਾਂ ਨਹੀਂ? ਭਾਵ ਕੀ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜਾਂ ਪਰਮਾਤਮਾ ਬਾਰੇ ਕੋਈ ਥਹੁ ਲਗ ਸਕਦਾ ਹੈ? ਜਵਾਬ ਵਜੋਂ ਡਾ. ਸਾਹਿਬ ਕਹਿੰਦੇ ਹਨ ਕਿ ਅਬੂਝ ਤੇ ਅਸੂਝ ਹਸਤੀ ਨੂੰ ਧਰਮ ਮਨੁਖੀ ਦੁਨੀਆਂ ਵਿਚ ਲੈ ਕੇ ਆਉਂਦਾ ਹੈ, ਕਿਉਂਕਿ ਮਨੁਖੀ ਜਾਮੇ ਵਿਚ ਹੀ ਰਬ ਨੂੰ ਕੁਝ ਕੁ ਜਾਣਿਆ ਜਾ ਸਕਦਾ ਹੈ। ਡਾ. ਸਾਹਿਬ ਅਨੁਸਾਰ ਭਾਵੇਂ ਅਕਾਲਪੁਰਖ ਅਗਮ ਤੇ ਅਗੋਚਰ ਹੈ, ਪਰ ਫਿਰ ਵੀ ਮਨੁਖ ਨੂੰ ਕੁਝ ਨਾ ਕੁਝ ਥਹੁ ਜ਼ਰੂਰ ਪੈਂਦੀ ਹੈ, ਭਾਵ ਰਬ ਨੂੰ ਕੁਝ ਕੁ ਜਾਣਿਆ ਜਾ ਸਕਦਾ ਹੈ। ਗੁਰਮਤਿ ਅਨੁਸਾਰ ਜਿਸ ਮਨੁਖ ਉਪਰ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਉਹ ਪਰਮਾਤਮਾ ਨੂੰ ਜਾਣ ਸਕਦਾ ਹੈ, ਭਾਵ ਜਿਸ ਇਨਸਾਨ ਨੂੰ ਪਰਮਾਤਮਾ ਜਣਾਉਂਦਾ ਹੈ, ਉਹੀ ਜਾਣ ਸਕਦਾ ਹੈ :

*ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥*[75]

ਡਾ. ਸ਼ੇਰ ਸਿੰਘ ਅਨੁਸਾਰ ਪਰਮਾਤਮਾ ਨੂੰ ਜਾਣਨ ਦਾ ਇਕ ਤਰੀਕਾ ਅਨੁਭਵ ਹੈ। ਅਨੁਭਵ ਦੁਆਰਾ ਹੀ ਚੀਜ਼ ਦੇ ਅੰਦਰ ਤਕ ਪਹੁੰਚਿਆ ਜਾਂਦਾ ਹੈ, ਜਿਸ ਨਾਲ ਹਰ ਇਕ ਸ਼ੈਅ ਆਪਣਾ ਹੀ ਅੰਗ ਜਾਪਦੀ ਹੈ। ਅਨੁਭਵ ਦੁਆਰਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਡਾ. ਸ਼ੇਰ ਸਿੰਘ ਅਨੁਸਾਰ ਗੁਰੂ ਸਾਹਿਬ ਅਨੁਭਵ ਦੇ ਨਾਲ-ਨਾਲ ਬੁਧੀ ਨੂੰ ਵੀ ਗਿਆਨ ਪ੍ਰਾਪਤੀ ਵਿਚ ਸਹਾਇਕ ਅੰਸ਼ ਮੰਨਦੇ ਹਨ। ਡਾ. ਸਾਹਿਬ ਨੇ ਇਸ ਵਿਆਖਿਆ ਵਿਚ ਭਾਈ ਵੀਰ ਸਿੰਘ ਦੇ ਬੁਧੀ ਤੇ ਅਨੁਭਵ ਬਾਰੇ ਵਿਚਾਰਾਂ ਨੂੰ ਸ਼ਾਮਿਲ ਕੀਤਾ ਹੈ :

*ਜਿਨ੍ਹਾਂ ਉਚਿਆਈਆਂ ਉਤੋਂ 'ਬੁਧੀ' ਖੰਭ ਸਾੜ ਢੱਠੀ।*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ,*
*ਪਯਾਲੇ ਅਣਡਿੱਠੇ ਨਾਲ ਬੁੱਲ੍ਹ ਲੱਗ ਜਾਣ ਓਥੇ*
*ਰਸ ਤੇ ਸਰੂਰ ਚੜ੍ਹੇ, ਝੂਮਾਂ ਆਉਣ ਪਿਆਰੀਆਂ,*
*'ਗਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ:-*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁਧੋ ਪਾਰ ਤਾਰੀਆਂ।'*

---
[74] ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੭.
[75] ਉਹੀ, ੧੧.

*'ਬੈਠ ਵੇ, ਗਯਾਨੀ ! ਬੁੱਧੀ-ਮੰਡਲੇ ਦੀ ਕੈਦ ਵਿਚ,*

*'ਵਲਵਲੇ ਦੇ ਦੇਸ' ਸਾਡੀਆਂ ਲੱਗ ਗਈਆਂ ਯਾਰੀਆਂ।'*[76]

ਪਰ ਇਸ ਦਾ ਭਾਵ ਨਹੀਂ ਕਿ ਗੁਰਮਤਿ ਵਿਚ ਬੁਧੀ ਲਈ ਕੋਈ ਥਾਂ ਨਹੀਂ। ਗੁਰਬਾਣੀ ਵਿਚ ਬਿਬੇਕ ਬੁਧੀ ਨੂੰ ਧਰਮ ਦਾ ਜ਼ਰੂਰੀ ਅੰਗ ਦਸਿਆ ਹੈ। ਇਸ ਕਰਕੇ ਗੁਰੂ ਸਾਹਿਬ ਅਕਾਲਪੁਰਖ ਕੋਲੋਂ ਬਿਬੇਕ ਬੁਧੀ ਦੀ ਦਾਤ ਮੰਗਦੇ ਹਨ :

*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥*[77]

ਇਸ ਸਾਰੀ ਵਿਚਾਰ ਦਾ ਭਾਵ ਡਾ. ਸਾਹਿਬ ਅਨੁਸਾਰ ਇਹ ਹੈ ਕਿ ਜਦੋਂ ਅਨੁਭਵ ਤੇ ਬੁਧੀ ਦੋਨੋਂ ਮਿਲ ਕੇ ਇਕਠੇ ਕੰਮ ਕਰਦੇ ਹਨ ਤਾਂ ਠੀਕ ਗਿਆਨ ਪ੍ਰਾਪਤ ਹੁੰਦਾ ਹੈ। ਅਨੁਭਵ ਅਗੇ ਚਲ ਕੇ ਰਹਿਨੁਮਾਈ ਕਰਦਾ ਹੈ ਤੇ ਬੁਧੀ ਪਿਛੇ ਇਕ ਸਹਾਇਕ ਵਜੋਂ ਕੰਮ ਕਰਦੀ ਹੈ।

### 3.1.2 ਸ੍ਰਿਸ਼ਟੀ

ਮਨੁਖੀ ਚੇਤਨਾ ਦਾ ਦੂਸਰਾ ਅਹਿਮ ਸਵਾਲ ਸ੍ਰਿਸ਼ਟੀ ਸੰਬੰਧੀ ਹੈ। ਇਹ ਪ੍ਰਗਟ ਪਾਸਾਰਾ ਆਖਰ ਕੀ ਹੈ?, ਬੇਅੰਤ ਪਾਸਾਰਾ ਕਿਵੇਂ ਬਣ ਗਿਆ? ਅਤੇ ਇਸ ਦਾ ਵਿਸਤਾਰ ਕਿੰਨਾ ਕੁ ਹੈ? ਇਸ ਦੇ ਸਰੂਪ, ਕਾਰਨ ਅਥਵਾ ਉਦੇਸ਼ ਬਾਰੇ ਅਨੇਕ ਸਵਾਲ ਮਨੁਖੀ ਜਿਹਨ ਵਿਚ ਉਠਦੇ ਰਹਿੰਦੇ ਹਨ। ਧਰਮ ਦਰਸ਼ਨਚਾਰੀਆਂ ਨੇ ਵੀ ਆਪੋ-ਆਪਣੇ ਵਿਸ਼ਵਾਸ-ਪ੍ਰਬੰਧਾਂ ਵਿਚ ਰਹਿ ਕੇ ਇਸ ਸਥੂਲ ਪਸਾਰੇ ਨੂੰ ਅਨੇਕ ਤਰੀਕਿਆਂ ਨਾਲ ਵਿਚਾਰ ਅਤੇ ਵਿਆਖਿਆ ਕੀਤੀ ਹੈ। ਗੁਰਮਤਿ ਦੇ ਵਿਦਵਾਨਾਂ ਨੇ ਵੀ ਗੁਰਬਾਣੀ ਨੂੰ ਅਧਾਰ ਬਣਾ ਕੇ ਸ੍ਰਿਸ਼ਟੀ ਦੇ ਰਹਸ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਵਿਦਵਾਨਾਂ ਵਿਚੋਂ ਡਾ. ਸ਼ੇਰ ਸਿੰਘ ਦਾ ਨਾਮ ਇਸ ਕਰਕੇ ਵਿਸ਼ੇਸ਼ ਹੈ ਕਿ ਉਨ੍ਹਾਂ ਨੇ ਪਛਮੀ ਤੇ ਪੂਰਬੀ ਦਰਸ਼ਨ ਧਾਰਾਵਾਂ ਦੇ ਪਿਛੋਕੜ ਵਿਚ ਗੁਰਮਤਿ ਦਰਸ਼ਨ ਦੇ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰਾਂ ਨੂੰ ਪ੍ਰਬੰਧ ਰੂਪ ਵਿਚ ਪੇਸ਼ ਕੀਤਾ ਹੈ।

ਡਾ. ਸ਼ੇਰ ਸਿੰਘ ਸ੍ਰਿਸ਼ਟੀ ਰਚਨਾ ਦੇ ਪਿਛੋਕੜ ਤੋਂ ਆਪਣੀ ਵਿਆਖਿਆ ਸ਼ੁਰੂ ਕਰਦੇ ਹਨ। ਗੁਰਮਤਿ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸਭ ਬ੍ਰਹਮ ਹੀ ਬ੍ਰਹਮ ਨਿਰਗੁਣ ਰੂਪ ਵਿਚ ਸੀ, ਸਭ ਧੁੰਧੂਕਾਰ ਸੀ। ਧਰਤੀ, ਅਸਮਾਨ, ਸੂਰਜ, ਚੰਦ, ਦਿਨ, ਰਾਤ, ਪਾਣੀ, ਹਵਾ, ਜੀਵ ਅਤੇ ਜੰਤ ਕੁਝ ਵੀ ਨਹੀਂ ਸਨ। ਬਸ, ਅਕਾਲ ਹੀ ਅਕਾਲ ਸੀ। ਇਸ ਸੰਬੰਧੀ ਗੁਰ ਫੁਰਮਾਣ ਹੈ :

[76] *ਗੁਰਮਤਿ ਦਰਸ਼ਨ*, ਪੰਨਾ ੨੬੯.
[77] ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੧.

*ਅਰਬਦ ਨਰਬਦ ਧੁੰਧੂਕਾਰਾ॥*

*ਧਰਣਿ ਨ ਗਗਨਾ ਹੁਕਮੁ ਅਪਾਰਾ॥*

*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥*[78]

ਸ੍ਰਿਸ਼ਟੀ ਤੇ ਇਸ ਦੀ ਰਚਨਾ, ਕਾਲ ਦੀ ਹਦ-ਬੰਦੀ ਤੇ ਗਿਣਤੀ-ਮਿਣਤੀ ਮਨੁਖ ਲਈ ਤਾਂ ਭਾਵੇਂ ਬੜੇ ਅਹਿਮ ਮਸਲੇ ਹਨ, ਪਰ ਅਕਾਲਪੁਰਖ ਦੀ ਹੋਂਦ ਦੇ ਮੁਕਾਬਲੇ ਇਹ ਕੋਈ ਅਹਿਮੀਅਤ ਨਹੀਂ ਰਖਦੇ। ਅਕਾਲਪੁਰਖ ਲਈ ਸ੍ਰਿਸ਼ਟੀ ਰਚਨਾ ਤੋਂ ਬਿਨਾਂ ਹੋਣਾ ਜਾਂ ਸ੍ਰਿਸ਼ਟੀ ਰਚਨਾ ਦਾ ਕੰਮ ਕਰਨਾ ਤੇ ਕਿਉਂ ਤੇ ਕਿਵੇਂ ਕਰਨਾ, ਇਹ ਸਭ ਸਵਾਲ ਕੋਈ ਮਹਾਨਤਾ ਨਹੀਂ ਰਖਦੇ। ਸ੍ਰਿਸ਼ਟੀ ਰਚਨਾ ਮਨੁਖ ਲਈ ਤਾਂ ਭਾਵੇਂ ਵਡੀ ਗਲ ਹੈ, ਪਰ ਪਰਮਾਤਮਾ ਲਈ ਇਹ ਕੋਈ ਅਹਿਮੀਅਤ ਨਹੀਂ ਰਖਦੀ।[79]

ਸ੍ਰਿਸ਼ਟੀ ਰਚਨਾ ਤੋਂ ਬਾਅਦ ਦੀ ਅਵਸਥਾ ਬਾਰੇ ਡਾ. ਸ਼ੇਰ ਸਿੰਘ ਦਾ ਖਿਆਲ ਹੈ ਕਿ ਜੜ੍ਹ ਤੇ ਚੇਤਨ, ਜਿੰਦ ਅਤੇ ਨਿਰਜਿੰਦ ਚੀਜ਼ਾਂ ਤੇ ਇਨ੍ਹਾਂ ਦੇ ਪਰਸਪਰ ਭੇਦਾਂ ਆਦਿ ਦੀ ਵਿਚਾਰ ਤੋਂ ਸ੍ਰਿਸ਼ਟੀ ਰਚਨਾ ਸੰਬੰਧੀ ਕਈ ਮਤ ਪ੍ਰਚਲਤ ਹੋਏ। ਕਈਆਂ ਲਈ ਪੁਰਖ ਤੇ ਪ੍ਰਕਿਰਤੀ, ਰੂਹ ਤੇ ਮਾਦਾ, ਚੇਤਨ ਤੇ ਜੜ੍ਹ-ਵਸਤੂਆਂ ਬਿਲਕੁਲ ਵਖ-ਵਖ ਗੁਣਾਂ ਵਾਲੀਆਂ ਹਨ।

ਸ਼ਾਂਖ ਸ਼ਾਸਤਰ ਦੇ ਪੁਰਖ-ਪ੍ਰਕਿਰਤੀ ਮਤ ਤੇ ਯੂਰਪ ਆਦਿ ਦੇਸ਼ਾਂ ਵਿਚ Matter & Mind ਦੇ ਦਵੈਤ ਮਤ[80] ਦਾ ਖੰਡਨ ਕਰਦੇ ਹੋਏ ਡਾ. ਸ਼ੇਰ ਸਿੰਘ ਨੇ ਗੁਰਮਤਿ ਵਿਚਲੇ ਸਿਧਾਂਤ ਦੀ ਪ੍ਰੋੜ੍ਹਤਾ ਕੀਤੀ ਹੈ ਕਿ ਅਕਾਲਪੁਰਖ ਤੋਂ ਬਿਨਾਂ ਹੋਰ ਕੋਈ ਵਸਤੂ ਸਤਿ ਤੇ ਅਨਾਦੀ ਨਹੀਂ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਰਚਨਾ ਬਿਨਾਂ ਕਿਸੇ ਉਪਾਦਾਨ ਕਾਰਨ ਦੇ ਹੀ ਬਣੀ ਹੈ, ਇਸ ਦਾ ਇਕੋ-ਇਕ ਕਾਰਨ 'ਹੁਕਮੁ' ਹੈ :

*ਹੁਕਮੀ ਹੋਵਨਿ ਆਕਾਰ॥ ਹੁਕਮੁ ਨ ਕਹਿਆ ਜਾਈ॥*[81]

ਪਛਮੀ ਮਤਾਂ ਦਾ ਖਿਆਲ ਹੈ ਕਿ ਰਬ ਨੇ ਹੁਕਮ ਕੀਤਾ ਕਿ ਸ੍ਰਿਸ਼ਟੀ ਬਣ ਜਾਏ, ਤਾਂ ਐਨਾ ਕਹਿਣ ਨਾਲ ਹੀ ਸ੍ਰਿਸ਼ਟੀ ਬਣ ਗਈ :

---

[78] ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੫.

[79] *ਹਰਨ ਭਰਨ ਜਾ ਕੇ ਨੇਤ੍ਰ ਫੋਰ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੪.

[80] ਇਹ ਦੋਨੋਂ ਮਤ ਪੁਰਖ ਤੇ ਪ੍ਰਕਿਰਤੀ ਨੂੰ ਅਨਾਦੀ ਮੰਨਦੇ ਹਨ। ਸ੍ਰਿਸ਼ਟੀ ਰਚਨਾ ਲਈ ਦੋਹਾਂ ਵਿਚੋਂ ਇਕਲਾ ਕੁਝ ਵੀ ਨਹੀਂ ਕਰ ਸਕਦਾ, ਦੋਹਾਂ ਦੇ ਮਿਲਵਰਤਣ ਨਾਲ ਹੀ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ।

[81] ਸ੍ਰੀ ਗੁਰੂ ਗ੍ਰੰਥ ਸਾਹਿਬ, ੧.

*ਕੁਨ ਕੇ ਕਹਿਨੇ ਸੇ ਕੀਆ ਆਲਮ ਬਪਾ॥*[82]

ਗੁਰਬਾਣੀ ਵਿਚੋਂ ਉਕਤ ਖਿਆਲ ਨੂੰ ਅਪਨਾਉਣ ਵਾਲੀ ਤੁਕ *ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥*[83] ਨਾਲ ਕੀਤੀ ਜਾਂਦੀ ਰਲ-ਗਡ ਦਾ ਖੰਡਨ ਕਰਦੇ ਹੋਏ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ 'ਪਸਾਉ' ਦਾ ਭਾਵ ਇਹ ਨਹੀਂ ਕਿ ਸ੍ਰਿਸ਼ਟੀ ਝਟਪਟ ਹੀ ਹੋਂਦ ਵਿਚ ਆ ਗਈ। 'ਪਸਾਉ' ਦਾ ਧਾਤੂ ਹੈ: ਪਸਰਨਾ, ਫੈਲਣਾ, ਵਧਣਾ, ਫੁਲਣਾ, ਆਦਿ। ਇਸ ਦਾ ਭਾਵ Evolution ਤੋਂ ਹੈ। 'ਕਵਾਉ' ਦੇ ਅਰਥ 'ਵਚਨ', 'ਸ਼ਬਦ', ਆਦਿ ਹਨ। ਜ਼ਿਕਰਯੋਗ ਹੈ ਕਿ ਗੁਰੂ ਸਾਹਿਬ 'ਹੁਕਮੁ' ਤੋਂ 'ਕੁਨ' 'ਹੋ ਜਾ' ਦਾ ਭਾਵ ਨਹੀਂ ਲੈਂਦੇ। 'ਹੁਕਮੁ' ਦੇ ਅਰਥ (order) ਜਾਂ (Command) ਨਹੀਂ ਹਨ, ਬਲਕਿ 'ਹੁਕਮੁ' ਦਾ ਭਾਵ ਇਛਾ ਜਾਂ ਇਰਾਦਾ (Will) ਹੈ। ਇਹ ਈਸ਼ਵਰੀ ਫੁਰਨਾ ਹੀ ਸਾਰੇ ਸੰਸਾਰ ਦੀ ਹੋਂਦ ਦਾ ਕਾਰਨ ਹੈ। ਡਾ. ਸ਼ੇਰ ਸਿੰਘ ਅਨੁਸਾਰ ਅਕਾਲ ਪੁਰਖੀ ਫੁਰਨਾ (ਇਛਾ, ਹੁਕਮ) ਹੀ ਕਰਮ ਹੈ। ਉਸ ਦਾ ਇਹ ਫੁਰਨਾ ਫੁਰਨ ਦਾ ਮਤਲਬ ਹੀ ਇਹੋ ਹੈ ਕਿ ਸ੍ਰਿਸ਼ਟੀ ਦਾ ਹੋਂਦ ਵਿਚ ਆ ਜਾਣਾ। ਇਸ ਫੁਰਨੇ ਦੇ ਹੋਂਦ ਵਿਚ ਆਉਣ ਨਾਲ, ਹੁਕਮ ਦੇ ਨਾਲ ਹੀ ਹਉਮੈ ਰੂਪ ਧਾਰਦੀ ਹੈ :

*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥*[84]

ਗੁਰਬਾਣੀ ਨੇ ਸੰਸਾਰ ਤੇ ਇਸ ਦੇ ਕਾਰ-ਵਿਹਾਰ ਨੂੰ 'ਹਉਮੈ' ਵਿਚ ਕਿਹਾ ਹੈ :

*ਹਉ ਵਿਚਿ ਮਾਇਆ ਹਉ ਵਿਚਿ ਛਾਇਆ॥*
*ਹਉਮੈ ਕਰਿ ਕਰਿ ਜੰਤ ਉਪਾਇਆ॥*[85]

ਇਹ ਹਉਮੈ ਹੀ ਸਾਰੇ ਸੰਸਾਰ ਦਾ ਕਾਰਨ ਹੈ। ਮਾਇਆ, ਅਵਿਦਿਆ ਤੇ ਤਿੰਨੇ ਗੁਣ (ਰਜੋ, ਤਮੋ ਤੇ ਸਤੋ) ਅਤੇ ਉਨ੍ਹਾਂ ਦੇ ਭਿੰਨ-ਭਿੰਨ ਸੰਜੋਗ ਕਰਕੇ ਸਾਰਾ ਸੰਸਾਰ ਹਉਮੈ ਵਿਚ ਹੈ। ਬ੍ਰਹਮ ਤੋਂ ਭਿੰਨ, ਪ੍ਰਕਿਰਤੀ ਦੀ ਕੋਈ ਹਸਤੀ ਨਹੀਂ। ਪ੍ਰਕਿਰਤੀ ਵੀ ਹਉਮੈ ਤੋਂ ਉਪਜਦੀ ਹੈ। ਹਉਮੈ ਵਿਚ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਦਾ ਅਨੇਕ ਤਰ੍ਹਾਂ ਨਾਲ ਮੇਲ ਹੁੰਦਾ ਹੈ ਤੇ ਅਨੇਕਾਂ ਰੰਗਾਂ ਵਿਚ ਸ੍ਰਿਸ਼ਟੀ ਬਣਦੀ ਰਹਿੰਦੀ ਹੈ। ਸੰਜੋਗ-ਵਿਜੋਗ ਹਰ ਵੇਲੇ ਕੰਮ ਕਰਦੇ ਹਨ। ਇਸ ਲਈ ਜਿਥੇ ਇਕ ਪਾਸੇ ਸ੍ਰਿਸ਼ਟੀ ਰਚੀ ਜਾਂਦੀ ਹੈ, ਦੂਜੇ ਪਾਸੇ ਇਹ ਢਹਿੰਦੀ ਵੀ ਰਹਿੰਦੀ ਹੈ। ਭੰਨਣ-ਘੜਣ-ਭੰਨਣ,

---

[82] *ਗੁਰਮਤਿ ਦਰਸ਼ਨ,* ਪੰਨਾ ੩੧੮.
[83] ਸ੍ਰੀ ਗੁਰੂ ਗ੍ਰੰਥ ਸਾਹਿਬ, ੩.
[84] ਉਹੀ, ੪੬੬.
[85] ਉਹੀ.

ਉਤਪਤੀ-ਪਰਲੋ, ਹਰ ਦਮ ਤੇ ਹਰ ਪਲ ਹੋ ਰਹੇ ਹਨ, ਪਰ ਇਨ੍ਹਾਂ ਸਭ ਅਦਲਾ-ਬਦਲੀਆਂ ਤੋਂ ਸ਼ੁਧ ਸਰੂਪ ਬ੍ਰਹਮ ਨਿਰਲੇਪ ਰਹਿੰਦਾ ਹੈ।

ਡਾ. ਸ਼ੇਰ ਸਿੰਘ ਅਨੁਸਾਰ ਪਰਮਾਤਮਾ ਤਿੰਨਾਂ ਰੂਪਾਂ ਵਿਚ ਪ੍ਰਗਟ ਹੁੰਦਾ ਹੈ: ਨਾਮੁ, ਹੁਕਮੁ ਅਤੇ ਹਉਮੈ। ਇਸ ਪ੍ਰਥਾਇ ਸ੍ਰਿਸ਼ਟੀ ਰਚਨਾ ਦਾ ਦੈਵੀ ਸਿਧਾਂਤ 'ਨਾਮੁ' ਹੈ; ਇਸ ਰਚਨਾ ਦਾ ਕਾਰਨ ਰਬੀ ਇਛਾ ਅਥਵਾ 'ਹੁਕਮੁ' ਹੈ, ਜਿਹੜਾ ਕਿ ਅਗੋਂ 'ਹਉਮੈ' ਨੂੰ ਜਨਮ ਦਿੰਦਾ ਹੈ। ਇਸ ਤਰ੍ਹਾਂ ਨਿਰਗੁਣ ਦਾ ਸਰਗੁਣ ਪਾਸਾਰ ਹੀ ਸ੍ਰਿਸ਼ਟੀ ਹੈ।[86]

ਵੇਦਾਂਤ ਤੋਂ ਗੁਰਮਤਿ ਨੂੰ ਨਿਖੇੜਦੇ ਹੋਏ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਗੁਰੂ ਸਾਹਿਬ ਸਾਧਾਰਣ ਵੇਦਾਂਤੀਆਂ ਵਾਂਗ ਸ੍ਰਿਸ਼ਟੀ ਨੂੰ ਭਰਮ ਜਾਂ ਨਿਰਾਧਾਰ ਭਰਮ ਨਹੀਂ ਸਮਝਦੇ। ਅਕਾਲਪੁਰਖ ਸ੍ਰਿਸ਼ਟੀ ਦਾ ਆਪ ਹੀ ਕਰਨ-ਕਾਰਨ ਹੈ, ਹੋਰ (ਦੂਜਾ) ਕੋਈ ਨਹੀਂ :

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥*[87]

ਸ੍ਰਿਸ਼ਟੀ ਰਚਨਾ ਪਰਮਾਤਮਾ ਦੀ ਇਕ ਖੇਡ ਹੈ :

*ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥ ਤਬ ਏਕੋ ਏਕੰਕਾਰਾ॥*[88]

ਸੰਸਾਰ ਪਰਮਾਤਮਾ ਦੀ ਖੇਡ ਹੋਣ ਕਰਕੇ ਇਹ ਛਾਇਆ (ਝੂਠ) ਨਹੀਂ ਹੈ।[89] ਇਸੇ ਸਾਰੇ ਬ੍ਰਹਮੰਡ ਦੀ ਉਹ ਆਪ ਹੀ ਜਿੰਦ-ਜਾਨ ਹੈ। ਸ੍ਰਿਸ਼ਟੀ ਰਚਨਾ ਤਾਂ ਇਕ ਮਾਲਾ ਹੈ, ਮਣੀ ਹੈ। ਵਿਚਲਾ ਧਾਗਾ ਤੇ ਸੂਤ ਉਹ ਆਪ ਹੈ। ਮਣਕੇ ਬਾਹਰੋਂ ਭਾਵੇਂ ਵਖ-ਵਖ ਜਾਪਦੇ ਹਨ, ਪਰ ਪ੍ਰੋਤੇ ਇਕੋ ਲੜੀ ਵਿਚ ਹਨ :

*ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥*
*ਕੋਇ ਨ ਕਿਸ ਹੀ ਜੇਹਾ ਉਪਾਇਆ॥*
*ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥*[90]

---

[86] *Social and Political Philosophy of Guru Gobind Singh,* pp. 107-8.
[87] ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੬.
[88] ਉਹੀ, ੭੩੬.
[89] "This playground, the Jagat, is not an illusion, not a mirage, not a shadow. It is true that this Jagat is not eternally real but at the same time is not false." *Social and Political Philosophy of Guru Gobind Singh,* p.112.
[90] ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੬.

ਡਾ. ਸ਼ੇਰ ਸਿੰਘ ਅਨੁਸਾਰ 'ਮਾਇਆ' ਵੀ ਸ੍ਰਿਸ਼ਟੀ ਰਚਨਾ ਦਾ ਇਕ ਅਹਿਮ ਹਿਸਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਮਾਇਆ' ਇਕ ਅਚਲ ਨਿਯਮ ਹੈ, ਇਹ ਹਉਮੈ ਅਧੀਨ ਮਨੁਖੀ ਮਨ ਤੇ ਬੁਧੀ ਕਰਕੇ ਰੂਪ ਧਾਰਦੀ ਹੈ, ਜਿਸ ਕਰਕੇ ਇਸ ਦਾ ਗਿਆਨ ਅਨੁਭਵੀ ਨਹੀਂ। ਇਹ ਪ੍ਰਤਖ ਸੰਸਾਰ ਦੇ ਗਿਆਨ ਦਾ ਸਿਟਾ ਹੈ। ਸਾਰਾ ਸੰਸਾਰ ਚਲਾਇਮਾਨ ਹੈ[91], ਇਸ ਲਈ ਸਭ ਕੁਝ ਹੀ 'ਮਾਇਆ' ਹੈ। ਇਸ ਬਦਲਦੇ ਸਥੂਲ ਦੀ ਤਹਿ ਵਿਚ ਜੋ ਅਬਦਲ ਤੇ ਸਥਿਰ ਤਤ ਹੈ, ਉਹ ਪਰਮਸਤਿ ਹੈ। ਇਹ ਦ੍ਰਿਸ਼ਟਮਾਨ ਸੰਸਾਰ ਅਨੇਕ ਰੂਪ, ਰੰਗ, ਪੁੰਨ, ਪਾਪ, ਕਿਸੇ ਖਾਸ ਅਵਸਥਾ ਤਕ ਮਾਇਆ ਹਨ, ਉਸ ਤੋਂ ਅਗੇ ਨਹੀਂ। ਅਗੇ ਜਾ ਕੇ ਜਦ ਜੀਵ ਨੂੰ 'ਨਾਮੁ' ਦੀ ਪ੍ਰਾਪਤੀ ਹੁੰਦੀ ਹੈ, ਉਸ ਦਾ ਅੰਦਰਲਾ-ਬਾਹਰਲਾ ਇਕ ਹੋ ਜਾਂਦਾ ਹੈ। ਸ੍ਰਿਸ਼ਟੀ ਰਚਨਾ ਸੰਬੰਧੀ ਅੰਤਿਮ ਰੂਪ ਵਿਚ ਡਾ. ਸ਼ੇਰ ਸਿੰਘ ਗੁਰਬਾਣੀ ਅਨੁਸਾਰ ਕਹਿੰਦੇ ਹਨ ਕਿ ਸ੍ਰਿਸ਼ਟੀ ਦੇ ਗੁਝੇ ਭੇਦਾਂ ਅਤੇ ਇਸ ਦੇ ਕਾਰਨ ਨੂੰ ਪਰਮਾਤਮਾ ਆਪ ਹੀ ਜਾਣਦਾ ਹੈ :

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*[92]

ਉਨ੍ਹਾਂ ਅਨੁਸਾਰ ਮਨੁਖ ਇਸ ਅਸਗਾਹ ਰਚਨਾ ਵਿਚ ਇਕ ਧੂੜ ਦੇ ਕਿਣਕੇ ਨਾਲੋਂ ਵੀ ਘਟ ਅਹਿਮੀਅਤ ਰਖਦਾ ਹੈ, ਜਿਸ ਕਰਕੇ ਉਸ ਬੇਅੰਤ ਦਾ ਅੰਤ ਇਹ 'ਕੀਟ' ਕਿਵੇਂ ਪਾ ਸਕਦਾ ਹੈ?

*ਕਰਤੇ ਕੀ ਮਿਤਿ ਨ ਜਾਨੈ ਕੀਆ॥*[93]

### 3.1.3 ਮਨੁਖ

ਮਾਨਵ ਦੇ ਚਿੰਤਨ ਖੇਤਰ ਵਿਚ ਪਰਮਸਤਿ ਤੇ ਸ੍ਰਿਸ਼ਟੀ ਤੋਂ ਪਿਛੋਂ ਤੀਜਾ ਪ੍ਰਮੁਖ ਸਵਾਲ 'ਮਨੁਖ' ਦਾ ਆਉਂਦਾ ਹੈ। ਅਤਿਅੰਤ ਵਿਸ਼ਾਲ ਬ੍ਰਹਮੰਡ ਵਿਚ ਇਸ ਨਿਕੀ ਜਿਹੀ ਧਰਤੀ ਉਤੇ 'ਜੀਵਨ' ਦਾ ਆਗਮਨ ਕੁਦਰਤ ਦੀ ਇਕ ਮਹਾਨ ਅਦਭੁਤ ਘਟਨਾ ਹੈ। ਇਸ ਧਰਤੀ ਉਤੇ 'ਜੀਵਨ' ਦੇ ਬੇਅੰਤ ਰੰਗ-ਰੂਪ ਤੇ ਪ੍ਰਕਾਰ ਹਨ। ਜੀਵ-ਜੰਤਾਂ ਦੀਆਂ ਜਾਤੀਆਂ-ਉਪ ਜਾਤੀਆਂ ਦੀ ਇਸ ਬੇਅੰਤਤਾ ਵਿਚ 'ਮਨੁਖ' ਵੀ ਇਕ ਜੀਵ ਹੈ। ਭਾਰਤੀ ਧਰਮ ਗ੍ਰੰਥਾਂ ਨੇ ਜੀਵ-ਜਾਤੀਆਂ ਦੀ ਅਚੰਭੇ ਭਰੀ ਬਹੁਲਤਾ ਨੂੰ ਚੁਰਾਸੀ ਲਖ ਜੂਨਾਂ ਦੇ ਮੁਹਾਵਰੇ ਰਾਹੀਂ ਸੰਕੇਤ ਕੀਤਾ ਹੈ।[94] ਗੁਰਬਾਣੀ ਵੀ

---

[91] *ਜੋ ਦੀਸੈ ਸੋ ਚਾਲਨਹਾਰੁ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੮.
[92] ਸ੍ਰੀ ਗੁਰੂ ਗ੍ਰੰਥ ਸਾਹਿਬ, ੪.
[93] ਉਹੀ, ੨੮੫.
[94] *ਸਿੱਖ ਦਰਸ਼ਨਧਾਰਾ,* ਪੰਨਾ 18.

ਇਸ ਮੁਹਾਵਰੇ ਨੂੰ ਵਰਤਦੀ ਹੈ,[95] ਪਰ ਇਸ ਵਿਚਾਰ ਨੂੰ ਨਹੀਂ। ਗੁਰਬਾਣੀ ਇਸ ਮੁਹਾਵਰੇ ਰਾਹੀਂ ਪ੍ਰਭੂ ਕਿਰਤ ਦੀ ਬੇਅੰਤਤਾ ਦਰਸਾਉਂਦੀ ਹੈ। ਇਸ ਸੰਸਾਰ ਦੀ ਨਾਨ੍ਹਾ ਪ੍ਰਕਾਰੀ ਬੇਅੰਤਤਾ ਵਿਚੋਂ ਸਭ ਤੋਂ ਵਿਕਸਤ ਜੀਵ ਮਨੁਖ ਹੈ।

ਧਰਮ ਦਰਸ਼ਨ, 'ਮਨੁਖ' ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਂਦਾ ਹੈ। ਭਾਰਤੀ ਚਿੰਤਨ-ਪ੍ਰਣਾਲੀਆਂ ਵਿਚ 'ਬ੍ਰਹਮ' ਤੋਂ ਬਾਅਦ ਮਨੁਖ ਹੀ ਇਕ ਅਜਿਹਾ ਵਿਸ਼ਾ ਹੈ, ਜਿਸ ਦੀ ਸੂਖਮ ਤੋਂ ਸੂਖਮ ਵਿਆਖਿਆ ਕੀਤੀ ਗਈ ਹੈ।

ਮਨੁਖ ਦੇ ਜਨਮ ਸੰਬੰਧੀ ਵਿਚਾਰ ਕਰਦਿਆਂ ਡਾ. ਸ਼ੇਰ ਸਿੰਘ ਦਸਦੇ ਹਨ ਕਿ ਜੀਵ ਦਾ ਜਨਮ ਅਕਾਲਪੁਰਖ ਦੇ ਹੁਕਮ ਅਨੁਸਾਰ ਹੁੰਦਾ ਹੈ। ਇਸ ਹੁਕਮ ਅਨੁਸਾਰ ਹੀ ਪਿਤਾ ਦੇ ਵੀਰਜ ਤੇ ਮਾਤਾ ਦੇ ਰਕਤ ਤੋਂ ਸਰੀਰ ਦਾ ਨਿਰਮਾਣ ਹੁੰਦਾ ਹੈ :

- *ਬਿੰਦੁ ਰਕਤੁ ਮਿਲਿ ਪਿੰਡੁ ਸਰੀਆ॥*[96]
- *ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥*[97]

ਗੁਰਬਾਣੀ ਦੀ ਰੌਸ਼ਨੀ ਵਿਚ ਡਾ. ਸਾਹਿਬ ਦਸਦੇ ਹਨ ਕਿ ਇਹ ਸਰੀਰ ਨਿਰਾ-ਪੁਰਾ ਸਰੀਰ ਹੀ ਨਹੀਂ, ਸਗੋਂ ਨਿਰੰਕਾਰ ਦੀ ਜੋਤਿ ਵੀ ਹੈ। ਮਨੁਖੀ ਦੇਹ ਪੰਜ ਤਤਾਂ (ਪਉਣ, ਪਾਣੀ, ਅਗਨੀ, ਮਿਟੀ ਤੇ ਆਕਾਸ਼) ਤੋਂ ਬਣਿਆ ਢਾਂਚਾ ਹੈ ਤੇ ਅਕਾਲਪੁਰਖ ਨੇ ਇਸ ਵਿਚ ਆਪਣੀ ਜੋਤਿ ਰਖ ਕੇ ਇਸ ਨੂੰ ਸਜੀਵ ਕੀਤਾ ਹੈ:

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥*
*ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥*
*ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥*
*ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥*
*ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥*[98]

ਇਸ ਤਰ੍ਹਾਂ ਹੀ ਭਗਤ ਰਵਿਦਾਸ ਜੀ ਵੀ ਕਹਿੰਦੇ ਹਨ ਕਿ ਇਸ ਹਡ, ਮਾਸ ਤੇ ਨਾੜੀਆਂ ਦੇ ਪਿੰਜਰ ਵਿਚ ਇਕ ਪੰਛੀ ਦਾ ਵਾਸਾ ਹੈ। ਇਹ ਪੰਛੀ ਇਸ ਪਿੰਜਰ ਵਿਚ ਆਰਜ਼ੀ ਤੌਰ 'ਤੇ

---

[95] *ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੫.
[96] ਸ੍ਰੀ ਗੁਰੂ ਗ੍ਰੰਥ ਸਾਹਿਬ ੧੦੨੬.
[97] ਉਹੀ, ੭੪.
[98] ਉਹੀ, ੯੨੧.

ਰਹਿਣ ਲਈ ਆਇਆ ਹੈ, ਸਦੀਵ-ਕਾਲੀਨ ਲਈ ਨਹੀਂ। ਇਸ ਨੇ ਸੰਸਾਰ ਰੂਪੀ ਦਰਖਤ ਉਤੇ ਕੇਵਲ ਇਕ ਰਾਤ ਹੀ ਕਟਣੀ ਹੈ। ਫਿਰ ਇਸ ਨੂੰ ਜਾਣਾ ਹੀ ਪੈਣਾ ਹੈ :

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥*
*ਪ੍ਰਾਨੀ ਕਿਆ ਮੇਰਾ ਕਿਆ ਤੇਰਾ॥*
*ਜੈਸੇ ਤਰਵਰ ਪੰਖਿ ਬਸੇਰਾ॥*[99]

ਮਨੁਖ ਇਸ ਜੀਵ ਆਤਮਾ ਦੇ ਕਾਰਨ ਹੀ ਕਾਇਮ ਹੈ ਤੇ ਇਹ ਜੀਵ ਆਤਮਾ ਅਸਲ ਕਰਤਾਰੀ ਹੈ। ਕੁਦਰਤ ਦਾ ਇਕ ਅਟਲ ਕਾਨੂੰਨ ਵੇਖਣ ਵਿਚ ਆਇਆ ਹੈ ਕਿ ਹਰੇਕ ਆਪਾ ਆਪਣੇ ਕੇਂਦਰੀ ਆਪੇ ਵਲ ਵਧਦਾ ਹੈ। ਜਿਵੇਂ ਪਾਣੀ ਦੀ ਬੂੰਦ ਸਾਗਰ ਵਲ, ਮਿਟੀ ਕਿਣਕਾ ਧਰਤੀ ਵਲ, ਅਗ ਸੂਰਜ ਵਲ ਆਦਿ। ਇਸੇ ਤਰ੍ਹਾਂ ਹੀ ਜੀਵ ਆਤਮਾ ਨੇ ਆਪਣੇ ਅਸਲ ਆਪੇ (ਪਰਮਾਤਾਮਾ) ਨਾਲ ਅਭੇਦਤਾ ਪ੍ਰਾਪਤ ਕਰਨੀ ਹੈ :

*...ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲੁ ਪਛਾਣ॥*[100]

ਆਤਮਾ ਤੇ ਸਰੀਰ ਮਿਲ ਕੇ ਹੀ ਗਿਆਨ ਤੇ ਕਰਮ ਇੰਦ੍ਰੀਆਂ ਰਾਹੀਂ ਕਰਮ ਕਰਦੇ ਹਨ। ਸਰੀਰ ਬਿਨਾਂ ਨਿਰੀ ਚੇਤੰਨਤਾ ਵੀ ਕਰਮ ਕਰਨ ਦੀ ਸ਼ਕਤੀ ਨਹੀਂ ਰਖਦੀ ਤੇ ਸਰੀਰ ਵੀ ਆਤਮਾ ਬਿਨਾਂ ਲੋਥ ਹੀ ਹੈ, ਕਿਉਂਕਿ ਆਤਮਾ ਤੇ ਪਰਮਾਤਮਾ ਦਾ ਅਸਲਾ ਇਕ ਹੈ, ਇਸ ਲਈ ਆਤਮਾ ਨੇ ਉਸ ਵਿਚ ਅਭੇਦ ਹੋਣਾ ਹੈ, ਸਰੀਰ ਨੇ ਨਹੀਂ ਤੇ ਇਹ ਅਭੇਦਤਾ ਹਉਮੈ ਦੇ ਨਾਸ਼ ਹੋਣ ਨਾਲ ਹੀ ਹੁੰਦੀ ਹੈ :

*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥...*
*ਹਮ ਕਿਛੁ ਨਾਹੀ ਏਕੈ ਓਹੀ॥*
*ਆਗੈ ਪਾਛੈ ਏਕੋ ਸੋਈ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥*[101]

---

[99] ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੯.
[100] ਉਹੀ, ੪੪੧.
[101] ਉਹੀ, ੩੯੧.

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਸ੍ਰਿਸ਼ਟੀ ਵਿਚ 'ਮਨੁਖ' ਸ਼੍ਰੋਮਣੀ ਜੀਵ ਹੈ। ਇਹ ਅਸ਼ਰਫੁਲ ਮਖਲੂਕਾਤ (ਸਭ ਤੋਂ ਸ੍ਰੇਸ਼ਟ) ਹੈ।[102] ਗੁਰਮਤਿ ਅਨੁਸਾਰ ਮਨੁਖ ਰਬੀ ਹੁਕਮ ਵਿਚ ਇਸ ਧਰਤੀ 'ਤੇ ਆਉਂਦਾ ਹੈ।[103] ਹੁਕਮ/ਨਿਯਮ ਜਿਸ ਅਨੁਸਾਰ ਜੀਵ ਜਨਮ ਲੈਂਦੇ ਹਨ, ਉਹ ਕਰਮਾਂ ਦਾ ਨਿਯਮ ਹੈ।[104] ਗੁਰਬਾਣੀ ਦੀ ਰੌਸ਼ਨੀ ਵਿਚ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਚੰਗੇ ਕਰਮਾਂ ਦਾ ਫਲ ਮਨੁਖਾ ਜਨਮ ਦੀ ਪ੍ਰਾਪਤੀ ਹੈ :

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥ ...*
*ਸਾਧਸੰਗਿ ਭਇਓ ਜਨਮੁ ਪਰਾਪਤਿ॥*[105]

ਮਨੁਖਾ ਜਨਮ ਦੀ ਸਫਲਤਾ ਸਤ ਸਰੂਪ ਹੋਣਾ ਹੈ। ਨਾ ਹੋਣ ਦੀ ਸੂਰਤ ਵਿਚ ਮਨੁਖ ਜਨਮ ਮਰਨ ਦੇ ਗੇੜ ਵਿਚ ਫਸਿਆ ਰਹਿੰਦਾ ਹੈ :

*ਲਖ ਚਉਰਾਸੀਹ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥*
*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥*[106]

ਡਾ. ਸ਼ੇਰ ਸਿੰਘ ਅਨੁਸਾਰ ਆਤਮਾ ਤੇ ਪ੍ਰਕਿਰਤਕ ਤਥਾਂ ਦੇ ਸੰਜੋਗ ਦਾ ਨਾਮ ਮਨੁਖ ਹੈ। ਮਨੁਖ ਦੇ ਦੋ ਪਹਿਲੂ (ਸਰੀਰ ਤੇ ਆਤਮਾ) ਹੋਣ ਕਾਰਨ ਦੋਹਾਂ ਵਿਚ (ਸਥੂਲ ਤੇ ਸੂਖਮ) ਭੇਦ ਬਣਿਆ ਰਹਿੰਦਾ ਹੈ। ਸਥੂਲ ਸਰੀਰ ਰਕਤ-ਬਿੰਦ ਦੇ ਮੇਲ ਤੋਂ ਬਣਦਾ ਹੈ। ਡਾ. ਸ਼ੇਰ ਸਿੰਘ ਨੇ ਸਥੂਲ ਸਰੀਰ ਦੀ ਵਿਆਖਿਆ ਸ਼ੈਵ ਮਤ ਅਧਾਰਿਤ ਪੰਜ ਕੋਸ਼ਾਂ ਅਨੁਸਾਰ ਕੀਤੀ ਹੈ। ਉਨ੍ਹਾਂ ਦਾ ਖਿਆਲ ਹੈ ਕਿ ਸਰੀਰ ਮਿਟੀ, ਪਾਣੀ, ਅਗ, ਹਵਾ ਦਾ ਮੇਲ ਹੈ ਤੇ ਇਸ ਵਿਚ ਬੁਧੀ ਦਾ ਪ੍ਰਕਾਸ਼ ਹੈ। ਇਹ ਇਕ ਅਜਿਹੀ ਮਸ਼ੀਨ ਹੈ, ਜਿਹੜੀ ਪ੍ਰਾਣਾਂ ਦੇ ਆਸਰੇ ਚਲਦੀ ਹੈ ਤੇ ਅਕਾਲਪੁਰਖ ਦੀ ਜੋਤਿ ਦਾ ਜਹੂਰ ਹੈ।[107] ਆਤਮਾ (ਬ੍ਰਹਮ ਜੋਤਿ) ਜੰਮਦੀ-ਮਰਦੀ ਨਹੀਂ। ਗੁਰਬਾਣੀ ਵਿਚ ਮਨੁਖ ਨੂੰ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਕਰਵਾਉਣ ਦੀ ਤਾਕੀਦ ਕੀਤੀ ਗਈ ਹੈ। ਸਰੀਰ ਨੂੰ ਆਤਮਾ ਦਾ ਮੰਦਰ ਕਿਹਾ ਗਿਆ ਹੈ :

---

102 *ਗੁਰਮਤਿ ਦਰਸ਼ਨ*, ਪੰਨਾ ੩੩੨.
103 *ਹੁਕਮੀ ਹੋਵਨਿ ਜੀਅ...*॥ ਸ੍ਰੀ ਗੁਰੂ ਗ੍ਰੰਥ ਸਾਹਿਬ, ੧.
104 *ਕਰਮੀ ਆਵੈ ਕਪੜਾ...*॥ ਉਹੀ, ੨.
105 ਸ੍ਰੀ ਗੁਰੂ ਗ੍ਰੰਥ ਸਾਹਿਬ, ੧੭੬.
106 ਉਹੀ, ੧੦੭੫.
107 *ਪਉਣੈ ਪਾਣੀ ਅਗਨੀ ਕਾ ਮੇਲੁ॥...* ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੨.

*ਪੰਚ ਤਤੁ ਮਿਲਿ ਇਹੁ ਤਨੁ ਕੀਆ॥*

*ਆਤਮ ਰਾਮ ਪਾਏ ਸੁਖੁ ਥੀਆ॥*[108]

ਗੁਰਬਾਣੀ ਅਨੁਸਾਰ ਸਰੀਰ ਕਿਸੇ ਘਰ ਵਿਚ ਮਹਿਮਾਨ ਦੀ ਤਰ੍ਹਾਂ ਹੈ, ਜਿਹੜਾ ਆਉਂਦਾ ਹੈ ਤੇ ਚਲਾ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਸਰੀਰ ਘੜਿਆ ਗਿਆ ਹੈ, ਉਸ ਨੇ ਬਿਨਸਨਾ ਜਰੂਰ ਹੈ :

*ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ॥*[109]

ਡਾ. ਸ਼ੇਰ ਸਿੰਘ ਨੇ ਮਨ ਨੂੰ ਸੂਖਮ ਰੂਪ ਵਿਚ ਸਰੀਰ ਦਾ ਸਿਰਾ (ਹਦ) ਦਸਿਆ ਹੈ। ਗੁਰਬਾਣੀ ਵਿਚ ਮਨ ਨੂੰ ਜੋਤਿ ਰੂਪ ਕਿਹਾ ਗਿਆ ਹੈ :

*...ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥*[110]

ਸਰੀਰ, ਆਤਮਾ ਤੇ ਮਨ ਨੂੰ ਨਿਖੇੜਦੇ ਹੋਏ ਉਹ ਕਹਿੰਦੇ ਹਨ ਕਿ ਜਿਥੇ ਸਰੀਰ ਮੁਕਦਾ ਹੈ, ਉਥੋਂ ਮਨ ਸ਼ੁਰੂ ਹੁੰਦਾ ਹੈ; ਜਿਥੇ ਮਨ ਮੁਕਦਾ ਹੈ, ਉਥੋਂ ਆਤਮਾ ਸ਼ੁਰੂ ਹੁੰਦਾ ਹੈ। ਇਹ ਵਖ-ਵਖ ਪ੍ਰਤੀਤ ਜ਼ਰੂਰ ਹੁੰਦੇ ਹਨ, ਪਰ ਅਸਲ ਵਿਚ ਇਕ ਹੀ ਹਨ। ਗੁਰਬਾਣੀ ਵਿਚ ਜੀਵ ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਿਆ ਹੈ[111], ਪਰੰਤੂ ਡਾ. ਸ਼ੇਰ ਸਿੰਘ ਦਾ ਕਹਿਣਾ ਹੈ ਕਿ ਮੌਜੂਦਾ ਹਾਲਤ ਵਿਚ ਜੀਵ ਆਤਮਾ ਪਰਮਾਤਮਾ ਨਹੀਂ ਹੈ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਮਨੁਖ ਪਰਮਾਤਮਾ ਦੀ ਅੰਸ਼ ਹੈ, ਪਰ ਮਨੁਖ ਦਾ ਪਰਮਾਤਮਾ ਤੋਂ ਵਿਛੋੜਾ ਅਤੇ ਹੰਕਾਰ ਦੀ ਕੰਧ ਉਸ ਨੂੰ ਇਹ ਅਨੁਭੂਤੀ ਨਹੀਂ ਹੋਣ ਦਿੰਦੇ ਕਿ ਉਹ ਪਰਮਾਤਮਾ ਦੀ ਅੰਸ਼ ਹੈ। ਜਦ ਆਤਮਾ ਵਿਗਾਸ ਵਿਚ ਆਉਂਦਾ ਹੈ ਤਾਂ ਮਨੁਖ ਇਸ ਗੁਝੇ ਭੇਦ ਨੂੰ ਸਮਝ ਲੈਂਦਾ ਹੈ। ਇਹ ਵਿਗਾਸ ਆਪਣੇ ਅੰਦਰਲੇ ਸੰਸਾਰ ਦੀ ਖੋਜ ਕਰਨ ਨਾਲ ਆਉਂਦਾ ਹੈ :

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*[112]

ਬ੍ਰਹਮੰਡ ਦਾ ਹਰੇਕ ਪਹਿਲੂ ਮਨੁਖ ਦੇ ਹਰ ਇਕ ਪਖ ਨਾਲ ਸਾਂਝ ਰਖਦਾ ਹੈ, ਜਿਸ ਕਾਰਨ ਉਹ ਬ੍ਰਹਮੰਡ ਦੇ ਮਾਦੀ, ਰੂਹਾਨੀ ਤੇ ਚੇਤਨ ਭੇਦਾਂ ਨੂੰ ਸਮਝ ਲੈਂਦਾ ਹੈ, ਪਰ ਇਸ ਦਾ ਅਹਿਸਾਸ ਕੋਈ ਸੌਖਾ ਕੰਮ ਨਹੀਂ :

---

[108] ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੯.

[109] ਉਹੀ, ੫੮੪.

[110] ਉਹੀ, ੪੪੧.

[111] *ਕਹੁ ਕਬੀਰ ਇਹੁ ਰਾਮ ਕੀ ਅੰਸੁ॥* ਉਹੀ, ੮੭੧.

[112] ਉਹੀ, ੬੯੫.

*ਜਨ ਨਾਨਕ ਇਹੁ ਖੇਲੁ ਕਠਨੁ ਹੈ॥...*[113]

ਡਾ. ਸ਼ੇਰ ਸਿੰਘ ਨੇ ਮਨੁਖਾਂ ਦੀ ਦੋ ਪ੍ਰਕਾਰ ਦੀ ਵੰਡ ਕੀਤੀ ਹੈ: ਬਾਹਰਮੁਖੀ ਮਨੁਖ ਤੇ ਅੰਤਰਮੁਖੀ ਮਨੁਖ। ਬਾਹਰਮੁਖੀ ਮਨੁਖਾਂ ਲਈ ਇਹ ਸੰਸਾਰ ਪੰਜ ਗਿਆਨ ਇੰਦਰੀਆਂ ਦੁਆਰਾ ਜਾਣਿਆ ਜਾਣ ਵਾਲਾ ਹੀ ਹੈ। ਅਜਿਹੇ ਮਨੁਖਾਂ ਦੀ ਜ਼ਿੰਦਗੀ ਦਾ ਆਦਰਸ਼ ਖਾਣਾ, ਪੀਣਾ, ਪਹਿਨਣਾ, ਇਸਤਰੀ, ਦੌਲਤ, ਆਦਿ ਤੋਂ ਇਲਾਵਾ ਕੁਝ ਨਹੀਂ ਹੁੰਦਾ। ਦੂਜੇ ਪਾਸੇ ਅੰਤਰਮੁਖੀ ਮਨੁਖ ਉਹ ਹਨ, ਜਿਹੜੇ ਮਾਇਆ ਦੀ ਅਸਲੀਅਤ ਨੂੰ ਸਮਝ ਕੇ, ਉਸ ਦੀ ਭਰਮਾਉਣ ਵਾਲੀ ਸ਼ਕਤੀ ਨੂੰ ਬੁਝ ਕੇ ਇਸ ਪਿਛੇ ਲੁਕੀ ਸਤਿ ਵਸਤੂ ਲਭਦੇ ਹਨ। ਇਨ੍ਹਾਂ ਮਨੁਖਾਂ ਦਾ ਆਦਰਸ਼ ਰਸਾਂ ਨੂੰ ਮਾਣਨਾ ਨਹੀਂ, ਬਲਕਿ ਜ਼ਿੰਦਗੀ ਜਿਉਣ ਲਈ, ਰਬੀ ਨਿਯਮਾਂ ਦੀ ਪਾਲਣਾ ਲਈ ਰਸਾਂ ਨੂੰ ਵਰਤਣਾ ਹੈ। ਬਾਹਰਮੁਖੀ ਤੇ ਅੰਤਰਮੁਖੀ ਮਨੁਖ ਹਮੇਸ਼ਾਂ ਇਕੋ ਹੀ ਹਾਲਤ ਵਿਚ ਨਹੀਂ ਵਿਚਰਦੇ। ਬਾਹਰਮੁਖੀ ਕਿਸੇ ਵੇਲੇ ਵੀ ਅੰਤਰਮੁਖੀ ਹੋ ਸਕਦਾ ਹੈ ਤੇ ਅੰਤਰਮੁਖੀ ਕਿਸੇ ਵੇਲੇ ਵੀ ਬਾਹਰਮੁਖੀ। ਡਾ. ਸ਼ੇਰ ਸਿੰਘ ਮਨੁਖ ਦੀ ਅੰਤਰੀਵ ਅਵਸਥਾ ਬਾਰੇ ਇਉਂ ਦਸਦੇ ਹਨ :

> *ਹਰ ਇਕ ਪੁਰਸ਼ ਜਦ ਅੰਤਰੀਵ ਅਵਸਥਾ ਵਿਚ ਔਂਦਾ ਹੈ ਤਾਂ ਉਹ ਦੇਖਦਾ ਹੈ ਕਿ ਮੈਂ ਇਕ ਬੱਚਾ ਸਾਂ, ਫੇਰ ਜਵਾਨ ਹੋ ਗਿਆ, ਹੁਣ ਬੁੱਢਾ ਹੋ ਗਿਆ ਹਾਂ, ਕੁਛ ਸਾਲਾਂ ਨੂੰ ਸਰੀਰ ਨਸ਼ਟ ਹੋ ਜਾਵੇਗਾ। ਏਹ ਸੋਚਾਂ ਕੁਦਰਤੀ ਓਸ ਨੂੰ ਇਕ ਸਵਾਲ ਉਪਜਾਉਂਦੀਆਂ ਹਨ ਜੋ ਏਹ ਹੈ ਕਿ 'ਮੈਂ ਕੀ ਹਾਂ?'*[114]

ਡਾ. ਸ਼ੇਰ ਸਿੰਘ ਅਨੁਸਾਰ ਮਨੁਖ ਦਾ 'ਆਪਾ' ਇਕ ਬਝੀ ਹੋਈ ਤੇ ਅਨਿਤ ਚੀਜ਼ ਹੈ, ਪਰ ਉਸ ਦਾ ਇਹ ਜਤਨ ਹਰ ਵੇਲੇ ਇਸ ਕੈਦ 'ਚੋਂ ਨਿਕਲ ਕੇ ਖੁਲ੍ਹ ਮਾਣਨ ਦਾ ਹੁੰਦਾ ਹੈ।[115] ਪਰੰਤੂ ਮਨੁਖੀ ਜੀਵਨ ਦਾ ਆਦਰਸ਼ ਪੂਰਾ ਕਰਨ ਲਈ ਆਦਮੀ ਨੇ ਆਪਣੀ ਝੂਠੀ ਸਤਾ ਨੂੰ ਪਾਰ ਕਰਕੇ ਸਚੀ ਸਤਾ ਵਿਚ ਜਾਣਾ ਹੈ, ਭਾਵ ਆਪੇ ਹੀ ਆਪਣੀ ਅਪਣਤ ਦਾ ਨਾਸ ਕਰਕੇ ਛੁਟਕਾਰਾ ਪਾਉਣਾ ਹੈ। ਜਦੋਂ ਇਹ 'ਆਪਾ' ਸੰਤ ਅਵਸਥਾ ਵਿਚ ਆਉਂਦਾ ਹੈ ਤਾਂ 'ਬ੍ਰਹਮ' ਬਣ ਜਾਂਦਾ ਹੈ। ਇਸ ਨਿਸ਼ਾਨੇ 'ਤੇ ਪਹੁੰਚਣ ਨਾਲ ਹੀ ਮਨੁਖੀ ਜੀਵਨ ਦਾ ਆਦਰਸ਼ ਪੂਰਾ ਹੋ ਜਾਂਦਾ ਹੈ।[116]

---

[113] ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯.
[114] *ਵਿਚਾਰਮਾਲਾ,* ਪੰਨਾ ੩.
[115] *ਉਹੀ,* ਪੰਨਾ ੧੪.
[116] *ਉਹੀ,* ਪੰਨੇ ੧੬-੭.

### 3.1.4 ਮਰਨ ਤੋਂ ਪਿਛੋਂ

ਡਾ. ਸ਼ੇਰ ਸਿੰਘ ਦੀ ਇਕ ਵਿਲਖਣਤਾ ਇਹ ਹੈ ਕਿ ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿਚ ਦਰਸ਼ਨ ਦੇ ਮੂਲ ਪਖਾਂ ਤੋਂ ਇਲਾਵਾ ਮੌਤ ਦੇ ਵਿਸ਼ੇ ਨੂੰ ਛੁਹਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਬ੍ਰਹਿਮੰਡ ਵਿਚ ਹਰੇਕ (ਜੀਵ) ਮੌਤ ਤੋਂ ਡਰਦਾ ਹੈ, ਪਰੰਤੂ ਇਕ ਗੁਰਸਿੱਖ ਨੂੰ ਗੁੜ੍ਹਤੀ ਹੀ ਮੌਤ ਦੀ ਦਿਤੀ ਜਾਂਦੀ ਹੈ, ਜਿਸ ਕਰਕੇ ਉਹ ਮਰਨ ਨੂੰ ਆਨੰਦ ਸਮਝਦਾ ਹੈ :

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ॥*[117]

ਲੇਖਕ ਦਾ ਕਹਿਣਾ ਹੈ ਕਿ ਮੌਤ ਦਾ ਡਰ ਮਨ ਵਿਚੋਂ ਦੂਰ ਕਰਨ ਲਈ ਇਹ ਧਾਰਨਾ ਮਨ ਵਿਚ ਧਾਰ ਲੈਣੀ ਚਾਹੀਦੀ ਹੈ ਕਿ ਮਰਨਾ ਸਾਡਾ ਅੰਤ ਨਹੀਂ, ਇਹ ਤਾਂ ਕਰਤੇ ਦਾ ਹੁਕਮ ਹੈ। ਜੇਕਰ ਮੌਤ ਦੀ ਹਕੀਕਤ ਸਮਝ ਲਈ ਜਾਵੇ ਤਾਂ ਮਨ ਵਿਚ ਮਰਨ ਦਾ ਡਰ ਨਹੀਂ ਰਹਿੰਦਾ। ਸਭ ਕੁਝ ਉਸ ਵਾਹਿਗੁਰੂ ਦਾ ਹੈ, ਜੇਕਰ ਇਹ ਮੌਤ ਦਾ ਡਰ ਵੀ ਵਾਹਿਗੁਰੂ ’ਤੇ ਛਡ ਦੇਈਏ, ਫਿਰ ਕਾਹਦਾ ਡਰ ?

*ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ॥*
*ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ॥*[118]

ਲੇਖਕ ਕਹਿੰਦਾ ਹੈ ਕਿ ਉਸ ਦਿਆਲੂ ਵਾਹਿਗੁਰੂ ਨੇ ਸਾਡੇ ਭਲੇ ਲਈ ਮੌਤ ਬਣਾਈ ਹੈ, ਪਰ ਅਸੀਂ ਉਸ ਦੇ ਭਲੇ ਕੰਮਾਂ ਤੋਂ ਹੀ ਡਰੀ ਜਾਂਦੇ ਹਾਂ। ਗੁਰਬਾਣੀ ਇਸ ਗਲ ’ਤੇ ਜ਼ੋਰ ਦਿੰਦੀ ਹੈ ਕਿ ਸਭ ਤੋਂ ਪਹਿਲਾਂ ਮਰਨ ਨੂੰ ਕਬੂਲੋ :

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*[119]

ਸਿੱਖ ਧਰਮ ਵਿਚ ਪ੍ਰੇਮ ਦੀ ਖੇਡ ਅਤਿ ਕਠਨ ਹੈ, ਪਰ ਇਸ ਰਾਹ ਵਿਚ ਮਰਨਾ ਮਾਮੂਲੀ ਗਲ ਹੈ। ਜੇ ਸਿਰ ਦਿਤਿਆਂ ਪ੍ਰੀਤਮ ਦਾ ਮਿਲਾਪ ਹੋ ਜਾਵੇ ਤਾਂ ਇਸ ਤੋਂ ਸਸਤਾ ਸੌਦਾ ਕੋਈ ਨਹੀਂ। ਮਰਨਾ ਤਾਂ ਗੁਰਸਿੱਖ ਪਉੜੀ ਦਾ ਪਹਿਲਾ ਡੰਡਾ ਹੈ :

---

[117] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫.
[118] ਉਹੀ, ੩੧੪.
[119] ਉਹੀ, ੧੧੦੨.

*ਜਉ ਤਉ ਪ੍ਰੇਮ ਖੇਲਣ ਕਾ ਚਾਉ॥...*[120]

ਡਾ. ਸ਼ੇਰ ਸਿੰਘ ਅਨੁਸਾਰ ਗੁਰਸਿੱਖ ਹੋ ਕੇ ਮਨ 'ਚ ਮਰਨ ਦਾ ਡਰ ਰਖਣਾ, ਗੁਰਸਿੱਖ ਲਈ ਸੋਭਾ ਨਹੀਂ ਦਿੰਦਾ। ਕਰਤਾ ਦਾ ਕਹਿਣਾ ਹੈ ਕਿ ਗੁਰਸਿੱਖਾਂ ਨੂੰ ਗੁਰੂ ਗਿਆਨ ਦੀ ਪ੍ਰਾਪਤੀ ਹੋਣ ਨਾਲ ਨਾ ਉਹ ਕਿਸੇ ਤੋਂ ਡਰਦੇ ਹਨ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਨ। ਸੋ ਇਹ ਮਰਨ ਦਾ ਡਰ ਗੁਰਸਿਖਾਂ ਲਈ ਨਹੀਂ।

ਡਾ. ਸ਼ੇਰ ਸਿੰਘ ਅਨੁਸਾਰ ਗੁਰਮਤਿ ਵਿਚ ਸਭ ਤੋਂ ਪਹਿਲੀ ਗਲ ਨਿਸ਼ਚੇ ਕਰਨ ਵਾਲੀ ਇਹ ਹੈ ਕਿ ਜੀਵ ਮਰਦਾ ਨਹੀਂ, ਅਮਰ ਹੈ। ਗੁਰਮਤਿ ਅਨੁਸਾਰ ਆਵਾਗਵਣ/ਚੌਰਾਸੀ ਲਖ ਜੂਨਾਂ ਹਨ, ਪਰ ਗੁਰਸਿੱਖਾਂ ਲਈ ਮਨੁਖਾ ਜਨਮ ਲੈਣ ਤੋਂ ਪਹਿਲੋਂ ਇਹ ਜੂਨਾਂ ਹੋ ਚੁਕੀਆਂ ਹਨ :

*ਕਈ ਜਨਮ ਭਏ ਕੀਟ ਪਤੰਗਾ...*[121]

ਆਵਾਗਵਣ ਤੋਂ ਛੁਟਕਾਰਾ ਪਾਉਣ ਲਈ ਮਨੁਖ ਨੂੰ ਅਕਾਲਪੁਰਖ ਦੇ ਹੁਕਮ ਨੂੰ ਸਮਝਦੇ ਹੋਏ ਆਪਣੀ ਹਉਮੈ ਦਾ ਨਾਸ ਕਰਕੇ ਨਾਮ ਮਨ ਵਿਚ ਵਸਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਆਵਾਗਵਣ ਤੋਂ ਛੁਟਕਾਰਾ ਮਿਲ ਜਾਂਦਾ ਹੈ। ਨਾਮ ਅਭਿਆਸ ਨਾਲ ਜਦੋਂ ਜੀਵ ਆਪਣੀ ਹਉਮੈ ਨਾਸ ਕਰ ਲੈਂਦਾ ਹੈ ਤਾਂ ਨਿਰੋਲ ਆਤਮਾ ਹੀ ਰਹਿ ਜਾਂਦਾ ਹੈ। ਫਿਰ ਆਤਮਾ ਹੀ ਪਰਮਾਤਮਾ ਬਣ ਜਾਂਦਾ ਹੈ, ਜਿਥੇ ਉਸ ਦਾ ਨਿਵਾਸ 'ਸਚਖੰਡ' ਵਿਚ ਹੁੰਦਾ ਹੈ।

ਡਾ. ਸ਼ੇਰ ਸਿੰਘ ਗੁਰਬਾਣੀ ਆਸ਼ੇ ਅਨੁਸਾਰ ਦਸਦੇ ਹਨ ਕਿ ਅੰਤ ਵੇਲੇ ਆਦਮੀ ਜਿਹੋ ਜਿਹੀ ਚਿੰਤਾ ਵਿਚ ਮਰਦਾ ਹੈ, ਉਸ ਦੇ ਮਰਨ ਪਿਛੋਂ ਰਬੀ ਨਿਯਮ ਅਨੁਸਾਰ ਕੁਦਰਤ ਵਲੋਂ ਓਹੋ ਜਿਹਾ ਪ੍ਰਬੰਧ ਕੀਤਾ ਜਾਂਦਾ ਹੈ :

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥੧॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*

[120] ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨.
[121] ਉਹੀ, ੧੭੬.

*ਸੂਕਰ ਜੋਨਿ ਵਲਿ ਵਲਿ ਅਉਤਰੈ॥੩॥*

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*

*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥*

*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*

*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥*[122]

ਪ੍ਰੋ. ਸਾਹਿਬ ਸਿੰਘ ਇਸ ਸ਼ਬਦ ਦੀ ਵਿਆਖਿਆ ਕਰਦੇ ਲਿਖਦੇ ਹਨ ਕਿ ਹੇ ਭੈਣ! (ਮੇਰੇ ਲਈ ਅਰਦਾਸ ਕਰ) ਮੈਨੂੰ ਕਦੇ ਪਰਮਾਤਮਾ ਦਾ ਨਾਮ ਨਾਂਹ ਭੁੱਲੇ (ਤਾਂ ਜੁ ਅੰਤ ਵੇਲੇ ਵੀ ਉਹ ਪਰਮਾਤਮਾ ਹੀ ਚੇਤੇ ਆਵੇ) ਰਹਾਉ। ਜੋ ਮਨੁਖ ਮਰਨ ਵੇਲੇ ਧਨ-ਪਦਾਰਥ ਚੇਤੇ ਕਰਦਾ ਹੈ ਤੇ ਇਸੇ ਸੋਚ ਵਿਚ ਹੀ ਮਰ ਜਾਂਦਾ ਹੈ, ਉਹ ਮੁੜ ਮੁੜ ਸੱਪ ਦੀ ਜੂਨੇ ਪੈਂਦਾ ਹੈ।੧। ਜੋ ਮਨੁਖ ਮਰਨ ਸਮੇਂ (ਆਪਣੀ) ਇਸਤ੍ਰੀ ਨੂੰ ਹੀ ਯਾਦ ਕਰਦਾ ਹੈ ਤੇ ਇਸੇ ਯਾਦ ਵਿਚ ਪ੍ਰਾਣ ਤਿਆਗ ਦੇਂਦਾ ਹੈ, ਉਹ ਮੁੜ-ਮੁੜ ਵੇਸਵਾ ਦਾ ਜਨਮ ਲੈਂਦਾ ਹੈ।੨। ਜੋ ਮਨੁਖ ਅੰਤ ਵੇਲੇ (ਹਮੇਸ਼ਾ) (ਆਪਣੇ) ਪੁਤਰਾਂ ਨੂੰ ਹੀ ਯਾਦ ਕਰਦਾ ਹੈ ਤੇ ਪੁਤਰਾਂ ਨੂੰ ਯਾਦ ਕਰਦਾ ਕਰਦਾ ਹੀ ਮਰ ਜਾਂਦਾ ਹੈ, ਉਹ ਸੂਰ ਦੀ ਜੂਨ ਵਿਚ ਮੁੜ-ਮੁੜ ਆਉਂਦਾ ਹੈ।੩। ਜੋ ਮਨੁਖ ਅਖੀਰ ਵੇਲੇ (ਆਪਣੇ) ਘਰ ਮਹਲ-ਮਾੜੀਆਂ ਦੇ ਹਾਹੁਕੇ ਲੈਂਦਾ ਹੈ, ਇਹਨਾਂ ਹਾਹੁਕਿਆਂ ਵਿਚ ਸਰੀਰ ਛਡ ਜਾਂਦਾ ਹੈ, ਉਹ ਮੁੜ-ਮੁੜ ਪ੍ਰੇਤ ਬਣਦਾ ਹੈ। ਤ੍ਰਿਲੋਚਨ ਆਖਦਾ ਹੈ-ਜੋ ਮਨੁੱਖ ਅੰਤ ਸਮੇਂ ਪਰਮਾਤਮਾ ਨੂੰ ਯਾਦ ਕਰਦਾ ਹੈ ਤੇ ਇਸ ਯਾਦ ਵਿਚ ਟਿਕਿਆ ਹੋਇਆ ਹੀ ਚੋਲਾ ਤਿਆਗਦਾ ਹੈ, ਉਹ ਮਨੁੱਖ (ਧਨ, ਇਸਤ੍ਰੀ, ਪੁੱਤਰ ਤੇ ਘਰ ਆਦਿਕ ਦੇ ਮੋਹ ਤੋਂ) ਆਜ਼ਾਦ ਹੋ ਜਾਂਦਾ ਹੈ, ਉਸਦੇ ਹਿਰਦੇ ਵਿਚ ਪਰਮਾਤਮਾ ਆਪ ਆ ਵਸਦਾ ਹੈ।[123]

### 3.1.5 ਮੁਕਤੀ

ਮੁਕਤੀ ਦਾ ਸਿਧਾਂਤ ਭਾਰਤੀ ਦਰਸ਼ਨ ਦਾ ਅਹਿਮ ਹਿਸਾ ਰਿਹਾ ਹੈ। ਇਸ ਸੰਬੰਧੀ ਆਸਤਿਕ ਧਰਮਾਂ ਨੇ ਆਪੋ-ਆਪਣੇ ਢੰਗ ਨਾਲ ਵਿਚਾਰ ਅੰਕਿਤ ਕੀਤੇ ਹਨ। ਡਾ. ਸ਼ੇਰ ਸਿੰਘ ਅਨੁਸਾਰ ਮੁਕਤੀ ਪ੍ਰਾਪਤੀ ਦੇ ਪ੍ਰਚਲਤ ਪ੍ਰਾਚੀਨ ਮਾਰਗਾਂ (ਕਰਮ, ਭਗਤੀ ਤੇ ਗਿਆਨ) ਦੇ ਕੁਝ ਅੰਸ਼

---

[122] ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੬ ; ਨੋਟ: ਵਿਆਕਰਨ ਦੀ ਦ੍ਰਿਸ਼ਟੀ ਤੋਂ 'ਅੰਤਿ' ਤੱਤੇ ਸਿਹਾਰੀ (ਤਿ) ਨਾਲ ਹੈ ਜਿਸ ਦਾ ਅਰਥ ਬਣਦਾ ਹੈ, ਅੰਤ ਤਕ, ਇਸ ਭਾਵ ਹੋਇਆ ਸਾਰੀ ਉਮਰ, ਅੰਤ ਕਾਲ ਤਕ।

[123] *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪੋਥੀ ਚੌਥੀ), ਪੰਨਾ ੧੭੮.

ਗੁਰਮਤਿ ਵਿਚ ਮਿਲਦੇ ਜਰੂਰ ਹਨ, ਪਰੰਤੂ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨਾਲ ਵੀ ਗੁਰਮਤਿ ਨੂੰ ਮਿਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਦੇ ਕੁਝ ਅੰਸ਼ ਆਪਣੇ ਬੁਨਿਆਦੀ ਭੇਦ ਵਿਚ ਮਿਲਾ ਕੇ ਇਕ ਨਵਾਂ ਮਾਰਗ ਬਣਾਇਆ ਹੈ, ਜਿਸ ਨੂੰ ਸਿਧਾਂਤਕ ਪਖੋਂ ਡਾ. ਸ਼ੇਰ ਸਿੰਘ ਨੇ ਵਿਸਮਾਦ ਦਾ ਨਾਂ ਦਿਤਾ ਹੈ। ਉਨ੍ਹਾਂ ਅਨੁਸਾਰ ਗੁਰਮਤਿ ਦੇ ਦਰਸਾਏ ਗਾਡੀ ਰਾਹ ਦੇ ਪਾਂਧੀ ਦਾ ਨਿਸ਼ਚਾ ਨਾਮ ਹੈ ਤੇ ਉਸ ਦਾ ਵਰਤਾਰਾ ਵਿਸਮਾਦ।[124]

ਡਾ. ਸ਼ੇਰ ਸਿੰਘ ਨੇ ਮੁਖ ਰੂਪ ਵਿਚ ਮੁਕਤੀ ਦੇ ਸਿਧਾਂਤ ਦੀ ਵਿਆਖਿਆ ਇਨ੍ਹਾਂ ਤਿੰਨਾਂ ਮਾਰਗਾਂ (ਕਰਮ, ਭਗਤੀ ਤੇ ਗਿਆਨ) ਦੇ ਘੇਰੇ ਵਿਚ ਰਹਿ ਕੇ ਪੇਸ਼ ਕੀਤੀ ਹੈ। ਗੁਰੂ ਸਾਹਿਬ ਨੇ ਕਰਮ ਕਾਂਡਾਂ ਦੀ ਡਟ ਕੇ ਨਿਖੇਧੀ ਕੀਤੀ ਹੈ :

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*[125]

ਗੁਰਮਤਿ ਅਨੁਸਾਰ ਕੋਈ ਵੀ ਕਰਮ ਹਉਮੈ ਤੋਂ ਬਿਨਾਂ ਨਹੀਂ ਹੋ ਸਕਦਾ। ਕਰਮ ਹਉਮੈ ਵਧਾਉਂਦੇ ਹਨ ਤੇ ਇਹ ਉਪਜਦੇ ਵੀ ਹਉਮੈ ਤੋਂ ਹੀ ਹਨ। ਗੁਰਮਤਿ ਵਿਚ ਕਰਮਾਂ ਦੀ ਮਨਾਹੀ ਨਹੀਂ, ਸਗੋਂ ਧਰਮ ਦੀ ਕਿਰਤ-ਵਿਰਤ ਕਰਨੀ ਗੁਰਮਤਿ ਦਾ ਮੁਢਲਾ ਫਰਜ਼ ਦਸਿਆ ਗਿਆ ਹੈ। ਗੁਰਸਿੱਖ ਨੇ ਕਰਮ ਕਰਨੇ ਜ਼ਰੂਰ ਹਨ, ਪਰ ਕਰਨੇ ਅਕਾਲਪੁਰਖ ਦੇ ਭਾਣੇ ਵਿਚ, ਉਸ ਦੀ ਮਿਹਰ ਤੇ ਆਸਰੇ ਹਨ।

ਭਗਤੀ ਮਾਰਗ ਦੀ ਗਲ ਕਰਦੇ ਹੋਏ ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਭਗਤੀ ਮਾਰਗ ਦੇ ਦ੍ਵੈਤਵਾਦ, ਰਬ ਦੇ ਅਵਤਾਰ ਤੇ ਬੁਤ-ਪੂਜਾ ਦੇ ਸਖਤ ਵਿਰੁਧ ਸਨ।[126] ਡਾ. ਸ਼ੇਰ ਸਿੰਘ ਨੇ ਸਿਮਰਨ ਨੂੰ ਭਗਤੀ ਦਾ ਇਕ ਜ਼ਰੂਰੀ ਸਾਧਨ ਮੰਨਿਆ ਹੈ, ਪਰੰਤੂ ਨਾਲ ਹੀ ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਵਾਹ-ਵਾਹ ਦੇ ਮੰਡਲ ਵਿਚ ਆ ਕੇ ਇਸ ਜਾਪ ਨਾਲ ਅੰਦਰ ਸ਼ੁਧੀ ਨਹੀਂ ਆਉਂਦੀ ਤੇ ਮਨ ਕਪਟ ਨਾਲ ਭਰਿਆ ਰਹਿੰਦਾ ਹੈ ਤਾਂ ਇਹ ਤੋਤਾ ਰਟਣੀ ਜਾਪ ਪਾਖੰਡ ਹੈ, ਰਬ ਨਾਲ ਧੋਖਾ ਹੈ।[127]

---

124 *ਗੁਰਮਤਿ ਦਰਸ਼ਨ*, ਪੰਨਾ ੩੬੮.
125 ਸ੍ਰੀ ਗੁਰੂ ਗ੍ਰੰਥ ਸਾਹਿਬ, *੭੪੭* ; *ਗੁਰਮਤਿ ਦਰਸ਼ਨ*, ਪੰਨਾ ੩੮੦.
126 *ਗੁਰਮਤਿ ਦਰਸ਼ਨ*, ਪੰਨਾ ੩੮੫.
127 *ਉਹੀ.*

ਖੂਬਸੂਰਤੀ ਦੀ ਗਲ ਇਹ ਹੈ ਕਿ ਡਾ. ਸ਼ੇਰ ਸਿੰਘ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਨੇ ਤਲਵਾਰ ਨੂੰ ਸ੍ਵੈ-ਮਾਨ ਤੇ ਅਣਖ ਦਾ ਚਿੰਨ੍ਹ ਥਾਪ ਕੇ ਸਿੱਖਾਂ ਨੂੰ ਰਾਜ-ਜੋਗੀ ਤੇ ਸੂਰਬੀਰਤਾ ਦੇ ਪੁੰਜ ਸੰਤ-ਸਿਪਾਹੀ ਬਣਾਇਆ ਹੈ।[128]

ਪੁਰਾਤਨ ਰਵਾਇਤ ਅਨੁਸਾਰ ਗਿਆਨ ਮਾਰਗ ਨੂੰ ਵਿਰਲੇ ਗਿਆਨਵਾਨ ਪੁਰਸ਼ਾਂ ਦਾ ਮਾਰਗ ਮੰਨਿਆ ਗਿਆ ਹੈ, ਜਿਸ ਵਿਚ ਵੇਦਾਂ-ਸ਼ਾਸਤਰਾਂ ਤੇ ਸਿਮ੍ਰਿਤੀਆਂ ਦੇ ਪਾਠ ਉਤੇ ਵਿਚਾਰ ਕਰਨਾ ਹੀ ਗਿਆਨ ਪ੍ਰਾਪਤੀ ਦਾ ਸਾਧਨ ਹੈ। ਪਰੰਤੂ ਗੁਰਮਤਿ ਅਨੁਸਾਰ ਅਜਿਹੇ ਗ੍ਰੰਥਾਂ ਦੇ ਕੇਵਲ ਪਾਠ ਕਰਨ ਨਾਲ ਜੀਵਨ ਵਿਚ ਕੋਈ ਬਦਲਾਅ ਨਹੀਂ ਆਉਂਦਾ :

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*[129]

ਸਤ ਵਸਤੂ ਦੀ ਪ੍ਰਾਪਤੀ ਕੇਵਲ ਸੰਸਾਰ ਦੇ ਗੋਰਖ-ਧੰਦੇ ਨੂੰ ਨਿਰਾ ਅਕਲੀ ਤੌਰ ਉਤੇ ਸਮਝਣ ਨਾਲ ਨਹੀਂ ਹੁੰਦੀ। ਇਹ ਤਾਂ ਜੀਵਨ ਹੈ, ਇਕ ਤਜ਼ਰਬਾ ਹੈ, ਜਿਸ ਕਰਕੇ ਅੰਦਰਲੀ ਤੇ ਬਾਹਰਲੀ ਜੋਤਿ ਦੀ ਏਕਤਾ ਅਨੁਭਵ ਹੁੰਦੀ ਹੈ। ਡਾ. ਸ਼ੇਰ ਸਿੰਘ ਦਾ ਕਹਿਣਾ ਹੈ ਕਿ ਫੋਕਟ ਗਿਆਨ ਦੀਆਂ ਗਲਾਂ ਕਰਨ ਵਾਲਿਆਂ ਨੂੰ ਗੁਰਬਾਣੀ ਕਾਂ ਦਾ ਦਰਜਾ ਦਿੰਦੀ ਹੈ :

*ਜਗੁ ਕਊਆ ਮੁਖਿ ਚੁੰਚ ਗਿਆਨੁ॥*[130]

ਗੁਰੂ ਸਾਹਿਬ ਨੇ ਯੋਗੀਆਂ, ਤਿਆਗੀਆਂ ਅਤੇ ਸੰਨਿਆਸੀਆਂ ਦੇ ਜੀਵਨ ਨਾਲੋਂ ਗ੍ਰਿਹਸਤੀ ਜੀਵਨ ਨੂੰ ਤਰਜੀਹ ਦਿਤੀ ਹੈ। ਗੁਰਮਤਿ ਅਨੁਸਾਰ ਘਰ ਤਿਆਗਣ ਦੀ ਥਾਂ ਵਿਕਾਰਾਂ ਨੂੰ ਤਿਆਗਣ ਉਤੇ ਬਲ ਦਿਤਾ ਗਿਆ ਹੈ :

*ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥*[131]

ਉਪਰੋਕਤ ਤਿੰਨਾਂ ਮਾਰਗਾਂ ਦਾ ਗੁਰਮਤਿ ਦ੍ਰਿਸ਼ਟੀਕੋਣ ਪੇਸ਼ ਕਰਨ ਉਪਰੰਤ ਡਾ. ਸ਼ੇਰ ਸਿੰਘ ਗੁਰਮਤਿ ਵਿਚਲੀ ਮੁਕਤੀ ਦਾ ਉਲੇਖ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਜੀ ਵਾਹਿਗੁਰੂ ਨਾਲ ਪਿਆਰ ਪੈ ਜਾਣ ਨੂੰ ਹੀ ਮੁਕਤੀ ਦਸਦੇ ਹਨ :

*ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥*[132]

---

[128] *ਗੁਰਮਤਿ ਦਰਸ਼ਨ,* ਪੰਨਾ ੩੮੬.
[129] ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੭ ; *ਗੁਰਮਤਿ ਦਰਸ਼ਨ,* ਪੰਨਾ ੩੮੬.
[130] ਉਹੀ, ੮੩੨ ; *ਉਹੀ,* ਪੰਨਾ ੩੮੭.
[131] ਉਹੀ, ੧੦੧੮; *ਉਹੀ,* ਪੰਨਾ ੩੯੦.
[132] ਉਹੀ, ੫੩੪ ; *ਉਹੀ,* ਪੰਨਾ ੩੫੯.

ਮੁਕਤੀ ਮਰਨ ਉਪਰੰਤ ਪ੍ਰਾਪਤ ਨਹੀਂ ਹੁੰਦੀ, ਬਲਕਿ ਗੁਰਮਤਿ, ਜੀਵਤ ਮੁਕਤਿ ਦਾ ਰਾਹ ਦਰਸਾਉਂਦੀ ਹੈ :

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*[133]

ਡਾ. ਸ਼ੇਰ ਸਿੰਘ ਨੇ ਜੀਵਨ ਮੁਕਤਿ ਨੂੰ ਵੀ ਇਕਲੇ ਮਨੁਖ ਤਕ ਸੀਮਤ ਨਾ ਕਰਕੇ ਇਸ ਨੂੰ ਸਮਾਜ ਨਾਲ ਜੋੜਿਆ ਹੈ। ਵਿਅਕਤੀਗਤ ਮੁਕਤੀ ਦੀ ਥਾਂ ਆਪ ਨੇ ਸਮਾਜਿਕ ਮੁਕਤੀ ਦਾ ਸਰੂਪ ਖਾਲਸੇ ਦੇ ਰੂਪ ਵਿਚ ਸਿਰਜਿਆ ਹੈ। [134]

## 3.2 ਧਾਰਮਿਕ

ਇਸ ਵੰਡ ਵਿਚ ਡਾ. ਸ਼ੇਰ ਸਿੰਘ ਦੇ ਅਧਿਐਨ ਵਿਚੋਂ ਹੇਠ ਲਿਖੇ ਪਖ ਲਏ ਹਨ:

### 3.2.1 ਸਚੁ

ਗੁਰੂ ਨਾਨਕ ਸਾਹਿਬ ਨੇ ਜਿਸ 'ਸਚੁ' ਉਤੇ ਮਿਲਾਪ ਦੀ ਨੀਂਹ ਰਖੀ, ਇਸ 'ਸਚੁ' ਨੂੰ ਗੁਰੂ ਸਾਹਿਬ ਨੇ ਆਪ ਅਮਲੀ ਵਰਤੋਂ ਵਿਚ ਦਰਸਾਇਆ। ਇਹ ਸਚੁ '*ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*' ਹੈ।[135] ਕਰਤਾ ਦਾ ਕਹਿਣਾ ਹੈ ਕਿ ਜਦੋਂ ਇਹ ਸਚੁ ਇਕ ਹੈ, ਤਾਂ ਇਸ ਸਚੁ ਨੂੰ ਮੰਨਣ ਵਾਲਿਆਂ ਵਿਚ ਭੇਦ ਨਹੀਂ ਹੋਣਾ ਚਾਹੀਦਾ। ਸਗੋਂ ਉਸ ਨੂੰ ਇਹ ਕਹਿਣਾ ਚਾਹੀਦਾ ਹੈ :

*ਦੇਹੁਰਾ ਮਸੀਤ ਸੋਈ ਪੂਜਾ ਔ ਨਮਾਜ਼ ਓਈ*
*ਮਾਨੁਸ ਸਭੇ ਏਕ ਪੈ ਅਨੇਕ ਕੋ ਪ੍ਰਭਾਵ ਹੈ।*
*ਦੇਵਤਾ ਅਦੇਵ ਜਛ ਗੰਧਰਬ ਤੁਰਕ ਹਿੰਦੂ*
*ਨਯਾਰੇ ਨਯਾਰੇ ਦੇਸਨ ਕੇ ਭੇਸ ਕੇ ਪ੍ਰਭਾਵ ਹੈ।*
*ਏਕੋ ਨੈਨ ਏਕੋ ਕਾਨ ਏਕੈ ਦੇਹ ਏਕੈ ਬਾਨ*
*ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਵ ਹੈ।*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ*
*ਏਕ ਹੀ ਸਰੂਪ ਸਭੈ ਏਕ ਹੀ ਬਨਾਵ ਹੈ।*[136]

---

[133] ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੫ ; *ਗੁਰਮਤਿ ਦਰਸ਼ਨ*, ਪੰਨਾ ੩੬੦.
[134] *ਵਿਚਾਰਮਾਲਾ*, ਪੰਨਾ ੧੨੮.
[135] ਸ੍ਰੀ ਗੁਰੂ ਗ੍ਰੰਥ ਸਾਹਿਬ, ੧.
[136] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ ੨੭.

ਡਾ. ਸ਼ੇਰ ਸਿੰਘ ਦਸਦੇ ਹਨ ਕਿ ਗੁਰੂ ਨਾਨਕ ਸਾਹਿਬ ਧਰਮਾਂ ਵਿਚਲੀ ਤੰਗ-ਦਿਲੀ ਨੂੰ ਦੂਰ ਕਰਨ ਲਈ ਆਪ ਮੁਸਲਮਾਨਾਂ ਦੀ ਨਮਾਜ਼ ਵਿਚ ਸ਼ਾਮਲ ਹੋਏ। ਭਾਵੇਂ ਗੁਰੂ ਸਾਹਿਬ ਨੇ ਨਮਾਜ਼ ਨਹੀਂ ਪੜ੍ਹੀ, ਕਿਉਂਕਿ ਨਮਾਜ਼ ਪੜ੍ਹਨ ਵਾਲੇ ਦਿਲੋਂ ਸਚੇ ਨਹੀਂ ਸਨ। ਲੇਖਕ ਭਾਵੁਕ ਹੋਇਆ ਗੁਰੂ ਨਾਨਕ ਸਾਹਿਬ ਬਾਰੇ ਲਿਖਦਾ ਹੈ :

> *ਬਾਬਾ ਚੋਜੀ ਨਿਮਾਜ਼ ਵਾਲਿਆਂ ਦੀ ਜਮਾਤ ਵਿਚ ਖਲੋ ਗਿਆ। ਦੇਖੋ ਕਿਤਨੀ ਸਹਿਨ-ਸੀਲਤਾ ਹੈ। ਅਜ ਕਲ ਲੋਕੀ ਬਾਂਗਾਂ ਵੇਲੇ ਕੰਨਾਂ ਵਿਚ ਉਂਗਲਾਂ ਦੇ ਲੈਂਦੇ ਹਨ। ਕੇਡੀ ਤੰਗ-ਦਿਲੀ।.... ਗੁਰਸਿਖਾਂ ਲਈ ਮਿਲਾਪ ਦੀ ਵਡੀ ਅਮਲੀ ਵਰਤੋਂ ਹੋਰ ਕਿਥੋਂ ਮਿਲ ਸਕਦੀ ਹੈ ਜੇਕਰ ਸਤਿਗੁਰੂ ਨਾਨਕ ਦੇਵ ਜੀ ਦਾ ਬਾਲਾ, ਮਰਦਾਨਾ, ਹਿੰਦੂ-ਮੁਸਲਿਮ ਅਦ੍ਵੈਤ ਤੋਂ ਨਹੀਂ ਮਿਲਦੀ। ਹੋਰ ਕਿਸੇ ਵਿਚ ਤੰਗ-ਦਿਲੀ ਆਵੇ ਤਾਂ ਪਈ ਆਵੇ ਪਰ ਸਤਿਗੁਰੂ ਨਾਨਕ ਦੇ ਸਿਖ ਦਾ ਦਿਲ ਇਤਨਾ ਮੋਕਲਾ ਹੋ ਸਕਦਾ ਹੈ ਕਿ ਉਹ ਮੱਕੇ ਮਦੀਨੇ ਤਕ ਹੋ ਆਵੇ ਤਾਂ ਭੀ ਉਸਨੂੰ ਕਿਤੇ ਓਪਰਾ-ਪਣ ਨਾ ਜਾਪੇ, ਉਹ ਤਿਬਤ ਚੀਨ ਵਿਚ ਆਵੇ ਤੇ ਉਸਨੂੰ ਸਾਰੇ ਭਰਾ ਜਾਪਣ। ਉਸ ਲਈ ਸਾਰੀ ਦੁਨੀਆ ਇਕ ਨੂਰ ਦਾ ਜਲਵਾ ਹੈ, ਸਚੁ ਦਾ ਜ਼ਹੂਰ ਹੈ। ਸੁ ਆਓ ਗੁਰੂ ਨਾਨਕ ਦਾ ਨਾਮ ਲੈਣ ਵਾਲਿਓ, ਸਚੁ ਦੇ ਪੁਜਾਰੀਓ! ਮਿਲ ਬੈਠੋ।*[137]

ਇਸ ਵਿਚ ਗੁਰੂ ਨਾਨਕ ਦੇਵ ਜੀ ਦੀ *ਸਭੇ ਸਾਝੀਵਾਲ ਸਦਾਇਨ* ਦੀ ਸਮਾਜਵਾਦੀ ਦ੍ਰਿਸ਼ਟੀ ਦਾ ਉਲੇਖ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਹਵਾਲੇ ਨਾਲ ਲੇਖਕ ਦਸਦਾ ਹੈ ਕਿ ਸਚ ਰੂਪੀ ਪਰਮਾਤਮਾ ਇਕ ਹੈ। ਗੁਰਸਿੱਖ ਉਸ ਸਚ ਦੇ ਸੇਵਕ ਹਨ, ਜਿਸ ਕਰਕੇ ਇਨ੍ਹਾਂ ਵਿਚ ਭਿੰਨ-ਭੇਦ ਦੀ ਕੋਈ ਥਾਂ ਨਹੀਂ ਰਹਿੰਦੀ। ਨਾਮਧਾਰੀ, ਅਕਾਲੀ, ਉਦਾਸੀ, ਨਿਰਮਲਾ, ਇਹ ਵੰਡੀਆਂ ਪੈ ਨਹੀਂ ਸਕਦੀਆਂ। ਲੇਖਕ ਕਹਿੰਦਾ ਹੈ ਕਿ ਜੇ ਸਾਰੇ ਉਸੇ ਸਚ ਦੇ ਪਾਂਧੀ ਹਨ ਤਾਂ ਮਨੁਖਾਂ ਵਿਚ ਇਕ ਦੂਜੇ ਵਿਰੁਧ ਘ੍ਰਿਣਾ ਨਹੀਂ ਆ ਸਕਦੀ। ਘ੍ਰਿਣਾ ਹੈ ਤਾਂ ਜਰੂਰ ਕਿਤੇ ਨਾ ਕਿਤੇ ਕੂੜ ਹੈ।

---

[137] *ਵਿਚਾਰਮਾਲਾ*, ਪੰਨਾ ੮੮.

### 3.2.2 ਭਾਣਾ

ਡਾ. ਸ਼ੇਰ ਸਿੰਘ ਭਾਣਾ ਮੰਨਣ ਤੇ ਭਾਣੇ ਨੂੰ ਮਿਠਾ ਕਰਕੇ ਮੰਨਣ ਵਿਚ ਅੰਤਰ ਦਸਦੇ ਹੋਏ ਕਹਿੰਦੇ ਹਨ ਕਿ ਜਦੋਂ ਕਿਸੇ ਵੀ ਮਨੁਖ ਨੂੰ ਕੋਈ ਖੁਸ਼ੀ/ਸੁਖ ਦੀ ਪ੍ਰਾਪਤੀ ਹੁੰਦੀ ਹੈ ਤਾਂ ਵਿਅਕਤੀ ਦੇ ਮੂੰਹੋਂ ਸਹਿਜੇ ਹੀ ਨਿਕਲਦਾ ਹੈ ਕਿ ਇਹ ਵਾਹਿਗੁਰੂ ਦੀ ਕਿਰਪਾ ਹੈ। ਦੁਖ ਦੀ ਹਾਲਤ ਵਿਚ ਮਨੁਖ ਵਾਹਿਗੁਰੂ ਦੀ ਕਿਰਪਾ ਨਹੀਂ ਕਹਿੰਦਾ। ਡਾ. ਸਾਹਿਬ ਲਿਖਦੇ ਹਨ :

> *ਭਾਣਾ ਮੰਨਣ ਤੇ ਭਾਣੇ ਨੂੰ ਮਿਠਾ ਕਰਕੇ ਮੰਨਣ ਵਿਚ ਫਰਕ ਹੈ। ਕਿਸੇ ਆਦਮੀ ਉਤੇ ਮੁਸੀਬਤ ਆ ਪੈਂਦੀ ਹੈ, ਉਹ ਉਸ ਨੂੰ ਔਖਿਆਈ ਤਾਂ ਸਮਝਦਾ ਹੈ, ਉਸ ਮੁਸੀਬਤ ਦਾ ਭੈੜਾ ਅਸਰ ਉਸ ਉਤੇ ਹੁੰਦਾ ਹੈ, ਪਰ ਉਸ ਦੁਖ ਵਿਚ ਉਹ ਕਲਪਦਾ ਨਹੀਂ। ਦੁਖ ਕਰਕੇ ਕਲਪਣਾ ਨੂੰ ਸਹੀ ਔਣ ਨਹੀਂ ਦਿੰਦਾ।... ਕਿਰਪਾ ਦਾ ਲਫਜ਼ ਉਸ ਦੇ ਮੂੰਹੋਂ ਸੁਖ ਵਿਚ ਹੀ ਨਿਕਲਦਾ ਹੈ। ਦੁਖ ਅਤੇ ਸੁਖ ਦੋਹਾਂ ਨੂੰ ਮੰਨਦਾ ਤਾਂ ਉਹ ਰਬ ਦਾ ਭਾਣਾ ਹੀ ਹੈ। ਪਰ ਦੁਖ ਵੇਲੇ ਮਹਾਰਾਜ ਦੀ ਕਿਰਪਾ ਨਹੀਂ ਕਹਿੰਦਾ। ਮਹਾਰਾਜ ਦਾ ਹੁਕਮ, ਭਾਣਾ, ਰਜ਼ਾ, ਮਰਜ਼ੀ ਆਦਿ ਸਭ ਪਦ ਵਰਤ ਜਾਏਗਾ ਪਰ 'ਕਿਰਪਾ' ਨਹੀਂ ਵਰਤਦਾ। ਇਹ ਮਾਨਸਿਕ ਉਚਤਾ ਤਾਂ ਹੈ ਪਰ ਅਜੇ ਨੀਵੀਂ ਅਵਸਥਾ ਹੈ।*[138]

### 3.2.3 ਅਹਿੰਸਾ

ਡਾ. ਸ਼ੇਰ ਸਿੰਘ ਨੇ ਗਾਂਧੀ ਦੇ ਅਹਿੰਸਾ ਵਾਲੇ ਸਿਧਾਂਤ ਦਾ ਖੰਡਨ ਕੀਤਾ ਹੈ ਤੇ ਗੁਰੂ ਸਾਹਿਬ ਦੁਆਰਾ ਮਨੁੱਖਤਾ ਦੀ ਰਾਖੀ ਲਈ ਤਲਵਾਰ ਚੁੱਕਣ ਨੂੰ ਜਾਇਜ ਕਰਾਰ ਦਿਤਾ ਹੈ। ਉਨ੍ਹਾਂ ਅਨੁਸਾਰ ਹਿੰਸਾ ਦੇ ਪ੍ਰਸੰਗ ਵਿਚ ਮਾਸ ਖਾਣ ਦੀ ਯੁਧ ਕਰਨ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਡਾ. ਸਾਹਿਬ ਗਾਂਧੀ ਦੇ ਹਵਾਲੇ ਨਾਲ ਦਸਦੇ ਹਨ ਕਿ ਗਾਂਧੀ ਦੀ ਸ਼ਾਂਤਮਈ ਕਸੌਟੀ ਦੀ ਪਰਖ ਅਨੁਸਾਰ ਗੁਰੂ ਗੋਬਿੰਦ ਸਿੰਘ ਇਕ ਭੁਲੜ ਦੇਸ਼ ਭਗਤ ਸਨ।[139] ਡਾ. ਸ਼ੇਰ ਸਿੰਘ ਗਾਂਧੀ

---

[138] *ਵਿਚਾਰਮਾਲਾ,* ਪੰਨੇ ੧੦੬-੭.

[139] "All that I have said is that believing every statement made about the heroes mentioned including Guru Gobind Singh to be true, had I lived as their contemporary I would have called everyone of them a misguided patriot…" *The Collected Works of Mahatma Gandhi* (vol. xxvi), Publication Division, Ministry of Information and Broadcasting, Govt. of India, New Delhi, 1967, p. 263. ਉਧਰਿਤ, *ਦਸਵਾਂ ਗੁਰੂ ਨਾਨਕ ਤੇ ਹੋਰ ਲੇਖਕ,* ਪੰਨੇ 14-16.

ਦੇ ਇਸ ਬੇਬੁਨਿਆਦ ਸਵਾਲ ਦਾ ਜਵਾਬ ਦਾਰਸ਼ਨਿਕ ਪਖ ਤੋਂ ਦਿੰਦੇ ਹਨ ਤੇ ਇਹ ਸਿਧ ਵੀ ਕਰਦੇ ਹਨ ਕਿ ਗਾਂਧੀ ਨੂੰ ਗੁਰਮਤਿ ਦੀ ਕੋਈ ਸੋਝੀ ਨਹੀਂ ਸੀ। ਡਾ. ਸਾਹਿਬ ਅਨੁਸਾਰ ਜੇ ਗਾਂਧੀ ਆਪਣੇ ਅਹਿੰਸਾ-ਧਰਮ ਦੀ ਪਾਲਣਾ ਕਰਦਿਆਂ ਹੋਇਆਂ ਇਕ ਬੀਮਾਰ ਗਊ-ਜਾਏ (ਵੱਛੇ) ਨੂੰ ਮਰਵਾ ਦਿੰਦਾ ਹੈ, ਤਾਂ ਕਿ ਉਹ ਮਰ ਕੇ ਅਸਾਧ ਰੋਗ ਦੇ ਦੁਖ ਤੋਂ ਛੁਟਕਾਰਾ ਪਾ ਲਵੇ। ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਕੀ ਇਹ ਅਸਾਧ-ਰੋਗ ਦਾ ਨਿਯਮ ਸਾਡੇ-ਤੁਹਾਡੇ ਜਾਂ ਸੂਰਬੀਰ ਜੋਧਿਆਂ ਤੇ ਮਹਾਂਪੁਰਖਾਂ ਦੇ ਕਾਰਨਾਮਿਆਂ ਉਤੇ ਨਹੀਂ ਘਟ ਸਕਦਾ? ਡਾ. ਸਾਹਿਬ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਾਹਿਬ ਤੇ ਖੰਡੇ ਨੂੰ ਗ੍ਰਹਿਣ ਕਰਨ ਵੇਲੇ ਗੀਤਾ [140] ਦੇ ਉਪਦੇਸ਼ (ਸ੍ਰੀ ਕ੍ਰਿਸ਼ਨ ਦੇ ਅਰਜਨ ਨੂੰ ਕੀਤੇ ਉਪਦੇਸ਼) ਤੋਂ ਪ੍ਰੇਰਿਤ ਨਹੀਂ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਤੇ ਸ਼ਾਂਤੀ ਨੂੰ ਬਰਕਰਾਰ ਰਖਣ ਲਈ ਤਲਵਾਰ ਚੁਕੀ ਸੀ। ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਤੋਂ ਪਹਿਲੇ ਗੁਰੂ ਸਾਹਿਬਾਨ ਨੇ ਵੀ ਅਧਰਮ ਅਤੇ ਪਾਪ ਨੂੰ ਨਸ਼ਟ ਕਰਨ ਲਈ ਸਾਰੇ ਸ਼ਾਂਤਮਈ ਹੀਲੇ ਤੇ ਜਤਨ ਕੀਤੇ, ਪਰ ਜਦੋਂ ਸਾਰੇ ਸ਼ਾਂਤਮਈ ਹੀਲੇ ਨਿਸਫਲ ਹੋ ਗਏ ਤਾਂ ਹੀ ਗੁਰੂ ਸਾਹਿਬ ਨੇ ਤਲਵਾਰ ਚੁੱਕੀ। ਡਾ. ਸ਼ੇਰ ਸਿੰਘ *ਜ਼ਫ਼ਰਨਾਮਾ* ਦੀ ਰੌਸ਼ਨੀ ਵਿਚ ਦਸਦੇ ਹਨ ਕਿ ਗੁਰੂ ਸਾਹਿਬ ਨੇ ਤਲਵਾਰ ਦੀ ਵਰਤੋਂ ਕਿਉਂ ਕੀਤੀ ? :

> *ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਹੇ ਔਰੰਗਜ਼ੇਬ! ਤੂੰ ਹੀ ਦੱਸ ਕਿ ਜਦ ਕੁਰਾਨ ਦੀਆਂ ਕਸਮਾਂ ਦੀ ਪ੍ਰਵਾਹ ਨਹੀਂ ਹੋ ਰਹੀ ਤਾਂ ਫੇਰ ਕੀ ਕੀਤਾ ਜਾਵੇ ? ਜਦ ਸ਼ਾਂਤਮਈ ਸਾਧਨਾਂ ਨਾਲ ਕੰਮ ਨਹੀਂ ਨਜਿੱਠਿਆ ਜਾ ਸਕਦਾ ਤਾਂ ਤਲਵਾਰ ਵਰਤਣੀ ਜਾਇਜ਼ ਹੈ। ਵਰਨਾ ਮੇਰਾ ਜੰਗਾਂ ਤੇ ਲੜਾਈਆਂ ਨਾਲ ਕੀ ਵਾਸਤਾ? ਮੈਂ ਅਜਿਹਾ ਕਰਨ ਲਈ ਮਜ਼ਬੂਰ ਹੋ ਗਿਆ ਹਾਂ।*[141]

ਡਾ. ਸ਼ੇਰ ਸਿੰਘ ਇਸ ਸੰਬੰਧੀ ਲੰਬੀ ਬਹਿਸ ਕਰਦੇ ਹੋਏ ਇਸ ਸਿਟੇ ਤੇ ਪਹੁੰਚਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਤੇ ਸ਼ਾਂਤੀ ਨੂੰ ਬਰਕਰਾਰ ਰਖਣ ਲਈ ਹੀ ਤਲਵਰ ਦੀ ਵਰਤੋਂ ਕੀਤੀ। ਡਾ. ਸਾਹਿਬ ਤਲਵਾਰ ਦੀ ਜ਼ਾਇਜ ਵਰਤੋਂ ਦੇ ਪਖ ਵਿਚ ਪੂਰਨ ਸਹਿਮਤੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਸਾਹਿਬ ਦੇ ਮਤ ਅਨੁਸਾਰ ਅਧਰਮ ਤੇ ਪਾਪ ਨੂੰ ਜਿਸ

---

[140] ਸ੍ਰੀ ਕ੍ਰਿਸ਼ਨ ਜੀ ਦੇ ਅਰਜਨ ਨੂੰ ਕੀਤੇ ਉਪਦੇਸ਼ ਅਨੁਸਾਰ ਆਤਮਾ ਅਮਰ ਹੈ। ਇਸ ਲਈ ਮਿੱਤਰਾਂ ਤੇ ਸੰਬੰਧੀਆਂ ਉਤੇ ਰਣ-ਭੂਮੀ ਵਿਚ ਵਾਰ ਕਰਨਾ ਤੇ ਉਨ੍ਹਾਂ ਦਾ ਕੁਸ਼ਤੇ-ਖ਼ੂਨ ਕਰਨਾ ਪਾਪ ਨਹੀਂ ਹੈ। *ਗੁਰਮਤਿ ਦਰਸ਼ਨ*, ਪੰਨਾ ੫੯.

[141] *ਗੁਰਮਤਿ ਦਰਸ਼ਨ*, ਪੰਨਾ ੬0.

ਤਰ੍ਹਾਂ ਵੀ ਹੋ ਸਕੇ ਨਸ਼ਟ ਕਰਨਾ ਧਰਮ ਹੈ। ਜੇਕਰ ਅਹਿੰਸਕ ਸਾਧਨਾਂ ਨਾਲ ਪਾਪ ਨੂੰ ਰੋਕਿਆ ਨਾ ਜਾ ਸਕੇ ਤੇ ਫੋਕੀ ਅਹਿੰਸਾ ਦੇ ਭਰਮ ਵਿਚ ਫਸ ਕੇ ਤਲਵਾਰ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਫਿਰ ਅਧਰਮ ਅਤੇ ਪਾਪ ਅਗੇ 'ਅਹਿੰਸਾ ਪਰਮੋ-ਧਰਮੰ' ਦਾ ਰਟਨ ਕਰਦੇ ਝੁਕ ਜਾਣਾ ਅਤਿਆਚਾਰ ਦੇ ਭਾਗੀ ਤੇ ਨਿਰਦੈਤਾ ਭਰੀ ਹਿੰਸਾ ਦੇ ਹਾਮੀ ਹੋਣਾ ਹੈ। ਭਾਵ ਇਹ ਅਹਿੰਸਾ ਨਹੀਂ ਸਗੋਂ ਸਭ ਤੋਂ ਵਡੀ ਹਿੰਸਾ ਹੈ।[142]

### 3.2.4 ਪੰਜ ਵਿਕਾਰ

ਡਾ. ਸ਼ੇਰ ਸਿੰਘ ਨੇ ਮਨੁਖੀ ਵਿਅਕਤਿਤਵ ਦੇ ਰਾਹ ਵਿਚ ਰੁਕਾਵਟ ਪਾਉਣ ਵਾਲੇ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਬੜੀ ਗੰਭੀਰਤਾ ਨਾਲ ਚਰਚਾ ਕੀਤੀ ਹੈ। ਉਹ ਮਨੋਵਿਗਿਆਨੀ ਫਰਾਇਡ ਦੇ ਹਵਾਲੇ ਨਾਲ ਦਸਦੇ ਹਨ ਕਿ ਮਨੁਖੀ ਜੀਵਨ ਕਾਮ ਚੇਸ਼ਟਾ ਅਧੀਨ ਹੈ। ਮਨੁਖ ਦੀ ਖੁਰਾਕ, ਪਹਿਰਾਵਾ, ਬੋਲ ਚਾਲ, ਜਿਤਣਾ ਅਤੇ ਹਾਰਨਾ ਸਭ ਵਿਚ ਕਾਮ ਚੇਸ਼ਟਾ ਹੀ ਕੰਮ ਕਰਦੀ ਹੈ। ਵਡੇ-ਵਡੇ ਰਿਸ਼ੀ ਮੁਨੀ, ਜੋਧੇ ਤੇ ਸੂਰਮੇ ਵੀ ਇਸ ਮਹਾਂਬਲੀ ਕਾਮ ਤੋਂ ਨਹੀਂ ਬਚ ਸਕੇ।[143] ਗੁਰੂ ਨਾਨਕ ਦੇਵ ਜੀ ਸਹਸਕ੍ਰਿਤੀ ਸਲੋਕਾਂ ਵਿਚ ਕਾਮ ਬਾਰੇ ਇਉਂ ਦਸਦੇ ਹਨ :

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥*
*ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ॥*
*ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥*
*ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥*[144]

ਡਾ. ਸ਼ੇਰ ਸਿੰਘ ਅਨੁਸਾਰ ਕਾਮ ਪ੍ਰਵਿਰਤੀ ਨੂੰ ਜਿਤਣ ਤੋਂ ਭਾਵ ਇਹ ਨਹੀਂ ਕਿ ਮਨੁਖ ਨੇ ਕਾਮ ਚੇਸ਼ਟਾ ਨੂੰ ਮਾਰਨਾ ਹੈ, ਸਗੋਂ ਮਨੁਖ ਨੇ ਇਸ ਨੂੰ ਵਸ ਕਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਇਸ ਸੰਬੰਧੀ ਫੁਰਮਾਉਂਦੇ ਹਨ :

*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ॥*
*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥*[145]

---

142 *ਗੁਰਮਤਿ ਦਰਸ਼ਨ*, ਪੰਨਾ ੬੧.
143 *ਉਹੀ*, ਪੰਨਾ ੨੧.
144 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੮.
145 *ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ* (ਭਾਗ ਪੰਜਵਾਂ), ਪੰਨਾ ੮੮.

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਪਰਮਾਤਮਾ ਨੇ ਮਨੁਖ ਨੂੰ ਮਨ, ਬੁਧੀ ਤੇ ਬਿਬੇਕ ਵਿਚਾਰ ਦੀ ਸ਼ਕਤੀ ਦਿਤੀ ਹੈ। ਇਨ੍ਹਾਂ ਦੇ ਅਧਾਰ 'ਤੇ ਕਰਤੇ ਦੀ ਰਚਨਾ ਵਿਚ ਸਚ-ਝੂਠ ਦਾ ਨਿਰਣਾ ਕਰਕੇ ਮਨੁਖ ਨੇ ਕਾਮ ਆਦਿ ਪਸ਼ੂ ਬਿਰਤੀਆਂ ਤੋਂ ਉਚਾ ਉਠਣਾ ਹੈ।

ਮਨੁਖ ਦੇ ਰਾਹ 'ਚ ਆਉਣ ਵਾਲੀ ਦੂਸਰੀ ਰੁਕਾਵਟ ਕ੍ਰੋਧ ਬਾਰੇ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਕ੍ਰੋਧ (ਗੁੱਸਾ) ਸਾਰੀ ਉਪਾਧੀ ਦਾ ਮੂਲ ਹੈ। ਜਦੋਂ ਮਨੁਖ ਨੂੰ ਕ੍ਰੋਧ ਆਉਂਦਾ ਹੈ ਤਾਂ ਉਸ ਵਿਚੋਂ ਅਕਲ ਉਡਾਰੀ ਮਾਰ ਜਾਂਦੀ ਹੈ, ਕਿਉਂਕਿ ਅਕਲ ਤੇ ਕ੍ਰੋਧ ਇਕ ਥਾਂ ਇਕਠੇ ਨਹੀਂ ਰਹਿ ਸਕਦੇ। ਕਰਤਾ ਕ੍ਰੋਧ ਤੇ ਸੂਰਬੀਰਤਾ ਦਾ ਸਵਾਲ ਉਤਪਨ ਕਰਦਾ ਹੈ ਕਿ ਜੇ ਕ੍ਰੋਧ ਮਾੜਾ ਹੈ ਤਾਂ ਸੂਰਬੀਰਤਾ ਫਿਰ ਕਿਵੇਂ ਚੰਗੀ ਹੋਈ? ਉਤਰ ਵਜੋਂ ਲੇਖਕ ਕਹਿੰਦਾ ਹੈ ਕਿ ਕ੍ਰੋਧ ਨੂੰ ਬਿਬੇਕ ਬੁਧੀ ਨਾਲ, ਧਰਮ ਰਖਿਆ ਲਈ ਤੇ ਜ਼ੁਲਮ ਨੂੰ ਦੂਰ ਕਰਨ ਲਈ ਵਰਤਣਾ ਸੂਰਬੀਰਤਾ ਹੈ। ਡਾ. ਸਾਹਿਬ ਕਹਿੰਦੇ ਹਨ ਕਿ ਗੁਰੂ ਸਾਹਿਬ ਦੇ ਮਨ ਵਿਚ ਅਜਿਹੀ ਹੀ ਕ੍ਰੋਧੀ ਲਹਿਰ ਉਠੀ ਸੀ, ਜਦੋਂ ਬਾਬਰ ਨੇ ਏਮਨਾਬਾਦ ਦੇ ਇਲਾਕੇ 'ਤੇ ਹਮਲਾ ਕੀਤਾ ਸੀ। ਗੁਰੂ ਸਾਹਿਬ ਨੇ ਇਥੇ ਹੋਈ ਤਬਾਹੀ ਦੇਖ ਕੇ ਅਕਾਲਪੁਰਖ ਨੂੰ ਨਿਹੋਰੇ ਦਿੰਦਿਆਂ ਕਿਹਾ :

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ ਰਹਾਉ॥*[146]

ਡਾ. ਸ਼ੇਰ ਸਿੰਘ ਕ੍ਰੋਧ ਨੂੰ ਸੂਰਬੀਤਾ/ ਬਹਾਦਰੀ ਆਖਦੇ ਹਨ। ਡਾ. ਸਾਹਿਬ 'ਦਾਬਿਸਤਾਨ ਮੁਜ਼ਹਿਬ' ਦੇ ਲੇਖਕ ਮੁਹਸਿਨ ਫਾਨੀ ਦੀ ਉਦਾਹਰਣ ਦਿੰਦਿਆਂ ਕਹਿੰਦੇ ਹਨ ਕਿ ਮੁਹਸਨ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਦੁਸ਼ਮਣ ਉਤੇ ਗੁਸੇ 'ਚ ਆ ਕੇ ਵਾਰ ਨਹੀਂ ਸੀ ਕੀਤਾ। ਇਥੋਂ ਤਕ ਕਿ ਉਨ੍ਹਾਂ ਨੇ ਕਦੇ ਬਦਲਾ ਲੈਣ ਖਾਤਰ ਆਪਣੀ ਤਲਵਾਰ ਨਹੀਂ ਸੀ ਵਰਤੀ।[147] ਡਾ. ਸ਼ੇਰ ਸਿੰਘ ਦਾ ਇਹ ਕਹਿਣ ਤੋਂ ਭਾਵ ਇਹ ਹੈ ਕਿ ਮਨੁਖ ਨੇ ਮਨ ਵਿਚੋਂ

[146] ਸ੍ਰੀ ਗੁਰੂ ਗ੍ਰੰਥ ਸਾਹਿਬ, ੩੬0.
[147] *ਵਿਚਾਰਮਾਲਾ,* ਪੰਨਾ ੨੬.

ਕ੍ਰੋਧ ਨੂੰ ਕਢਣਾ ਨਹੀਂ, ਸਗੋਂ ਇਸ ਨੂੰ ਸੁਆਰਨਾ ਤੇ ਸੁਚਜਾ ਬਣਾਉਣਾ ਹੈ। ਭਾਵ ਕਿ ਜੇ ਹਥ ਵਿਚ ਤਲਵਾਰ ਹੈ ਤਾਂ ਮਨ ਵਿਚ ਨਾਮ ਦੀ ਮਾਲਾ ਵੀ ਹੋਣੀ ਚਾਹੀਦੀ ਹੈ।[148]

ਤੀਜੀ ਮੁਸ਼ਕਲ ਮਨੁਖ ਦੇ ਸਾਹਮਣੇ ਲੋਭ ਦੀ ਹੈ। ਡਾ. ਸ਼ੇਰ ਸਿੰਘ ਲੋਭੀ ਮਨੁਖਾਂ ਦੀ ਹਾਲਤ ਬਿਆਨ ਕਰਦਿਆਂ ਦਸਦੇ ਹਨ ਕਿ ਲੋਭੀ ਆਦਮੀ ਦਾ ਨਾ ਕੋਈ ਧਰਮ ਹੁੰਦਾ ਹੈ ਤੇ ਨਾ ਹੀ ਕੋਈ ਅਸੂਲ। ਉਸ ਦਾ ਧਰਮ ਤੇ ਅਸੂਲ ਲਾਲਚ ਹੁੰਦਾ ਹੈ। ਗੁਰੂ ਸਾਹਿਬ ਲੋਭ 'ਚ ਫਸੇ ਮਨੁਖਾਂ ਦੀ ਸਥਿਤੀ ਇਸ ਪ੍ਰਕਾਰ ਦਰਸਾਉਂਦੇ ਹਨ :

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*
*ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ॥੨॥*
*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥*
*ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ॥੩॥*[149]

ਲੋਭ ਵਿਚ ਫਸੇ ਮਨੁਖ ਨੂੰ ਗੁਰੂ ਤੇਗ ਬਹਾਦਰ ਸਾਹਿਬ ਸਮਝਾਉਂਦੇ ਹਨ ਕਿ ਲੋਭੀ ਬਣ ਕੇ ਮਨੁਖ ਨੇ ਆਪਣੀ ਇਜ਼ਤ ਗਵਾ ਲਈ ਹੈ ਤੇ ਮਨ ਦੀ ਸੁਖ-ਸ਼ਾਂਤੀ ਭੰਗ ਕਰ ਲਈ ਹੈ। ਇਹ ਸੁਖ ਤੇ ਸ਼ਾਂਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਮਨੁਖ ਹਰੀ ਦੇ ਗੁਣ ਗਾਵੇਗਾ ਤੇ ਲੋਭ ਦੂਰ ਕਰੇਗਾ :

*ਮਨ ਰੇ ਕਹਾ ਭਇਓ ਤੈ ਬਉਰਾ॥*
*ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥੧॥ ਰਹਾਉ॥*
*ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥*
*ਇਨ ਮੈ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥*
*ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥*
*ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ॥੨॥*
*ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ॥*
*ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ॥*[150]

---

[148] *ਵਿਚਾਰਮਾਲਾ*, ਪੰਨਾ ੨੬.
[149] ਸ੍ਰੀ ਗੁਰੂ ਗ੍ਰੰਥ ਸਾਹਿਬ, ੫੦.
[150] ਉਹੀ, ੨੨੦.

ਮਨੁਖ ਦੇ ਰਾਹ ’ਚ ਚੌਥੀ ਮੁਸ਼ਕਲ ‘ਮੋਹੁ’ ਹੈ। ਇਸ ਬਾਰੇ ਡਾ. ਸ਼ੇਰ ਸਿੰਘ ਦਸਦੇ ਹਨ ਕਿ ਮੋਹ ਦੀ ਪਰਵਿਰਤੀ ਮਨੁਖ ਜਨਮ ਦੇ ਨਾਲ ਹੀ ਪੈਦਾ ਹੁੰਦੀ ਹੈ। ਸਰੀਰਕ ਜ਼ਰੂਰਤਾਂ ਦੀ ਖਾਹਿਸ਼ ਵਧਣ ਦੇ ਨਾਲ ਮੋਹ ਦੀ ਤੰਦ ਵੀ ਲੰਮੀ ਹੁੰਦੀ ਜਾਂਦੀ ਹੈ। ਮੋਹ ਦੇ ਜਾਲ ਵਿਚ ਆਦਮੀ ਐਨਾ ਫਸ ਜਾਂਦਾ ਹੈ ਕਿ ਉਹ ਆਪਣੇ ਆਦਰਸ਼ ਨੂੰ ਭੁਲ ਜਾਂਦਾ ਹੈ। ਕਰਤਾ ਅਨੁਸਾਰ ਮੋਹ ਨਾ ਕੇਵਲ ਅਧਿਆਤਮਕ ਰਸਤੇ ’ਚ ਹੀ ਰੋੜਾ ਹੈ, ਸਗੋਂ ਮਨੁਖ ਦੀ ਸਾਧਾਰਣ ਜ਼ਿੰਦਗੀ ’ਚ ਵੀ ਇਹ ਮੁਸ਼ਕਿਲਾਂ ਪੈਦਾ ਕਰਦਾ ਹੈ। ਅਜਿਹੇ ਮੋਹ ਤੋਂ ਛੁਟਕਾਰਾ ਪਾ ਕੇ ਸੋਝੀ ਤਾਂ ਹੀ ਹੋ ਸਕਦੀ ਹੈ ਜੇ ਕਿਸੇ ਗੁਰੂ-ਪੀਰ, ਮੁਰਸ਼ਦ ਦੀ ਅਗਵਾਈ ਮਿਲ ਜਾਵੇ।

ਪੰਜਵੀਂ ਔਕੜ ‘ਹੰਕਾਰ’ ਬਾਰੇ ਲੇਖਕ ਦਸਦਾ ਹੈ ਕਿ ਸੰਸਾਰ ਵਿਚ ਸਾਰੇ ਦੁਖ, ਕਲੇਸ਼ ਤੇ ਝਗੜੇ ਮੈਂ ਤੇ ਮੇਰੀ ਕਰਕੇ ਹੀ ਹਨ। ਸੰਸਾਰ ਦੀ ਉਤਪਤੀ ਦਾ ਕਾਰਨ ਵੀ ‘ਹਉਮੈਂ’ ਹੈ। ਇਸ ਸੰਬੰਧੀ ਡਾ. ਸ਼ੇਰ ਸਿੰਘ ਵਿਚਾਰਾਧੀਨ ਪੁਸਤਕ ਵਿਚ ਲਿਖਦੇ ਹਨ :

> *ਰੱਬ ਨੇ ਕਿਹਾ ਕਿ ਮੈਂ ਜਾਣਿਆ ਜਾਵਾਂ। ਈਸ਼ਵਰ ਨੂੰ ਇੱਛਾ ਫ਼ੁਰੀ, ਮੈਂ ਜਾਣਿਆ ਜਾਵਾਂ-ਇਹ ਸਭ ਹਉਮੈਂ ਅਥਵਾ ਹੰਕਾਰ ਦੇ ਸ਼ੁਧ ਸਰੂਪ ਹਨ। ਪਰ ਜਦੋਂ ਇਹ ਹਉਮੈ ਸਾਡੇ ਜੀਵਾਂ ਤਕ ਆਈ ਤਾਂ ਇਸ ਨੇ ਪੁਠੇ ਰਾਹ ਪੈ ਕੇ ਹੰਕਾਰ ਦਾ ਰੂਪ ਧਾਰ ਲਿਆ ਅਤੇ ਭਾਣੇ ਤੇ ਹੁਕਮ ਦੀ ਖੇਡ ਨੂੰ ਭੁੱਲ ਬੈਠਾ।*[151]

ਕਰਤਾ ਕਹਿੰਦਾ ਹੈ ਕਿ ਮਨੁਖ ਦਾ ਸਾਰਾ ਜੀਵਨ, ਜੰਮਣ ਤੋਂ ਲੈ ਕੇ ਮਰਨ ਤਕ ਹਉਮੈਂ ਵਿਚ ਹੀ ਬਤੀਤ ਹੁੰਦਾ ਹੈ। ਅਜਿਹੀ ‘ਹਉਮੈਂ’ ਨੂੰ ਗੁਰੂ ਨਾਨਕ ਸਾਹਿਬ ਵਾਰ ਆਸਾ ’ਚ ਇਸ ਪ੍ਰਕਾਰ ਬਿਆਨ ਕਰਦੇ ਹਨ :

> *ਹਉ ਵਿਚਿ ਆਇਆ ਹਉ ਵਿਚਿ ਗਇਆ॥*
> *ਹਉ ਵਿਚਿ ਜੰਮਿਆ ਹਉ ਵਿਚਿ ਮੁਆ॥*
> *ਹਉ ਵਿਚਿ ਦਿਤਾ ਹਉ ਵਿਚਿ ਲਇਆ॥*
> *ਹਉ ਵਿਚਿ ਖਟਿਆ ਹਉ ਵਿਚਿ ਗਇਆ॥*[152]

ਡਾ. ਸਾਹਿਬ ਦਸਦੇ ਹਨ ਕਿ ਜੇਕਰ ਮਨੁਖ ਇਹ ਸਮਝ ਲਏ ਕਿ ਇਸ ਸੰਸਾਰ ਵਿਚ ਸਭ ਕੁਝ ਪਰਮਾਤਮਾ ਦੇ ਹੁਕਮ ਵਿਚ ਹੋ ਰਿਹਾ ਹੈ। ਜੇ ਮਨੁਖ ਹੁਕਮ/ਭਾਣੇ ਨੂੰ ਮੰਨ ਲਏ ਤਾਂ ਉਸ

---

[151] *ਵਿਚਾਰਮਾਲਾ*, ਪੰਨਾ ੩੮.

[152] ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬.

ਵਿਚ ਹੰਕਾਰ ਨਹੀਂ ਰਹੇਗਾ ਤੇ ਉਹ ਹਉਮੈ ਦੇ ਰੋਗ ਤੋਂ ਬਚਿਆ ਰਹੇਗਾ। ਇਸ ਸੰਬੰਧੀ ਗੁਰੂ ਨਾਨਕ ਸਾਹਿਬ ਦਾ ਮੁਖ ਵਾਕ ਹੈ :

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*[153]

ਲੇਖਕ ਦਸਦਾ ਹੈ ਕਿ ਇਹ ਪੰਜ ਵਿਕਾਰ ਮਨੁਖ ਨੂੰ ਇਨਸਾਨੀਅਤ ਦੇ ਪਧਰ ਤੋਂ ਹੇਠਾਂ ਸੁਟਣ ਲਈ ਵਡੇ ਹਥਿਆਰ ਹਨ। ਇਹ ਪੰਜ ਦੂਤ/ਦੁਸ਼ਮਣ ਹਨ, ਜਿਹੜੇ ਹਮੇਸ਼ਾਂ ਮਨੁਖ ਦੇ ਨਾਲ ਰਹਿੰਦੇ ਹਨ। ਮਨੁਖ ਨੇ ਇਨ੍ਹਾਂ ਪੰਜ ਦੁਸ਼ਮਣਾਂ ਨੂੰ ਕਾਬੂ ਕਰਨਾ ਹੈ। ਇਨ੍ਹਾਂ ਨੂੰ ਕਾਬੂ ਕਰਕੇ ਹੀ ਮਨੁਖੀ ਮਨ ਨੂੰ ਜਿਤਿਆ ਜਾ ਸਕਦਾ ਹੈ।

### 3.3 ਸਮਾਜਿਕ

ਡਾ. ਸ਼ੇਰ ਸਿੰਘ ਅਨੁਸਾਰ ਭਾਰਤ ਵਿਚ ਧਰਮ ਦਾ ਸੰਬੰਧ ਸਿਰਫ਼ ਅਧਿਆਤਮਕਤਾ ਨਾਲ ਜੋੜਿਆ ਜਾਂਦਾ ਰਿਹਾ ਹੈ, ਸਮਾਜ ਨਾਲ ਇਸ ਦਾ ਕੋਈ ਸਰੋਕਾਰ ਨਹੀਂ। ਇਸੇ ਕਰਕੇ ਸਭ ਤੋਂ ਵਧ ਧਰਮੀ ਕਹਾਉਣ ਵਾਲੇ ਬ੍ਰਾਹਮਣਾਂ ਨੇ ਆਮ ਲੋਕਾਂ ਨੂੰ ਕੀੜੇ ਮਕੌੜੇ ਬਣਾਈ ਰਖਿਆ। 'ਸਿੱਖ ਧਰਮ ਅਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ' ਪੁਸਤਕ ਵਿਚ ਡਾ. ਸ਼ੇਰ ਸਿੰਘ ਦਸਦੇ ਹਨ ਕਿ ਹਿੰਦੁਸਤਾਨ ਵਿਚ ਜਾਤੀ ਵੰਡ ਬਾਰੇ ਸਭ ਤੋਂ ਪਹਿਲਾਂ ਲਿਖਤੀ ਰੂਪ *ਪੁਰਸ਼ ਸੂਕਤ* (ਰਿਗਵੇਦ) ਵਿਚ ਦਰਜ ਕੀਤਾ ਗਿਆ ਸੀ।[154] ਹਿੰਦੂ (ਵੈਦਿਕ) ਧਰਮ ਵਿਚ ਜਾਤ ਦੇ ਹਵਾਲੇ ਵਿਚ ਚਾਰ ਵਰਣਾਂ ਦਾ ਇਹ ਸਭ ਤੋਂ ਪੁਰਾਣਾ ਲਿਖਤੀ ਸਬੂਤ ਹੈ। ਡਾ. ਸ਼ੇਰ ਸਿੰਘ ਅਨੁਸਾਰ ਰਿਗਵੇਦ ਵਿਚ ਇਹ ਜਾਤੀ ਵੰਡ ਨਸਲੀ ਹੈ, ਜਿਸ ਦਾ ਅਧਾਰ ਜਦ ਤੇ ਜਨਮ ਹੈ। ਡਾ. ਸਾਹਿਬ ਦਸਦੇ ਹਨ ਕਿ ਹਿੰਦੁਸਤਾਨ ਵਿਚ ਆਦਿ ਵਾਸੀਆਂ ਨੂੰ ਆਰੀਅਨਾਂ ਨੇ ਸ਼ੁਧ ਕਰਕੇ ਆਪਣੇ ਨਾਲ ਮਿਲਾ ਲਿਆ ਸੀ, ਜਿਹੜੇ ਕਿ ਸ਼ੂਦਰ ਅਖਵਾਏ। ਇਨ੍ਹਾਂ ਵਿਚੋਂ ਬਾਕੀ ਜਿਹੜੇ ਉਨ੍ਹਾਂ ਨਾਲ ਨਹੀਂ ਮਿਲੇ, ਉਹ ਪੰਚਮ ਅਤੇ ਚੰਡਾਲ ਬਣ ਗਏ।[155]

ਅੰਬੇਦਕਰ ਦੇ ਹਵਾਲੇ ਨਾਲ ਡਾ. ਸ਼ੇਰ ਸਿੰਘ ਦਸਦੇ ਹਨ ਕਿ ਵਰਣ-ਵੰਡ (ਆਰੀਅਨਾਂ ਤੇ ਅਛੂਤਾਂ ਦੀ ਵੰਡ) ਨਸਲੀ ਨਹੀਂ, ਸਗੋਂ ਸਮਾਜਿਕ ਹੈ। ਭਾਵ ਅਛੂਤਪੁਣਾ ਸਮਾਜਿਕ ਘ੍ਰਿਣਾ

---

[153] ਸ੍ਰੀ ਗੁਰੂ ਗ੍ਰੰਥ ਸਾਹਿਬ, ੧.
[154] *ਰਿਗਵੇਦ*, ਮੰਡਲ/ਸੂਤਰ/ਮੰਤਰ – 10/11/2.
[155] *ਸਿੱਖ ਧਰਮ ਅਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ*, ਪੰਨਾ 5.

ਤੋਂ ਪੈਦਾ ਹੋਇਆ ਹੈ। ਅੰਬੇਦਕਰ ਦਾ ਮੰਨਣਾ ਹੈ ਕਿ ਜਿਹੜੀਆਂ ਜਾਤਾਂ ਤੇ ਗੋਤਾਂ ਉਚੀਆਂ ਸ਼੍ਰੇਣੀਆਂ ਵਿਚ ਹਨ, ਉਹ ਕਈ ਨੀਵੀਆਂ ਜਾਤਾਂ ਵਿਚ ਵੀ ਪਾਈਆਂ ਜਾਂਦੀਆਂ ਹਨ। ਇਨ੍ਹਾਂ ਸਾਂਝੇ ਗੋਤਾਂ ਦਾ ਕਾਰਨ ਹੈ ਕਿ ਕਿਸੇ ਸਮੇਂ ਇਹ ਇਕੋ ਬਰਾਦਰੀ ਸੀ।

ਡਾ. ਸ਼ੇਰ ਸਿੰਘ ਅਨੁਸਾਰ ਹਿੰਦੁਸਤਾਨ ਵਿਚ ਅਛੂਤਾਂ ਦੀ ਹਾਲਤ ਬਹੁਤ ਤਰਸਯੋਗ ਸੀ। ਅਛੂਤਾਂ ਨੂੰ ਨੀਚ, ਨੀਵੇਂ ਤੇ ਘਟੀਆ ਦਰਜੇ ਦੇ ਮਨੁਖ ਸਮਝਿਆ ਜਾਂਦਾ ਰਿਹਾ ਹੈ। ਉਚੀਆਂ ਤੇ ਨੀਵੀਆਂ ਜਾਤੀਆਂ ਵਿਚ ਆਪਸੀ ਕੋਈ ਸਾਂਝ ਨਹੀਂ ਸੀ। ਭਾਵੇਂ ਹਿੰਦੁਸਤਾਨ ਤੋਂ ਬਾਹਰ ਵੀ ਅਛੂਤਾਂ ਨੂੰ ਘਟੀਆ ਦਰਜੇ ਦੇ ਮਨੁਖ ਸਮਝਿਆ ਜਾਂਦਾ ਰਿਹਾ ਹੈ, ਪਰ ਜਿੰਨੀ ਤਿਖੀ ਤੇ ਘ੍ਰਿਣਾ-ਭਰੀ ਵੰਡ ਅਛੂਤਾਂ ਤੇ ਉਚ ਜਾਤੀਆਂ ਦੀ ਹਿੰਦੁਸਤਾਨ ਵਿਚ ਸੀ, ਉਹ ਹੋਰ ਕਿਧਰੇ ਨਹੀਂ ਸੀ। ਹਿੰਦੁਸਤਾਨ ਵਿਚ ਅਛੂਤਾਂ ਨਾਲ ਬਹੁਤ ਮਾੜਾ ਵਰਤਾਉ ਹੁੰਦਾ ਸੀ। ਇਥੇ ਅਛੂਤ ਜਾਤੀ ਦਾ ਆਦਮੀ ਉਚ ਜਾਤੀ ਦੇ ਆਦਮੀ ਨੂੰ ਛੂਹ ਨਹੀਂ ਸਕਦਾ ਸੀ। ਇਥੋਂ ਤਕ ਕਿ ਉਚ ਜਾਤੀ ਦੇ ਆਦਮੀ ਲਈ ਅਛੂਤ ਦਾ ਪਰਛਾਵਾਂ ਵੀ ਭਿਟ ਦਾ ਕਾਰਨ ਸੀ। ਡਾ. ਸਾਹਿਬ ਮਦਰਾਸ ਤੇ ਪੰਜਾਬ ਦੀਆਂ ਉਦਾਹਰਨਾਂ ਦਿੰਦੇ ਹੋਏ ਦਸਦੇ ਹਨ ਕਿ ਇਨ੍ਹਾਂ ਥਾਵਾਂ ਉਤੇ ਉਚ ਜਾਤੀ ਤੇ ਅਛੂਤਾਂ ਲਈ ਧਰਤੀ ਵੀ ਵੰਡੀ ਹੋਈ ਸੀ, ਜਿਵੇਂ ਪੰਜਾਬ ਵਿਚ ਅਛੂਤਾਂ ਦਾ ਵਿਹੜਾ, ਖੇਤ, ਬੰਨਾ, ਆਦਿ ਵਖਰੇ ਹਨ।[156]

ਵੀਹਵੀਂ ਸਦੀ ਤੋਂ ਪਹਿਲਾਂ ਛੂਤ ਛਾਤ ਨੂੰ ਬੜੀ ਪਕਿਆਈ ਨਾਲ ਮੰਨਿਆ ਜਾਂਦਾ ਰਿਹਾ ਹੈ। ਇਸ ਵਿਚ ਸ਼ਕ ਨਹੀਂ ਕਿ ਮਧ ਕਾਲ ਦੀ ਭਗਤੀ ਲਹਿਰ ਦੇ ਸਮੇਂ ਕਈ ਨੀਵੀਂ ਜਾਤ ਦੇ ਭਗਤਾਂ ਨੇ ਛੂਤ-ਛਾਤ ਤੇ ਜਾਤੀ ਵੰਡ ਦਾ ਖੰਡਨ ਕੀਤਾ। ਇਸ ਸੰਦਰਭ ਵਿਚ ਭਗਤ ਕਬੀਰ ਜੀ ਨੇ ਜਾਤੀ ਵੰਡ ਦੇ ਵਿਰੋਧ ਵਿਚ ਆਵਾਜ਼ ਉਠਾਦਿਆਂ ਕਿਹਾ ਸੀ ਕਿ ਕੁਕਰਮੀ ਭਾਵੇਂ ਕਾਂਸ਼ੀ ਜਾ ਕੇ ਮਰੇ ਤਾਂ ਵੀ ਨਰਕਾਂ ਤੋਂ ਨਹੀਂ ਬਚ ਸਕਦਾ ਤੇ ਹਰੀ ਦਾ ਭਗਤ ਭਾਵੇਂ ਹਾੜੰਬੇ ਜਾ ਕੇ ਵੀ ਪ੍ਰਾਣ ਤਿਆਗੇ ਤਾਂ ਵੀ ਆਪਣੇ ਨਾਲ ਕਈਆਂ ਨੂੰ ਤਾਰ ਲਏਗਾ:

*ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥*
*ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥*[157]

---

[156] *ਸਿੱਖ ਧਰਮ ਅਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ*, ਪੰਨਾ 7.
[157] ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੪.

ਡਾ. ਅੰਬੇਦਕਰ ਦੇ ਹਵਾਲੇ ਨਾਲ ਡਾ. ਸ਼ੇਰ ਸਿੰਘ ਦਸਦੇ ਹਨ ਕਿ ਅੰਬੇਦਕਰ ਇਨ੍ਹਾਂ ਸਾਰੇ ਜਤਨਾਂ ਨੂੰ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਦੇਖਦਾ ਸੀ। ਉਨ੍ਹਾਂ ਅਨੁਸਾਰ ਮਹਾਤਮਾ ਗਾਂਧੀ ਦੁਆਰਾ ਅਛੂਤਾਂ ਤੇ ਹਿੰਦੂਆਂ ਦੇ ਵੰਡੇ ਜਾਣ ਦੇ ਵਿਰੁਧ ਰਖਿਆ ਗਿਆ ਮਰਨ-ਵਰਤ ਕੇਵਲ ਰਾਜਸੀ ਚਾਲ ਸੀ। ਅੰਬੇਦਕਰ ਅਨੁਸਾਰ ਗਾਂਧੀ ਦੁਆਰਾ ਕੀਤਾ ਉਪਰਾਲਾ ਕੋਈ ਸਮਾਜ ਸੁਧਾਰ ਦਾ ਜਤਨ ਨਹੀਂ ਸੀ। ਇਸ ਕਰਕੇ ਅੰਬੇਦਕਰ ਅਛੂਤਾਂ ਨੂੰ ਸਦਾ ਹੀ ਵਖਰਾ ਕਰਕੇ ਖੁਸ਼ ਸੀ। ਡਾ. ਸ਼ੇਰ ਸਿੰਘ ਦਾ ਕਹਿਣਾ ਹੈ ਕਿ ਇਸ ਦਾ ਭਾਵ ਇਹ ਨਹੀਂ ਲੈਣਾ ਚਾਹੀਦਾ ਕਿ ਅੰਬੇਦਕਰ ਅਛੂਤਾਂ ਨੂੰ ਉਚਾ ਨਹੀਂ ਸੀ ਉਠਣ ਦਿੰਦਾ। ਅੰਬੇਦਕਰ ਚਾਹੁੰਦਾ ਸੀ ਕਿ ਅਛੂਤ ਵੀ ਬਾਕੀ ਇਨਸਾਨਾਂ ਵਾਂਗ ਉਚੇ ਉਠਣ ਤੇ ਵਧਣ ਫੁਲਣ। ਅਜਿਹਾ ਤਾਂ ਹੀ ਸੰਭਵ ਸੀ ਜੇ ਅਛੂਤ ਆਪਣੀ ਵਖਰੀ ਹਸਤੀ ਕਾਇਮ ਰਖਣਗੇ ਤੇ ਵਖਰੇ ਰਾਜਸੀ ਹਕ ਲੈ ਕੇ ਆਪਣੇ ਪੈਰਾਂ ਉਤੇ ਆਪ ਖੜ੍ਹੇ ਹੋਣਗੇ।

ਡਾ. ਸ਼ੇਰ ਸਿੰਘ ਨੇ ਉਪਰੋਕਤ ਵਿਚਾਰ ਅਧੀਨ ਹਿੰਦੁਸਤਾਨ ਵਿਚ ਅਛੂਤਪੁਣੇ ਦਾ ਸਿਧਾਂਤ ਦੋ ਪ੍ਰਕਾਰ ਦੇ ਖਿਆਲਾਂ ਉਤੇ ਅਧਾਰਿਤ ਕੀਤਾ ਹੈ। ਪਹਿਲੇ ਅਨੁਸਾਰ ਉਨ੍ਹਾਂ ਦਾ ਮੰਨਣਾ ਹੈ ਕਿ ਪਰਮਾਤਮਾ ਨੇ ਉਚੀਆਂ-ਨੀਵੀਆਂ ਜਾਤਾਂ ਵਾਲੇ ਮਨੁਖ ਬਣਾਏ ਹਨ। ਮਨੂੰ-ਸਿਮ੍ਰਤੀ ਨੇ ਵੀ ਜਾਤੀ-ਭੇਦ ਨੂੰ ਰਬੀ ਕ੍ਰਿਤ ਦਸਿਆ ਹੈ।[158] ਦੂਜਾ, ਜਾਤੀ-ਵੰਡ ਮਨੁਖੀ ਕ੍ਰਿਤ ਹੈ। ਮਨੁਖ ਉਚੇ-ਨੀਵੇਂ ਦਰਜੇ ਦੀ ਕਿਰਤ ਕਰਦੇ ਹਨ, ਜਿਸ ਨਾਲ ਉਹ ਵਡੇ-ਛੋਟੇ ਬਣ ਜਾਂਦੇ ਹਨ। ਡਾ. ਸ਼ੇਰ ਸਿੰਘ ਨੇ ਗੁਰਬਾਣੀ ਅਨੁਸਾਰ ਅਛੂਤਪੁਣੇ ਦੇ ਸਿਧਾਂਤ ਨੂੰ ਸਪਸ਼ਟ ਕਰਦਿਆਂ ਦਸਿਆ ਹੈ ਕਿ ਗੁਰਬਾਣੀ ਉਕਤ ਵਿਚਾਰਾਂ ਦਾ ਖੰਡਨ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਛੂਤਪੁਣੇ ਨਾਂ ਦਾ ਕੋਈ ਵੀ ਸਿਧਾਂਤ ਨਹੀਂ। ਇਸ ਅਧਾਰ ਉਤੇ ਰਬੀ ਕ੍ਰਿਤ ਜਾਂ ਮਨੁਖੀ ਕ੍ਰਿਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰਬਾਣੀ ਦੀ ਰੌਸ਼ਨੀ ਵਿਚ ਸਭ ਮਨੁਖ ਬਰਾਬਰ ਹਨ। ਸਾਰੇ ਜੀਵ ਉਸ ਅਕਾਲਪੁਰਖ ਦੀ ਅੰਸ਼ ਹਨ। ਉਹ ਹੀ ਸਭ ਦਾ ਪਿਤਾ ਹੈ ਤੇ ਸਾਰੇ ਮਨੁਖ ਉਸ ਅਕਾਲਪੁਰਖ ਦਾ ਹੀ ਰੂਪ ਹਨ। ਇਸ ਲਈ ਸਭ ਦਾ ਅਸਲਾ ਇਕ ਹੈ। ਕੋਈ ਉਚਾ ਨੀਵਾਂ ਨਹੀਂ ਤੇ ਨਾ ਹੀ ਕੋਈ ਚੰਗਾ-ਮੰਦਾ ਹੈ, ਸਭ ਦੀ ਜਾਤ ਵੀ ਇਕ ਹੈ:

– *ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*[159]

[158] *ਮਨੂੰ ਸਿਮ੍ਰਤੀ,* ਅਧਿਆਇ/ਸਲੋਕ – 1/91.
[159] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯.

– *ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥*

*ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ॥*[160]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਹਿੰਦੂ, ਤੁਰਕ, ਜੋਗੀ ਅਤੇ ਸੰਨਿਆਸੀ ਹੋਣਾ, ਸਭ ਇਤਫਾਕੀਆਂ ਗੱਲਾਂ ਹਨ, ਇਨਸਾਨੀ ਜਾਤ ਦਾ ਅੰਤਰੀਵ ਗੁਣ ਨਹੀਂ:

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*
*ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।*
*ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸਾਫੀ*
*ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।*
*ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਉਈ*
*ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ।*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।*[161]

ਡਾ. ਸ਼ੇਰ ਸਿੰਘ ਸ੍ਰੀ ਗੁਰੂ ਗੋਬਿੰਦ ਜੀ ਦੁਆਰਾ ਦਿਤੇ ਸਿਧਾਂਤ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਅਨੁਸਾਰ ਦਸਦੇ ਹਨ ਕਿ ਸਾਰੇ ਮਨੁਖ ਆਪਣੇ ਮੁਢਲੇ ਗੁਣਾਂ (essentials) ਕਰਕੇ ਇਕ ਹਨ। ਜੇਕਰ ਸਾਰੇ ਮਨੁਖ ਬਰਾਬਰ ਹਨ ਤਾਂ ਫਿਰ ਫ਼ਰਕ ਕਿਥੇ ਹੈ? ਇਸ ਪ੍ਰਸ਼ਨ ਦੇ ਜਵਾਬ ਵਜੋਂ ਡਾ. ਸ਼ੇਰ ਸਿੰਘ ਦਸਦੇ ਹਨ ਕਿ ਗੁਰੂ ਸਾਹਿਬ ਅਨੁਸਾਰ ਵੇਖਣ ਦੇ ਫ਼ਰਕ ਇਤਫਾਕੀਆ (accidental) ਹਨ, ਸਭ ਦੀ ਬਣਾਵਟ ਇਕ ਹੈ, ਤੇ ਸਭ ਦਾ ਅਸਲਾ ਇਕ ਹੈ :

*ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।*
*ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ।*

---

[160] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੧.

[161] *ਸ਼ਬਦਾਰਥ ਦਸਮ ਗ੍ਰੰਥ ਸਾਹਿਬ,* (ਭਾਗ ਪਹਿਲਾ), ਪੰਨਾ ੨੮.

*ਅਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ*

*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।*[162]

ਡਾ. ਸ਼ੇਰ ਸਿੰਘ ਜਾਤੀ-ਭੇਦ ਦੇ ਕਾਰਨਾਂ ਨੂੰ ਨਿਸ਼ਾਨਦੇਹ ਕਰਦੇ ਹੋਏ ਦਸਦੇ ਹਨ ਕਿ ਗੁਰਬਾਣੀ ਅਨੁਸਾਰ ਜਾਤੀ-ਭੇਦ ਦਾ ਪਹਿਲਾ ਕਾਰਨ ਹਉਮੈ ਹੈ:

*ਹਉਮੈ ਏਹਾ ਜਾਤਿ ਹੈ॥*[163]

ਜਾਤੀ ਵੰਡ ਦਾ ਆਰੰਭ ਕਿਤਾ-ਵੰਡ ਅਧੀਨ ਵੀ ਮਿਲਦਾ ਹੈ। ਇਸ ਲਈ ਖਾਸ ਜਾਤੀਆਂ ਦੇ ਖਾਸ ਕਰਮ ਨਿਯਤ ਕੀਤੇ ਗਏ ਸਨ। ਵਿਦਵਾਨ ਤੇ ਧਾਰਮਿਕ ਆਗੂ ਬ੍ਰਾਹਮਣ ਕਰਕੇ ਸਦੇ ਗਏ, ਸਿਪਾਹੀਆਂ ਦਾ ਕੰਮ ਵਾਲੇ ਖਤਰੀ/ਛਤ੍ਰੀ, ਵਪਾਰ ਕਰਨ ਵਾਲੇ ਵੈਸ਼ ਤੇ ਲੋਕਾਂ ਦੀ ਸੇਵਾ ਕਰਨ ਵਾਲੇ ਸ਼ੂਦਰ ਆਦਿ। ਇਸ ਮਤਿ ਅਨੁਸਾਰ ਜਾਤੀ ਵੰਡ ਜਨਮ ਨਾਲ ਨਹੀਂ ਕਰਮਾਂ ਨਾਲ ਸੰਬੰਧਤ ਹੈ। ਬ੍ਰਾਹਮਣਵਾਦ ਨੇ ਕਰਮ-ਸਿਧਾਂਤ ਨੂੰ ਇਸ ਤਰ੍ਹਾਂ ਲਾਗੂ ਕੀਤਾ ਹੈ ਕਿ ਜਾਤਾਂ ਦੀ ਉਤਪਤੀ ਰਬੀ ਹੁਕਮ ਅਨੁਸਾਰ ਹੋਈ ਹੈ। ਉਸ ਨੇ ਵਖੋ-ਵਖ ਰੁਤਬੇ ਵਾਲੀਆਂ ਸ਼੍ਰੇਣੀਆਂ ਲਈ ਵਖ-ਵਖ ਸਦਾਚਾਰਕ ਕਾਨੂੰਨ ਕਾਇਮ ਕਰਕੇ, ਫਿਰ ਉਨ੍ਹਾਂ ਨੂੰ ਇਕੋ ਸਦਾਚਾਰ ਦਾ ਅੰਗ ਹੋਣ ਦਾ ਭੁਲੇਖਾ ਪਾਇਆ ਹੈ।[164]

ਗੁਰਮਤਿ ਅਨੁਸਾਰ ਕਰਮ ਦੋ ਪ੍ਰਕਾਰ ਦੇ ਹਨ, ਇਕ ਉਹ ਜਿਹੜੇ ਸਾਨੂੰ ਅਰੋਗ ਰਖਦੇ ਹਨ ਤੇ ਸਾਡੇ ਇਖਲਾਕ ਨੂੰ ਉਚਾ ਕਰਦੇ ਹਨ। ਦੂਜੇ, ਉਹ ਜਿਹੜੇ ਸਾਨੂੰ ਰੋਗੀ ਬਣਾਉਂਦੇ ਹਨ ਤੇ ਸਾਡਾ ਜੀਵਨ ਨੀਵਾਂ ਕਰਦੇ ਹਨ। ਗੁਰਮਤਿ ਦੀ ਇਹ ਮਾਣਤਾ ਹੈ ਕਿ ਕਿੱਤੇ (ਕਿਰਤ) ਦੇ ਅਧਾਰ ਉਤੇ ਕੋਈ ਉਚਾ-ਨੀਵਾਂ ਨਹੀਂ ਹੋ ਸਕਦਾ। ਗੁਰੂ ਸਾਹਿਬਾਨ ਨੇ ਸਾਰੇ ਮਨੁਖਾਂ ਨੂੰ ਇਕ ਬਰਾਬਰ ਦਰਸਾਇਆ ਹੈ। ਗੁਰਮਤਿ ਅਨੁਸਾਰ ਮਨੁਖ ਦੇ ਚੰਗੇ-ਮੰਦੇ ਕਰਮਾਂ ਦਾ ਉਸ ਦੀ ਜਾਤ ਨਾਲ ਕੋਈ ਸੰਬੰਧ ਨਹੀਂ।[165] ਡਾ. ਸ਼ੇਰ ਸਿੰਘ ਗੁਰਮਤਿ ਦੀ ਰੌਸ਼ਨੀ ਵਿਚ ਦਸਦੇ ਹਨ ਕਿ ਕੋਈ ਵੀ ਕਿਰਤ ਭੈੜੀ ਨਹੀਂ। ਲੋੜ ਤਾਂ ਇਹ ਹੈ ਕਿ ਕਿਰਤ ਕਰਦਿਆਂ ਕਿਸੇ ਨਾਲ ਧੋਖਾ ਨਾ ਕੀਤਾ ਜਾਵੇ ਤੇ ਕਿਸੇ ਪਰਾਈ ਵਸਤੂ ਨੂੰ ਅੰਗੀਕਾਰ ਨਾ ਕੀਤਾ ਜਾਵੇ। ਆਪਣੀ ਹਕ ਹਲਾਲ ਦੀ ਕਮਾਈ ਉਤੇ ਹੀ ਵਿਅਕਤੀ ਨੂੰ ਆਸ਼ਰਿਤ ਰਹਿਣਾ ਚਾਹੀਦਾ ਹੈ। ਗੁਰਮਤਿ ਆਸ਼ੇ ਅਨੁਸਾਰ ਇਸ ਧਰਮ ਕ੍ਰਿਤ ਰਾਹੀਂ ਖਟੀ ਹੋਈ ਕਮਾਈ ਵਿਚੋਂ ਦਾਨ ਕਰਨਾ ਚਾਹੀਦਾ ਹੈ।

---

162 *ਸ਼ਬਦਾਰਥ ਦਸਮ ਗ੍ਰੰਥ ਸਾਹਿਬ*, (ਭਾਗ ਪਹਿਲਾ), ਪੰਨਾ ੨੮.

163 ਸ੍ਰੀ ਗੁਰੂ ਗ੍ਰੰਥ ਸਾਹਿਬ, ੪੨੯.

164 *ਸਿੱਖ ਇਨਕਲਾਬ*, ਪੰਨਾ 53.

165 *ਸਿੱਖ ਧਰਮ ਅਤੇ ਪਛੜੀਆਂ (ਦਲਿਤ) ਸ਼੍ਰੇਣੀਆਂ*, ਪੰਨਾ 31.

### 3.4 ਸੰਸਥਾਗਤ

ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਵਿਚ ਜੋ ਨਵੀਆਂ ਪਿਰਤਾਂ ਪਈਆਂ ਅਤੇ ਗੁਰਬਾਣੀ ਆਸ਼ਿਆਂ ਅਨੁਸਾਰ ਨਵੀਆਂ ਸੇਧਾਂ ਅਪਨਾਈਆਂ ਗਈਆਂ, ਉਨ੍ਹਾਂ ਦੇ ਅਧਾਰ ’ਤੇ ਸਿੱਖ ਸੰਸਥਾਵਾਂ ਦੀ ਉਸਾਰੀ ਆਰੰਭ ਹੋਈ। ਇਨ੍ਹਾਂ ਸੰਸਥਾਵਾਂ ਨੇ ਵਡਮੁਲੇ ਸਮਾਜਿਕ ਢਾਂਚੇ ਉਸਾਰੇ, ਜਿਨ੍ਹਾਂ ਨੇ ਅਗੋਂ ਸਿੱਖ ਪੰਥ ਦੀ ਏਕਤਾ ਅਤੇ ਸਮਾਜਿਕ ਮੇਲ-ਮਿਲਾਪ ਦਾ ਰਾਹ ਪਧਰਾ ਕੀਤਾ। ਸੰਸਥਾਵਾਂ ਨੇ ਸਿੱਖ ਧਰਮ ਦੇ ਵਿਗਾਸ ਦੀ ਨੀਂਹ ਰਖੀ ਅਤੇ ਇਸ ਨੂੰ ਤਰੱਕੀ ਦੇ ਰਾਹ ’ਤੇ ਤੋਰਿਆ, ਸਿਟੇ ਵਜੋਂ ਸਿੱਖਾਂ ਨੂੰ ਆਪਣੀ ਵਖਰੀ ਪਛਾਣ ਸਥਾਪਿਤ ਕਰਨ ਵਿਚ ਮਦਦ ਮਿਲੀ।

ਸਿੱਖ ਧਰਮ ਦੇ ‘ਵਿਗਾਸ’ ਵਿਚ ਸੰਸਥਾਵਾਂ ਨੇ ਆਪਣਾ ਯੋਗਦਾਨ ਪਾਇਆ। ਇਹ ਮੁਖ ਸੰਸਥਾਵਾਂ ਹਨ: ਸੰਗਤ-ਪੰਗਤ, ਲੰਗਰ, ਧਰਮਸਾਲ (ਗੁਰਦੁਆਰਾ), ਮੀਰੀ-ਪੀਰੀ, ਅਕਾਲ ਤਖ਼ਤ, ਖਾਲਸਾ, ਆਦਿ। ਗੁਰੂ ਸਾਹਿਬਾਨ ਨੇ ਜੋ ਵੀ ਉਪਦੇਸ਼ ਕੀਤੇ, ਉਹ ਕਿਸੇ ਨਾ ਕਿਸੇ ਸੰਸਥਾ ਰਾਹੀਂ ਇਤਿਹਾਸ ਵਿਚ ਪ੍ਰਗਟ ਹੋਏ। ਡਾ. ਸ਼ੇਰ ਸਿੰਘ ਨੇ ਇਨ੍ਹਾਂ ਵਿਚਲੀਆਂ ਕੁਝ ਸੰਸਥਾਵਾਂ ਦੀ ਵਿਆਖਿਆ ਨੂੰ ਵੀ ਆਪਣੇ ਸਿੱਖ ਅਧਿਐਨ ਦਾ ਹਿਸਾ ਬਣਾਇਆ ਹੈ, ਜਿਸ ਦਾ ਬਿਉਰਾ ਤੇ ਕਾਰਜਸ਼ੀਲਤਾ ਦੇਣਾ ਹੀ ਇਸ ਵਰਗ-ਵੰਡ ਦਾ ਪਖ ਹੈ:

#### 3.4.1 ਗੁਰੂ-ਸੰਸਥਾ

ਸਿੱਖ ਧਰਮ ਵਿਚ ‘ਗੁਰੂ’ ਪ੍ਰਮੁਖ ਸਥਾਨ ਰਖਦਾ ਹੈ। ‘ਗੁਰੂ’, ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ ‘ਜੋਤਿ’ ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। ‘ਗੁਰੂ’ ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ।

‘ਗੁਰੂ’ ਸਦੀਵ ਕਾਲ ਰਹਿਣ ਵਾਲੀ ਹਸਤੀ ਦਾ ਨਾਮ ਹੈ, ਜਿਹੜਾ ਕਦੇ ਜਨਮਦਾ-ਮਰਦਾ ਨਹੀਂ। ਦੂਜੇ ਪਾਸੇ ਸਦਾ ਥਿਰ ਰਹਿਣ ਵਾਲੀ ਹੋਂਦ ਤਾਂ ਇਕੋ-ਇਕ ਵਾਹਿਗੁਰੂ ਦੀ ਹੈ। ਇਸ ਪਖੋਂ ਸਤਿਗੁਰੂ ਅਤੇ ਵਾਹਿਗੁਰੂ ਇਕੋ ਹੋਂਦ ਦੇ ਦੋ ਵਖ-ਵਖ ਨਾਮ ਤੇ ਰੂਪ ਹਨ। ਦੂਜੇ ਸ਼ਬਦਾਂ ਵਿਚ ਵਾਹਿਗੁਰੂ ਦੀ ਅਦ੍ਰਿਸ਼ਟ ਹੋਂਦ ਦਾ ਪ੍ਰਤਖ ਜਾਂ ਦ੍ਰਿਸ਼ਟਮਾਨ ਰੂਪ ਗੁਰੂ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਸਤਿਗੁਰੂ ਨੂੰ ਮਨੁਖੀ ਦੇਹ ਵਾਲਾ ਨਾ ਸਮਝਦੇ ਹੋਏ ਨਿਰੰਜਨ ਅਤੇ ਨਿਰੰਕਾਰ ਸਮਝਣਾ ਚਾਹੀਦਾ ਹੈ:

*ਦੂਜਾ ਨਹੀ ਜਾਨੈ ਕੋਇ॥ ਸਤਗੁਰੁ ਨਿਰੰਜਨੁ ਸੋਇ॥*

*ਮਾਨੁਖ ਕਾ ਕਰਿ ਰੂਪੁ ਨ ਜਾਨੁ॥ ਮਿਲੀ ਨਿਮਾਨੇ ਮਾਨੁ॥*[166]

ਡਾ. ਸ਼ੇਰ ਸਿੰਘ ਗੁਰੂ ਨੂੰ ਪਥ ਪ੍ਰਦਰਸ਼ਕ ਕਹਿੰਦੇ ਹਨ। ਗੁਰੂ ਰਾਹੀਂ ਮਨੁਖ ਵਿਚਲੀ ਕੂੜ ਦੀ 'ਪਾਲਿ' ਟੁਟਦੀ ਹੈ। ਗੁਰੂ ਮਨੁਖ ਨੂੰ ਮਨੁਖੀ ਦਰਜੇ ਤੋਂ ਅਧਿਆਤਮਕ ਦਰਜੇ ਤਕ ਪਹੁੰਚਾਉਂਦਾ ਹੈ। ਇਹ ਸਭ ਰਹਸਾਤਮਕ ਕ੍ਰਿਆ ਹੈ। ਗੁਰੂ ਰਾਹੀਂ ਵਿਅਕਤੀ ਦਾ ਅੰਦਰਲਾ ਜਾਗਦਾ ਹੈ। ਗੁਰੂ ਮਨੁਖ 'ਤੇ ਪਏ ਹੋਏ ਮਿਥਿਆ ਦੇ ਪਰਦੇ ਨੂੰ ਹਟਾ ਕੇ ਉਸ ਨੂੰ ਸਹੀ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ, ਜਿਸ ਨਾਲ ਉਹ ਸਮੁਚੇ ਦ੍ਰਿਸ਼ਟਮਾਨ ਸੰਸਾਰ ਨੂੰ ਸਹੀ ਪਰਿਪੇਖ ਵਿਚ ਦੇਖਣ ਯੋਗ ਹੋ ਜਾਂਦਾ ਹੈ।[167] ਗੁਰੂ ਦੀ ਇਸ ਕ੍ਰਿਪਾ ਦ੍ਰਿਸ਼ਟੀ ਦੀ ਵਿਆਖਿਆ ਕਰਨ ਸਮੇਂ ਕਰਤੇ ਨੇ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਨੂੰ ਧਿਆਨ ਵਿਚ ਰਖਿਆ ਜਾਪਦਾ ਹੈ :

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*

*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥*[168]

ਡਾ. ਸ਼ੇਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਨੂੰ 'ਗੁਰੂ' ਰੂਪ ਵਿਚ ਪ੍ਰਵਾਨ ਕੀਤਾ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਸੰਸਾਰ ਵਿਚ ਜਿੰਨੇ ਵੀ ਅਵਤਾਰ, ਰਿਸ਼ੀ-ਮੁਨੀ, ਪੀਰ, ਪੈਗੰਬਰ, ਰਸੂਲ, ਮਹਾਂਪੁਰਖ ਆਦਿ ਹੋਏ ਹਨ, ਸਾਰੇ ਹੀ ਕਿਸੇ ਨਾ ਕਿਸੇ ਨੂੰ ਗੁਰੂ ਧਾਰ ਕੇ ਗਿਆਨ ਪ੍ਰਾਪਤ ਕਰਦੇ ਰਹੇ ਹਨ। ਇਸ ਦੇ ਵਿਪਰੀਤ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਦੀ ਕੋਈ ਲੋੜ ਨਹੀਂ ਪਈ, ਕਿਉਂਕਿ ਅਕਾਲਪੁਰਖ ਵਾਹਿਗੁਰੂ ਦੀ ਗੁਰੂ-ਸਰੂਪ ਜੋਤਿ ਹੀ ਮੂਰਤੀਮਾਨ ਹੋ ਕੇ 'ਨਾਨਕ' ਨਾਮ ਧਾਰ, ਮਾਤ ਲੋਕ ਵਿਚ ਪ੍ਰਗਟ ਹੋਈ।[169] *ਪੁਰਾਤਨ ਜਨਮਸਾਖੀ* ਨੇ ਇਸ ਅਨੁਭਵ ਦਾ ਇਉਂ ਵਰਨਣ ਕੀਤਾ ਹੈ:

> *...ਆਗਿਆ ਪਰਮੇਸਰ ਕੀ ਹੋਈ, ਜੋ ਨਾਨਕ ਭਗਤੁ ਹਾਜਰੁ ਹੋਆ, ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲ ਮਿਲਿਆ। ਹੁਕਮੁ ਹੋਆ: 'ਨਾਨਕ! ਇਹੁ ਅੰਮ੍ਰਿਤੁ ਮੇਰੇ ਨਾਮ ਕਾ*

---

166 ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੫.

167 "By this process the inner self of a person in awakened, the inner divine reason fears off the curtain of unreality and the individual beings to see things and persons in their true perspective", *Social & Political Philosophy of Guru Gobind Singh*, p.120.

168 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯.

169 *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੮.

*ਪਿਆਲਾ ਹੈ, ਤੂ ਪੀਉ'। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਵਾਨੁ ਹੋਆ: 'ਨਾਨਕ ਮੈ ਤੇਰੇ ਨਾਲ ਹਾਂ। ਮੈ ਤੇਰੇ ਤਾਈ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੇਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ।... ਤਬਿ ਫਿਰਿ ਆਗਿਆ ਆਈ, ਹੁਕਮ ਹੋਆ: 'ਨਾਨਕੁ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ॥ ਜਿਸੁ ਉਪਰਿ ਤੇਰਾ ਕਰਮੁ, ਤਿਸੁ ਉਪਰਿ ਮੇਰਾ ਕਰਮੁ॥ ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ, ਅਰ ਤੇਰਾ ਨਾਉਂ ਗੁਰੂ ਪਰਮੇਸਰੁ': ਤਬ ਗੁਰੂ ਨਾਨਕ ਪੈਰੀ ਪਇਆ, ਸਿਰੁਪਾਉ ਦਰਗਾਹੋਂ ਬਾਬੇ ਨੂੰ ਮਿਲਿਆ।...*[170]

ਡਾ. ਸਾਹਿਬ ਗੁਰੂ ਦੀ ਲੋੜ ਬਾਰੇ ਦਸਦੇ ਹਨ ਕਿ ਸੰਸਾਰੀ ਆਦਮੀ ਬਹੁਤ ਉਲਝਣਾਂ ਵਿਚ ਰਹਿੰਦੇ ਹਨ। ਇਨ੍ਹਾਂ ਤੋਂ ਬਾਹਰ ਕਢਣ ਲਈ ਕਿਸੇ ਰਾਹ-ਦਸੇਰਾ ਦੀ ਲੋੜ ਹੁੰਦੀ ਹੈ। ਇਸ ਲਈ ਸੰਸਾਰੀ ਰਾਹ ਤੋਂ ਅਧਿਆਤਮਕ ਰਾਹ ਵਲ ਤੁਰਨ ਲਈ ਗੁਰੂ ਦੀ ਸਦਾ ਲੋੜ ਹੁੰਦੀ ਹੈ। ਡਾ. ਸ਼ੇਰ ਸਿੰਘ ਅਨੁਸਾਰ ਪੂਰਨ ਅਨੁਭਵੀ ਮਹਾਂਪੁਰਖ ਹੀ ਗੁਰੂ ਹੋ ਸਕਦਾ ਹੈ। ਇਸ ਸੰਬੰਧੀ ਡਾ. ਸਾਹਿਬ ਦਸਦੇ ਹਨ ਕਿ ਮਨੁਖ ਸਰੀਰ ਤੋਂ ਬਿਨਾਂ ਦੋ ਚੀਜ਼ਾਂ ਹੋਰ ਲੈ ਕੇ ਜਨਮ ਲੈਂਦਾ ਹੈ- ਮਨ ਤੇ ਅਨੁਭਵ। ਮਨ ਯਤਨਾਂ ਨਾਲ ਉਚਾ ਨੀਵਾਂ ਹੋ ਸਕਦਾ ਹੈ, ਪਰ ਅਨੁਭਵ ਨਹੀਂ, ਕਿਉਂਕਿ ਅਨੁਭਵ ਰਬੀ ਦਾਤ ਹੈ।[171] ਇਹ ਅਨੁਭਵ ਹਰੇਕ ਆਦਮੀ ਨੂੰ ਮਿਲਿਆ ਹੁੰਦਾ ਹੈ, ਜਿਸ ਦੇ ਆਸਰੇ ਨਾਲ ਆਦਮੀ ਨੂੰ ਸਚ ਦੀ ਸੋਝੀ ਹੁੰਦੀ ਹੈ। ਦਸ ਗੁਰੂ ਸਾਹਿਬਾਨ ਗੁਰੂ ਕਿਸ ਪ੍ਰਕਾਰ ਸਨ? ਇਸ ਸੰਬੰਧੀ ਡਾ. ਸ਼ੇਰ ਸਿੰਘ ਲਿਖਦੇ ਹਨ :

*ਸਤਿਗੁਰੂ ਨਾਨਕ ਤੇ ਉਨ੍ਹਾਂ ਦੇ ਬਾਕੀ ਸਾਰੇ ਨੌਂ ਸਰੂਪ ਗੁਰੂ ਸਨ। ਕੌਡੇ ਜਿਹੇ ਮਲੀਨ ਪੁਰਸ਼, ਜਿਨ੍ਹਾਂ ਦੇ ਸੁਧਾਰ ਦੀ ਕੋਈ ਆਸ ਨਹੀਂ ਸੀ, ਗੁਰੂ ਜੀ ਦੇ ਬਚਨਾਂ ਨੂੰ ਸੁਣ ਕੇ ਤਰਦੇ ਗਏ। ਇਹ ਗੁਰੂ ਜੀ ਦੀ ਅਨੁਭਵੀ ਸ਼ਕਤੀ ਕਰਕੇ ਹੀ ਸੀ ਕਿ ਇਕੋ ਇਕ ਹਲੂਣੇ ਨਾਲ ਜਾਂ ਇਕੋ ਸਪਰਸ਼ ਨਾਲ ਸਭ ਦਾ ਉਧਾਰ ਹੁੰਦਾ ਗਿਆ।...*

---

[170] *ਪੁਰਾਤਨ ਜਨਮਸਾਖੀ*, ਸਾਖੀ/ਪੰਨੇ - ੧੦/੪੦-੧.

[171] *ਗੁਰਮਤਿ ਦਰਸ਼ਨ*, ਪੰਨੇ ੧੫੪-੫੬.

*ਇਤਨਾ ਹੀ ਕਹਿ ਦੇਣਾ ਕਾਫੀ ਹੈ ਸਿਖ ਗੁਰੂ ਪੂਰਨ ਅਨੁਭਵੀ ਮਹਾਂ ਪੁਰਖ ਸਨ, ਉਹ ਲੋਕਾਂ ਦੇ ਕਾਮਿਲ ਰਾਹ-ਦੱਸੂ ਸਨ ਤੇ ਉਨ੍ਹਾਂ ਦੇ ਦਸੇ ਰਾਹ ਤੇ ਚੱਲ ਕੇ ਅਸੀਂ ਟਪਲੇ ਤੋਂ ਬਚ ਸਕਦੇ ਹਾਂ ਅਰ ਉਨ੍ਹਾਂ ਦੇ ਦਸੇ ਤਰੀਕੇ ਤੇ ਅਮਲ ਕਰਨ ਨਾਲ ਤਰ ਸਕਦੇ ਹਾਂ।*[172]

ਡਾ. ਸ਼ੇਰ ਸਿੰਘ ਨੇ ਆਪਣੇ ਅਧਿਐਨ ਵਿਚ ਇਹ ਵਿਚਾਰ ਵੀ ਕੀਤੀ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਨੌਂ ਉਤਰਾਧਿਕਾਰੀ ਅਵਤਾਰ ਸਨ ਜਾਂ ਮਨੁਖ? ਜਾਂ ਫਿਰ ਕੀ ਗੁਰੂ ਨਾਨਕ ਦੇਵ ਜੀ ਦਾ ਸਰੀਰ 'ਗੁਰੂ' ਸੀ ਜਾਂ ਉਨ੍ਹਾਂ ਦੁਆਰਾ ਦਿਤਾ ਉਪਦੇਸ਼ ਗੁਰੂ ਸੀ? ਜ਼ਿਕਰਯੋਗ ਹੈ ਕਿ 'ਗੁਰੂ' ਇਕ ਰਹਸਮਈ ਵਰਤਾਰਾ ਹੈ। ਇਹ ਮਨੁਖੀ ਗਿਆਨ-ਇੰਦਰੀਆਂ ਦੀ ਪਹੁੰਚ ਤੋਂ ਪਰੇ ਦੀ ਖੇਡ ਹੈ। ਵਿਦਵਾਨ ਲੋਕ ਆਪੋ-ਆਪਣੀ ਬੁਧ ਅਨੁਸਾਰ ਉਕਤ ਸਵਾਲਾਂ ਦੇ ਜਵਾਬ ਤਾਂ ਦਿੰਦੇ ਹਨ, ਪਰੰਤੂ ਉਹ 'ਗੁਰੂ' ਦੇ 'ਅਸਲੇ' ਦੀ ਥਾਹ ਨਹੀਂ ਪਾ ਸਕਦੇ।

ਭਾਰਤ ਵਿਚ ਸਮੇਂ-ਸਮੇਂ 'ਤੇ ਹੋਏ ਦੇਵੀ-ਦੇਵਤਿਆਂ ਨੂੰ ਭਾਵੇਂ ਲੋਕਾਂ ਨੇ ਅਵਤਾਰ ਮੰਨ ਕੇ ਪੂਜਿਆ ਹੈ, ਪਰ ਗੁਰਮਤਿ ਅਨੁਸਾਰ ਉਨ੍ਹਾਂ ਨੂੰ ਅਵਤਾਰ ਨਹੀਂ ਕਿਹਾ ਜਾ ਸਕਦਾ। ਇਹ ਦੈਵੀ ਸ਼ਕਤੀਆਂ ਪਾਰਬ੍ਰਹਮ ਦਾ ਪ੍ਰਕਾਸ਼ ਗੁਣ ਲੈ ਕੇ ਉਸ ਦੇ ਹੁਕਮ ਵਿਚ ਮਨੁਖੀ ਕਲਿਆਣ ਦਾ ਪ੍ਰਯੋਜਨ ਲੈ ਕੇ ਇਸ ਸੰਸਾਰ ਵਿਚ ਪ੍ਰਗਟ ਹੋਈਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ *ਚੰਡੀ ਦੀ ਵਾਰ* ਵਿਚ ਇਸ ਪ੍ਰਥਾਇ ਸਪਸ਼ਟ ਕੀਤਾ ਹੈ ਕਿ ਪਾਰਬ੍ਰਹਮ ਤੋਂ ਹੀ ਬਲ ਲੈ ਕੇ ਦੁਰਗਾ (ਪਰਮੇਸ਼ਰੀ ਸ਼ਕਤੀ) ਨੇ ਦੈਂਤਾਂ ਦਾ, ਰਾਮ ਨੇ ਰਾਵਣ ਦਾ ਅਤੇ ਕ੍ਰਿਸ਼ਨ ਨੇ ਕੰਸ ਦਾ ਸੰਘਾਰ ਕੀਤਾ।[173] ਪਰਮੇਸਰ ਦੀ ਇਸ ਪ੍ਰਕਾਸ਼ ਸ਼ਕਤੀ ਦੇ ਅਵਤ੍ਰਣ ਸੰਬੰਧੀ ਭਟ ਬਾਣੀ ਵਿਚ ਇਸ ਤਰ੍ਹਾਂ ਅੰਕਿਤ ਹੈ:

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*

---

172 *ਵਿਚਾਰਮਾਲਾ*, ਪੰਨਾ ੧੬੨.

173 *ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ॥ ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜਿ ਗਿਰਾਇਆ॥ ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 154.

*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*

*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥*[174]

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਰਾਮ, ਕ੍ਰਿਸ਼ਨ ਜਾਂ ਦੂਜੇ ਅਵਤਾਰਾਂ ਦੀ ਤਰ੍ਹਾਂ ਪਰਮਾਤਮਾ ਦਾ ਅਵਤਾਰ ਨਹੀਂ:

*ਜਾ ਕੋ ਨਾਮੁ ਹੈ ਅਜੋਨੀ ਕੈਸੇ ਕੈ ਜਨਮੁ ਲੈ*
*ਕਹਾ ਜਾਨ ਬ੍ਰਤ ਜਨਮਾਸਟਮੀ ਕੋ ਕੀਨੋ ਹੈ॥*
*ਜਾ ਕੋ ਜਗਜੀਵਨ ਅਕਾਲ ਅਬਿਨਾਸੀ*
*ਨਾਮੁ ਕੈਸੇ ਕੈ ਬਧਿਕ ਮਾਰਓ ਅਪਜਸੁ ਲੀਨੋ ਹੈ॥*
*ਨਿਰਮਲ ਨਿਰਦੋਖ ਮੋਖ ਪਦੁ ਜਾ ਕੇ ਨਾਮਿ ਗੋਪੀਨਾਥ*
*ਕੈਸੇ ਹੁਇ ਬਿਰਹ ਦੁਖ ਦੀਨੋ ਹੈ॥*
*ਪਾਹਨ ਕੀ ਪ੍ਰਤਿਮਾ ਕੋ ਅੰਧ ਕੰਧ ਹੈ ਪੂਜਾਰੀ*
*ਅੰਤਰਿ ਅਗਿਆਨ ਮਤਿ ਗਿਆਨ ਗੁਰ ਹੀਨੋ ਹੈ॥*[175]

ਡਾ. ਸ਼ੇਰ ਸਿੰਘ ਨੇ ਉਕਤ ਪ੍ਰਸ਼ਨ ਦੇ ਸੰਦਰਭ ਵਿਚ ਵਿਦਵਾਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ। ਇਕ ਸ਼੍ਰੇਣੀ ਤਾਂ ਉਨ੍ਹਾਂ ਧਰਮ-ਵੇਤਿਆਂ (Theologians) ਦੀ ਹੈ, ਜਿਹੜੇ ਕਹਿੰਦੇ ਹਨ ਕਿ ਗੁਰੂ ਸਾਹਿਬ ਅਵਤਾਰ ਸਨ। ਹਿੰਦੂ ਮਤ ਅਨੁਸਾਰ ਅਵਤਾਰਾਂ ਦੇ ਕਈ ਦਰਜੇ ਹਨ। ਇਹ ਦਰਜੇ ਉਨ੍ਹਾਂ ਅਵਤਾਰਾਂ ਅੰਦਰ ਪਾਏ ਜਾਂਦੇ ਗੁਣ ਅਥਵਾ ਕਲਾਂ ਦੇ ਆਧਾਰ ਉਤੇ ਸਨ। ਇਸ ਤਰ੍ਹਾਂ ਨਾਲ 12, 14, 16 ਕਲਾਂ ਸੰਪੂਰਨ ਅਵਤਾਰਾਂ ਦਾ ਜਿਕਰ ਹਿੰਦੂ ਗ੍ਰੰਥਾਂ ਵਿਚ ਆਮ ਮਿਲਦਾ ਹੈ। ਇਸ ਪਰੰਪਰਾ ਅਧੀਨ ਨਿਰਮਲੇ ਸਾਧੂਆਂ ਨੇ ਗੁਰੂ ਨਾਨਕ ਦੇਵ ਜੀ ਤੇ ਬਾਕੀ ਨੌਂ ਗੁਰੂ ਸਾਹਿਬਾਨ ਨੂੰ 16 ਕਲਾਂ ਸੰਪੂਰਨ ਸਿਧ ਕੀਤਾ ਹੈ। ਦੂਜੀ ਸ਼੍ਰੇਣੀ ਵਿਚ ਉਹ ਵਿਦਵਾਨ ਹਨ ਜਿਹੜੇ ਵਿਗਿਆਨ ਦੇ ਅਸਰ ਹੇਠ ਕਾਰਨ-ਕਾਰਜ ਦੇ ਸਿਧਾਂਤ ਨੂੰ ਰੂਹਾਨੀ ਮੰਡਲਾਂ 'ਤੇ ਲਾਗੂ ਕਰਦੇ ਹਨ। ਇਨ੍ਹਾਂ ਅਨੁਸਾਰ ਗੁਰੂ ਸਾਹਿਬਾਨ ਨੇ ਮਿਹਨਤ ਕਰਕੇ ਰੂਹਾਨੀ ਮੰਜ਼ਿਲਾਂ ਪ੍ਰਾਪਤ ਕੀਤੀਆਂ। ਤੀਜੀ ਸ਼੍ਰੇਣੀ ਦੇ ਵਿਦਵਾਨ ਕਹਿੰਦੇ ਹਨ ਕਿ ਗੁਰੂ ਸਾਹਿਬਾਨ ਸਨ ਤਾਂ ਮਨੁਖ ਹੀ, ਪਰੰਤੂ ਉਹ ਜਮਾਂਦਰੂ ਹੀ ਮਾਨਸਿਕ ਤੇ ਆਤਮਿਕ

---

[174] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੦.

[175] *ਕਬਿਤ ਸਵਯੇ ਭਾਈ ਗੁਰਦਾਸ*, ੪੯੫.

ਤੌਰ ਉਤੇ ਪੂਰਨ ਸਨ। ਉਨ੍ਹਾਂ ਅੰਦਰ ਰਬੀ ਅੰਸ਼ ਬਿਨਾਂ ਕਿਸੇ ਸਥੂਲ ਰੂਪ ਦੇ ਸੀ, ਪਰੰਤੂ ਉਹ ਰਬ ਨਹੀਂ ਸਨ। ਰਬ ਤੋਂ ਵਖ ਵੀ ਨਹੀਂ ਸਨ।[176]

ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਅਵਤਾਰੀ ਖਿਆਲ ਦਾ ਵਿਰੋਧ ਕੀਤਾ ਹੈ।[177] ਇਸੇ ਲਈ ਉਹ ਆਪਣੇ ਆਪ ਨੂੰ ਕਿਸੇ ਵੀ ਤਰ੍ਹਾਂ ਦਾ ਵੈਦਿਕ ਅਵਤਾਰ, ਇਲਾਮਿਕ ਪੈਗੰਬਰ ਜਾਂ ਰਬ ਦਾ ਈਸਾਈ ਪੁਤਰ ਨਹੀਂ ਅਖਵਾਉਂਦੇ। ਗੁਰਬਾਣੀ ਵਿਚ ਕਈ ਥਾਈਂ ਸਤਿਗੁਰਾਂ ਨੇ ਪੈਗੰਬਰਾਂ ਤੇ ਅਵਤਾਰਾਂ ਨੂੰ ਆਮ ਮਨੁਖਾਂ ਵਾਂਗ ਹੀ ਦਰਸਾਇਆ ਹੈ।[178] ਗੁਰਬਾਣੀ ਵਿਚ ਇਹ ਵੀ ਸਿਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਕਾਲਪੁਰਖ ਦਾ ਹੀ ਰੂਪ ਹਨ। ਇਹ ਅਭੇਦਤਾ ਚਿੰਨ੍ਹਾਤਮਕ ਹੋਣ ਦੇ ਨਾਲ-ਨਾਲ ਯਥਾਰਥਕ ਵੀ ਹੈ:

*ਗੁਰੁ ਅਰਜੁਨੁ ਪਰਤਖੵ ਹਰਿ॥*[179]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਅਵਤਾਰਾਂ ਤੋਂ ਵਡੀ ਹਸਤੀ ਹਨ, ਪਰੰਤੂ ਇਹ ਵਡਤ ਉਨ੍ਹਾਂ ਨੂੰ ਗੈਰ-ਮਨੁਖ ਨਹੀਂ ਬਣਾਉਂਦੀ। ਗੁਰੂ ਸਾਹਿਬਾਨ ਤੇ ਆਮ ਮਨੁਖਾਂ ਵਿਚ ਜਾਤੀ ਦਾ ਭੇਦ ਨਹੀਂ, ਬਲਕਿ ਦਰਜੇ (ਉਚਾ-ਨੀਵਾਂ) ਦਾ ਭੇਦ ਜਰੂਰ ਹੈ।

'ਗੁਰੂ' ਨੂੰ ਜਦੋਂ ਸੰਸਥਾ ਵਜੋਂ ਲਿਆ ਜਾਂਦਾ ਹੈ ਤਾਂ ਇਸ ਤੋਂ ਭਾਵ ਦਸ ਗੁਰੂ ਸਾਹਿਬਾਨ ਦਾ, ਕਰੀਬ ਢਾਈ-ਕੁ ਸੌ ਸਾਲ, ਧਰਤੀ ਉਤੇ ਵਰਤਿਆ ਇਕ ਰਹਸਮਈ ਅਤੇ ਇਤਿਹਾਸਕ ਵਰਤਾਰਾ ਸਮਝਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੂੰ 'ਗੁਰਿਆਈ' ਅਕਾਲਪੁਰਖ ਨੇ ਆਪ ਬਖਸ਼ੀ ਤੇ ਗੁਰੂ ਨਾਨਕ ਦੇਵ ਜੀ ਨੇ ਇਹੀ 'ਗੁਰਿਆਈ' ਬਖਸ਼ਿਸ਼ ਰੂਪ ਵਿਚ ਗੁਰੂ ਅੰਗਦ ਦੇਵ ਜੀ ਨੂੰ ਦਿਤੀ। ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਵਿਚ ਅੰਤਰ ਕੇਵਲ ਸਰੀਰ ਦਾ ਸੀ, 'ਜੋਤਿ' ਦੋਵਾਂ ਦੀ ਇਕ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦਸਵੇਂ ਪਾਤਿਸ਼ਾਹ (ਗੁਰੂ ਗੋਬਿੰਦ ਸਿੰਘ ਜੀ) ਤਕ 'ਸਰੀਰਕ ਗੁਰੂ' ਦੀ ਹੋਂਦ ਬਰਕਰਾਰ ਰਹੀ। ਇਸ ਤਰ੍ਹਾਂ 'ਗੁਰੂ-ਸੰਸਥਾ' ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਅੰਗਦ ਜੀ ਨੂੰ ਗੁਰੂ ਥਾਪਣ ਨਾਲ ਹੁੰਦਾ ਹੈ।[180] ਗੁਰੂ ਅੰਗਦ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਇਹ

---

[176] *ਗੁਰਮਤਿ ਦਰਸ਼ਨ*, ਪੰਨੇ ੫੧-੩.

[177] *ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੬.

[178] *ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ* ॥ ਉਹੀ, ੪੨੩.

[179] ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੯; ਹੋਰ ਵੇਖੋ : ੮੮੭; ੮0੨; ੭੭; ੭੧0; ੧੧੪੨; ੧੧੫੨; ੧੨੭੧.

[180] W.O Cole, *Guru in Sikhism*, p. 24.

ਸਿਲਸਿਲਾ ਨਿਰੰਤਰ ਤੇ ਨਿਰਵਿਘਨ ਜਾਰੀ ਰਹਿੰਦਾ ਹੋਇਆ ਅੰਤ ਗ੍ਰੰਥ-ਪੰਥ ਨੂੰ ਗੁਰਿਆਈ[181] ਮਿਲਣ ’ਤੇ ਸਮਾਪਤ ਅਤੇ ਸਥਾਪਿਤ ਹੁੰਦਾ ਹੈ। ਡਾ. ਸ਼ੇਰ ਸਿੰਘ ਵੀ ਇਸ ਤਥ ਦੀ ਪ੍ਰੋੜਤਾ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਇਕ ਜੋਤਿ ਹੀ ਸਨ।[182]

ਡਾ. ਸ਼ੇਰ ਸਿੰਘ ਨੇ ਵੀ ਗੁਰੂ-ਸੰਸਥਾ ਦੀ ਵਿਚਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਤਕ ਪੇਸ਼ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਸਨ, ਪਰ ਇਸ ਦੀ ਪੂਰਨ ਉਸਾਰੀ ਨੂੰ ਦੋ ਸੌ ਸਾਲ ਲਗੇ। ਗੁਰੂ-ਸੰਸਥਾ ਦੇ ਉਦੇਸ਼ ਸੰਬੰਧੀ ਜਨ-ਸਾਧਾਰਨ ਜਾਂ ਅਕਾਦਮਿਕ ਪਧਰ ਉਤੇ ਕਈ ਪ੍ਰਕਾਰ ਦੇ ਉਠਦੇ ਸਵਾਲ ਕਿ ਗੁਰੂ ਨਾਨਕ ਦੇਵ ਜੀ ਨੂੰ ਦਸ ਜਾਮੇਂ ਧਾਰਨ ਦੀ ਕਿਉਂ ਲੋੜ ਪਈ? ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਦੇ ਵਖ-ਵਖ ਸਰੀਰਾਂ ਨਾਲ ਗੁਰੂ-ਜੋਤਿ ਦੀ ਏਕਤਾ ਪ੍ਰਭਾਵਿਤ ਨਹੀਂ ਹੁੰਦੀ। ਇਸ ਪ੍ਰਥਾਇ ਡਾ. ਸ਼ੇਰ ਸਿੰਘ ਲਿਖਦੇ ਹਨ, “ਨਾਨਕ ਨਿਰੰਕਾਰੀ ਨੇ ਦਸ ਚੋਲੇ ਬਦਲੇ ਤੇ ਦਸਵੇਂ ਜਾਮੇ ਵਿਚ ਆਪਣੇ ਆਰੰਭ ਕੀਤੇ ਕੰਮ ਨੂੰ ਸੰਪੂਰਨ ਕਰਕੇ ਕੌਮ ਨੂੰ ਪੈਰਾਂ ’ਤੇ ਖੜ੍ਹਾ ਕਰਕੇ ਜ਼ੁੰਮੇਵਾਰੀ ਦੇ ਸੰਭਾਲਣਯੋਗ ਬਣਾ ਕੇ ਆਪਣੀ ਥਾਂ ਸ੍ਰੀ ਗੁਰੂ ਗ੍ਰੰਥ-ਪੰਥ ਕਾਇਮ ਕਰ ਗਏ। ...ਜੋਤਿ ਨੂੰ ਦਸ ਰੂਪ ਧਾਰਨ ਦੀ ਇਸ ਲਈ ਜਰੂਰਤ ਪਈ, ਕਿਉਂਕਿ ਇਕ ਨਿਘਰੀ ਹੋਈ ਮਲੀਨ ਕੌਮ ਵਿਚ ਉਚਤਾ, ਸੁਚਤਾ ਤੇ ਸੂਰਬੀਰਤਾ ਦੀ ਲਹਿਰ ਚਲਾਣੀ ਹੋਵੇ, ਮੁਕੰਮਲ ਇਨਸਾਨੀਅਤ ਦੇ ਸਾਂਚੇ ਦੀ ਇਕ ਟਕਸਾਲ ਕਾਇਮ ਕਰਨੀ ਹੋਵੇ ਤਾਂ ਫਿਰ ਇਕ ਸਾਲ ਨਹੀਂ, ਦੋ ਨਹੀਂ, ਸਗੋਂ ਇਕ ਦੋ ਸਦੀਆਂ ਵਿਚ ਭੀ ਜੇ ਇਹ ਕੰਮ ਹੋ ਜਾਵੇ ਤਾਂ ਸਮਾਜ ਦੀ ਉਨਤੀ ਵਿਚ ਇਕ ਵਡੀ ਭਾਰੀ ਕਰਾਮਾਤ ਹੈ। ਇਸੇ ਲਈ ਗੁਰੂ ਨਾਨਕ ਨੇ ਦਸ ਜਾਮੇ ਲਏ ਤੇ ਦਸ ਗੁਰੂ ਸਾਹਿਬਾਨ ਦੇ ਸਰੂਪ ਵਿਚ ਹਰ ਇਕ ਗੁਰੂ ਨੇ ਆਪਣਾ ਕੰਮ ਸੰਪੂਰਨ ਕੀਤਾ।”[183] ਡਾ. ਸ਼ੇਰ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਖਾਲਸੇ ਦਾ ਅਚਲ ਗੁਰੂ ਥਾਪਨਾ ਵਡਾ ਕਾਰਜ ਸੀ।

---

[181] ਗੁਰਿਆਈ ਤੋਂ ਭਾਵ ਹੈ ਗੁਰੂ ਪਦਵੀ; ਗੁਰੁਤਾ, *ਮਹਾਨ ਕੋਸ਼*, ਪੰਨਾ 419; ਗੁਰਿਆਈ ਸ਼ਬਦ ਗੁਰਗੱਦੀ ਦਾ ਸਮਾਨਰਥਕ ਹੈ, ਪਰੰਤੂ ਗੁਰਗੱਦੀ ਸ਼ਬਦ ਗੁਰਿਆਈ ਦੇ ਪ੍ਰਸੰਗ ਵਿਚ ਨਹੀਂ ਢੁਕਦਾ। ਗੱਦੀ ਦੇਣਾ ਸੰਸਾਰੀ ਰੀਤ ਹੈ, ਜਦੋਂ ਕਿ ਗੁਰਿਆਈ ਨਿਰੋਲ ਅਧਿਆਤਮਕ ਖੇਡ ਹੈ।

[182] “Thus he continues to say that all Gurus were one”, *Social & Political Philosophy of Guru Gobind Singh,* p.120.

[183] *ਗੁਰਮਤਿ ਦਰਸ਼ਨ*, ਪੰਨੇ ੭੧-੨.

ਡਾ. ਸ਼ੇਰ ਸਿੰਘ ਗੁਰੂ ਦੇ ਸਰੀਰ ਨੂੰ ਗੁਰੂ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਗੁਰੂ ਦੀ ਬਾਣੀ ਹੀ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਦੀ ਪੂਜਾ ਸੰਬੰਧੀ ਉਹ ਦਸਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਆਦਰ ਅਦਬ 'ਪੂਜਾ' ਨਹੀਂ। ਉਨ੍ਹਾਂ ਅਨੁਸਾਰ ਕੁਝ ਲੋਕ ਪੂਜਾ ਦੇ ਗਲਤ ਅਰਥ ਇਹ ਲੈਂਦੇ ਹਨ ਕਿ ਪੂਜਾ ਇਕ ਆਦਰਸ਼ ਹੈ, ਮਨੁਖ ਦਾ ਆਦਰਸ਼ ਆਪਣੇ ਇਸ਼ਟ ਦੀ ਪੂਜਾ ਕਰਨੀ ਹੈ, ਪਰ ਸਿੱਖਾਂ ਦਾ ਆਦਰਸ਼ ਗੁਰੂ ਦੀ ਸਿਖਿਆ ਨੂੰ ਸੁਣਨਾ, ਮੰਨਣਾ ਤੇ ਗੁਰਮੁਖ ਬਣਨਾ ਹੈ। ਡਾ. ਸਾਹਿਬ *ਆਗਿਆ ਭਈ ਅਕਾਲ ਕੀ...* ਨੂੰ ਦਸਮੇਸ਼ ਜੀ ਦਾ ਹੁਕਮ ਮੰਨਣ 'ਤੇ ਜ਼ੋਰ ਦਿੰਦੇ ਹਨ।

### 3.4.2 ਗੁਰਦੁਆਰਾ

ਗੁਰੂ ਨਾਨਕ ਦੇਵ ਜੀ ਨੇ ਆਪਣੇ ਦੈਵੀ ਮਿਸ਼ਨ ਦੀ 'ਜੁਗਤਿ' ਅਧੀਨ ਸੰਗਤ ਨੂੰ ਜਥੇਬੰਦ ਕਰਕੇ ਇਕ ਕੇਂਦਰੀ ਸਥਾਨ ਦਿਤਾ, ਜਿਸ ਨੂੰ 'ਧਰਮਸਾਲ' ਕਿਹਾ ਗਿਆ। ਧਰਮਸਾਲ ਦਾ ਸ਼ਾਬਦਿਕ ਅਰਥ ਹੈ ਧਰਮ ਕਮਾਉਣ ਵਾਲਾ ਅਸਥਾਨ। ਬੇਸ਼ਕ ਗੁਰੂ ਸਾਹਿਬ ਨੇ ਪੂਰੀ ਧਰਤੀ ਨੂੰ ਧਰਮਸਾਲ ਦੀ ਸੰਗਿਆ ਦਿਤੀ ਹੈ[184], ਪਰੰਤੂ ਇਸ ਨੂੰ ਜਾਹਰਾ ਰੂਪ ਵਿਚ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਉਦਾਸੀਆਂ ਦੌਰਾਨ ਅਜਿਹੇ ਕੇਂਦਰਾਂ ਦੀ ਸਥਾਪਨਾ ਕੀਤੀ, ਜਿਥੇ ਸੰਗਤ ਸਵੇਰ-ਸ਼ਾਮ ਬੈਠ ਕੇ ਵਾਹਿਗੁਰੂ ਦੀ ਸਿਫਤ ਸਲਾਹ ਕਰ ਸਕੇ। ਗੁਰੂ ਅਰਜਨ ਦੇਵ ਜੀ 'ਸਚੀ ਧਰਮਸਾਲ' ਦੇ ਹਵਾਲੇ ਨਾਲ ਸਿੱਖ ਧਰਮ ਵਿਚਲੀ ਇਸ ਸੰਸਥਾ ਦਾ ਇਸ਼ਾਰਾ ਕਰਦੇ ਹਨ:

*ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥*[185]

ਗੁਰਬਾਣੀ ਦੇ ਆਸ਼ੇ ਅਨੁਸਾਰ ਧਰਮਸਾਲ ਗੁਰਸਿੱਖਾਂ ਦੇ ਇਕਠੇ ਹੋਣ ਦੀ ਇਕ ਅਜਿਹੀ ਥਾਂ ਹੈ ਜਿਥੇ ਧਰਮ ਕਮਾਇਆ ਜਾ ਸਕਦਾ ਹੈ। ਭਟ ਗਯੰਦ ਜੀ ਗੁਰੂ-ਸੰਸਥਾ ਦਾ ਬੁਨਿਆਦੀ ਉਦੇਸ਼ ਧਰਮ ਦੀ ਸਥਾਪਨਾ ਦਸਦੇ ਹਨ।[186] ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਧਰਮ ਚਲਾਉਣ'[187] ਦਾ ਆਪਣਾ ਉਦੇਸ਼ ਦਸ ਕੇ ਧਰਮਸਾਲ ਦੀ ਸੰਸਥਾ ਪੁਸ਼ਟ ਕਰਦੇ ਹਨ।

*ਪੁਰਾਤਨ ਜਨਮਸਾਖੀ* ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਧਰਮਸਾਲ ਭਾਈ ਸਜਣ ਦੇ ਇਲਾਕੇ ਤੁਲੰਭੇ ਵਿਖੇ ਸਥਾਪਿਤ ਕੀਤੀ।[188] ਇਹੋ ਧਰਮਸਾਲਾ ਬਾਅਦ ਵਿਚ ਗੁਰਦੁਆਰੇ

---

184 *ਧਰਤਿ ਉਪਾਇ ਧਰੀ ਧਰਮ ਸਾਲਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੩.

185 ਸ੍ਰੀ ਗੁਰੂ ਗ੍ਰੰਥ ਸਾਹਿਬ, ੭੩.

186 *ਲਹਣੈ ਪੰਥੁ ਧਰਮ ਕਾ ਕੀਆ॥* ਉਹੀ, ੧੪੦੧.

187 *ਧਰਮ ਚਲਾਵਨ ਸੰਤ ਉਭਾਰਨ॥... ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 74.

188 *ਤਬ ਦਰਸਨ ਕਾ ਸਦਕਾ [ਸਜਣ ਨੂੰ] ਬੁਧਿ ਹੋਇ ਆਈ... ਨਾਉ ਧਰੀਕ ਸਿਖ ਹੋਆ॥ ਪਹਿਲੀ ਧਰਮਸਾਲ ਓਥੇ ਬਧੀ॥... ਪੁਰਾਤਨ ਜਨਮਸਾਖੀ*, ਸਾਖੀ/ਪੰਨਾ - ੧੩/੫੩.

ਦਾ ਰੂਪ ਧਾਰਦੀ ਹੈ। ਗੁਰਬਾਣੀ ਦੇ ਆਸ਼ੇ ਅਨੁਸਾਰ ਗੁਰਦੁਆਰੇ ਜਾ ਕੇ ਪਰਮਾਤਮਾ ਦੀ ਕੀਰਤੀ ਸੁਣਨੀ ਚਾਹੀਦੀ ਹੈ।[189] ਗੁਰਦੁਆਰਾ, ਕਿਉਂਕਿ ਸੰਗਤਾਂ ਨੂੰ ਜਥੇਬੰਦ ਕਰਨ ਲਈ ਬਣਾਈ ਇਕ ਵਿਸ਼ੇਸ਼ ਸੰਸਥਾ ਹੈ, ਇਸ ਲਈ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗੁਰੂ ਸਾਹਿਬ ਨੇ ਉਚ-ਜੀਵਨ ਵਾਲੇ ਗੁਰਸਿੱਖਾਂ ਨੂੰ ਇਨ੍ਹਾਂ ਧਰਮਸਾਲਾਵਾਂ ਦੇ ਮੁਖੀ ਥਾਪਿਆ।

ਸਿਧਾਂਤਕ ਤੌਰ ’ਤੇ ਗੁਰਦੁਆਰਾ ਇਕ ਅਜਿਹੀ ਥਾਂ ਹੈ ਜਿਥੋਂ ਸਿੱਖ ਸੰਗਤਾਂ ਨੂੰ ਜੀਵਨ ਦੇ ਹਰੇਕ ਪਹਿਲੂ ਤੋਂ ਅਗਵਾਈ ਮਿਲਦੀ ਹੈ, ਉਹ ਚਾਹੇ ਮਾਨਸਿਕ ਹੋਵੇ, ਵਿਅਕਤੀਗਤ, ਸਮਾਜਿਕ, ਰਾਜਨੀਤਕ ਜਾਂ ਫਿਰ ਆਰਥਿਕ ਹੀ ਕਿਉਂ ਨਾ ਹੋਵੇ। ਇਥੇ ਵਖ-ਵਖ ਧਰਮ, ਪਿਛੋਕੜ ਅਤੇ ਮਾਨਸਿਕਤਾ ਦੇ ਲੋਕ ਆ ਕੇ ਇਕ ਸੂਤਰ ਵਿਚ ਪਰੋਏ ਜਾਂਦੇ ਹਨ। ਇਥੇ ਆ ਕੇ ਉਨ੍ਹਾਂ ਨੂੰ ਇਕ ਸ਼ਕਤੀ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਉਹ ਆਪਣੇ ਨਿਜੀ/ਸਮਾਜਿਕ ਜੀਵਨ ਵਿਚ ਦ੍ਰਿੜਤਾ ਪ੍ਰਾਪਤ ਕਰਦੇ ਹਨ। ਗੁਰਦੁਆਰਾ ਗੁਰੂ ਦੇ ਨਿਵਾਸ ਦਾ ਸੰਕੇਤਕ ਹੈ, ਜਿਥੇ ਆ ਕੇ ਮਨੁਖ ਨੂੰ ਸੋਝੀ ਪ੍ਰਾਪਤ ਹੁੰਦੀ ਹੈ।[190]

ਡਾ. ਸ਼ੇਰ ਸਿੰਘ ਨੇ ਵੀ ਗੁਰਦੁਆਰਾ ਸੰਸਥਾ ਨੂੰ ਆਪਣੇ ਅਧਿਐਨ ਦਾ ਹਿਸਾ ਬਣਾਇਆ ਹੈ। ਉਨ੍ਹਾਂ ਅਨੁਸਾਰ ਗੁਰਦੁਆਰਾ ਉਹ ਧਰਮ ਅਸਥਾਨ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਸੰਗਤ ਜੁੜਦੀ ਹੈ ਤੇ ਗੁਰੂ ਦਾ ਉਪਦੇਸ਼ ਪੜ੍ਹਿਆ, ਸੁਣਿਆ ਤੇ ਵਿਚਾਰਿਆ ਜਾਂਦਾ ਹੈ। ਲੇਖਕ ਅਨੁਸਾਰ ਗੁਰਸਿੱਖ ਨੂੰ ਗੁਰਦੁਆਰੇ ਦੀ ਵਿਵਸਥਾ ਤੋਂ ਵੀ ਜੀਵਨ ਜਾਂਚ ਆਉਂਦੀ ਹੈ, ਜਿਵੇਂ ਕਿ ਵੰਡ ਛਕਣਾ, ਸੇਵਾ ਭਾਵਨਾ, ਬਰਾਬਰੀ, ਊਚ-ਨੀਚ ਦਾ ਭੇਦ ਮਿਟਣਾ, ਆਦਿ।

ਡਾ. ਸ਼ੇਰ ਸਿੰਘ ਨੇ ਗੁਰਦੁਆਰਿਆਂ ਦੀ ਵਿਲਖਣ ਵੰਡ ਚਾਰ ਪ੍ਰਕਾਰ ਦੀ ਦਸੀ ਹੈ, ਪਹਿਲੀ ਪ੍ਰਕਾਰ ਦੇ ਇਤਿਹਾਸਕ ਗੁਰਦੁਆਰੇ ਹਨ, ਜਿਹੜੇ ਕਿ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਅਤੇ ਇਤਿਹਾਸਕ ਘਟਨਾਵਾਂ ਨਾਲ ਸੰਬੰਧਿਤ ਸ਼ਹੀਦਾਂ ਦੀ ਯਾਦ ਵਿਚ ਹਨ ਬਣਾਏ ਗਏ ਹਨ। ਦੂਜੀ ਕਿਸਮ ਦੇ ਗੁਰਦੁਆਰੇ ਉਹ ਹਨ ਜੋ ਗੁਰਸਿੱਖਾਂ ਨੇ ਪਿੰਡਾਂ ਵਿਚ ਸਾਧ ਸੰਗਤ ਲਈ ਜ਼ਿੰਦਗੀ ਦੇ ਸਾਰੇ ਧਰਮ ਕਰਮ ਕਰਨ ਲਈ ਬਣਾਏ ਗਏ ਹਨ। ਤੀਜੀ ਕਿਸਮ ਦੇ ਗੁਰਦੁਆਰੇ ਬਾਰੇ ਕਰਤਾ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਦਸਦਾ ਹੈ ਕਿ ਗੁਰਸਿੱਖ ਦਾ

---

[189] *ਗੁਰ ਦੁਆਰੈ ਹਰਿ ਕੀਰਤਨੁ ਸੁਣੀਐ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥* ਸ੍ਰੀ ਗੁਰੂ ਗ੍ਰੰਥ ਸਾਹਿਬ,੧੦੭੫.
[190] *ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*... ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੦.

ਘਰ ਹੀ ਗੁਰਦੁਆਰਾ ਹੈ। ਜਦੋਂ ਇਕ ਗੁਰਸਿੱਖ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਗੁਰੂ ਜੀ ਦੀ ਹਜ਼ੂਰੀ ਵਿਚ ਇਕ ਮਨ ਹੋ ਸਿਮਰਨ ਕਰਦਾ ਹੈ, ਇਹ ਗੁਰਸਿੱਖ ਦੇ ਘਰ ਹੁੰਦਾ ਹੈ। ਇਸ ਪ੍ਰਕਾਰ ਹਰੇਕ ਸਿੱਖ ਦਾ ਘਰ ਧਰਮਸਾਲ (ਗੁਰਦੁਆਰਾ) ਹੈ।[191] ਚੌਥੀ ਕਿਸਮ ਦਾ ਗੁਰਦੁਆਰਾ ਕਰਤਾ ਸਰੀਰ ਨੂੰ ਮੰਨਦਾ ਹੈ। ਉਸ ਅਨੁਸਾਰ ਹਰ ਇਕ ਸਰੀਰ 'ਹਰਿ' ਦਾ ਮੰਦਰ ਹੈ। 'ਹਰਿ' ਜੀ ਘਟ ਘਟ ਵਿਚ ਵਸ ਰਹੇ ਹਨ।

ਡਾ. ਸ਼ੇਰ ਸਿੰਘ ਗੁਰਦੁਆਰੇ ਦੀ ਮਹਤਾ ਦਰਸਾਉਂਦੇ ਕਹਿੰਦੇ ਹਨ ਕਿ ਸਰੀਰ ਰੂਪੀ ਗੁਰਦੁਆਰੇ ਨੂੰ ਪ੍ਰਕਾਸ਼ ਕਰਨ ਲਈ ਸਥੂਲ ਗੁਰਦੁਆਰੇ ਵਿਚ ਜਾ ਕੇ ਸਾਧ ਸੰਗਤ ਕਰਨੀ ਬਹੁਤ ਜ਼ਰੂਰੀ ਹੈ, ਤਾਂ ਹੀ ਮਨ ਦੀ ਉਨਤੀ ਸੰਭਵ ਹੈ।

ਡਾ. ਸ਼ੇਰ ਸਿੰਘ ਨੇ ਗੁਰਦੁਆਰਾ ਸੰਸਥਾ ਦੇ ਅਮਲੀ ਪ੍ਰਬੰਧ ਬਾਰੇ ਵੀ ਵਿਚਾਰ ਦਿਤੇ ਹਨ। ਉਨ੍ਹਾਂ ਨੇ ਪਿੰਡਾਂ ਵਿਚ ਗੁਰਦੁਆਰਿਆਂ ਦਾ ਮੰਤਵ, ਗੁਰਦੁਆਰਿਆਂ ਵਿਚ ਰਖੇ ਜਾਣ ਵਾਲੇ ਸੇਵਾਦਾਰ, ਲੋਕਾਂ ਦੀ ਗੁਰਦੁਆਰਿਆਂ ਪ੍ਰਤੀ ਸ਼ਰਧਾ, ਆਦਿ ਵਿਸ਼ਿਆਂ ਉਤੇ ਵਿਚਾਰ ਪੇਸ਼ ਕਰਨ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੁਆਰਾ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਨਾਲੋਂ ਇਨ੍ਹਾਂ ਦਾ ਕਾਰਜ ਡੇਰੇਦਾਰਾਂ ਕੋਲ ਹੀ ਰਹਿ ਜਾਣ ਨੂੰ ਤਰਜੀਹ ਦਿਤੀ ਹੈ। ਲੇਖਕ ਅਨੁਸਾਰ :

> *ਡੇਰੇ ਸਾਧੂਆਂ ਕੋਲੋਂ ਖੁਸ ਕੇ ਕਮੇਟੀਆਂ ਦੇ ਹਥ ਆ ਚੁਕੇ ਹਨ, ਪਰ ਕਿਸੇ ਥਾਂ ਦਾ ਕੋਈ ਤਸੱਲੀ ਬਖਸ਼ ਪਰਬੰਧ ਨਹੀਂ ਹੋ ਰਿਹਾ। ਨਗਰਾਂ ਵਿਚ ਵੀ ਧੜੇਬੰਦੀਆਂ ਹੋ ਗਈਆਂ ਹਨ, ਸ਼ਰਧਾ ਤੇ ਸ਼ਾਂਤੀ ਦਾ ਵਾਯੂ ਮੰਡਲ ਉਡ ਰਿਹਾ ਹੈ। ਇਨ੍ਹਾਂ ਅਸਥਾਨਾਂ ਦੇ ਮੰਤਵ ਗੁਮ ਹੋ ਰਹੇ ਹਨ। ਇਨ੍ਹਾਂ ਦੀ ਸੰਭਾਲ ਕਮੇਟੀਆਂ ਨੂੰ ਮਹਿੰਗੀ ਪੈ ਰਹੀ ਹੈ। ਅਜਿਹਾ ਤਨਖਾਹਦਾਰ ਆਦਮੀ ਉਹ ਕਿਥੋਂ ਲਭਣ ਜਿਹੜਾ ਗਰੰਥੀ ਦਾ ਕੰਮ ਭੀ ਕਰੇ, ਬੱਚੇ ਭੀ ਪੜ੍ਹਾਵੇ ਤੇ ਪਰਬੰਧ ਭੀ ਕਰੇ।* [192]

ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਡਾ. ਸ਼ੇਰ ਸਿੰਘ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਂਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਕਟਿਹਰੇ ਵਿਚ ਖੜ੍ਹਾ ਕਰਦੇ ਹਨ। ਉਹ ਕਹਿੰਦੇ ਹਨ ਕਿ ਅਜ ਦੀ ਮੁਖ ਲੋੜ ਪਿੰਡਾਂ ਵਿਚ ਸਿੱਖੀ ਪ੍ਰਚਾਰ ਦੀ ਨਹੀਂ, ਬਲਕਿ ਪੜ੍ਹੇ-ਲਿਖੇ

---

[191] *ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ -੧/੨੭.
[192] *ਵਿਚਾਰਮਾਲਾ,* ਪੰਨਾ ੨੦੦.

ਨੌਜਵਾਨਾਂ ਨੂੰ ਸਿੱਖੀ ਸਿਧਾਂਤਾਂ ਬਾਰੇ ਦਸਣ ਦੀ ਹੈ। ਸਾਡੇ ਪ੍ਰਚਾਰਕ ਸਮੁਚੇ ਸੰਸਾਰ ਨੂੰ ਇਹ ਦਸਣ ਕਿ ਅਸੀਂ ਕੌਣ ਹਾਂ ਅਤੇ ਅਸੀਂ ਕੀ ਹਾਂ? ਜੇਕਰ ਇਹ ਦਸਣ ਵਿਚ ਅਸੀਂ ਕਾਮਯਾਬ ਹੋ ਸਕੇ ਤਾਂ ਸਿੱਖ ਨੌਜਵਾਨ ਬਚਿਆਂ ਦੀਆਂ ਸਾਰੀਆਂ ਮੁਸ਼ਕਿਲਾਂ ਦਾ ਹਲ ਆਪਣੇ-ਆਪ ਹੋ ਜਾਵੇਗਾ।

### 3.4.3 ਲੰਗਰ ਸੰਸਥਾ

ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੌਰਾਨ ਸੰਗਤਾਂ ਨੂੰ ਜਥੇਬੰਦ ਕਰਕੇ ਜਿਥੇ ਇਕ ਕੇਂਦਰੀ ਸਥਾਨ (ਧਰਮਸਾਲ) ਦਿਤਾ, ਉਥੇ ਨਾਲ ਹੀ ਇਸ ਸਥਾਨ ’ਤੇ ਆਉਣ ਵਾਲਿਆਂ ਨੂੰ ਜੀਵਨ ਨਿਰਬਾਹ ਦੀ ਮੁਢਲੀ ਜਰੂਰਤ ‘ਭੋਜਨ’ ਦੇਣ ਦੀ ਵਿਵਸਥਾ ਵੀ ਕੀਤੀ, ਜਿਸ ਨੂੰ ਸਿੱਖ ਸ਼ਬਦਾਵਲੀ ਵਿਚ ‘ਲੰਗਰ’ ਕਿਹਾ ਜਾਂਦਾ ਹੈ। *ਆਦਿ ਸਾਖੀਆਂ* ਦੀ ਗਵਾਹੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਧਰਮਸਾਲਾ ਵਿਚ ਲੰਗਰ ਦਾ ਪੁਖਤਾ ਪ੍ਰਬੰਧ ਕੀਤਾ, ਜਿਥੇ ਦੋ ਵਕਤ ਸੰਗਤਾਂ ਨੂੰ ਭੋਜਨ ਮਿਲਦਾ ਸੀ:

*ਜਬ ਰਸੋਈ ਹੋਵੈ ਤਾ ਰਸੋਈਆ ਆਇ ਖੜਾ ਹੋਵੈ॥*
*ਰਸੋਈਆ ਚੁਪ ਕਰਿ ਕੈ ਜਾਇ ਖੜਾ ਹੋਵੈ॥*
*ਜਬ ਬਾਬਾ ਨਦਰਿ ਕਰਿ ਵੇਖੈ ਤਾ ਆਖੈ ਪੁਰਖਾ ਰਸੋਈ ਹੋਈ ਹੈ॥*
*ਤਾ ਰਸੋਈਆ ਕਹੈ ਪਿਛੋ ਦੀ ਜੀਓ ਪਾਤਿਸਾਹੁ ਹੋਈ ਹੈ॥*
*ਤਾ ਬਾਬਾ ਰਸੋਈ ਵਿਚ ਬਹਿ ਕਰਿ ਆਗਿਆ ਕਰੈ ਜਾਹਿ ਬਚਾ ਜੇਵਹੁ॥*
*ਸਿਆਲ ਹੋਇ ਤਾ ਖਿਚੜੀ ਰੋਟੀ॥ ਜੇ ਉਨਾਲ ਹੋਇ ਤਾ ਦਾਲ ਰੋਟੀ॥*
*ਜਿਤਨਾ ਆਹਾਰ ਕਿਸੈ ਦਾ ਹੋਵੈ ਸੋ ਲੈ ਉਠੈ॥...*
*ਦੁਇ ਵਖਤ ਸਿਖਾ ਕੋ ਰਸੋਈ ਹੁੰਦੀ॥*
*ਜੇਹੀ ਜਿਨਸ ਦਾ ਕੋਈ ਸੰਸਾਰੀ ਸਿਖ ਆਵੈ ਤੇਹਾ ਜੇਹਾ ਪਰਸਾਦ ਮਿਲਦਾ॥...*[193]

ਧਰਮਸਾਲਾ ਵਿਚ ਸਾਰੇ ਮਨੁਖ ਬਿਨਾਂ ਕਿਸੇ ਭੇਦ-ਭਾਵ ਦੇ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ, ਜਿਸ ਨਾਲ ਛੂਤ-ਛਾਤ, ਸੁਚ-ਭਿਟ ਅਤੇ ਜਾਤੀ ਪ੍ਰਥਾ ਨਾਲ ਜੁੜੀ ਮਾਨਸਿਕਤਾ, ਵਹਿਮ-ਭਰਮ ਅਤੇ ਰੂੜ੍ਹੀਵਾਦੀ ਧਾਰਮਿਕ ਵਿਚਾਰਾਂ ਦੀਆਂ ਖੋਖਲੀਆਂ ਬੁਨਿਆਦਾਂ ਢਹਿ-ਢੇਰੀ ਹੋ ਗਈਆਂ। ਇਸ ਸੰਬੰਧੀ ਅਠਾਰਵੀਂ ਸਦੀ ਵਿਚ ਦਰਬਾਰ ਸਾਹਿਬ,

---

[193] *ਆਦਿ ਸਾਖੀਆਂ*, ਸਾਖੀ/ਪੰਨਾ- ੨੪/੨੭੨-੮.

ਅੰਮ੍ਰਿਤਸਰ ਦੇ ਲੰਗਰ-ਪੰਗਤ ਦੀ ਅਖੀਂ ਡਿਠੀ ਗਵਾਹੀ ਪੇਸ਼ ਕਰਦਾ ਹੋਇਆ ਭਾਈ ਕੇਸਰ ਸਿੰਘ ਛਿਬਰ ਇਉਂ ਅੰਕਿਤ ਕਰਦਾ ਹੈ :

*ਸਦਾ ਬ੍ਰਿਤ ਜੋ ਕੋਈ ਸਾਧ ਸੰਤ ਸਿਖ ਫਕੀਰ ਪਰਦੇਸੀ ਆਵੈ॥...*
*ਸੂਰਦਾਸ ਲੰਗਾ ਬੁਢਾ ਹੀਣਾ ਅਰਥੀ...*
*ਹੋਰੁ ਮਾਈ ਬੁਢੀ ਠੇਰੀ... ਸੋਈ ਭੋਜਨ ਮਾਤ੍ਰ ਦਰਬਾਰੋ ਲੇਵੈ।*
*ਇਸ ਖਰਚ ਤੇ ਲੈ ਵਧੇ ਜੋ ਮਾਇਆ।*
*ਮਹੀਨੇ ਕਾਮਿਆ ਮੁਸੰਦੀਆ ਦਰੋਗਿਆ ਏ ਠਹਿਰਾਇਆ॥*[194]

ਲੰਗਰ ਦੇ ਸਿਧਾਂਤਕ ਪਖ ਨੂੰ ਅਮਲੀ ਰੂਪ ਵਿਚ ਪ੍ਰਗਟ ਕਰਨ ਲਈ ਗੁਰੂ ਸਾਹਿਬ ਆਪ ਵੀ ਸੰਗਤਾਂ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਸਨ।[195] ਲੰਗਰ ਦੀ ਮਹਾਨਤਾ ਇਸ ਤਥ ਤੋਂ ਵੀ ਉਜਾਗਰ ਹੁੰਦੀ ਹੈ ਕਿ ਗੁਰੂ ਸਾਹਿਬ ਜਦੋਂ ਵੀ ਕਿਸੇ ਵਿਅਕਤੀ ’ਤੇ ਆਪਣੀ ਖੁਸ਼ੀ ਪ੍ਰਗਟ ਕਰਦੇ ਤਾਂ ਉਸ ਨੂੰ ਲੰਗਰ ਦੀ ਸੇਵਾ ਬਖਸ਼ਦੇ। ਲੋੜਵੰਦ ਜਾਂ ਗਰੀਬ ਨੂੰ ਲੰਗਰ ਛਕਾਉਣਾ ਗੁਰੂ ਨੂੰ ਪ੍ਰਸ਼ਾਦ ਛਕਾਉਣ ਦੇ ਬਰਾਬਰ ਹੈ। ਗੁਰੂ ਅਮਰਦਾਸ ਜੀ ਨੇ *ਪਹਿਲੇ ਪੰਗਤ ਪਾਛੇ ਸੰਗਤ* ਦਾ ਜਰੂਰੀ ਹੁਕਮ ਵੀ ਕੀਤਾ ਸੀ, ਜਿਹੜਾ ਕਿ ਸਮਕਾਲੀ ਬਾਦਸ਼ਾਹ ਅਕਬਰ ਨੂੰ ਵੀ ਮੰਨਣਾ ਪਿਆ।[196]

ਡਾ. ਸ਼ੇਰ ਸਿੰਘ ਨੇ ਵੀ ਲੰਗਰ, ਪੰਗਤ ਤੇ ਦੇਗ ਦੁਆਰਾ ਜਾਤੀ ਭੇਦ ਮਿਟਾਉਣ ਦਾ ਜ਼ਿਕਰ ਕੀਤਾ ਹੈ। ਡਾ. ਸਾਹਿਬ ਅਨੁਸਾਰ ਇਨ੍ਹਾਂ ਸੰਸਥਾਵਾਂ (ਲੰਗਰ, ਪੰਗਤ ਤੇ ਦੇਗ) ਦਾ ਭਾਵ ਆਤਮਿਕ ਉਨਤੀ ਦੇ ਨਾਲ-ਨਾਲ ਜਾਤੀ ਭੇਦ ਮਿਟਾਉਣਾ ਵੀ ਸੀ। ਗੁਰੂ ਸਾਹਿਬ ਨੇ ਲੰਗਰ ਦੀ ਸੰਸਥਾ ਚਲਾ ਕੇ ਜਾਤੀ ਵੰਡ ਤੇ ਛੂਤ-ਛਾਤ ਦੀ ਸਭ ਤੋਂ ਹੇਠਲੀ ਤੇ ਡੂੰਘੀ ਜੜ੍ਹ ਉਤੇ ਤਿੱਖਾ ਵਾਰ ਕੀਤਾ। ਸੰਗਤ ਵਿਚ ਬਿਨਾਂ ਕਿਸੇ ਭੇਦ ਭਾਵ ਦੇ ਇਕ ਥਾਂ ਉਤੇ ਜੁੜਨਾ ਇਕ ਅਜਿਹਾ ਕਦਮ ਸੀ, ਜਿਸ ਨੇ ਸਿੱਖਾਂ ਵਿਚ ਸਹਿਜ ਸੁਭਾ ਹੀ ਏਕਤਾ ਸਮਾਨਤਾ ਤੇ ਛੂਤ-ਛਾਤ ਦਾ ਅਭਾਵ ਲਿਆਂਦਾ। ਦੇਗ ਵਰਤਾਉਣ ਦਾ ਭਾਵ ਵੀ ਇਹੋ ਸੀ ਜਿਹੜਾ ਗੁਰੂ ਕੇ ਲੰਗਰ ਦਾ ਹੈ। ਭਾਵੇਂ ਦੇਗ ਨਾਲ ਧਾਰਮਿਕ ਰਸਮ ਦੀ ਸ਼ਕਲ ਵਿਚ ਸੀਤ ਪ੍ਰਸ਼ਾਦ ਵੀ ਹੈ, ਪਰੰਤੂ ਬੁਨਿਆਦੀ ਅਸੂਲ ਇਹੋ ਹੀ ਸੀ ਕਿ ਸਾਰੇ ਵਰਣਾਂ, ਜਾਤੀਆਂ ਤੇ ਨਸਲਾਂ ਦੇ ਲੋਕ ਇਕ ਥਾਂ ਜੁੜ ਕੇ ਬੈਠਣ।

---

[194] *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ – ੧੩/੧੬-੮/੧੪੩.

[195] *ਸਿਖ ਬੁਲਾਇ ਬੈਠਾਇ ਪੰਗਤ ਆਪਿ ਛਕਾਵਤ ਬੈਠਿ ਮੁਰਾਰਾ॥ ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ –੯/੮੧੬/੩੮੫.

[196] *ਮਹਿਮਾ ਪ੍ਰਕਾਸ਼* (ਵਾਰਤਕ), ਸਾਖੀ/ਪੰਨਾ – ੩੭/੮੬.

ਸੰਗਤ ਵਿਚ ਇਕ ਥਾਂ ਜੁੜ ਬੈਠਣਾ, ਇਕ ਅਜਿਹਾ ਕਦਮ ਸੀ, ਜਿਸ ਨੇ ਸਿੱਖਾਂ ਵਿਚ ਸਹਿਜ ਸੁਭਾਅ ਹੀ ਏਕਤਾ, ਸਮਾਨਤਾ ਤੇ ਛੂਤ-ਛਾਤ ਦਾ ਅਭਾਵ ਪੈਦਾ ਕੀਤਾ। ਲੇਖਕ ਕਹਿੰਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਆਉਣ ਵਾਲਾ ਇਕ ਅਛੂਤ (ਭਾਈ ਜੈਤਾ ਜੀ) ਹੀ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦਿਤਾ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਛਾਤੀ ਨਾਲ ਲਗਣ ਦਾ ਇਹ ਮਾਣ ਅਛੂਤ ਨੂੰ ਹੀ ਪ੍ਰਾਪਤ ਹੋਇਆ। ਸਤਿਗੁਰਾਂ ਨੇ ਅਛੂਤਾਂ ਨੂੰ ਗੁਰੂ ਦੇ ਬੇਟੇ ਕਿਹਾ। ਇਸ ਤੋਂ ਉਚੀ ਪਦਵੀ ਸਤਿਗੁਰਾਂ ਨੇ ਕਿਸੇ ਵੀ ਜਾਤੀ ਨੂੰ ਨਹੀਂ ਦਿਤੀ।

ਉਕਤ ਦੇ ਸਾਰ ਵਜੋਂ ਸਪਸ਼ਟ ਹੁੰਦਾ ਹੈ ਕਿ ਡਾ. ਸ਼ੇਰ ਸਿੰਘ ਨੇ ਆਪਣੇ ਸਿੱਖ ਅਧਿਐਨ ਵਿਚ ਜਿਥੇ ਦੁਨੀਆ ਦੀਆਂ ਪ੍ਰਸਿਧ ਦਾਰਸ਼ਨਿਕ ਲਿਖਤਾਂ ਦਾ ਗੰਭੀਰ ਅਧਿਐਨ ਕੀਤਾ, ਉਥੇ ਆਪਣੇ ਸਮੇਂ ਦੇ ਸਮਕਾਲੀ ਜਾਂ ਪੂਰਬਲੇ ਅਧਿਕਾਰੀ ਵਿਦਵਾਨਾਂ ਨੂੰ ਵੀ ਨਿਠ ਕੇ ਘੋਖਿਆ ਹੈ। ਡਾ. ਸ਼ੇਰ ਸਿੰਘ ਦੁਆਰਾ ਕੀਤੀ ਵਿਆਖਿਆ ਦੀ ਬੁਨਿਆਦੀ ਟੇਕ ਗੁਰਬਾਣੀ ਅਤੇ ਇਸ ਦੀ ਵਿਆਖਿਆ-ਸਰੂਪ ਭਾਈ ਗੁਰਦਾਸ ਜੀ ਦੀਆਂ ਵਾਰਾਂ ਉਤੇ ਹੈ। ਡਾ. ਸ਼ੇਰ ਸਿੰਘ ਅਨੁਸਾਰ ਗੁਰਮਤਿ ਦਰਸ਼ਨ ਇਕ ਸੁਤੰਤਰ ਦਰਸ਼ਨ ਹੈ, ਜਿਸ ਦਾ ਅਧਾਰ ਕੇਵਲ ਤੇ ਕੇਵਲ ਗੁਰਬਾਣੀ ਹੈ, ਜੋ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵ ਦਾ ਰਹਸਮਈ ਪ੍ਰਗਟਾਵਾ ਹੈ। ਉਨ੍ਹਾਂ ਦੁਆਰਾ ਕੀਤੀ ਗੁਰਬਾਣੀ ਅਤੇ ਸਿੱਖ ਆਦਰਸ਼ਾਂ ਦੀ ਵਿਆਖਿਆ ਅਜ ਵੀ ਉਤਨੀ ਹੀ ਸਾਰਥਕ ਜਾਪਦੀ ਹੈ ਜਿਤਨੀ ਕਿ ਇਹ ਰਚਨਾਕਾਲ ਦੌਰਾਨ ਸੀ।

ਪਿਛਲੇ ਅਧਿਆਇਆਂ ਵਿਚ ਅਸੀਂ ਡਾ. ਸ਼ੇਰ ਸਿੰਘ ਦੇ ਜੀਵਨ-ਸ਼ਖਸੀਅਤ, ਰਚਨਾਵਾਂ ਅਤੇ ਉਨ੍ਹਾਂ ਦੁਆਰਾ ਕੀਤੇ ਸਿੱਖ ਅਧਿਐਨ ਨੂੰ ਸਮਝਣ ਦਾ ਜਤਨ ਕੀਤਾ ਹੈ। ਇਸ ਅਧਿਆਇ ਦਾ ਸੰਬੰਧ ਉਨ੍ਹਾਂ ਦੇ ਸਿੱਖ ਅਕਾਦਮਿਕਤਾ ਅਤੇ ਹੋਰ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਨਿਸ਼ਾਨਦੇਹ ਕਰਨਾ ਹੈ। ਡਾ. ਸ਼ੇਰ ਸਿੰਘ ਨੇ ਗੁਰਮਤਿ ਦਾ ਸਹੀ ਦ੍ਰਿਸ਼ਟੀਕੋਣ ਪੇਸ਼ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਸਿੱਖ ਸਮਾਜ ਪ੍ਰਤੀ ਉਨ੍ਹਾਂ ਦੀ ਬਹੁ-ਪਖੀ ਦੇਣ ਹੈ। ਅਧਿਆਇ ਵਿਚ ਅਸੀਂ ਉਨ੍ਹਾਂ ਦੁਆਰਾ ਪਾਏ ਯੋਗਦਾਨ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਕੇ ਮੁਲੰਕਣ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ:

1. ਸਿੱਖ ਦਰਸ਼ਨ ਦਾ ਸੁਤੰਤਰ ਅਸਤਿਤਵ
2. ਸਿੱਖ ਸਿਧਾਂਤਾਂ ਦੀ ਨਵੀਂ ਵਿਆਖਿਆ
3. ਸਿੱਖ ਅਧਿਆਪਨ ਦਾ ਨਵੀਨੀਕਰਨ
4. ਪ੍ਰਬੰਧਕੀ ਅਤੇ
5. ਸਮਕਾਲੀ ਵੰਗਾਰਾਂ ਦੇ ਉਤਰ

## 4.1 ਸਿੱਖ ਦਰਸ਼ਨ ਦਾ ਸੁਤੰਤਰ ਅਸਤਿਤਵ

ਡਾ. ਸ਼ੇਰ ਸਿੰਘ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਦਸਿਆ ਕਿ ਸਿੱਖ ਦਰਸ਼ਨ ਦਾ ਸੁਤੰਤਰ ਅਸਤਿਤਵ ਹੈ।[1] ਭਾਵ ਕਿ ਸਿੱਖ ਦਰਸ਼ਨ ਦੀ ਜਾਂ ਤਾਂ ਹੋਂਦ ਪ੍ਰਵਾਨ ਹੀ ਨਹੀਂ ਕੀਤੀ ਗਈ, ਇਸ ਨੂੰ ਮਹਿਜ਼ ਜੀਵਨ-ਜਾਚ ਹੀ ਦਸਿਆ ਗਿਆ, ਜਾਂ ਇਸ ਨੂੰ ਇਸਲਾਮ ਅਤੇ ਹਿੰਦੂ ਮਤ ਦਾ ਸੁਮੇਲ ਮੰਨਿਆ ਗਿਆ, ਜਾਂ ਫਿਰ ਪਰੰਪਰਾ ਦਾ ਇਕ ਹਿਸਾ। ਇਥੋਂ ਤਕ ਕਿ ਸਿੱਖ ਸੰਪਰਦਾਵਾਂ (ਖਾਸਕਰ ਨਿਰਮਲੇ) ਨੇ ਵੀ ਇਸ ਨੂੰ ਵੇਦਾਂਤ ਦਾ ਹੀ ਹਿਸਾ ਬਣਾ ਦਿਤਾ। ਅਜਿਹੀ ਸਥਿਤੀ ਵਿਚ ਡਾ. ਸ਼ੇਰ ਸਿੰਘ ਨੇ ਸਿੱਖ ਦਰਸ਼ਨ ਦੀ ਸੁਤੰਤਰਤਾ ਨੂੰ ਸਾਹਮਣੇ ਲਿਆਂਦਾ।

## 4.2 ਸਿੱਖ ਸਿਧਾਂਤਾਂ ਦੀ ਨਵੀਂ ਵਿਆਖਿਆ

ਡਾ. ਸ਼ੇਰ ਸਿੰਘ ਤੋਂ ਪਹਿਲਾਂ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਨ ਦਾ ਢੰਗ ਕਥਾ-ਰੂਪ ਵਾਲਾ ਸੀ, ਜਿਹੜਾ ਵਧੇਰੇ ਕਰਕੇ ਪਰੰਪਰਿਕ ਰੰਗਣ ਵਾਲਾ ਸੀ। ਦੂਜਾ ਢੰਗ, ਗੁਰਬਾਣੀ ਦੀਆਂ ਕੁਝ

[1] ਜ਼ਿਕਰਯੋਗ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ *ਗੁਰੁਮਤ ਪ੍ਰਭਾਕਰ* ਦੀ ਭੂਮਿਕਾ ਵਿਚ ਸਿੱਖ ਦਰਸ਼ਨ ਦੇ ਕੁਝ ਮੁਢਲੇ ਸਿਧਾਂਤ ਤਲਾਸ਼ੇ ਸਨ। ਉਹ ਮਹਤਵਪੂਰਨ ਹੋਣ ਦੇ ਬਾਵਜੂਦ ਸਿੱਖ ਜੀਵਨ ਦਰਸ਼ਨ ਦੀ ਸਥਾਪਨਾ ਵਲ ਵਧੇਰੇ ਅਗਰਸਨ ਹੁੰਦੇ ਸਨ, ਵੇਖੋ: ਪੰਨਾ 'ਦੋ ਸ਼ਬਦ'।

ਪੰਕਤੀਆਂ ਤਲਾਸ਼ ਕੇ ਉਨ੍ਹਾਂ ਦੀ ਸਰਲ ਵਿਆਖਿਆ ਕਰਨ ਤਕ ਸੀਮਤ ਸੀ। ਡਾ. ਸ਼ੇਰ ਸਿੰਘ ਨੇ ਪਹਿਲੀ ਵਾਰ ਤੁਲਨਾਤਮਿਕ ਢੰਗ ਨਾਲ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਪੇਸ਼ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਤੋਂ ਪਹਿਲਾਂ ਅਤੇ ਸਮਕਾਲੀ ਅਨੇਕ ਹੋਰ ਅਜਿਹੇ ਵਿਦਵਾਨ ਹੋਏ, ਜਿਨ੍ਹਾਂ ਨੇ ਆਪੋ-ਆਪਣੀ ਸੂਝ ਅਨੁਸਾਰ ਗੁਰਬਾਣੀ ਦੀ ਵਿਆਖਿਆ ਕੀਤੀ।

ਡਾ. ਸ਼ੇਰ ਸਿੰਘ ਇਕ ਗੰਭੀਰ ਦਾਰਸ਼ਨਿਕ ਸਨ। ਸੰਸਾਰ ਦਰਸ਼ਨ ਦਾ ਗੰਭੀਰ ਵਿਦਿਆਰਥੀ ਹੋਣ ਕਰਕੇ ਉਨ੍ਹਾਂ ਨੇ ਬਹੁਤਾ ਧਿਆਨ ਭਾਰਤੀ ਤੇ ਉਨ੍ਹਾਂ ਸਾਮੀ ਧਰਮਾਂ ਵਲ ਦਿਤਾ, ਜਿਨ੍ਹਾਂ ਦਾ ਗੁਰਮਤਿ ਨਾਲ ਕਿਸੇ ਨਾ ਕਿਸੇ ਢੰਗ ਨਾਲ ਸੰਬੰਧ ਪ੍ਰਤੀਤ ਹੁੰਦਾ ਸੀ। ਇਕ ਬੁਧੀਜੀਵੀ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੇ ਸਿੱਖ ਫਲਸਫੇ ਦਾ ਘੋਖਵਾਂ ਅਧਿਐਨ ਕੀਤਾ। ਉਨ੍ਹਾਂ ਨੇ ਗੁਰਬਾਣੀ ਦੇ ਪਰੰਪਰਾਗਤ ਵਿਸ਼ਿਆਂ ਦੀ ਆਧੁਨਿਕ ਢੰਗ ਨਾਲ ਸ਼ਾਨਦਾਰ ਵਿਆਖਿਆ ਕੀਤੀ, ਜਿਹੜੀ ਕਿ ਅੰਤਰਰਾਸ਼ਟਰੀ ਪੂਰਬੀ ਤੇ ਪਛਮੀ ਦਰਸ਼ਨਾਂ ਵਿਚ ਸਰਵ-ਪ੍ਰਵਾਨਿਤ ਹੋਈ। ਉਨ੍ਹਾਂ ਨੇ ਹਰ ਫਲਸਫੇ ਨੂੰ ਘੋਖਦਿਆਂ ਸਿੱਖ ਦਰਸ਼ਨ ਦੀ ਸਰਬਉਚਤਾ ਸਥਾਪਿਤ ਕੀਤੀ।

ਡਾ. ਸ਼ੇਰ ਸਿੰਘ ਦੀ ਪ੍ਰਮੁਖ ਦੇਣ ਸਿੱਖ ਦਰਸ਼ਨ ਨੂੰ ਹੈ, ਕਿਉਂਕਿ ਉਨ੍ਹਾਂ ਨੇ ਸਿੱਖ ਦਰਸ਼ਨ ਦੇ ਚਾਰ ਮੁਢਲੇ ਸਿਧਾਂਤਾਂ- ਅਕਾਲਪੁਰਖ, ਸ੍ਰਿਸ਼ਟੀ ਰਚਨਾ, ਜੀਵ ਅਤੇ ਮੁਕਤੀ ਦੀ ਦਾਰਸ਼ਨਿਕ ਵਿਆਖਿਆ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਲਗਪਗ ਪਹਿਲੀ ਵਾਰ ਪ੍ਰਬੰਧ ਰੂਪ ਵਿਚ *ਮਰਨ ਤੋਂ ਪਿਛੋਂ* ਵਿਸ਼ੇ ਉਤੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਦੀ ਅਜਿਹੀ ਦਾਰਸ਼ਨਿਕ ਪ੍ਰਵਿਰਤੀ ਦੇ ਫਲਸਰੂਪ ਹੀ ਗੁਰਮਤਿ ਵਿਆਖਿਆਕਾਰੀ ਦੇ ਖੇਤਰ ਵਿਚ ਪਹਿਲੀ ਦਾਰਸ਼ਨਿਕ ਪੁਸਤਕ *ਮਰਨ ਤੋਂ ਪਿਛੋਂ* ਤੋਂ ਆਰੰਭ ਹੋ ਕੇ ਅੰਤਿਮ ਪੁਸਤਕ *ਜਪੁ ਜੀ ਦਰਸ਼ਨ* ਜਿਹੀਆਂ ਦਾਰਸ਼ਨਿਕ ਪੁਸਤਕਾਂ ਹੋਂਦ ਵਿਚ ਆਈਆਂ।

### 4.2.1 ਵਿਆਖਿਆ ਦੇ ਵਿਸ਼ੇ

ਡਾ. ਸ਼ੇਰ ਸਿੰਘ ਨੇ ਧਾਰਮਿਕ ਅਤੇ ਸਮਾਜਿਕ ਵਿਸ਼ਿਆਂ ਉਤੇ ਕੇਂਦਰਿਤ ਹੋ ਕੇ ਵਿਆਖਿਆ ਕੀਤੀ ਹੈ। ਉਨ੍ਹਾਂ ਨੇ ਵਧੇਰੇ ਵਿਸ਼ੇ ਧਾਰਮਿਕ (ਖਾਸ ਕਰਕੇ ਸਿੱਖ ਧਰਮ ਨਾਲ ਸੰਬੰਧਤ) ਹੀ ਚੁਣੇ ਹਨ ਅਤੇ ਜਿਥੇ ਕਿਤੇ ਸਮਾਜਿਕ ਵਿਸ਼ਾ ਚੁਣਿਆ ਵੀ ਹੈ, ਉਸ ਨੂੰ ਵੀ ਧਾਰਮਿਕ ਰੰਗਣ ਦਿਤੀ ਹੈ। ਮਿਸਾਲ ਵਜੋਂ ਛੂਤ-ਛਾਤ ਜਿਹੇ ਸਮਾਜਿਕ ਵਿਸ਼ੇ ਉਤੇ ਲਿਖਣ ਲਗਿਆਂ, ਛੂਤ-ਛਾਤ ਸੰਬੰਧੀ ਸੰਖੇਪ ਇਤਿਹਾਸ ਦੇ ਕੇ ਗੁਰਮਤਿ ਸਿਧਾਂਤ ਪ੍ਰਗਟਾਉਣ ਲਈ ਉਹ

ਗੁਰਬਾਣੀ ਟੂਕਾਂ ਅਤੇ ਇਸ ਸੰਬੰਧੀ ਸਿੱਖ ਧਰਮ ਦੇ ਵਿਚਾਰਾਂ ਨਾਲ ਭਰਪੂਰ ਕਰ ਦਿੰਦੇ ਹਨ।[2] ਆਪ ਨੇ ਧਾਰਮਿਕ ਵਿਸ਼ੇ ਵੀ ਅਜਿਹੇ ਚੁਣੇ ਹਨ ਜਿਹੜੇ ਕੁਝ ਦਾਰਸ਼ਨਿਕ ਪ੍ਰਵਿਰਤੀ ਦੇ ਹਨ। ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ ਦੀ ਸੂਚੀ ਉਤੇ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਉਨ੍ਹਾਂ ਦੀਆਂ ਬਹੁਤੀਆਂ ਰਚਨਾਵਾਂ ਧਾਰਮਿਕ ਹੋਣ ਦੇ ਨਾਲ-ਨਾਲ ਦਾਰਸ਼ਨਿਕ ਵੀ ਹਨ।[3] ਅਜਿਹੇ ਵਿਸ਼ਿਆਂ ਦੀ ਮਹਾਨਤਾ ਨੂੰ ਪ੍ਰਗਟਾਉਂਦਿਆਂ ਆਪ ਲਿਖਦੇ ਹਨ ਕਿ, "ਜਿਥੇ ਸਾਹਿਤ ਦੇ ਹੋਰ ਅੰਗਾਂ ਵਲ ਲਿਖਾਰੀ ਖਾਸੀ ਦਿਲਚਸਪੀ ਰਖਦੇ ਹਨ ਉਥੇ ਸਾਹਿਤ ਦੇ ਅਸਲੀ ਮੁਢ ਧਰਮ ਦੇ ਦਰਸ਼ਨ ਦੀ ਸਾਹਿਤਕ ਵਿਚਾਰ ਤੋਂ ਅਵੇਸਲੇ ਹਨ। ਸੰਸਾਰ ਦੇ ਕਿਸੇ ਸਾਹਿਤ ਨੇ ਵੀ ਉਨਾ ਚਿਰ ਉਨਤੀ ਨਹੀਂ ਕੀਤੀ ਜਿੰਨਾ ਚਿਰ ਕਿ ਉਸ ਵਿਚ ਪਿਉ ਦਾਦੇ ਦੇ ਖਜ਼ਾਨੇ ਦੀ ਫੋਲਾ-ਫਾਲੀ ਨਹੀਂ ਹੋਈ।..."[4] ਡਾ. ਸ਼ੇਰ ਸਿੰਘ ਦੀਆਂ ਬਹੁਤੀਆਂ ਪੁਸਤਕਾਂ ਦਾ ਮੂਲ ਵਿਸ਼ਾ ਲਗਪਗ ਇਕੋ ਜਿਹਾ ਹੋਣ ਕਰਕੇ ਬੋਧ ਦੀ ਇਕਸਾਰਤਾ ਜਿਹੀ ਮਹਿਸੂਸ ਹੁੰਦੀ ਹੈ।

### 4.1.2 ਬਾਣੀ ਦਾ ਅੰਗਰੇਜ਼ੀ ਅਨੁਵਾਦ

ਡਾ. ਸ਼ੇਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਚੋਣਵੇ 44 ਸ਼ਬਦਾਂ ਦੇ ਨਾਲ-ਨਾਲ ਭਗਤ ਕਬੀਰ ਜੀ ਦੇ ਕੁਝ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ ਵੀ ਕੀਤਾ ਹੈ। ਇਹ ਅਨੁਵਾਦ ਐਨਾ ਸਰਲ ਅਤੇ ਸਪਸ਼ਟ ਹੈ ਕਿ ਪਾਠਕ ਨੂੰ ਮੂਲ ਵਿਸ਼ੇ ਦੀ ਸੌਖਿਆਂ ਹੀ ਸਮਝ ਪੈ ਜਾਂਦੀ ਹੈ। ਨਮੂਨੇ ਵਜੋਂ ਅਸੀਂ ਰਾਮਕਲੀ ਰਾਗ ਵਿਚੋਂ ਇਕ ਸਬਦ ਦੇ ਰਹੇ ਹਾਂ। ਬਾਣੀ ਦਾ ਮੂਲ ਪਾਠ ਹੈ :

*ਸ੍ਰਿਸਟੇ ਭੇਉ ਨ ਜਾਣੈ ਕੋਇ॥*
*ਸ੍ਰਿਸਟਾ ਕਰੈ ਸੁ ਨਿਹਚਉ ਹੋਇ॥*
*ਸੰਪੈ ਕਉ ਈਸਰੁ ਧਿਆਈਐ॥*
*ਸੰਪੈ ਪੁਰਬਿ ਲਿਖੇ ਕੀ ਪਾਈਐ॥*
*ਸੰਪੈ ਕਾਰਣਿ ਚਾਕਰ ਚੋਰ॥*
*ਸੰਪੈ ਸਾਥਿ ਨ ਚਾਲੈ ਹੋਰ॥*

2. ਵੇਖੋ: *ਵਿਚਾਰਮਾਲਾ*, ਪੰਨੇ 42-82.
3. ਮਿਸਾਲ ਵਜੋਂ *ਵਿਚਾਰਮਾਲਾ*, *ਵਿਚਾਰਧਾਰਾ*, *ਜਪੁ ਜੀ ਦਰਸ਼ਨ*, *ਬੁਧ ਕਸੌਟੀ*, *ਗੁਰਮਤਿ ਦਰਸ਼ਨ*, ਆਦਿ।
4. *ਵਿਚਾਰਧਾਰਾ*, ਪੰਨਾ 'ੲ'.

*ਬਿਨੁ ਸਾਚੇ ਨਹੀ ਦਰਗਹ ਮਾਨੁ॥*

*ਹਰਿ ਰਸੁ ਪੀਵੈ ਛੁਟੈ ਨਿਦਾਨਿ॥*[5]

ਅੰਗਰੇਜ਼ੀ ਅਨੁਵਾਦ :

*Mysterious ways of the Creator are not known to any ;*
*Whatever the Creator does unmistakably happens ;*
*People pray to God to attain wealth ;*
*But they get as it is preordained ;*
*For the sake of wealth they become servants and thieves;*
*But this wealth does not go with them any more.*
*None but the truthful is honoured in the divine court ;*
*He who drinks the divine essence is emancipated in the end.* [6]

ਡਾ. ਸ਼ੇਰ ਸਿੰਘ ਦੀ ਵਿਆਖਿਆ ਦਾ ਇਕ ਹੋਰ ਅਹਿਮ ਪਖ ਇਹ ਹੈ ਕਿ ਇਨ੍ਹਾਂ ਨੇ ਸਿੱਖ ਦਾਰਸ਼ਨਿਕ ਸ਼ਬਦਾਵਲੀ ਦੀ ਘਾੜਤ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ। ਮਿਸਾਲ ਵਜੋਂ, ਆਪ ਸਮੁਚੇ ਸੰਸਾਰ ਨੂੰ *ਗੋਬਿੰਦਿਅਨ ਰੀਪਬਲਿਕ* (Gobindian Republic)[7] ਭਾਵ ਪਰਮਾਤਮਾ (ਗੋਬਿੰਦ) ਦੇ ਗਣਤੰਤਰ ਵਜੋਂ ਪੇਸ਼ ਕਰਦੇ ਹਨ। ਆਪ ਅਨੁਸਾਰ ਪਰਮਾਤਮਾ ਦੇ ਇਸ ਗਣਤੰਤਰ ਦਾ ਜ਼ਹੂਰ ਸ੍ਰੀ ਗੁਰੂ ਗੋਬਿੰਦ ਸਿੰਘ ਰਾਹੀਂ ਸਥਾਪਿਤ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਵਿਚ ਆਪ ਨਿਵੇਕਲੇ ਅੰਦਾਜ਼ ਵਿਚ ਕੁਝ ਸ਼ਬਦ ਇਉਂ ਅੰਕਿਤ ਕਰਦੇ ਹਨ:

***GOBIND SINGH,***

*Just a man, among the men of the world,*
*having been blessed as the son of the Immortal Supreme Being*
*who*
*Hath Commissioned me to guide the human beings*
*to Righteousness (Dharma)*
*Restraining them from non-sensical acts*
*HIS FIRST DAY OF BAISAKH OF SAMBAT 1756 (A.D. 1699)*

---

5. ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੭.

6. *Guru Nanak On the Malady of Man*, p. 14.

7. ਵੇਖੋ : *Social & Political Philosophy of Guru Gobind Singh*, 'ਪ੍ਰਸਤਾਵਨਾ'.

*DO HEREBY ESTABLISH*

***THE ORDER OF THE KHALSA (Gobindian Republic),***

*which will secure to all citizens of the world*

*Free Membership of the order by means of Amrit,*

*Making no restriction of religion, race, colour, caste or country,*

*heading to*

***GLOBAL FRATERNITY ASSURING SELF RESPECT AND DIGNITY***

*of every human being in every community and country*

*in a pattern of International Brotherhood,*

*based on*

***JUSTICE, LIBERTY AND EQUALITY***

*which automatically issue forth from the human mind through*

***NAM*** : *Practising contemplation for the merging of the individual self into the universal self.*

***DAN*** : *Practising service of fellow being involving sacrifice of body, mind and money.*

***ASNAN*** : *Practising purity of body (by water) of mind (by reciting – Gurbani-sacred hymns) of environment (by clean deeds – Nirmal Karma)* [8]

**ਪੰਜਾਬੀ ਅਨੁਵਾਦ:**

ਗੋਬਿੰਦ ਸਿੰਘ

*ਸਮੁਚੇ ਸੰਸਾਰ ਦੇ ਵਿਅਕਤੀਆਂ ਵਿਚਲਾ ਇਕ ਵਿਅਕਤੀ,*

*ਪਰਮਾਤਮਾ ਦਾ ਸਾਜਿਆ ਸਪੁਤਰ,*

*ਜਿਸ ਨੇ*

*ਗੁਰੂ ਗੋਬਿੰਦ ਸਿੰਘ ਨੂੰ ਲੋਕਾਂ ਨੂੰ ਧਰਮ ਦਾ ਰਾਹ ਦਿਖਾਉਣ ਲਈ ਭੇਜਿਆ*

*ਲੋਕਾਂ ਨੂੰ ਕੁਬੁਧਿ ਕਰਨ ਤੋਂ ਹਟਾਉਣ ਹਿਤ*

*ਵੈਸਾਖ ਸੰਬਤ 1756 (1699 ਈ.) ਦੇ ਪਹਿਲੇ ਦਿਨ*

*ਖਾਲਸੇ ਦਾ ਵਿਧਾਨ (ਪਰਮਾਤਮਾ ਦਾ ਗਣਤੰਤਰ) ਸਥਾਪਿਤ ਕਰਨਾ*

---

8. *Social & Political Philosophy of Guru Gobind Singh,* 'ਪ੍ਰਸਤਾਵਨਾ'.

*ਜਿਹੜਾ ਕਿ ਸਮੁਚੇ ਸੰਸਾਰ ਦੇ ਵਸਨੀਕਾਂ ਦੀ ਸੁਰਖਿਆ ਮੁਹਈਆ ਕਰਵਾਏਗਾ*

*ਅੰਮ੍ਰਿਤ ਰਾਹੀਂ ਇਸ ਪੰਥ ਵਿਚ ਸ਼ਾਮਿਲ ਹੋਣ ਦੀ ਮੁਫਤ ਸਦਸਯਤਾ*

*ਜਿਥੇ ਕਿਸੇ ਕਿਸਮ ਦੇ ਧਰਮ, ਵੰਸ਼, ਰੰਗ, ਜਾਤ ਜਾਂ ਦੇਸ਼ ਦੀ ਕੋਈ ਪਾਬੰਦੀ ਨਹੀਂ*

*ਜਿਹੜਾ ਕਿ ਵਿਸ਼ਵ-ਭਾਈਚਾਰੇ ਦੀ ਅਗਵਾਈ ਕਰੇਗਾ*

*ਜਿਥੇ ਕਿ ਅੰਤਰਰਾਸ਼ਟਰੀ ਭਾਈਚਾਰੇ ਦੀ ਵੰਨਗੀ ਦੇ*

*ਆਧਾਰ ਉਤੇ ਹਰੇਕ ਸਮਾਜ ਅਤੇ ਦੇਸ਼ ਦੇ ਸਾਧਾਰਨ ਮਨੁਖ ਨੂੰ*

*ਸ੍ਵੈ ਸਤਿਕਾਰ ਅਤੇ ਮਾਨ ਵਡਿਆਈ ਪ੍ਰਦਾਨ ਕਰੇਗਾ,*

*ਜਿਹੜਾ ਕਿ*

*ਨਿਆਂ, ਮੁਕਤੀ ਅਤੇ ਬਰਾਬਰੀ ਉਤੇ ਅਧਾਰਿਤ ਹੋਵੇਗਾ ਅਤੇ ਹੇਠਲੇ ਤਿੰਨ ਸਿਧਾਂਤਾਂ ਰਾਹੀਂ*

*ਮਨੁਖੀ ਮਨ ਵਿਚੋਂ ਆਪਣੇ ਆਪ ਪ੍ਰਗਟ ਹੋਵੇਗਾ:*

*ਨਾਮ : ਸ੍ਵੈ ਹੋਂਦ ਨੂੰ ਵਿਸ਼ਵ ਹੋਂਦ ਵਿਚ ਧਿਆਨ ਰਾਹੀਂ ਸਮਲਿਤ ਕਰਨਾ।*

*ਦਾਨ : ਤਨ, ਮਨ, ਧਨ ਰਾਹੀਂ ਲੋਕਾਈ ਦੀ ਸੇਵਾ ਕਰਨ ਦਾ ਅਭਿਆਸ ਕਰਨਾ।*

*ਇਸ਼ਨਾਨ : ਤਨ, ਮਨ ਤੇ ਚੌਗਿਰਦੇ ਦਾ ਪਾਣੀ, ਬਾਣੀ ਅਤੇ ਨਿਰਮਲ ਕਰਮ*

*ਰਾਹੀਂ ਇਸ਼ਨਾਨ ਕਰਵਾਉਣ ਦਾ ਅਭਿਆਸ ਕਰਨਾ।*[9]

### 4.2.3 ਤੁਲਨਾਤਮਿਕ

ਡਾ. ਸ਼ੇਰ ਸਿੰਘ ਨੇ *ਗੁਰਮਤਿ ਦਰਸ਼ਨ, ਜਪੁ ਜੀ ਦਰਸ਼ਨ* ਆਦਿ ਪੁਸਤਕਾਂ ਰਾਹੀਂ ਸਿੱਖੀ ਸਿਧਾਂਤਾਂ ਨੂੰ ਸਿੱਖ ਜਗਤ ਤਕ ਪਹੁੰਚਾਉਣ ਦਾ ਸ਼ਲਾਘਾਯੋਗ ਜਤਨ ਕੀਤਾ। ਆਪ ਨੇ *ਗੁਰਮਤਿ ਦਰਸ਼ਨ* ਪੁਸਤਕ ਰਾਹੀਂ ਤੁਲਨਾਤਮਿਕ ਵਿਆਖਿਆ ਦੀ ਨਵੀਂ ਪਿਰਤ ਪਾਈ, ਜਿਸ ਦਾ ਅਗੇ ਚਲ ਕੇ ਕਈ ਹੋਰ ਵਿਆਖਿਆਕਾਰਾਂ ਨੇ ਅਨੁਸਰਨ ਕੀਤਾ। ਉਨ੍ਹਾਂ ਦੁਆਰਾ ਕੀਤੀ ਤੁਲਨਾਤਮਿਕ ਵਿਆਖਿਆ ਇਸ ਪ੍ਰਕਾਰ ਹੈ:

ਡਾ. ਸ਼ੇਰ ਸਿੰਘ ਨੇ ਵੈਦਿਕ ਤੇ ਅਵੈਦਿਕ ਧਰਮਾਂ ਨਾਲ ਗੁਰਮਤਿ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਰਬ ਦੀ ਹੋਂਦ ਸੰਬੰਧੀ ਵਿਚਾਰ ਕੀਤੀ ਹੈ। ਇਸ ਵਿਚ ਉਨ੍ਹਾਂ ਨੇ ਭਾਰਤੀ ਤੇ ਪਛਮੀ ਪਰੰਪਰਾ ਦਾ ਅਧਿਐਨ ਕੀਤਾ ਹੈ, ਜਿਸ ਵਿਚ ਡੇਕਾਰਟ (ਦਵੈਤ ਮਤ),

---

9. ਇਹ ਅਨੁਵਾਦ ਲੇਖਕ ਵਲੋਂ ਨਹੀਂ ਦਿਤਾ ਗਿਆ।

ਵੇਦਾਂਤ (ਅਦ੍ਵੈਤ ਵੇਦਾਂਤ), ਹੇਗਲ (ਸਰਬ ਅਦ੍ਵੈਤ), ਚਾਰਵਾਕ (ਨਾਸਤਕ) ਆਦਿ ਦੀ ਵਿਚਾਰ ਪੇਸ਼ ਕੀਤੀ ਹੈ। ਡਾ. ਸ਼ੇਰ ਸਿੰਘ ਅਨੁਸਾਰ ਸ਼ੰਕਰਾਚਾਰੀਆ ਦੇ ਫਲਸਫੇ ਦਾ ਅਧਾਰ *ਉਪਨਿਸ਼ਦ*, *ਭਗਵਦ ਗੀਤਾ* ਤੇ *ਬ੍ਰਹਮ ਸੂਤ੍ਰ* ਹਨ। ਸ਼ੰਕਰਾਚਾਰੀਆ ਦੇ ਫਲਸਫ਼ੇ ਨੂੰ 'ਅਦ੍ਵੈਤ ਵੇਦਾਂਤ' ਕਿਹਾ ਜਾਂਦਾ ਹੈ। ਡਾ. ਸ਼ੇਰ ਸਿੰਘ ਅਨੁਸਾਰ ਕਈ ਵਿਦਵਾਨ (ਖਾਸ ਕਰ ਨਿਰਮਲੇ) ਮੰਨਦੇ ਹਨ ਕਿ ਗੁਰਮਤਿ ਤੇ ਅਦ੍ਵੈਤ ਵੇਦਾਂਤ ਦਾ ਸਿਧਾਂਤ ਇਕ ਹੈ। ਪਰੰਤੂ ਡਾ. ਸ਼ੇਰ ਸਿੰਘ ਇਨ੍ਹਾਂ ਦੋਹਾਂ ਮਤਾਂ ਵਿਚ ਆਪਸੀ ਸਾਂਝ ਦੇ ਨਾਲ-ਨਾਲ ਅੰਤਰ ਵੀ ਮੰਨਦੇ ਹਨ। ਡਾ. ਸ਼ੇਰ ਸਿੰਘ ਅਨੁਸਾਰ ਉਕਤ ਦੋਹਾਂ ਮਤਾਂ ਵਿਚ ਮੂਲ ਮਤ ਕੇਵਲ ਬ੍ਰਹਮ ਹੈ। ਇਹ ਦੋਨੋਂ ਮਤ ਅਭੇਦਵਾਦੀ ਹਨ। ਡਾ. ਸ਼ੇਰ ਸਿੰਘ ਨੇ ਭਾਵੇਂ ਦੋਵਾਂ ਮਤਾਂ ਵਿਚ ਆਪਸੀ ਸਾਂਝ ਵੀ ਦਸੀ ਹੈ ਪਰ ਉਨ੍ਹਾਂ ਨੇ ਸਾਂਝ ਦੇ ਨਾਲੋਂ ਦੋਹਾਂ ਮਤਾਂ ਵਿਚ ਕਈ ਜ਼ਰੂਰੀ ਗਲਾਂ ਵਿਚ ਬਹੁਤ ਅੰਤਰ ਵੀ ਦਰਸਾਇਆ ਹੈ ਜਿਵੇਂ :

- ਅਦ੍ਵੈਤ ਮਤ ਵਿਚ ਭਗਤੀ ਲਈ ਕੋਈ ਥਾਂ ਨਹੀਂ, ਪਰ ਗੁਰਮਤਿ ਦੀ ਨੀਂਹ ਹੀ ਪ੍ਰੇਮਾ ਭਗਤੀ 'ਤੇ ਟਿਕੀ ਹੋਈ ਹੈ।
- ਅਦ੍ਵੈਤ ਮਤ ਅਨੁਸਾਰ ਬ੍ਰਹਮ ਸਰਗੁਣ ਹੈ। ਇਹ ਰੂਪ-ਰੰਗ, ਰੇਖ-ਭੇਖ ਰਖਦਾ ਹੈ, ਪਰ ਅਜਿਹਾ ਈਸ਼ਵਰ ਕੇਵਲ ਕਲਪਿਤ ਹਸਤੀ ਹੀ ਹੈ, ਪਰੰਤੂ ਗੁਰਮਤਿ ਵਿਚ ਅਕਾਲਪੁਰਖ ਦੇ ਨਿਰਗੁਣ-ਸਰਗੁਣ ਦੋਵਾਂ ਰੂਪਾਂ ਨੂੰ ਮੰਨਿਆ ਗਿਆ ਹੈ :

  *ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*[10]

- ਸ਼ੰਕਰਾਚਾਰੀਆ ਅਨੁਸਾਰ ਜਗਤ ਦਾ ਮੂਲ ਕਾਰਨ ਮਾਇਆ ਹੈ। ਮਾਇਆ ਅਨਿਰਵਚਨੀਯ ਹੈ। ਇਸ ਤਰ੍ਹਾਂ ਸੰਸਾਰ ਵੀ ਨਾ ਸਤ ਹੈ ਨਾ ਅਸਤ ਤੇ ਨਾ ਸਤ ਅਸਤ। ਕੇਵਲ ਬ੍ਰਹਮ ਹੀ ਤਤ ਸਤ ਹੈ। ਮਾਇਆ ਦੇ ਅਸਰ ਹੇਠ ਇਕ ਬ੍ਰਹਮ ਹੀ ਅਨੇਕ ਹੋ ਕੇ ਦਿਸਦਾ ਹੈ।

  ਆਤਮਾ ਤੇ ਪਰਮਾਤਮਾ ਵਾਸਤਵ ਵਿਚ ਇਕ ਹਨ, ਪਰ ਅਗਿਆਨ ਕਰਕੇ ਭਿੰਨ-ਭਿੰਨ ਪਰਤੀਤ ਹੁੰਦੇ ਹਨ। ਗੁਰੂ ਸਾਹਿਬ ਜਗਤ ਨੂੰ ਮਿਥਿਆ ਜਾਂ ਭਰਮ ਨਹੀਂ ਸਮਝਦੇ। ਇਹ ਜਗਤ ਉਸੇ ਸਚੇ ਬ੍ਰਹਮ ਦੀ ਕੋਠੜੀ ਹੈ ਤੇ ਉਸ ਵਿਚ ਉਸ ਦਾ ਹੀ ਵਾਸਾ ਹੈ।[11] ਗੁਰੂ ਸਾਹਿਬ ਅਨੁਸਾਰ ਅਕਾਲਪੁਰਖ ਦ੍ਵੈਤ ਭਾਵੀ ਨਹੀਂ ਹੈ, ਉਹ ਕੇਵਲ

---

[10] ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੭.

[11] *ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩.

ਇਕ ਅਕਾਲਪੁਰਖ ਹੀ ਹੈ। ਸਾਰੇ ਜੀਵਾਂ ਦਾ ਮਾਤਾ-ਪਿਤਾ ਇਕ ਅਕਾਲਪੁਰਖ ਹੈ, ਇਸ ਲਈ ਸਾਰੇ ਜੀਵ ਇਸ ਦੇ ਹਨ। ਜੀਵਾਤਮਾ ਬ੍ਰਹਮ ਨਾਲੋਂ ਵਖਰੀ ਨਹੀਂ, ਨਾ ਹੀ ਇਹ ਕੇਵਲ ਭਰਮ ਹੈ।[12]

- ਸ਼ੰਕਰਾਚਾਰੀਆ ਅਨੁਸਾਰ ਮੁਕਤੀ ਪ੍ਰਾਪਤੀ ਦਾ ਸਾਧਨ ਗਿਆਨ ਹੈ, ਜਿਹੜਾ ਸੰਨਿਆਸ ਧਾਰਨ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਨੇ ਸ਼ੰਕਰ ਦੇ ਇਸ ਸੰਨਿਆਸ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਸਾਹਿਬ ਅਨੁਸਾਰ ਮਨੁਖ ਅੰਦਰ ਸਤ-ਅਸਤ ਦੀ ਸੂਝ ਹੋਣੀ ਚਾਹੀਦੀ ਹੈ ਤੇ ਨਾਲ ਹੀ ਬਿਬੇਕ ਬੁਧੀ ਦੁਆਰਾ ਅਕਾਲਪੁਰਖ ਦੀ ਪ੍ਰੇਮਾ ਭਗਤੀ ਜ਼ਰੂਰੀ ਹੈ। ਗੁਰੂ ਸਾਹਿਬ ਮਨੁਖ ਨੂੰ ਗ੍ਰਹਿਸਤ ਤਿਆਗਨ ਲਈ ਨਹੀਂ ਕਹਿੰਦੇ, ਸਗੋਂ ਮਨੁਖ ਨੂੰ ਅੰਦਰਲੀਆਂ ਬੁਰਾਈਆਂ ਤਿਆਗਨ ਦਾ ਉਪਦੇਸ਼ ਦਿੰਦੇ ਹਨ :

  *ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥*[13]

- ਅਦ੍ਵੈਤ ਵੇਦਾਂਤ ਅਨੁਸਾਰ ਜਦ ਜੀਵ ਨੂੰ ਮੈਂ ਬ੍ਰਹਮ ਹਾਂ 'ਅਹੰ ਬ੍ਰਹਮ ਅਸਮੀ' ਦਾ ਖਿਆਲ ਦ੍ਰਿੜ੍ਹ ਹੋ ਜਾਂਦਾ ਹੈ, ਭਾਵ ਜਦੋਂ ਉਹ 'ਅਹੰਬ੍ਰਹਮਾਸਮੀ' ਦੀ ਅਸਲੀਅਤ ਨੂੰ ਜਾਣ ਲੈਂਦਾ ਹੈ, ਤਾਂ ਉਸ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਉਹ ਬ੍ਰਹਮ ਹੋ ਸਕਦਾ ਹੈ। ਗੁਰਬਾਣੀ ਵਿਚ ਨਿਰਮਾਣਤਾ ਤੇ ਗਰੀਬੀ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ, ਕਿਉਂਕਿ ਹਉਮੈਂ ਨੂੰ ਤਿਆਗਨਾ ਪਰਮ ਧਰਮ ਹੈ। ਇਸ ਕਰਕੇ ਅਦ੍ਵੈਤ ਮਤ ਵਾਲਾ ਬੋਲ 'ਅਹੰਬ੍ਰਹਮਾਸਮੀ' ਗੁਰਮਤਿ 'ਚ ਪ੍ਰਚਲਿਤ ਨਹੀਂ ਹੋਇਆ।[14]

ਉਪਰੋਕਤ ਤੋਂ ਬਿਨਾਂ ਡਾ. ਸ਼ੇਰ ਸਿੰਘ ਨੇ ਰਬੀ ਵਿਚਾਰ ਨੂੰ ਰਾਧਾ ਕ੍ਰਿਸ਼ਨਨ ਤੇ ਪਰਿੰਗਲ ਪੈਟੀਸਨ ਆਦਿ ਵਿਦਵਾਨਾਂ ਰਾਹੀਂ ਦਰਸਾਇਆ ਹੈ। ਇਸ ਵਿਚਾਰ ਵਿਚ ਉਨ੍ਹਾਂ ਨੇ ਪਰਮਸਤਿ ਦੇ ਅਧਿਐਨ ਦੀਆਂ ਕਈ ਧਾਰਨਾਵਾਂ ਦਸੀਆਂ ਹਨ ਜਿਵੇਂ, ਬਹੁ-ਰਬੀ ਮਤ (Polytheism), ਛੋਟੇ-ਵਡੇ ਰਬਾਂ ਦੀ ਹੋ ਕੇ ਉਨ੍ਹਾਂ ਉਪਰ ਇਕ ਸਰਬ-ਸ਼ਕਤੀਮਾਨ ਪਰਮੇਸਰ (Notheism), ਇਕ ਸਰਬ ਉਚਾ (Monotheism) ਅਦ੍ਵੈਤਵਾਦ (Monism) ਅਤੇ (Pantheism) ਆਦਿ। ਡਾ. ਸ਼ੇਰ ਸਿੰਘ ਅਨੁਸਾਰ ਇਹ ਮਤ ਧਾਰਮਿਕ ਇਤਿਹਾਸ

[12] *ਗੁਰਮਤਿ ਦਰਸ਼ਨ*, ਪੰਨੇ ੧੪੩-੪੪.
[13] ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੮.
[14] *ਗੁਰਮਤਿ ਦਰਸ਼ਨ*, ਪੰਨਾ ੧੪੫.

ਵਿਚ ਅਗੇ-ਪਿਛੇ ਹੋ ਕੇ ਆਉਂਦੇ ਹਨ। ਡਾ. ਸਾਹਿਬ ਨੇ ਨਾ ਸਿਰਫ਼ ਧਾਰਮਿਕ ਇਤਿਹਾਸ ਵਿਚ ਹੀ ਇਨ੍ਹਾਂ ਹਾਲਤਾਂ ਨੂੰ ਪ੍ਰਵਾਨ ਕੀਤਾ ਹੈ। ਉਨ੍ਹਾਂ ਅਨੁਸਾਰ ਜੇ ਇਕਲੇ ਮਨੁਖ ਦੀ ਮਾਨਸਿਕ ਅਵਸਥਾ ਦੀ ਉਸਾਰੀ ਵੇਖੀਏ ਤਾਂ ਉਸ ਨੂੰ ਵੀ ਇਨ੍ਹਾਂ ਹਾਲਤਾਂ/ਮੰਜ਼ਲਾਂ ਵਿਚੋਂ ਗੁਜ਼ਰਨਾ ਪਵੇਗਾ।[15]

ਵੈਦਿਕ ਧਰਮ ਲਈ ਵਰਤੇ ਜਾਂਦੇ ਹਿੰਦੂ ਸ਼ਬਦ ਦੇ ਅਰਥਾਂ ਸੰਬੰਧੀ ਚਰਚਾ ਕਰਦਾ ਹੋਇਆ ਲੇਖਕ ਦਸਦਾ ਹੈ ਕਿ ਕਈ ਵਿਦਵਾਨ 'ਹਿੰਦੂ' ਸ਼ਬਦ ਵਰਤਣ ਤੋਂ ਮਨਾਹੀ ਕਰਦੇ ਹਨ ਅਤੇ ਉਸ ਦੀ ਥਾਂ ਆਰੀਆ ਸ਼ਬਦ ਵਰਤਣ ਨੂੰ ਤਰਜੀਹ ਦਿੰਦੇ ਹਨ। ਇਸ ਗਲ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਡਾ. ਸ਼ੇਰ ਸਿੰਘ ਦਸਦੇ ਹਨ ਕਿ ਆਰੀਆ ਨਸਲ ਦਾ ਨਾਉਂ ਹੈ, ਧਰਮ ਦਾ ਨਹੀਂ। ਇਸ ਲਈ ਡਾ. ਸ਼ੇਰ ਸਿੰਘ ਹਿੰਦੂ ਮਤ ਸੰਬੰਧੀ ਖੋਜ ਕਰਨ ਨੂੰ ਬਹੁਤ ਜ਼ਰੂਰੀ ਮੰਨਦੇ ਹਨ ਤਾਂ ਕਿ ਸਿੱਖਾਂ ਨੂੰ ਹਿੰਦੂ ਨਾ ਕਿਹਾ ਜਾਵੇ। ਕਈ ਵਿਦਵਾਨਾਂ ਨੇ ਬਿਨਾਂ ਖੋਜ ਕੀਤਿਆਂ ਹੀ ਲਿਖ ਦਿਤਾ ਹੈ ਕਿ ਸਿੱਖ ਧਰਮ, ਹਿੰਦੂ ਮਤ ਦਾ ਹੀ ਵਿਕਾਸ ਹੈ। ਡਾ. ਗੋਕਲ ਚੰਦ ਨਾਰੰਗ ਦੀ ਉਦਾਹਰਣ ਦਿੰਦਿਆਂ ਲੇਖਕ ਦਸਦਾ ਹੈ ਕਿ ਗੋਕਲ ਚੰਦ ਨਾਰੰਗ ਵੀ ਸਿੱਖ ਧਰਮ ਨੂੰ ਹਿੰਦੂ ਮਤ ਦਾ ਹਿਸਾ ਮੰਨਦਾ ਹੈ। ਉਸ ਅਨੁਸਾਰ, "ਸਿੱਖ ਹਿੰਦੂਆਂ ਦਾ ਹੀ ਹਿੱਸਾ ਹਨ। ਗੁਰੂ ਨਾਨਕ ਜੀ ਆਧੁਨਿਕ ਸਮੇਂ ਦੇ ਪਹਿਲੇ ਹਿੰਦੂ ਰੀਫਾਰਮਰ ਹੋਏ ਹਨ।"[16] ਡਾ. ਸ਼ੇਰ ਸਿੰਘ ਅਨੁਸਾਰ ਡਾ. ਗੋਕਲ ਚੰਦ ਨਾਰੰਗ ਦਾ ਭਾਵ ਸਤਿਗੁਰਾਂ ਨੂੰ ਉਹੋ ਪਦਵੀ ਦੇਣ ਦਾ ਹੈ ਜਿਹੜੀ ਕਿ ਉਹ ਸੁਆਮੀ ਦਯਾ ਨੰਦ ਤੇ ਰਾਜਾ ਰਾਮ ਮੋਹਨ ਰਾਏ ਨੂੰ ਦਿੰਦੇ ਹਨ।

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਹਿੰਦੂ ਪਦ ਧਰਮ ਦਾ ਜਣਾਇਕ ਨਹੀਂ, ਸਗੋਂ ਚਾਰ ਵਰਨਾਂ ਲਈ ਨਿਰਧਾਰਿਤ ਕੀਤੀ ਇਕ ਜੀਵਨ ਜਾਚ ਦਾ ਲਖਾਇਕ ਹੈ। ਡਾ. ਸ਼ੇਰ ਸਿੰਘ ਮੁਹਸਿਨ ਫਾਨੀ ਦੀ ਉਦਾਹਰਣ ਦਿੰਦੇ ਹੋਏ ਕਹਿੰਦੇ ਹਨ ਕਿ ਸਿੱਖ ਧਰਮ ਹਿੰਦੂ ਮਤ ਨਾਲੋਂ ਵਖਰਾ ਹੈ :

> *ਸਿੱਖ ਹਿੰਦੂ ਮੰਤ੍ਰਾਂ ਦਾ ਪਾਠ ਨਹੀਂ ਕਰਦੇ, ਉਨ੍ਹਾਂ ਦੇ ਮੰਦਰਾਂ ਦੀ ਪੂਜਾ ਪ੍ਰਤਿਸ਼ਟਾ ਨਹੀਂ ਕਰਦੇ, ਨਾ ਹੀ ਉਨ੍ਹਾਂ ਦੇ ਅਵਤਾਰਾਂ ਨੂੰ ਮੰਨਦੇ ਹਨ। ਹਿੰਦੂ ਸੰਸਕ੍ਰਿਤ ਨੂੰ ਦੇਵ ਬਾਣੀ ਜਾਣ ਕੇ ਬੜੀ ਉਚੀ ਪਦਵੀ ਦਿੰਦੇ ਹਨ, ਪਰ ਸਿਖਾਂ ਲਈ ਇਹ ਸਾਧਾਰਣ ਬੋਲੀਆਂ*

---

[15] *ਗੁਰਮਤਿ ਦਰਸ਼ਨ*, ਪੰਨੇ ੨੨੯-੩੦.

[16] *ਸਿੱਖ ਮਤ ਦਾ ਪਰਿਵਰਤਨ*, ਪੰਨਾ 11.

*ਵਾਂਗ ਹੈ ਤੇ ਕੋਈ ਵਿਸ਼ੇਸ਼ਤਾ ਨਹੀਂ ਰਖਦੀ। ਹਿੰਦੂਆਂ ਵਾਲੇ ਧਾਰਮਿਕ ਸੰਸਕਾਰ ਸਿਖਾਂ ਵਿਚ ਨਹੀਂ ਹਨ।*[17]

ਡਾ. ਸ਼ੇਰ ਸਿੰਘ ਨੇ ਸਭ ਤੋਂ ਪਹਿਲਾਂ ਸਿੱਖ ਧਰਮ ਤੇ ਹਿੰਦੂ ਮਤ ਦੇ ਆਪਸੀ ਸੰਬੰਧ ਨੂੰ ਵਿਚਾਰਿਆ ਹੈ। ਉਨ੍ਹਾਂ ਅਨੁਸਾਰ ਲੋਕਾਂ ਨੇ ਸਿੱਖਾਂ ਨੂੰ ਕਈ ਰੰਗੀਆਂ ਐਨਕਾਂ ਨਾਲ ਤਕਿਆ ਹੈ, ਜਿਨ੍ਹਾਂ ਵਿਚੋਂ ਸਭ ਤੋਂ ਪਹਿਲੀ ਹਿੰਦੂ[18] ਰੰਗੀ ਐਨਕ ਹੈ। ਇਸ ਅਧਿਐਨ ਵਿਚ ਡਾ. ਸ਼ੇਰ ਸਿੰਘ ਨੇ ਸਭ ਤੋਂ ਪਹਿਲਾਂ 'ਹਿੰਦੂ' ਪਦ ਬਾਰੇ ਵਿਚਾਰ ਕੀਤੀ ਹੈ। ਡਾ. ਸਾਹਿਬ ਅਨੁਸਾਰ ਗੋਕਲ ਚੰਦ ਨਾਰੰਗ, ਡਾ. ਟਰੰਪ ਤੇ ਮਾਰਿਸ ਬਲੂਮ ਫ਼ੀਲਡ ਆਦਿ ਵਿਦਵਾਨਾਂ ਨੇ ਬਿਨਾਂ ਖੋਜ ਕੀਤਿਆਂ ਇਹ ਲਿਖ ਦਿਤਾ ਕਿ ਸਿੱਖ ਹਿੰਦੂ ਮਤ ਦਾ ਹੀ ਇਕ ਅੰਗ ਹੈ। ਪਰੰਤੂ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਜੇ ਸਿੱਖ ਹਿੰਦੂ ਹੋਏ ਤਾਂ ਫਿਰ ਹਿੰਦੂ ਕੌਣ ਹਨ ? ਡਾ. ਸਾਹਿਬ ਕਹਿੰਦੇ ਹਨ ਕਿ ਜੇਕਰ ਉਪਰੋਕਤ ਲਿਖਾਰੀ ਹਿੰਦੂ-ਪਦ ਦੇ ਭਾਵ ਤੋਂ ਜਾਣੂੰ ਹੁੰਦੇ ਤਾਂ ਉਹ ਇਸ ਤਰ੍ਹਾਂ ਨਾ ਲਿਖਦੇ। ਉਨ੍ਹਾਂ ਅਨੁਸਾਰ ਇਨ੍ਹਾਂ ਲਿਖਾਰੀਆਂ ਕੋਲ ਕੋਈ ਤਸਲੀਬਖਸ਼ ਉਤਰ ਨਹੀਂ ਕਿ ਹਿੰਦੂ ਕੌਣ ਹਨ? ਡਾ. ਸ਼ੇਰ ਸਿੰਘ ਅਨੁਸਾਰ ਭਾਵੇਂ ਵਿਦਵਾਨਾਂ ਦੁਆਰਾ ਕੋਸ਼ਾਂ ਜਾਂ ਵਿਸ਼ਵਕੋਸ਼ਾਂ ਵਿਚ ਹਿੰਦੂ ਪਦ ਦੇ ਅਰਥ ਦਿਤੇ ਗਏ ਹਨ, ਪਰੰਤੂ ਫਿਰ ਵੀ ਹਿੰਦੂ ਪਦ ਦੀ ਠੀਕ ਤਾਰੀਫ਼ ਕਿਤੋਂ ਨਹੀਂ ਲਭਦੀ।

ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬੋਧੀ ਤੇ ਪਾਰਸੀ ਵਖ-ਵਖ ਧਰਮ ਹੁੰਦੇ ਹੋਏ ਵੀ ਇਕੋ ਸੁਚਜਤਾ ਦੇ ਅਧੀਨ ਹਨ। ਜੇਕਰ ਹਿੰਦੂ-ਪਦ ਤੋਂ ਭਾਰਤੀ ਸੁਚਜਤਾ ਦਾ ਭਾਵ ਲਈਏ ਤਾਂ ਸਿੱਖ ਹਿੰਦੂ ਹਨ ਤੇ ਜੇ ਹਿੰਦੂ ਪਦ ਦਾ ਭਾਵ ਮਜ਼ਹਬ ਭਾਵ, ਬ੍ਰਾਹਮਣੀ ਧਰਮ ਲਈਏ ਤਾਂ ਸਿੱਖ ਹਿੰਦੂ ਨਹੀਂ ਹਨ। ਇਸੇ ਤਰ੍ਹਾਂ ਬੋਧੀ, ਈਸਾਈ ਤੇ ਮੁਸਲਮਾਨ (ਭਾਰਤ ਵਾਸੀ) ਹਿੰਦੂ ਵੀ ਹਨ ਤੇ ਨਹੀਂ ਵੀ।[19]

ਸਿੱਖ ਧਰਮ ਤੇ ਹਿੰਦੂ ਮਤ ਦੀ ਤੁਲਨਾ ਕਰਦਿਆਂ ਡਾ. ਸ਼ੇਰ ਸਿੰਘ ਨੇ ਹੇਠ ਲਿਖੀਆਂ ਸਮਾਨਤਾਵਾਂ /ਵਖਰੇਵਿਆਂ ਨੂੰ ਸਾਹਮਣੇ ਲਿਆਂਦਾ ਹੈ :

---

[17] *ਵਿਚਾਰਧਾਰਾ*, ਪੰਨਾ ੧੫੬.

[18] ਅਜੇ ਤਕ ਕੋਈ ਲਿਖਾਰੀ ਇਹ ਨਹੀਂ ਦਸ ਸਕਿਆ ਕਿ 'ਹਿੰਦੂ ਧਰਮ ਕਿਸ ਨੂੰ ਕਹਿੰਦੇ ਹਨ?' ਜਦ ਸਾਨੂੰ ਪੱਕੀ ਤਰ੍ਹਾਂ ਹਿੰਦੂ ਧਰਮਾਂ ਦੇ ਲੱਛਣਾਂ ਦਾ ਪਤਾ ਨਹੀਂ ਤਾਂ ਸਿੱਖਾਂ ਨੂੰ ਹਿੰਦੂ ਜਾਂ ਹਿੰਦੂ ਧਰਮ ਦੀ ਇਕ ਟਹਿਣੀ ਜਾਂ ਸੁਆਰੀ ਹੋਈ ਟਹਿਣੀ ਕਹਿਣਾ ਇਕ ਅਜਿਹੀ ਗੱਲ ਕਰਨਾ ਹੈ, ਜਿਸ ਦੇ ਅਰਥਾਂ ਦਾ ਗੱਲ ਕਰਨ ਵਾਲੇ ਨੂੰ ਵੀ ਪਤਾ ਨਹੀਂ। *ਗੁਰਮਤਿ ਦਰਸ਼ਨ*, ਪੰਨਾ ੧੦੯.

[19] *ਗੁਰਮਤਿ ਦਰਸ਼ਨ*, ਪੰਨਾ ੧੧੭.

- ਸਿੱਖੀ ਸਿਧਾਂਤ ਵਿਚ ਬ੍ਰਹਮ ਦਾ ਖਿਆਲ ਅਕਾਲਪੁਰਖ ਦੀ ਏਕਤਾ ਤੋਂ ਸ਼ੁਰੂ ਹੁੰਦਾ ਹੈ। ਵੇਦਾਂ ਵਿਚ ਅਨੇਕ ਤੋਂ ਆਰੰਭ ਹੋ ਕੇ ਏਕਤਾ ਤੇ ਸਰਬਏਕਤਾ ਦਾ ਖਿਆਲ ਹੈ।
- ਸ੍ਰਿਸ਼ਟੀ ਰਚਨਾ ਸੰਬੰਧੀ ਵੈਦਿਕ ਧਰਮ ਨੇ ਉਪਨਿਸ਼ਦਾਂ ਦੇ ਆਧਾਰ 'ਤੇ ਚਾਰ ਮਤ ਦਰਸਾਏ ਹਨ– ਪਹਿਲਾ, ਪ੍ਰਕਿਰਤੀ ਅਨਾਦੀ ਹੈ ਤੇ ਸਦਾ ਤੋਂ ਹੀ ਪੁਰਖ ਰਬ ਤੋਂ ਭਿੰਨ ਹੈ। ਦੂਜਾ, ਪੁਰਖ ਪ੍ਰਕਿਰਤੀ ਦਾ ਕਾਰਨ ਹੈ, ਭਾਵ ਕਿ ਸੰਸਾਰ ਦਾ ਕਰਤਾ ਕਾਰਨ ਰਬ ਆਪ ਹੈ, ਪਰ ਰਬ ਸ੍ਰਿਸ਼ਟੀ ਰਚਣ ਤੋਂ ਬਾਅਦ ਇਸ ਵਿਚ ਸਮਾਉਂਦਾ ਨਹੀਂ, ਸਗੋਂ ਵਖਰਾ ਰਹਿੰਦਾ ਹੈ। ਤੀਜਾ, ਰਬ ਆਪ ਹੀ ਸ੍ਰਿਸ਼ਟੀ ਦਾ ਰੂਪ ਧਾਰਦਾ ਹੈ, ਭਾਵ ਉਹ ਆਪ ਹੀ ਨਿਰਗੁਣ ਤੋਂ ਸਰਗੁਣ ਹੋ ਜਾਂਦਾ ਹੈ। ਚੌਥਾ, ਸ੍ਰਿਸ਼ਟੀ ਸਭ ਭਰਮ ਹੈ, ਭੁਲੇਖਾ ਹੈ, ਕੇਵਲ ਬ੍ਰਹਮ ਹੀ ਬ੍ਰਹਮ ਹੈ ਤੇ ਉਹ ਹੀ ਸਤਿ ਵਸਤੂ ਹੈ, ਹੋਰ ਕੁਝ ਨਹੀਂ। ਗੁਰੂ ਸਾਹਿਬ ਦੀ ਜੋ ਸ੍ਰਿਸ਼ਟੀ ਰਚਨਾ ਸੰਬੰਧੀ ਧਾਰਨਾ ਹੈ, ਉਸ ਵਿਚ ਤੀਜੇ ਤੇ ਚੌਥੇ ਮਤਾਂ ਦੇ ਮੇਲ ਦੀ ਝਲਕ ਪ੍ਰਾਪਤ ਹੁੰਦੀ ਹੈ।

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਵੈਸ਼ਨੋ ਧਰਮ ਵਿਚ ਵੇਦਾਂ ਦੀ ਪ੍ਰਮਾਣਿਕਤਾ ਪ੍ਰਧਾਨ ਹੈ, ਪਰ ਗੁਰੂ ਸਾਹਿਬ ਨੇ ਵੇਦਾਂਤੀ ਪ੍ਰਮਾਣਿਕਤਾ ਨੂੰ ਨਹੀਂ ਮੰਨਿਆ। ਕਰਤਾ ਭਾਈ ਕਾਨ੍ਹ ਸਿੰਘ ਨਾਭਾ[20] ਦੇ ਹਵਾਲੇ ਨਾਲ ਦਸਦਾ ਹੈ ਕਿ ਗੁਰੂ ਸਾਹਿਬ ਵੈਦਿਕ ਸਿਧਾਂਤਾਂ ਨੂੰ ਮੁਕੰਮਲ ਤੇ ਪੂਰਨ ਸਚ ਨੂੰ ਦ੍ਰਿੜਾਣ ਵਾਲੇ ਨਹੀਂ ਮੰਨਦੇ।

ਸਰਗੁਣ ਬ੍ਰਹਮ, ਦੇਹਧਾਰੀ ਈਸ਼ਵਰ ਦੀ ਭਗਤੀ ਦਾ ਪ੍ਰਚਾਰ ਤੇ ਅਵਤਾਰਾਂ ਦੀ ਹੋਂਦ ਇਸ ਧਰਮ ਦਾ ਜ਼ਰੂਰੀ ਅੰਗ ਬਣ ਗਈ, ਪਰ ਸਿੱਖ ਧਰਮ ਵਿਚ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਅਵਤਾਰਾਂ ਦੇ ਨਾਂ ਅਕਾਲਪੁਰਖ ਲਈ ਵਰਤੇ ਹਨ। ਇਨ੍ਹਾਂ ਨਾਵਾਂ ਤੋਂ ਭਾਵ ਧਰਤੀ ਉਤੇ ਜਨਮੀਆਂ ਇਤਿਹਾਸਕ ਹਸਤੀਆਂ ਨਹੀਂ ਹੈ, ਸਗੋਂ ਇਹ ਨਾਉਂ ਪਰਮਾਤਮਾ ਲਈ ਵਰਤੇ ਹਨ। ਭੈਰਉ ਰਾਗ ਵਿਚ ਗੁਰੂ ਸਾਹਿਬ ਇਸ਼ਾਰਾ ਕਰਦੇ ਹਨ ਕਿ ਇਹ ਕਹਿਣਾ ਵਡੀ ਭੁਲ ਹੈ ਕਿ ਠਾਕੁਰ ਮਨੁਖ ਦੇ ਰੂਪ ਵਿਚ ਅਵਤਾਰ ਧਾਰਦਾ ਹੈ :

*ਸਗਲੀ ਥੀਤਿ ਪਾਸਿ ਡਾਰਿ ਰਾਖੀ॥*
*ਅਸਟਮ ਥੀਤਿ ਗੋਵਿੰਦ ਜਨਮਾ ਸੀ॥੧॥*

---

[20] *ਹਮ ਹਿੰਦੂ ਨਹੀਂ*

*ਭਰਮਿ ਭੂਲੇ ਨਰ ਕਰਤ ਕਚਰਾਇਣ॥*

*ਜਨਮ ਮਰਣ ਤੇ ਰਹਤ ਨਾਰਾਇਣ॥੧॥ ਰਹਾਉ॥*

*ਕਰਿ ਪੰਜੀਰੁ ਖਵਾਇਓ ਚੋਰ॥*

*ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥*

*ਸਗਲ ਪਰਾਧ ਦੇਹਿ ਲੋਰੋਨੀ॥*

*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥*

*ਜਨਮਿ ਨ ਮਰੈ ਨ ਆਵੈ ਨ ਜਾਇ॥*

*ਨਾਨਕ ਕਾ ਪ੍ਰਭੁ ਰਹਿਓ ਸਮਾਇ॥*[21]

ਸਿੱਖ ਧਰਮ ਦੀ ਨਵੀਨਤਾ ਬਾਰੇ ਡਾ. ਸ਼ੇਰ ਸਿੰਘ ਦਸਦੇ ਹਨ ਕਿ ਇਕ ਸ਼੍ਰੇਣੀ (ਵਰਗ) ਦੇ ਵਿਦਵਾਨਾਂ ਮੁਤਾਬਿਕ ਸਿੱਖ ਧਰਮ ਵਿਚ ਹਿੰਦੂ ਤੇ ਇਸਲਾਮੀ ਨਿਸਚਿਆਂ ਦਾ ਮੇਲ ਹੈ। ਦੂਜੀ ਸ਼੍ਰੇਣੀ ਦੇ ਵਿਦਵਾਨਾਂ ਅਨੁਸਾਰ ਸਿੱਖ ਧਰਮ ਦਾ ਪਿਛੋਕੜ ਨਿਰੋਲ ਹਿੰਦੂ ਹੈ, ਪਰ ਇਸਲਾਮੀ ਅਸਰਾਂ ਨੇ ਸਿੱਖ ਧਰਮ ਦੇ ਕਈ ਅਸੂਲਾਂ ਉਤੇ ਗਹਿਰਾ ਅਸਰ ਕੀਤਾ ਹੈ। ਤੀਜੀ ਸ਼੍ਰੇਣੀ ਅਨੁਸਾਰ ਹਿੰਦੂ ਤੇ ਇਸਲਾਮ ਦੇ ਉਚੇ ਗੁਣਾਂ ਦੀ ਮਿਲਾਵਟ ਦਾ ਨਾਉਂ ਸਿੱਖ ਧਰਮ ਹੈ।[22]

ਡਾ. ਸ਼ੇਰ ਸਿੰਘ ਉਕਤ ਤਿੰਨਾਂ ਸ਼੍ਰੇਣੀਆਂ ਨਾਲ ਸਹਿਮਤ ਨਹੀਂ ਹਨ। ਸਿੱਖ ਧਰਮ ਨਵਾਂ ਹੈ ਜਾਂ ਨਹੀਂ, ਇਸ ਸਵਾਲ ਦੇ ਜਵਾਬ ਵਿਚ ਉਹ ਲਿਖਦੇ ਹਨ ਕਿ ਸਿੱਖ ਧਰਮ ਦੀ ਜ਼ਮੀਨ ਅਥਵਾ ਪਿਛੋਕੜ ਨਿਰਾ-ਪੁਰਾ ਹਿੰਦੂ ਨਹੀਂ, ਸਗੋਂ ਆਰੀਅਨ-ਸਾਮੀ ਅਸਰਾਂ ਦੇ ਮੇਲ ਤੋਂ ਇਹ ਧਰਤੀ (ਸਿੱਖ ਧਰਮ) ਬਣੀ ਹੋਈ ਹੈ। ਪਰ ਇਸ ਧਰਤੀ ਉਤੇ ਜਿਹੜਾ ਮੰਦਰ ਉਸਰਿਆ ਹੈ ਉਹ ਬਿਲਕੁਲ ਨਵਾਂ ਹੈ। ਨਵੀਂ ਉਸ ਦੀ ਰੂਹ, ਨਵਾਂ ਉਸ ਦਾ ਜੋਬਨ, ਬਾਂਕਾਪਨ ਤੇ ਨਿਰਾਲੀ ਉਸ ਦੀ ਚਾਲ ਤੇ ਢਾਲ ਹੈ।[23] ਗੁਰਮਤਿ ਅਨੁਸਾਰ ਨਵੀਨਤਾ ਸਿੱਖ ਧਰਮ ਦੇ ਭਿੰਨ-ਭਿੰਨ ਅੰਗਾਂ ਵਿਚ ਨਹੀਂ, ਸਗੋਂ ਨਵੀਨਤਾ ਉਸ ਸਮੁਚੀ ਤਸਵੀਰ ਵਿਚ ਹੈ, ਜਿਹੜੀ ਗੁਰੂ ਸਾਹਿਬ ਨੇ ਸਾਡੇ ਸਾਹਮਣੇ ਰਖੀ ਹੈ। ਇਹ ਤਸਵੀਰ ਗੁਰੂ ਸਾਹਿਬ ਤੋਂ ਪਹਿਲਾਂ ਨਾ ਆਕਾਰ ਵਿਚ, ਨਾ ਸੁਣੀ ਤੇ ਨਾ ਹੀ ਕਿਸੇ ਨੇ ਵੇਖੀ ਸੀ। ਗੁਰਮਤਿ ਵਿਚ ਨਵੀਨਤਾ ਦਾ ਹੋਣਾ ਇਕ ਮਹਾਨ ਸਚਿਆਈ ਹੈ, ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਹਾਂ, ਜੇਕਰ ਗੁਰਮਤਿ ਦੇ ਇਕ-ਇਕ

[21] ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੬.
[22] *ਗੁਰਮਤਿ ਦਰਸ਼ਨ*, ਪੰਨੇ ੧੨੧-੨੨.
[23] *ਉਹੀ*, ਪੰਨਾ ੧੨੨.

ਅੰਗ ਨੂੰ ਅਲਗ-ਅਲਗ ਕਰਕੇ ਲਭੀਏ, ਤਾਂ ਇਹ ਜ਼ਰੂਰ ਕਿਸੇ ਨਾ ਕਿਸੇ ਥਾਂ ਖਿਲਰੇ ਹੋਏ ਮਿਲ ਜਾਣਗੇ, ਪਰ ਨਵੀਨਤਾ ਇਨ੍ਹਾਂ ਅੰਗਾਂ ਤੋਂ ਬਣੀ ਸਮੁਚੀ ਸ਼ਕਲ ਵਿਚ ਹੈ, ਇਸ ਦੇ ਸੰਚੇ ਤੇ ਢਾਂਚੇ ਵਿਚ ਹੈ।[24]

ਡਾ. ਸ਼ੇਰ ਸਿੰਘ ਅਨੁਸਾਰ ਪੁਰਾਣੇ ਖਿਆਲ ਅਨੁਸਾਰ ਮਾਇਆ ਤੋਂ ਭਾਵ ਭਰਮ ਸੀ, ਪਰ ਗੁਰੂ ਸਾਹਿਬ ਨੇ ਮਾਇਆ ਦੇ ਅਰਥ ਸਤਿ ਤੇ ਅਸਤਿ ਦੋਨੋਂ ਲਏ ਹਨ, ਜਿਵੇਂ *ਇਹੁ ਜਗੁ ਸਚੈ ਕੀ ਹੈ ਕੋਠੜੀ॥...*[25] ਸਤਿ ਇਸ ਲਈ ਹੈ ਕਿਉਂਕਿ ਇਸ ਵਿਚ ਸਤਿ ਦਾ ਵਾਸਾ ਹੈ। ਇਸ ਪ੍ਰਕਾਰ ਗੁਰਮਤਿ ਦੀ ਇਹ ਨਵੀਨਤਾ ਹੈ।

ਡਾ. ਸ਼ੇਰ ਸਿੰਘ ਅਨੁਸਾਰ ਮਨੁਖ ਨੂੰ ਸਭ ਤੋਂ ਵਡੀ ਪਦਵੀ ਗੁਰੂ ਸਾਹਿਬ ਦੁਆਰਾ ਹੀ ਦਿਤੀ ਗਈ ਹੈ। ਗੁਰੂ ਸਾਹਿਬ ਨੇ ਮਨੁਖ ਨੂੰ ਮਨੁਖ ਵੀ ਕਿਹਾ ਹੈ ਤੇ ਰਬ ਵੀ। ਮਨੁਖ ਤੇ ਰਬ ਦਾ ਜੋੜ ਗੁਰੂ ਸਾਹਿਬ ਨੇ ਹੀ ਜੋੜਿਆ ਹੈ।[26]

ਡਾ. ਸ਼ੇਰ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਨਰਕ-ਸੁਰਗ ਨੂੰ ਨਵੇਂ ਢੰਗ ਨਾਲ ਦਰਸਾਇਆ ਹੈ। ਭਾਰਤੀ ਸਭਿਅਤਾ ਦਾ ਜ਼ਿਆਦਾ ਝੁਕਾਅ ਨਿਰਾਸ਼ਾਵਾਦ, ਤਿਆਗ ਤੇ ਵੈਰਾਗ ਵਲ ਸੀ, ਪਰ ਗੁਰੂ ਸਾਹਿਬ ਨੇ ਇਨ੍ਹਾਂ ਅੰਗਾਂ ਦੇ ਨਾਲ ਇਕ ਉਚੇ ਆਸ਼ਾਵਾਦ ਦਾ ਪ੍ਰਚਾਰ ਕੀਤਾ। ਚੜ੍ਹਦੀ ਕਲਾ ਤੇ ਅਨੰਦ ਮੰਗਲ ਦੀ ਬਿਰਤੀ ਤੇ ਉਦੇਸ਼ਾਂ ਨੂੰ ਅਪਣਾਇਆ।[27]

ਡਾ. ਸ਼ੇਰ ਸਿੰਘ ਅਨੁਸਾਰ ਭਾਰਤੀ ਪਰੰਪਰਾ ਵਿਚ ਆਦਰਸ਼ ਪ੍ਰਾਪਤੀ ਲਈ ਤਿੰਨ ਮਾਰਗ (ਕਰਮ, ਭਗਤੀ ਤੇ ਗਿਆਨ) ਪ੍ਰਸਿਧ ਹਨ। ਭਾਰਤ ਵਿਚ ਕਰਮ ਦੇ ਦੋ ਸਰੂਪ ਹਨ। ਪਹਿਲਾ, ਕਰਮ ਸ਼ਕਤੀ ਅਥਵਾ ਮਾਨਸਿਕ ਫੁਰਨਿਆਂ ਦੁਆਰਾ ਵਾਸ਼ਨਾ ਪਖ ਨੂੰ ਪ੍ਰਫੁਲਤ ਕਰਨਾ, ਭਾਵ ਮੋਕਸ਼ ਪ੍ਰਾਪਤੀ ਲਈ ਅਜਿਹੇ ਕਰਮ ਕਰੋ, ਜਿਨ੍ਹਾਂ ਤੋਂ ਪਰਮਾਤਮਾ ਖੁਸ਼ ਹੋ ਜਾਵੇ। ਦੂਜਾ, ਇਛਾ ਵਾਸ਼ਨਾ ਨੂੰ ਰੋਕਣਾ ਜਾਂ ਅਕਰਮੇ ਰਹਿਣਾ। ਭਾਵ ਕੋਈ ਵੀ ਕਰਮ ਨਾ ਕਰੋ ਤਾਂ ਜੋ ਅਕਾਲਪੁਰਖ ਦੇ ਨਾਰਾਜ਼ ਹੋਣ ਦੀ ਸੰਭਾਵਨਾ ਹੀ ਨਾ ਰਹੇ।

ਦੂਜਾ ਮਾਰਗ ਹਾਰਦਿਕ ਪ੍ਰੇਮ ਪਿਆਰ ਵਾਲਾ ਭਗਤੀ ਮਾਰਗ ਹੈ। ਤੀਜੇ ਮਾਰਗ ਬਾਰੇ ਡਾ. ਸ਼ੇਰ ਸਿੰਘ ਦਸਦੇ ਹਨ ਕਿ ਅਸਲੀ ਗਿਆਨ (ਅਨੁਭਵੀ ਗਿਆਨ) ਲਈ ਇਹ ਜ਼ਰੂਰੀ ਹੈ ਕਿ

---

[24] *ਗੁਰਮਤਿ ਦਰਸ਼ਨ*, ਪੰਨਾ ੧੨੩.

[25] *ਉਹੀ*.

[26] *ਉਹੀ*, ਪੰਨਾ ੧੨੪.

[27] *ਉਹੀ*.

ਆਦਮੀ ਵੈਰਾਗੀ ਹੋ ਕੇ ਸ੍ਰਿਸ਼ਟੀ ਤੋਂ ਉਪਰਾਮ ਰਹੇ। ਇਸ ਲਈ ਗ੍ਰਹਿਸਤੀ ਜੀਵਨ ਦਾ ਤਿਆਗ ਵੀ ਜ਼ਰੂਰੀ ਹੈ। ਪ੍ਰਾਚੀਨ ਗਿਆਨ ਮਾਰਗ ਅਨੁਸਾਰ ਗਿਆਨ ਪ੍ਰਾਪਤੀ ਗ੍ਰਹਿਸਤ, ਤਿਆਗ ਤੋਂ ਬਿਨਾਂ ਨਹੀਂ ਹੋ ਸਕਦੀ। ਕਾਰਨ ਇਹ ਹੈ ਕਿ ਕਰਮਾਂ ਤੇ ਗਿਆਨ ਦਾ ਵਿਰੋਧ ਹੈ। ਵਿਵਹਾਰੀ ਜੀਵਨ ਵਿਚ ਕਰਮ ਕਰਨੇ ਜ਼ਰੂਰੀ ਹਨ ਤੇ ਕਰਮਾਂ ਦੇ ਜਾਲ ਵਿਚ ਗਿਆਨ ਪ੍ਰਾਪਤੀ ਨਹੀਂ ਹੋ ਸਕਦੀ। ਲੇਖਕ ਦਸਦਾ ਹੈ ਕਿ ਪ੍ਰਾਚੀਨ ਗਿਆਨ ਮਾਰਗ ’ਚ ਇਹ ਵੀ ਮੰਨਿਆ ਜਾਂਦਾ ਹੈ ਕਿ ਜਦੋਂ ਅਸਲੀ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਮਨੁਖ ਆਪਣੇ ਆਪ ਹੀ ਗ੍ਰਹਿਸਤ ਦਾ ਤਿਆਗ ਕਰਕੇ ਸੰਨਿਆਸ ਧਾਰਨ ਕਰ ਲੈਂਦਾ ਹੈ।

ਕਰਤਾ ਅਨੁਸਾਰ ਗੁਰਮਤਿ ਵਿਚ ਉਕਤ ਤਿੰਨਾਂ ਮਾਰਗਾਂ ਦੇ ਕੁਝ ਕੁ ਅੰਸ਼ ਮੌਜੂਦ ਹਨ। ਡਾ. ਸ਼ੇਰ ਸਿੰਘ ਦੀ ਇਹ ਗਲ ਠੀਕ ਹੈ, ਪਰ ਇਥੇ ਧਿਆਨ ਦੇਣ ਵਾਲੀ ਗਲ ਇਹ ਹੈ ਕਿ ਭਾਰਤੀ ਪਰੰਪਰਾ ਤੇ ਗੁਰਮਤਿ ਵਿਚ ਇਨ੍ਹਾਂ ਮਾਰਗਾਂ ਦੀ ਸ਼ਬਦਾਵਲੀ (ਕਰਮ, ਭਗਤੀ, ਗਿਆਨ) ਇਕੋ ਜਿਹੀ ਹੈ। ਜ਼ਿਕਰਯੋਗ ਹੈ ਕਿ ਭਾਰਤੀ ਪਰੰਪਰਾ ’ਚ ਇਨ੍ਹਾਂ ਤਿੰਨਾਂ ਮਾਰਗਾਂ ਦਾ ਅਰਥ ਉਹ ਨਹੀਂ, ਜਿਹੜਾ ਗੁਰਮਤਿ ਵਿਚ ਅਪਨਾਇਆ ਗਿਆ ਹੈ। ਗੁਰਮਤਿ ਵਿਚ ਕਰਮ, ਭਗਤੀ ਤੇ ਗਿਆਨ ਦਾ ਵਿਹਾਰ ਤੇ ਉਪਦੇਸ਼ ਭਾਰਤੀ ਪਰੰਪਰਾ ਨਾਲੋਂ ਵਖਰਾ ਹੈ। ਡਾ. ਸ਼ੇਰ ਸਿੰਘ ਅਨੁਸਾਰ ਗੁਰੂ ਸਾਹਿਬ ਨੇ ‘ਕਰਮ’ ਦੇ ਨਿਯਮ ਨੂੰ ਪੁਰਾਣੇ ਵਿਚਾਰਾਂ ਦੇ ਮੁਕਾਬਲੇ ਨਵੇਂ ਢੰਗ ਨਾਲ ਦਰਸਾਇਆ ਹੈ। ਗੁਰੂ ਸਾਹਿਬ ਤੋਂ ਪਹਿਲਾਂ ‘ਕਰਮ’ ਦੇ ਨਿਯਮ ਨੂੰ ਅਟਲ ਤੇ ਅਚਲ ਦਸਿਆ ਜਾਂਦਾ ਸੀ, ਪਰ ਗੁਰੂ ਸਾਹਿਬ ਨੇ ਅਕਾਲਪੁਰਖ ਦੀ ਮਿਹਰ ਵਿਚ ਕਰਮਾਂ ਦੇ ਅਸਰ ਦਾ ਛਿਨ-ਭਰ ਵਿਚ ਨਾਸ਼ ਦਸਿਆ ਹੈ। ਇਹੋ ਨਾਸ਼ ਹੀ ‘ਇਕ-ਚਿਤ ਇਕ-ਛਿਨ’ ਨਾਮ ਦੀ ਮਹਤਤਾ ਹੈ।[28] ਕਰਤਾ ਦਸਦਾ ਹੈ ਕਿ ਗੁਰਸਿੱਖ ਅਕਾਲਪੁਰਖ ਦੇ ਭਾਣੇ ਤੇ ਉਸ ਦੀ ਮਿਹਰ ਦੇ ਆਸਰੇ ਕਰਮ ਕਰਦਾ ਹੈ। ਨਿਸ਼ਕਾਮ ਸੇਵਾ ਤੇ ਨਿਰਹੰਕਾਰ ਕਰਮਾਂ ਦੀ ਸਿਖਿਆ ਗੁਰਬਾਣੀ ਵਿਚ ਉਪਲਬਧ ਹੈ। ਸਿੱਖਾਂ ਵਿਚ ਨਿਰ-ਇਛਤ ਕਰਮ ਕਰਨ ਦੀ ਹਦਾਇਤ ਹੈ।[29] ਇਸ ਦਾ ਮਤਲਬ ਇਹ ਨਹੀਂ ਕਿ ਸਿੱਖਾਂ ਵਿਚ ਕੋਈ ਕਿਰਤ ਨਹੀਂ ਹੁੰਦੀ। ਕਿਰਤ ਹੁੰਦੀ ਜਰੂਰ ਹੈ, ਪਰ ਇਹ ਕਿਰਤ ਧਰਮ ਦੀ ਹੁੰਦੀ ਹੈ। ਗੁਰੂ ਸਾਹਿਬ ਨੇ ਫੋਕੇ ਕਰਮ ਕਾਂਡ ਦੀ ਸਖਤ ਵਿਰੋਧਤਾ ਕੀਤੀ ਹੈ, ਜਿਵੇ :

---

[28] *ਗੁਰਮਤਿ ਦਰਸ਼ਨ,* ਪੰਨਾ ੧੨੪.
[29] *ਕਾਹੂ ਫਲ ਕੀ ਇਛਾ ਨਹੀ ਬਾਛੈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੪.

*– ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥...*

*ਕੋਟਿ ਤੀਰਥ ਮਜਨ ਇਸਨਨਾ ਇਸੁ ਕਲਿ ਮਹਿ ਮੈਲੁ ਭਰੀਜੈ॥*[30]

*– ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥*[31]

ਡਾ. ਸ਼ੇਰ ਸਿੰਘ ਗੁਰਮਤਿ ਭਗਤੀ ਮਾਰਗ ਤੇ ਪ੍ਰਾਚੀਨ ਭਗਤੀ ਮਾਰਗ ਦਾ ਤੁਲਨਾਤਮਿਕ ਅਧਿਐਨ ਕਰਦੇ ਦਸਦੇ ਹਨ ਕਿ ਗੁਰਮਤਿ ਭਗਤੀ ਮਾਰਗ ਤੇ ਪ੍ਰਾਚੀਨ ਭਗਤੀ ਮਾਰਗ 'ਚ ਕਈ ਗਲਾਂ ਸਾਂਝੀਆਂ ਹਨ ਜਿਵੇਂ, ਭਗਤੀ ਮਾਰਗ ਤੇ ਗੁਰਮਤਿ ਮਾਰਗ (ਵਿਸਮਾਦ ਮਾਰਗ) ਵਿਚ ਵਾਹਿਗੁਰੂ ਪ੍ਰੀਤਮ ਨਾਲ ਪਿਆਰ ਦਾ ਜਜ਼ਬਾ ਪ੍ਰਧਾਨ ਹੈ। ਮਾਨਸਿਕ ਤੇ ਆਤਮਿਕ ਉਨਤੀ ਲਈ ਮੰਜ਼ਿਲਾਂ ਦਾ ਸਫ਼ਰ ਵਾਲਾ ਵਿਚਾਰ ਵੀ ਦੋਵੇਂ ਮਤਾਂ ਵਿਚ ਸਾਂਝਾ ਹੈ। ਇਨ੍ਹਾਂ ਵਿਚਲੇ ਵਖਰੇਵੇਂ ਪ੍ਰਗਟ ਕਰਦੇ ਹੋਏ ਕਰਤਾ ਦਸਦਾ ਹੈ ਕਿ ਗੁਰੂ ਸਾਹਿਬ, ਭਗਤੀ ਮਾਰਗ ਦੇ ਦ੍ਵੈਤਵਾਦ ਅਵਤਾਰਾਂ ਦੀ ਹੋਂਦ ਤੇ ਉਨ੍ਹਾਂ ਦੀ ਬੁਤ ਪੂਜਾ ਦੇ ਸਖਤ ਵਿਰੁਧ ਸਨ।

ਵੈਸ਼ਨੋ ਭਗਤੀ ਦਾ ਹਿੰਦੂ ਮਨ ਉਤੇ ਐਨਾ ਅਸਰ ਹੋਇਆ ਕਿ ਅਹਿੰਸਾ ਹੀ ਪਰਮ ਧਰਮ ਬਣ ਗਿਆ, ਪਰ ਗੁਰੂ ਸਾਹਿਬ ਨੇ ਤਲਵਾਰ ਨੂੰ ਸ੍ਵੈਮਾਨ ਤੇ ਅਣਖ ਦਾ ਚਿੰਨ੍ਹ ਸਿਰਜ ਕੇ ਆਪਣੇ ਸਿੱਖਾਂ ਨੂੰ ਰਾਜ ਜੋਗੀ ਤੇ ਸੂਰਬੀਰਤਾ ਦਾ ਪੁੰਜ, ਸੰਤ-ਸਿਪਾਹੀ ਬਣਾਇਆ।

ਗਿਆਨ ਮਾਰਗ ਬਾਰੇ ਵਿਚਾਰ ਕਰਦਿਆਂ ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਪ੍ਰਾਚੀਨ ਗਿਆਨ ਮਾਰਗ ਨਾਲ ਸਹਿਮਤ ਨਹੀਂ, ਕਿਉਂਕਿ ਉਥੇ ਵੇਦਾਂ, ਸ਼ਾਸਤਰਾਂ ਤੇ ਸਿਮਰਤੀਆਂ ਦਾ ਪਾਠ ਤੇ ਵਿਚਾਰ ਹੀ ਗਿਆਨ ਪ੍ਰਾਪਤੀ ਹੈ। ਇਸ ਖਿਆਲ ਅਨੁਸਾਰ ਵੇਦਾਂ/ਸ਼ਾਸਤਰਾਂ ਦੇ ਪਾਠ ਕਰਨ/ਕਰਵਾਉਣ ਨਾਲ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਗੁਰੂ ਸਾਹਿਬ ਅਜਿਹੇ ਫੋਕੇ ਗਿਆਨ ਤੇ ਮੁਖਾਗਰ ਪਾਠ ਨੂੰ ਤਰਜੀਹ ਨਹੀਂ ਦਿੰਦੇ, ਕਿਉਂਕਿ ਅਜਿਹੇ ਗਿਆਨ ਨਾਲ ਬ੍ਰਹਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਬਾਣੀ ਵਿਚ ਫੁਰਮਾਣ ਹੈ :

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*

*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*

*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*

*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*

---

[30] ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੭.
[31] ਉਹੀ, ੨੧੪.

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*[32]

ਗੁਰੂ ਸਾਹਿਬ ਗਿਆਨ ਮਾਰਗ ਨਾਲ ਇਸ ਲਈ ਵੀ ਸਹਿਮਤ ਨਹੀਂ ਹਨ ਕਿ ਇਨ੍ਹਾਂ ਦਾ ਆਖਰੀ ਨਿਸ਼ਾਨਾ ਸੰਨਿਆਸ ਹੈ, ਜਦੋਂ ਕਿ ਗੁਰਬਾਣੀ ਸੰਨਿਆਸ ਤੇ ਤਿਆਗ ਦੇ ਵਿਰੁਧ ਹੈ। ਗੁਰੂ ਸਾਹਿਬਾਂ ਨੇ ਆਪ ਗ੍ਰਹਿਸਤ ਵਿਚ ਰਹਿ ਕੇ, ਦਸਾਂ ਨਹੁੰਆਂ ਦੀ ਕਿਰਤ ਕਰਕੇ ਜੀਵਨ ਨਿਰਬਾਹ ਕੀਤਾ ਤੇ ਸੰਗਤਾਂ ਨੂੰ ਵੀ ਇਹੀ ਉਪਦੇਸ਼ ਦਿਤਾ। ਗੁਰਬਾਣੀ ਅਨੁਸਾਰ ਘਰ ਤਿਆਗਨ ਦੀ ਲੋੜ ਨਹੀਂ, ਜੇ ਤਿਆਗਨਾ ਹੈ ਤਾਂ ਵਿਕਾਰਾਂ ਨੂੰ ਤਿਆਗੋ :

*ਤਿਆਗਨਾ ਤਿਆਗਨੁ ਨੀਕਾ ਕਾਮ ਕ੍ਰੋਧੁ ਲੋਭੁ ਤਿਆਗਨਾ॥*[33]

ਸ਼ੈਵ ਮਤ ਤੇ ਗੁਰਮਤਿ ਦਾ ਤੁਲਨਾਤਮਕ ਅਧਿਐਨ ਕਰਦਿਆਂ ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਭਾਰਤੀ ਧਰਮਾਂ ਦੇ ਇਤਿਹਾਸ ਦੀ ਖੋਜ ਕੀਤਿਆਂ ਪਤਾ ਚਲਦਾ ਹੈ ਕਿ ਬੁਧ ਮਤ ਤੇ ਸ਼ੈਵ ਮਤ ਦੇ ਆਪਸੀ ਮੇਲ ਤੋਂ ਬਾਅਦ ਜੋਗੀਆਂ ਦਾ ਫਿਰਕਾ ਸ਼ੁਰੂ ਹੋਇਆ। ਲੇਖਕ ਅਨੁਸਾਰ ਸਿੱਖ ਧਰਮ ਦਾ ਸ਼ੈਵ ਮਤ ਨਾਲ ਸੰਬੰਧ ਜੋਗ ਮਤ ਰਾਹੀਂ ਹੋਇਆ ਹੈ। ਸ਼ੈਵ ਧਰਮੀਆਂ ਤੇ ਗੋਰਖ ਪੰਥੀਆਂ ਦਾ ਰਬ ਸ਼ਿਵ ਦੇਵਤਾ ਹੈ। ਇਨ੍ਹਾਂ ਵਿਚ ਸ਼ਿਵ ਦੀ ਪੂਰੀ ਮੂਰਤੀ ਨਹੀਂ, ਸਿਰਫ਼ ਸ਼ਿਵਲਿੰਗ ਦੇ ਰੂਪ ਵਿਚ ਮੂਰਤੀ ਬਣਾ ਕੇ ਪੂਜੀ ਜਾਂਦੀ ਹੈ। ਸ਼ੈਵ ਧਰਮ ਵਾਲਿਆਂ ਲਈ ਸ਼ਿਵ ਸ੍ਰਿਸ਼ਟੀ ਦਾ ਕਰਤਾ ਨਹੀਂ ਹੈ, ਪਰੰਤੂ ਗੁਰਮਤਿ ਦਾ ਖਿਆਲ ਇਸ ਦੇ ਬਿਲਕੁਲ ਉਲਟ ਹੈ। ਗੁਰਮਤਿ ਵਿਚ ਪਰਮ ਸਤਾ ਨੂੰ ਸ੍ਰਿਸ਼ਟੀ ਦਾ ਕਰਤਾ-ਧਰਤਾ ਮੰਨਿਆ ਹੈ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ। ਡਾ. ਸ਼ੇਰ ਸਿੰਘ ਗੁਰਮਤਿ ਅਤੇ ਸ਼ੈਵ ਮਤ (ਗੋਰਖ ਪੰਥੀਆਂ) 'ਚ ਵਖਰੇਵਿਆਂ ਦੇ ਨਾਲ-ਨਾਲ ਕਈ ਸਾਂਝਾਂ ਵੀ ਦਰਸਾਉਂਦੇ ਹਨ। ਜੋਗੀਆਂ ਵਿਚ ਗੁਰ-ਚੇਲੇ ਦਾ ਰਿਵਾਜ ਕਾਇਮ ਹੈ। ਸਿੱਖ ਦੇ ਅਰਥ ਹੀ ਚੇਲਾ ਹਨ। ਗੁਰਬਾਣੀ ਵਿਚ ਗੁਰੂ ਨੂੰ ਜੋਗੀ ਰੂਪ ਵਿਚ ਵੀ ਸੰਬੋਧਨ ਕੀਤਾ ਗਿਆ ਹੈ :

*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।*[34]

ਡਾ. ਸ਼ੇਰ ਸਿੰਘ ਇਨ੍ਹਾਂ ਦੋਹਾਂ ਮਤਾਂ ਵਿਚ ਆਪਸੀ ਸਾਂਝ ਤੋਂ ਇਲਾਵਾ ਸਿੱਖ ਰਹਿਣੀ ਤੇ ਸਭ ਤੋਂ ਵਧ ਅਸਰ ਜੋਗ ਮਤ ਦਾ ਮੰਨਦੇ ਹਨ। ਉਨ੍ਹਾਂ ਦੀ ਇਸ ਟਿਪਣੀ ਤੋਂ ਇਸ ਤਰ੍ਹਾਂ ਜਾਪਦਾ ਹੈ ਕਿ

---

[32] ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੭.
[33] ਉਹੀ, ੧੦੧੮.
[34] ਉਹੀ, ੧੧੪੦.

ਉਨ੍ਹਾਂ ਨੇ ਆਪਣੇ ਸਮੇਂ (1940) ਵਿਚ ਕਿਸੇ ਇਕ ਇਲਾਕੇ ਦੇ ਲੋਕਾਂ ਨੂੰ ਮੁਖ ਰਖ ਕੇ ਅਚੇਤ ਹੀ ਅਜਿਹਾ ਲਿਖਿਆ ਹੈ, ਵਰਨਾ ਯਥਾਰਥ ਸਥਿਤੀ ਇਹ ਹੈ ਕਿ ਸਿੱਖਾਂ 'ਤੇ ਵਧੇਰੇ ਪ੍ਰਭਾਵ ਬ੍ਰਾਹਮਣੀ ਮਤ ਦਾ ਹੈ। ਜੋਗ ਮਤ ਦਾ ਪ੍ਰਭਾਵ ਆਮ ਲੋਕਾਂ 'ਤੇ ਹੀ ਨਹੀਂ, ਸਿੱਖਾਂ 'ਤੇ ਤਾਂ ਕੀ ਹੋਣਾ ਸੀ। ਕੋਈ ਇਕ-ਅਧ ਉਦਾਹਰਣ ਲੈ ਕੇ ਸਿਧਾਂਤ ਨਹੀਂ ਬਣਾਇਆ ਜਾ ਸਕਦਾ।

ਬੁਧ ਧਰਮ ਬਾਰੇ ਡਾ. ਸ਼ੇਰ ਸਿੰਘ ਦਸਦੇ ਹਨ ਕਿ ਬੁਧ ਧਰਮ ਤੇ ਸਿੱਖ ਧਰਮ ਵਿਚ ਬਹੁਤ ਭਿੰਨਤਾ ਹੈ। ਇਨ੍ਹਾਂ ਵਿਚ ਵਡਾ ਵਖਰੇਵਾਂ ਇਹ ਹੈ ਕਿ ਸਿੱਖ ਧਰਮ ਆਸਤਕ ਹੈ, ਜਦੋਂ ਕਿ ਬੁਧ ਧਰਮ ਨਾਸਤਕ। ਮਹਾਤਮਾ ਬੁਧ ਅਨੁਸਾਰ ਜੀਵਨ ਦੁਖਾਂ ਤੇ ਕਲੇਸ਼ਾਂ ਤੋਂ ਬਿਨਾਂ ਕੁਝ ਨਹੀਂ, ਪਰ ਗੁਰੂ ਸਾਹਿਬ ਜੀਵਨ ਨੂੰ ਦੁਖ ਨਹੀਂ ਮੰਨਦੇ। ਗੁਰਮਤਿ ਵਿਚ ਮਨੁਖਾ ਜਨਮ ਨੂੰ ਸ੍ਰੇਸ਼ਟ ਜਨਮ ਕਿਹਾ ਗਿਆ ਹੈ, ਕਿਉਂਕਿ ਇਸ ਜਨਮ ਵਿਚ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਇਨ੍ਹਾਂ ਮਤਾਂ ਵਿਚਲੀ ਸਾਂਝ ਇਹ ਹੈ ਕਿ ਮਹਾਤਮਾ ਬੁਧ ਤੇ ਗੁਰੂ ਸਾਹਿਬਾਨ ਨੇ ਜਾਤ-ਪਾਤ, ਕਰਮ ਕਾਂਡ ਤੇ ਭਰਾਤਰੀ ਭਾਵ ਦਾ ਇਕੋ ਜਿਹਾ ਉਪਦੇਸ਼ ਦਿਤਾ ਹੈ। ਇਸ ਤੋਂ ਇਲਾਵਾ ਮਹਾਤਮਾ ਬੁਧ ਤੇ ਗੁਰੂ ਨਾਨਕ ਦੇਵ ਜੀ ਵਿਚ ਇਕ ਸਾਂਝ ਇਹ ਵੀ ਹੈ ਕਿ ਇਨ੍ਹਾਂ ਨੇ ਲੋਕਾਂ ਦੀ ਬੋਲੀ ਵਿਚ ਹੀ ਧਰਮ ਉਪਦੇਸ਼ ਦਿਤਾ ਹੈ। ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਲਈ ਕੋਈ ਖਾਸ ਬੋਲੀ ਪਵਿਤਰ ਜਾਂ ਅਪਵਿਤਰ ਨਹੀਂ ਸੀ। ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਗਯਾ (ਗਇਆ)[35] ਦੇ ਸਥਾਨ 'ਤੇ ਗਏ, ਜਿਥੇ ਉਨ੍ਹਾਂ ਨੇ ਕਈ ਬੋਧੀਆਂ ਨਾਲ ਵਾਰਤਾਲਾਪ ਵੀ ਕੀਤੀ। ਕਰਤਾ ਨੇ ਸਮੂਅਲ ਜਾਰਸਨ ਦੀ ਤਰ੍ਹਾਂ ਮੰਨਿਆ ਹੈ ਕਿ ਸਿੱਖ ਧਰਮ, ਬੁਧ ਧਰਮ ਦੀ ਪੁਨਰ-ਸੁਰਜੀਤੀ ਹੈ। ਇਹ ਸਚਾਈ ਤਾਂ ਹੈ ਪਰ ਪੂਰਨ ਸਚਾਈ ਨਹੀਂ ਹੋ ਸਕਦੀ।

ਜੈਨ ਧਰਮ ਨਾਲ ਸਿੱਖ ਧਰਮ ਦੇ ਸੰਬੰਧ ਬਾਰੇ ਵਿਚਾਰ ਕਰਦਿਆਂ ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਜੈਨ ਮਤ ਤੇ ਗੁਰਮਤਿ ਦਰਸ਼ਨ ਵਿਚ ਕੋਈ ਸਾਂਝ ਨਹੀਂ ਹੈ। ਐਲਬਨ ਵਿਡਗਰੀ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਉਹ ਕਹਿੰਦੇ ਹਨ ਕਿ ਇਸ ਵਿਦਵਾਨ ਨੇ ਪਤਾ ਨਹੀਂ ਕਿਸ ਨੁਕਤੇ 'ਤੇ ਆਪਣੇ ਲੇਖ *Living Religion and Modern Thought* ਵਿਚ ਜੈਨ ਧਰਮ ਤੇ ਸਿੱਖ ਧਰਮ ਬਾਰੇ ਸਾਂਝੀ ਵਿਚਾਰ ਪ੍ਰਗਟ ਕੀਤੀ ਹੈ। ਜੈਨ ਮਤ ਵਿਚ ਅਤਿ ਦੇ ਵਹਿਮੀ, ਅਹਿੰਸਾ ਤੇ ਕਰੜਾਈ ਵਾਲੇ ਜੀਵਨ ਨੂੰ ਸਵੀਕਾਰਿਆ ਗਿਆ ਹੈ, ਪਰ ਗੁਰੂ

[35] ਗਯਾ ਪਹਿਲਾਂ ਬੁਧ ਧਰਮ ਦੇ ਵਡੇ ਤੀਰਥਾਂ ਵਿਚੋਂ ਇਕ ਸੀ। ਗਯਾ ਗੈਜ਼ੇਟੀਅਰ ਦੇ ਕਥਨ ਅਨੁਸਾਰ ਗਯਾ ਵਿਚ ਹਿੰਦੂਆਂ ਦੀਆਂ ਦੋ ਵਿਸ਼ੇਸ਼ ਰੀਤੀਆਂ ਵਿਸ਼ਨੂੰ ਪਦ ਦੀ ਪੂਜਾ ਤੇ ਪਿਪਲ ਦੀ ਪੂਜਾ ਬੁਧ ਧਰਮ ਤੋਂ ਉਤਪੰਨ ਹੋਈਆਂ ਜਾਪਦੀਆਂ ਹਨ; ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ*, ਪੰਨਾ 56.

ਸਾਹਿਬ ਨੇ ਇਸ ਨੂੰ ਠੀਕ ਨਾ ਸਮਝਦਿਆਂ ਹੋਇਆਂ ਮਨੁਖ ਨੂੰ ਬਿਬੇਕ ਵਿਚਾਰ ਵਾਲਾ ਜੀਵਨ, ਅਰੋਗਤਾ, ਪ੍ਰਸੰਨਤਾ ਤੇ ਆਸਾਵਾਦ ਅਨੁਸਾਰ ਆਪਣੇ ਪਸ਼ੂ ਸੁਭਾਅ ਨੂੰ ਕਾਬੂ ਕਰਕੇ, ਗਿਆਨ ਇੰਦਰੀਆਂ ਨੂੰ ਵਸ ਵਿਚ ਰਖਣ ਉਤੇ ਜ਼ੋਰ ਦਿਤਾ ਹੈ। ਕਰੜਾਈ ਵਾਲੇ ਜੈਨੀ ਜੀਵਨ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਇਸ ਤਰ੍ਹਾਂ ਦਸਿਆ ਹੈ :

*ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥*
*ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥*
*ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥*
*ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥...*[36]

ਹਿੰਦੁਸਤਾਨ ਤੋਂ ਬਾਹਰ ਪੈਦਾ ਹੋਏ ਧਰਮਾਂ ਬਾਰੇ ਡਾ. ਸ਼ੇਰ ਸਿੰਘ ਜਰਤੁਸਤ (ਪਾਰਸੀ) ਧਰਮ ਤੇ ਸਿੱਖ ਧਰਮ ਦੀ ਸਾਂਝ ਬਾਰੇ ਗਲ ਕਰਦੇ ਹਨ। ਉਨ੍ਹਾਂ ਅਨੁਸਾਰ ਪਾਰਸੀ ਤੇ ਸਿੱਖ ਧਰਮ ਵਿਚ ਭਾਣਾ ਮੰਨਣ ਦਾ ਸਿਧਾਂਤ ਸਾਂਝਾ ਹੈ। ਪਾਰਸੀ ਧਰਮ ਅਨੁਸਰ ਰਬ ਦੇ ਹੁਕਮ ਤੋਂ ਬਿਨਾਂ ਕੋਈ ਚੀਜ਼ ਪੈਦਾ ਨਹੀਂ ਹੋ ਸਕਦੀ। ਉਸ ਦੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ। ਇਸ ਪ੍ਰਕਾਰ ਗੁਰਬਾਣੀ ਵੀ ਦਸਦੀ ਹੈ:

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*[37]

ਯਹੂਦੀ ਮਤ ਤੇ ਸਿੱਖ ਮਤ ਦੀ ਵਿਚਾਰ ਕਰਦਿਆਂ ਡਾ. ਸ਼ੇਰ ਸਿੰਘ ਦਸਦੇ ਹਨ ਕਿ ਯਹੂਦੀਆਂ ਤੇ ਸਿੱਖਾਂ ਦਾ ਮੂਲ ਮੰਤਰ ਲਗਪਗ ਇਕੋ ਜਿਹਾ ਹੈ। ਇਨ੍ਹਾਂ ਦੋਹਾਂ ਦਾ ਭਾਵ 'ਤੂੰ ਇਕ ਹੈਂ ਤੇ ਤੇਰਾ ਨਾਉਂ ਸਤਿ ਹੈ' ਆਪਸ ਵਿਚ ਐਨਾ ਮਿਲਦਾ ਹੈ ਕਿ ਇਹ ਦੋਨੋਂ ਇਕ ਹੀ ਜਾਪਦੇ ਹਨ। ਬੇਸ਼ਕ ਇਨ੍ਹਾਂ ਦੋਹਾਂ ਮੰਤਰਾਂ ਦਾ ਅਰਥ ਤਾਂ ਭਾਵੇਂ ਇਕ ਹੀ ਹੈ, ਪਰ ਯਹੂਦੀਆਂ ਵਿਚ ਮੰਤਰ ਗੁਪਤ ਰੂਪ ਵਿਚ ਦਿਤਾ ਜਾਂਦਾ ਹੈ, ਜਦੋਂ ਕਿ ਸਿੱਖਾਂ ਵਿਚ ਮੂਲ ਮੰਤਰ ਸਭ ਲਈ ਪ੍ਰਗਟ ਰੂਪ ਵਿਚ ਹੈ।

ਈਸਾਈ ਮਤ ਬਾਰੇ ਡਾ. ਸ਼ੇਰ ਸਿੰਘ ਨੇ ਕਈ ਪਛਮੀ ਵਿਦਵਾਨਾਂ, ਜਿਵੇਂ ਕਿ ਸੇਂਟ ਫਰਾਂਸਿਸ, ਜੇ. ਡਬਲਯੂ. ਯੰਗਸਨ ਆਦਿ ਦੇ ਹਵਾਲੇ ਨਾਲ ਵਿਚਾਰ ਦਿਤੇ ਹਨ, ਪਰ ਉਨ੍ਹਾਂ ਨੇ ਇਨ੍ਹਾਂ ਵਿਦਵਾਨਾਂ ਦੇ ਹਵਾਲੇ ਦਾ ਕੋਈ ਸਿਟਾ ਨਹੀਂ ਕਢਿਆ, ਜਿਸ ਤੋਂ ਇਹ ਸਿਧ ਹੋ ਜਾਵੇ ਕਿ ਈਸਾਈ ਤੇ ਸਿੱਖ ਧਰਮ ਵਿਚ ਕੋਈ ਸਮਾਨਤਾ ਜਾਂ ਭਿੰਨਤਾ ਹੈ। ਪਰੰਤੂ ਇਸ ਗਲ ਤੋਂ ਮੁਨਕਰ ਵੀ ਨਹੀਂ ਹੋਇਆ

[36] ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੯.
[37] ਉਹੀ, ੧.

ਜਾ ਸਕਦਾ ਕਿ ਗੁਰੂ ਸਾਹਿਬ ਈਸਾਈ ਧਰਮ ਤੋਂ ਵਾਕਿਫ਼ ਨਹੀਂ ਸਨ। ਇਸ ਬਾਰੇ ਕੋਈ ਇਤਿਹਾਸਕ ਤਥ ਨਾ ਮਿਲਣ ਕਰਕੇ ਕੋਈ ਵੀ ਰਾਇ ਪ੍ਰਗਟ ਨਹੀਂ ਕੀਤੀ ਜਾ ਸਕਦੀ।

ਡਾ. ਸ਼ੇਰ ਸਿੰਘ ਅਨੁਸਾਰ ਮੁਸਲਮਾਨਾਂ ਦੇ ਕਲਮਾ ਤੇ ਗੁਰਮਤਿ ਵਿਚਲੇ ਮੂਲ ਮੰਤਰ ਦਾ ਅਰਥ ਤੇ ਸਰੂਪ ਇਕੋ ਹੈ। ਜਿਵੇਂ ਗੁਰੂ ਗ੍ਰੰਥ ਸਾਹਿਬ ਦਾ ਤਤ-ਸਾਰ ਮੂਲ ਮੰਤਰ ਹੈ, ਉਸੇ ਤਰ੍ਹਾਂ ਕੁਰਾਨ ਦਾ ਤਤ-ਸਾਰ ਫਾਤਿਹਾ (ਕਲਮਾ) ਹੈ, ਪਰੰਤੂ ਕਲਮਾ ਵਿਚ ਮੁਹੰਮਦ ਸਾਹਿਬ ਨੂੰ ਰਬ ਦੇ ਬਰਾਬਰ ਦਰਸਾਇਆ ਗਿਆ ਹੈ, ਜਦੋਂ ਕਿ ਮੂਲ ਮੰਤਰ ਵਿਚ ਅਕਾਲਪੁਰਖ ਤੋਂ ਬਿਨਾਂ ਕਿਸੇ ਦੀ ਸਿਫਤ ਸਾਲਾਹ ਨਹੀਂ। ਇਸ ਕਰਕੇ ਇਨ੍ਹਾਂ ਦੋਹਾਂ ਵਿਚ ਵਡੀ ਭਿੰਨਤਾ ਹੈ। ਇਸ ਤੋਂ ਬਿਨਾਂ 'ਬਰਾਬਰਤਾ ਭਾਵ' ਮੁਸਲਮਾਨਾਂ ਤੇ ਸਿੱਖਾਂ ਵਿਚ ਸਾਂਝਾ ਹੈ। ਇਸ ਪ੍ਰਥਾਇ ਕੁਰਾਨ ਵਿਚ ਲਿਖਿਆ ਹੈ ਕਿ ਸਾਰੇ ਮਨੁਖ ਇਕੋ ਬ੍ਰਾਦਰੀ ਤੇ ਕੌਮ ਦੇ ਹਨ। ਗੁਰਬਾਣੀ ਵਿਚ ਵੀ ਇਸ ਤਰ੍ਹਾਂ ਦੇ ਖਿਆਲ ਦਰਸਾਏ ਗਏ ਹਨ :

*ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥*[38]

ਡਾ. ਸ਼ੇਰ ਸਿੰਘ ਦਾ ਮਤ ਹੈ ਕਿ 'ਬਰਾਬਰਤਾ' ਦਾ ਇਹ ਸੰਕਲਪ ਗੁਰੂ ਸਾਹਿਬ ਨੇ ਕੁਰਾਨ ਸ਼ਰੀਫ ਤੋਂ ਅਪਨਾਇਆ ਹੈ। ਲੇਖਕ ਦਾ ਇਹ ਵਿਚਾਰ ਬਿਲਕੁਲ ਹੀ ਮੰਨਣਯੋਗ ਨਹੀਂ। ਭਾਰਤੀ ਅਤੇ ਅਰਬ ਮੁਲਕਾਂ ਦੇ ਭੂਗੋਲਿਕ ਤੇ ਸਮਾਜਿਕ ਹਾਲਾਤ ਦੇ ਪ੍ਰਸੰਗ ਵਿਚ ਬਰਾਬਰਤਾ ਦਾ ਸੰਦਰਭ ਹੀ ਵਖਰਾ ਹੈ। ਭਾਰਤ ਵਿਚ ਬਰਾਬਰਤਾ ਦਾ ਕੋਈ ਸੰਕਲਪ ਜਾਂ ਆਧਾਰ ਜਾਤ ਦੇ ਹਵਾਲੇ ਤੋਂ ਬਿਨਾਂ ਸਮਝਿਆ ਨਹੀਂ ਜਾ ਸਕਦਾ, ਜਦ ਕਿ ਅਰਬ ਮੁਲਕਾਂ ਵਿਚ ਅਜਿਹੀ ਸਥਿਤੀ ਨਾ ਹੋਣ ਦੇ ਬਰਾਬਰ ਹੈ।[39]

ਡਾ. ਸ਼ੇਰ ਸਿੰਘ ਲਿਖਦੇ ਹਨ ਕਿ 'ਹੁਕਮ' ਪਦ ਦੀ ਮੁਸਲਮਾਨੀ ਧਰਮ ਵਿਚ ਵਿਸ਼ੇਸ਼ ਪ੍ਰਧਾਨਤਾ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਵਿਚਲਾ 'ਹੁਕਮ' ਪਦ ਵੀ ਕੁਰਾਨ ਸ਼ਰੀਫ ਤੋਂ ਲਿਆ ਗਿਆ ਹੈ, ਪਰੰਤੂ ਉਨ੍ਹਾਂ ਦਾ ਇਹ ਧਾਰਨਾ ਵੀ ਠੀਕ ਨਹੀਂ। 'ਹੁਕਮ' ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਜਰੂਰ ਹੈ[40], ਜਿਹੜਾ ਕਿ ਕੁਰਾਨ ਵਿਚ ਆਮ ਵਰਤਿਆ ਗਿਆ ਹੈ ਤੇ

---

[38] ਸ੍ਰੀ ਗੁਰੂ ਗ੍ਰੰਥ ਸਾਹਿਬ, ੮੩.

[39] *ਸਿੱਖ ਇਨਕਲਾਬ*, ਪੰਨੇ 137-57.

[40] ਵੇਖੋ: ਹੁਕਮ-(ਅ. ਹੁਕਮ) ਆਦੇਸ਼, ਆਗਿਆ। *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਫ਼ਾਰਸੀ-ਅਰਬੀ ਮੂਲਕ ਸ਼ਬਦਾਂ ਦਾ ਕੋਸ਼*, ਪੰਨਾ 58. ਨੋਟ :ਇਸ ਪ੍ਰਥਾਇ ਗੁਰਬਾਣੀ ਵਿਚ ਫੁਰਮਾਣ ਹੈ: *ਰਾਜ ਨ ਭਾਗ ਨ ਹੁਕਮ ਨ ਸਾਦਨ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੬-੦੭; *ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦.

ਗੁਰਬਾਣੀ ਵਿਚ ਵੀ, ਪਰੰਤੂ ਇਨ੍ਹਾਂ ਦੋਨਾਂ ਦੇ ਭਾਵ ਵਿਚ ਬਹੁਤ ਅੰਤਰ ਹੈ। ਗੁਰਬਾਣੀ ਵਿਚਲਾ ਹੁਕਮ ਵਰਤ ਰਿਹਾ ਸਮੁਚਾ ਸ੍ਰਿਸ਼ਟੀ ਦਾ ਵਰਤਾਰਾ ਹੈ :

*– ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*[41]

*– ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥*[42]

ਜਦ ਕਿ ਕੁਰਾਨ ਵਿਚਲਾ ਹੁਕਮ ਵਧੇਰੇ ਕਰਕੇ ਉਹ ਹੈ ਜਿਹੜਾ ਅੱਲਾਹ ਲੋਕਾਂ ਨੂੰ ਦਿੰਦਾ ਹੈ, ਜਿਵੇਂ ਕਿ ਕੁਰਾਨ ਸ਼ਰੀਫ਼ ਵਿਚ ਕਿਹਾ ਗਿਆ ਹੈ :

*ਜਿਹੜੇ ਲੋਕ ਪੈਗੰਬਰਾਂ ਉਤੇ ਈਮਾਨ ਲੈ ਆਏ, ਉਨ੍ਹਾਂ ਨੂੰ ਅੱਲਾਹ ਨੇ ਆਪਣੇ ਹੁਕਮ ਨਾਲ ਉਸ ਸਚਾਈ ਦਾ ਰਸਤਾ ਵਿਖਾ ਦਿਤਾ, ਜਿਸ ਵਿਚ ਲੋਕਾਂ ਨੇ ਮਤਭੇਦ ਕੀਤਾ ਸੀ। ਅੱਲਾਹ ਜਿਸ ਨੂੰ ਚਾਹੇ ਰਸਤਾ ਵਿਖਾ ਦੇਂਦਾ ਹੈ।*[43]

ਡਾ. ਸ਼ੇਰ ਸਿੰਘ ਸੂਫ਼ੀ ਮਤ ਤੇ ਸਿੱਖ ਧਰਮ ਵਿਚਲੀਆਂ ਸਮਾਨਤਾਵਾਂ ਤੇ ਵਖਰੇਵੇਂ ਦਰਸਾਉਂਦੇ ਹੋਏ ਦਸਦੇ ਹਨ ਕਿ ਸੂਫ਼ੀ ਮਤ ’ਚ ਰੂਹਾਨੀ ਤਰੱਕੀ ਲਈ ਕਈ ਮੰਜ਼ਿਲਾਂ ਹਨ।[44] ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਜਪੁ ਜੀ ਸਾਹਿਬ ਵਿਚ ਪਰਮਾਤਮਾ ਦੀ ਪ੍ਰਾਪਤੀ ਲਈ ਪੰਜ ਮੰਜ਼ਿਲਾਂ (ਪੰਜ ਖੰਡ) ਦਸੀਆਂ ਹਨ।[45] ਇਸ ਤੋਂ ਬਿਨਾਂ ਬਾਹਰਲੇ ਭੇਖ ਦੀ ਥਾਂ ਅੰਦਰੂਨੀ ਸਦਾਚਾਰੀ ਤੇ ਆਤਮਕ ਗੁਣਾਂ ਉਤੇ ਜ਼ੋਰ ਸਿੱਖ ਧਰਮ ਤੇ ਸੂਫ਼ੀਆਂ ’ਚ ਇਕੋ ਰੂਪ ਵਿਚ ਹੀ ਹੈ। ਇਨ੍ਹਾਂ ਦੋਹਾਂ ਮਤਾਂ ਵਿਚ ਕਈ ਬੁਨਿਆਦੀ ਫ਼ਰਕ ਵੀ ਹਨ। ਪਹਿਲਾ, ਸੂਫ਼ੀਆਂ ’ਚ ਆਤਮਕ ਉਨਤੀ ਲਈ ਫ਼ਕੀਰੀ (ਤਿਆਗ) ਜ਼ਰੂਰੀ ਹੈ, ਪਰ ਸਿੱਖ ਧਰਮ ’ਚ ਗ੍ਰਹਿਸਤ ਪ੍ਰਧਾਨ ਹੈ। ਸਿੱਖਾਂ ’ਚ ਤਿਆਗ ਦੀ ਥਾਂ ਗ੍ਰਹਿਸਤ ’ਚ ਰਹਿ ਕੇ ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ ਜ਼ਰੂਰੀ ਹੈ। ਸੂਫ਼ੀਆਂ ’ਚ ਆਦਰਸ਼ ਪ੍ਰਾਪਤੀ ਲਈ ਤਪਸਵੀ ਜੀਵਨ ਤੇ ਜੋਗੀਆਂ ਵਾਲੇ ਕਰੜੇ ਬੰਨ੍ਹਣ ਧਾਰਨ ਕਰਨੇ ਜ਼ਰੂਰੀ ਹਨ, ਪਰ ਗੁਰੂ ਸਾਹਿਬ ਅਨੁਸਾਰ ਮਾਇਆ ਵਿਚ ਨਿਰਲੇਪ ਰਹਿ ਕੇ ਸਹਿਜ ਸੁਭਾ ਹੀ ਆਦਰਸ਼ਕ ਜੀਵਨ ਪ੍ਰਾਪਤ ਹੋ ਜਾਂਦਾ ਹੈ।

---

[41] ਸ੍ਰੀ ਗੁਰੂ ਗ੍ਰੰਥ ਸਾਹਿਬ, ੧.

[42] ਉਹੀ, ੩੭.

[43] *ਕੁਰਅਨ ਮਜੀਦ: ਅਨੁਵਾਦ ਤੇ ਸੰਖੇਪ ਟੀਕਾ ਸਹਿਤ*, ਸੂਰਾ 2, ਆਇਤ 213, ਪੰਨਾ 64.

[44] ਭਾਈ ਕਾਨ੍ਹ ਸਿੰਘ ਨਾਭਾ ਨੇ ਸੂਫ਼ੀਆਂ ’ਚ ਪਰਮਪਦ ਦੀ ਪ੍ਰਾਪਤੀ ਲਈ ਚਾਰ ਮੰਜ਼ਿਲਾਂ ਦਸੀਆਂ ਹਨ। ਇਹ ਹਨ– ਨਾਸੂਤ (ਸ਼ਰੀਅਤ), ਮਲਕੂਤ (ਤਰੀਕਤ), ਜਬਰੂਤ (ਮਾਰਫ਼ਤ), ਫਨਾ (ਹਕੀਕਤ), ਵੇਖੋ: *ਮਹਾਨ ਕੋਸ਼*, ਪੰਨਾ 224.

[45] ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚਖੰਡ।

### 4.3 ਸਿੱਖ ਅਧਿਆਪਨ ਦਾ ਨਵੀਨੀਕਰਨ

ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਤਕ ਸਿੱਖ ਅਧਿਐਨ ਅਤੇ ਅਧਿਆਪਨ ਵਿਚ ਪਰੰਪਰਾਗਤ ਢੰਗ ਵਰਤੇ ਜਾਂਦੇ ਸਨ। ਬਹੁਤ ਸਾਰੇ ਡੇਰਿਆਂ, ਗੁਰਦੁਆਰਿਆਂ, ਇਥੋਂ ਤਕ ਕਿ ਖਾਲਸਾ ਸਕੂਲਾਂ/ਕਾਲਜਾਂ ਤਕ ਵੀ ਪੁਰਾਤਨ ਢੰਗ ਨਾਲ ਵਿਦਿਆ ਦਿਤੀ ਜਾਂਦੀ ਸੀ। ਉਸ ਸਮੇਂ ਦੇ ਪ੍ਰਮੁਖ ਵਿਦਵਾਨਾਂ (ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਡਾ. ਸ਼ੇਰ ਸਿੰਘ) ਨੇ ਸਿੱਖ ਅਧਿਆਪਨ ਦਾ ਨਵੀਨੀਕਰਨ ਕੀਤਾ, ਜਿਸ ਤਹਿਤ ਵਿਦਿਆਰਥੀਆਂ ਨੂੰ ਪਰੰਪਰਾਗਤ ਢੰਗਾਂ ਤੋਂ ਹਟ ਕੇ ਨਵੇਂ ਢੰਗਾਂ ਨਾਲ ਵਿਦਿਆ ਦੇਣੀ ਆਰੰਭ ਕੀਤੀ ਗਈ। ਡਾ. ਸ਼ੇਰ ਸਿੰਘ ਦੇ ਮਨ ਵਿਚ ਵਿਦਿਆ ਪ੍ਰਤੀ ਬਹੁਤ ਉਤਸ਼ਾਹ ਸੀ, ਕਿਉਂਕਿ ਉਹ ਖੁਦ ਉਚ ਵਿਦਿਆ ਦੇ ਧਾਰਨੀ ਸਨ ਅਤੇ ਉਨ੍ਹਾਂ ਨੇ ਅਧਿਆਪਨ ਵਿਚ ਬਹੁਤ ਸਮਾਂ ਗੁਜ਼ਾਰਿਆ ਸੀ।

ਪੰਜਾਬੀ ਅਧਿਆਪਨ, ਗੁਰਮਤਿ ਦਰਸ਼ਨ, ਗੁਰਮਤਿ ਸਾਹਿਤ ਤੋਂ ਇਲਾਵਾ ਉਨ੍ਹਾਂ ਨੇ *ਸਾਹਿਤ ਸਮਾਲੋਚਨਾ* ਪੁਸਤਕ ਲਿਖ ਕੇ ਆਲੋਚਨਾ[46] ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ। ਉਸ ਸਮੇਂ 'ਲਿਟਰੇਰੀ ਕ੍ਰਿਟੀਸਿਜ਼ਮ' (Literary Criticism) ਲਈ ਪ੍ਰਚਲਿਤ ਸ਼ਬਦ 'ਅਦਬੀ ਤਨਕੀਦ' ਸੀ, ਪਰ 'ਅਦਬ' ਦੀ ਥਾਂ 'ਸਾਹਿਤ' ਤੇ 'ਤਨਕੀਦ' ਲਈ ਹੋਰ ਸ਼ਬਦ- ਪੜਚੋਲ, ਪਰਖ, ਆਲੋਚਨਾ, ਸਮੀਖਿਆ, ਆਦਿ ਵਰਤੇ ਜਾਂਦੇ ਸਨ, ਜਿਨ੍ਹਾਂ ਵਿਚੋਂ ਕਿਸੇ ਇਕ ਬਾਰੇ ਫੈਸਲਾ ਕਰਨਾ ਔਖਾ ਸੀ। ਜਿਵੇਂ ਅਜਕਲ੍ਹ ਬਹੁਤਿਆਂ ਨੂੰ ਅਦਬੀ-ਤਨਕੀਦ ਦਾ ਅਰਥ ਨਹੀਂ ਪਤਾ, ਪਰ (Criticism) ਸ਼ਬਦ ਲਈ ਆਲੋਚਨਾ ਇਉਂ ਪ੍ਰਚਲਿਤ ਹੈ ਜਿਵੇਂ ਇਹ ਮੁੱਢੋਂ ਹੀ ਪੰਜਾਬੀ ਬੋਲੀ ਦਾ ਹੋਵੇ।[47] ਇਸ ਪ੍ਰਥਾਇ ਡਾ. ਸ਼ੇਰ ਸਿੰਘ ਦੇ ਕੁਝ ਸ਼ਬਦ ਇਉਂ ਹਨ:

> *ਨਵੇਂ-ਨਵੇਂ ਵਿਸ਼ਿਆਂ ਬਾਰੇ ਗਿਆਨ ਦੇਣ ਲਈ ਅਤੇ ਵਿਸ਼ੇਸ਼ ਕਰਕੇ "ਆਲੋਚਨਾ" ਦੇ ਖੇਤਰ ਵਿਚ ਨਵੀਂ ਪੈਦਾ ਹੋਈ ਸਥਿਤੀ ਦੀ ਪੂਰਤੀ ਲਈ, ਬਿਲਕੁਲ ਨਵੇਂ, ਜੋ ਉਦੋਂ ਤਕ ਅਜੇ ਪ੍ਰਚਲਿਤ ਨਹੀਂ ਸਨ, ਸੰਕੇਤਕ ਸ਼ਬਦ ਲਭਣ, ਸਿਰਜਨ ਤੇ ਵਰਤੋਂ ਵਿਚ ਲਿਆਉਣ ਲਈ ਸਾਡੇ ਸਾਰਿਆਂ ਵਿਚ ਕਿੰਨਾ ਉਤਸ਼ਾਹ ਹੁੰਦਾ ਸੀ, ਬਿਆਨ*

[46] ਆਲੋਚਨਾ ਇਕ ਵਿਵਹਾਰਿਕ ਕਲਾ ਹੈ ਜਿਸ ਨਾਲ ਪਾਠਕਾਂ, ਦਰਸ਼ਕਾਂ ਅਤੇ ਸਰੋਤਿਆਂ ਨੂੰ ਕਿਸੇ ਕਲਾ-ਕ੍ਰਿਤੀ ਨੂੰ ਮਾਣਨ, ਪਰਖਣ ਦੀ ਜਾਂਚ ਆਉਂਦੀ ਹੈ।

[47] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨਾ 'xiii'.

*ਨਹੀਂ ਹੋ ਸਕਦਾ। 'ਲਿਟਰੇਰੀ ਕ੍ਰਿਟਿਸਿਜ਼ਮ' ਲਈ ਪ੍ਰਚਲਿਤ ਸ਼ਬਦ 'ਅਦਬੀ ਤਨਕੀਦ' ਆਮ ਸਮਝਿਆ ਤੇ ਵਰਤਿਆ ਜਾਂਦਾ ਸੀ, ਪਰ 'ਅਦਬ' ਦੀ ਥਾਂ 'ਸਾਹਿਤ' ਤੇ 'ਤਨਕੀਦ' ਲਈ ਪੜਚੋਲ, ਸਮੀਖਿਆ, ਪਰਖ, ਆਲੋਚਨਾ ਕਿਹੜਾ ਸ਼ਬਦ ਵਰਤੀਏ ਫੈਸਲਾ ਕਰਨਾ ਔਖਾ ਸੀ, ਕਿਉਂਕਿ ਇਹ ਸਾਰੇ ਸ਼ਬਦ ਉਦੋਂ ਓਪਰੇ-ਓਪਰੇ ਲਗਦੇ ਸਨ, ਜਿਵੇਂ ਅਜ ਕਲ੍ਹ 'ਅਦਬੀ-ਤਨਕੀਦ' ਦਾ ਅਰਥ ਤਕ ਬਹੁਤਿਆਂ ਨੂੰ ਪਤਾ ਨਹੀਂ, ਪਰ 'ਕ੍ਰਿਟਿਸ਼ਿਜਮ' ਲਈ 'ਆਲੋਚਨਾ' ਇਉਂ ਪ੍ਰਚਲਿਤ ਹੈ, ਜਿਵੇਂ ਕਿਤੇ ਇਹ ਪੰਜਾਬੀ ਬੋਲੀ ਦੇ ਜਨਮ ਤੋਂ ਹੀ ਵਰਤੀਂਦਾ ਆ ਰਹਿਆ ਹੋਵੇ। ਅਜੇਹੇ ਮੁਢਲੇ ਨਿਰਮਾਤਾ ਸਨ ਡਾ. ਸ਼ੇਰ ਸਿੰਘ ਜੀ।*[48]

ਡਾ. ਸ਼ੇਰ ਸਿੰਘ ਦੇ ਮਨ ਵਿਚ ਪੰਜਾਬੀ ਬੋਲੀ ਦੇ ਵਿਕਾਸ ਲਈ ਹਮੇਸ਼ਾਂ ਉਤਸ਼ਾਹ ਬਣਿਆ ਰਹਿੰਦਾ ਸੀ। ਪੰਜਾਬੀ ਪ੍ਰਤੀ ਦਿਲੀ ਲਗਾਉ ਹੋਣ ਕਾਰਨ ਆਪ ਨੇ 1951 ਵਿਚ ਕਈ ਹੋਰ ਸਿੱਖ ਵਿਦਵਾਨਾਂ ਦੇ ਸਹਿਯੋਗ ਨਾਲ ਗੌਰਮਿੰਟ ਕਾਲਜ, ਲੁਧਿਆਣਾ ਵਿਚ ਪੰਜਾਬੀ ਵਿਸ਼ੇ ਵਿਚ ਐਮ. ਏ. ਸ਼ੁਰੂ ਕਰਵਾਈ।[49] ਖਾਲਸਾ ਕਾਲਜ, ਅੰਮ੍ਰਿਤਸਰ ਤੇ ਮਹਿੰਦਰਾ ਕਾਲਜ, ਪਟਿਆਲਾ ਦੇ ਪਿਛੋਂ, ਗੌਰਮਿੰਟ ਕਾਲਜ, ਲੁਧਿਆਣਾ ਤੀਜੀ ਥਾਂ ਸੀ, ਜਿਥੇ ਐਮ. ਏ. ਦੀ ਪੜ੍ਹਾਈ ਆਪ ਦੇ ਜਤਨਾਂ ਸਦਕਾ ਸ਼ੁਰੂ ਹੋਈ।[50]

### 4.4 ਪ੍ਰਬੰਧਕੀ ਯੋਗਦਾਨ

ਡਾ. ਸ਼ੇਰ ਸਿੰਘ ਨੇ ਜਿਥੇ ਆਪਣੇ ਜੀਵਨ ਦੌਰਾਨ ਅਨੇਕ ਮਹਤਵਪੂਰਨ ਅਕਾਦਮਿਕ ਕਾਰਜ ਕੀਤੇ, ਉਥੇ ਨਾਲ ਹੀ ਉਨ੍ਹਾਂ ਪੰਜਾਬੀ ਬੋਲੀ ਦੇ ਵਿਕਾਸ ਲਈ ਪੰਜਾਬੀ ਸਾਹਿਤ ਅਕਾਦਮੀ ਬਣਾ ਕੇ ਆਪਣੀ ਸਦੀਵੀ ਯਾਦ ਰਾਖਵੀਂ ਕਰ ਲਈ।

ਆਪ ਨੇ 1958 ਈ. ਵਿਚ ਪੰਜਾਬੀ ਸਾਹਿਤ ਅਕਾਦਮੀ ਬਣਾਉਣ ਦਾ ਫੈਸਲਾ ਕੀਤਾ। ਇਸ ਕੰਮ ਦਾ ਆਰੰਭ ਭਾਈ ਜੋਧ ਸਿੰਘ ਦੀ ਅਗਵਾਈ ਵਿਚ ਡਾ. ਗੁਰਚਰਨ ਸਿੰਘ, ਡਾ. ਪਿਆਰ

---

48 ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ*, ਪੰਨੇ ''xii-xiii'.
49 *ਉਹੀ*, ਪੰਨਾ 5.
50 *ਉਹੀ*.

ਸਿੰਘ, ਪ੍ਰੋ. ਕੁਲਵੰਤ ਸਿੰਘ, ਡਾ. ਉਜਾਗਰ ਸਿੰਘ, ਡਾ. ਕੇ. ਸੀ. ਗੁਪਤਾ, ਆਦਿ ਦੀ ਮੱਦਦ ਨਾਲ ਹੋਇਆ।[51] ਆਪ ਨੇ ਅਕਾਦਮੀ ਦੇ ਜਨਰਲ ਸਕੱਤਰ ਹੁੰਦੇ ਹੋਏ ਇਸ ਨੂੰ ਸਹੀ ਰਾਹ ਉਤੇ ਤੋਰਨ ਲਈ ਕਈ ਮਹਤਵਪੂਰਨ ਕਾਰਜ ਕੀਤੇ, ਜਿਵੇਂ ਪ੍ਰਮਾਣਿਕ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ, ਅਕਾਦਮੀ ਦਾ ਦਫਤਰ ਬਣਵਾਇਆ, ਪ੍ਰੈੱਸ ਲਗਵਾਈ, ਅਕਾਦਮੀ ਦਾ ਹਵਾਲਾ ਪੁਸਤਕਾਲਾ ਸਥਾਪਿਤ ਕੀਤਾ ਅਤੇ ਨਾਲ ਹੀ ਸੱਤ ਸਰਬ-ਹਿੰਦ ਪੰਜਾਬੀ ਕਾਨਫਰੰਸਾਂ ਵੀ ਕਰਵਾਈਆਂ।[52] ਪੰਜਾਬੀ ਸਾਹਿਤ ਅਕਾਦਮੀ ਬਣਾਉਣ ਸਮੇਂ ਉਨ੍ਹਾਂ ਦੀ ਦਿਲੀ ਇਛਾ ਸੀ ਕਿ ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲਿਆਂ ਨੂੰ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕਰਕੇ ਪੰਜਾਬੀ ਭਾਸ਼ਾ ਨਾਲ ਜੋੜਿਆ ਜਾਵੇ, ਕਿਉਂਕਿ ਦੇਸ਼ ਦੀ ਵੰਡ ਕਾਰਨ ਮੁਸਲਮਾਨ ਵਿਦਵਾਨ, ਲੇਖਕ, ਅਧਿਆਪਕ ਆਦਿ ਪੰਜਾਬ ਵਿਚੋਂ ਜਾ ਚੁਕੇ ਸਨ। ਡਾ. ਸ਼ੇਰ ਸਿੰਘ ਇਸ ਪ੍ਰਥਾਇ 1955 ਈ. ਦੀ ਆਪਣੀ ਸਲਾਨਾ ਰਿਪੋਰਟ ਵਿਚ ਲਿਖਦੇ ਹਨ:

> *ਪੂਰਾ ਇਕ ਵਰ੍ਹਾ ਹੋਇਆ ਜਦੋਂ ਲੁਧਿਆਣੇ ਦੇ ਕੁਝ ਕੁ ਪੰਜਾਬੀ ਪਿਆਰੂਏ ਇਕੱਠੇ ਹੋਏ ਤੇ ਉਨ੍ਹਾਂ ਮਤਾ ਪਕਾਇਆ ਕਿ ਪੰਜਾਬੀ ਬੋਲੀ ਤੇ ਸਾਹਿਤ ਦੇ ਪ੍ਰਚਾਰ ਤੇ ਉੱਨਤੀ ਵਾਸਤੇ ਇਕ ਸਾਂਝੀ ਕੇਂਦਰੀ ਸੰਸਥਾ ਕਾਇਮ ਕੀਤੀ ਜਾਵੇ। ਸਾਨੂੰ ਬੜਾ ਅਫਸੋਸ ਹੈ ਕਿ ਉਨ੍ਹਾਂ ਵਿਚੋਂ ਅੱਜ ਇਕ ਮਹਾਨ ਵਿਦਵਾਨ ਤੇ ਖੋਜੀ ਸਰੀਰਕ ਰੂਪ ਵਿਚ ਸਾਨੂੰ ਛਡ ਗਇਆ ਹੈ, ਪਰ ਉਸ ਦੀ ਆਤਮਾ ਐਸ ਵੇਲੇ ਤੁਹਾਨੂੰ ਸਭ ਨੂੰ ਸ਼ਾਬਾਸ਼ ਦੇ ਰਹੀ ਹੈ ਤੇ ਤੁਹਾਨੂੰ 'ਜੀ ਆਇਆਂ ਨੂੰ' ਆਖ ਰਹੀ ਹੈ। ਇਹ ਆਤਮਾ ਹੈ ਸਾਡੇ ਪਿਆਰੇ ਬਜ਼ੁਰਗ ਵੀਰ ਡਾ. ਬਨਾਰਸੀ ਦਾਸ ਜੈਨ ਦੀ।*[53]

ਜ਼ਿਕਰਯੋਗ ਹੈ ਕਿ ਪੰਜਾਬੀ ਬੋਲੀ ਦੇ ਇਤਿਹਾਸ ਵਿਚ ਪੰਜਾਬੀ ਨੂੰ ਬਣਦਾ ਸਥਾਨ ਦਿਵਾਉਣ ਲਈ ਡਾ. ਸ਼ੇਰ ਸਿੰਘ ਨੇ ਪਹਿਲਾ ਸਾਂਝਾ ਉਦਮ ਗੌਰਮਿੰਟ ਕਾਲਜ, ਲਾਹੌਰ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ 1925-26 ਈ. ਵਿਚ ਕੀਤਾ।[54] ਉਸ ਸਮੇਂ ਰਾਏ ਬਹਾਦੁਰ ਸ਼ਿਵਰਾਮ ਕੇਸ਼ਪ, ਪ੍ਰੋ. ਆਈ. ਸੀ. ਨੰਦਾ, ਕਾਜ਼ੀ ਫਜ਼ਲ ਹਕ, ਪ੍ਰੋ. ਐਮ. ਜੀ. ਸਿੰਘ ਤੇ ਸ. ਮਹਾਂ ਸਿੰਘ ਦੀ

---

[51] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨੇ 5-6.
[52] *ਉਹੀ,* ਪੰਨਾ 2.
[53] *ਆਲੋਚਨਾ*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਜੂਨ, 1955, ਪੰਨਾ 69.
[54] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨਾ ix.

ਅਗਵਾਈ ਵਿਚ ਇਕ 'ਪੰਜਾਬੀ ਸਭਾ' ਕਾਇਮ ਹੋਈ, ਜਿਸ ਦੇ ਪਹਿਲੇ ਜਨਰਲ ਸਕੱਤਰ ਮੀਆਂ ਅਬਦੁਲ ਮਸੀਹ ਤੇ ਵਿਦਿਆਰਥੀ ਪ੍ਰਧਾਨ ਸ਼ੇਰ ਸਿੰਘ ਬਣੇ।[55]

ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਵੇਲੇ ਵੀ ਡਾ. ਸ਼ੇਰ ਸਿੰਘ ਦੇ ਮਨ ਵਿਚ ਇਹੋ ਭਾਵਨਾ ਕੰਮ ਕਰ ਰਹੀ ਸੀ। ਪੰਜਾਬੀ ਨੂੰ ਪਿਆਰ ਕਰਨ ਵਾਲੇ ਹਿੰਦੂ ਵਿਦਵਾਨਾਂ ਨੂੰ ਉਨ੍ਹਾਂ ਨੇ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਲਈ ਪ੍ਰੇਰਿਆ।[56] ਪੰਜਾਬੀ ਸਾਹਿਤ ਅਕਦਾਮੀ ਬਣਾਉਣ ਵੇਲੇ ਡਾ. ਸ਼ੇਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਹੇਠ ਲਿਖੇ ਨਿਸ਼ਾਨੇ ਮਿਥੇ ਗਏ [57] :

- ਪੰਜਾਬੀ ਬੋਲੀ ਤੇ ਸਾਹਿਤ ਦੀ ਉਨਤੀ ਤੇ ਪ੍ਰਚਾਰ।
- ਭਾਰਤ ਦੀਆਂ ਹੋਰ ਬੋਲੀਆਂ ਲਈ ਲੋਕਾਂ ਨੂੰ ਉਤਸ਼ਾਹਿਤ ਕਰਨਾ।
- ਕੇਂਦਰੀ ਪੁਸਤਕਮਾਲਾ, ਖੋਜ ਆਸ਼ਰਮ ਅਤੇ ਸਾਹਿਤ ਸਦਨ ਸਥਾਪਿਤ ਕਰਨਾ।
- ਮੌਲਿਕ ਤੇ ਖੋਜ ਭਰਪੂਰ ਸਾਹਿਤ ਲਈ ਲਿਖਾਰੀਆਂ ਦੀ ਅਗਵਾਈ ਤੇ ਸਿਖਿਆ ਪ੍ਰਦਾਨ ਕਰਨਾ।
- ਮਿਆਰੀ ਪੁਸਤਕਾਂ ਤੇ ਰਸਾਲੇ ਪ੍ਰਕਾਸ਼ਿਤ ਕਰਨਾ।
- ਦੁਨੀਆਂ ਦੀਆਂ ਵਧੀਆਂ ਪੁਸਤਕਾਂ ਦਾ ਪੰਜਾਬੀ ਵਿਚ ਉਲੱਥਾ ਕਰਵਾਉਣਾ।
- ਪੰਜਾਬੀ ਬੋਲੀ ਤੇ ਸਾਹਿਤ ਨੂੰ ਸੰਸਾਰ ਵਿਚ ਬਣਦਾ ਸਥਾਨ ਦਿਵਾਉਣਾ।
- ਪੰਜਾਬੀ ਯੂਨੀਵਰਸਿਟੀ ਕਾਇਮ ਕਰਨਾ।[58]

ਅਜ, ਮੌਜੂਦਾ ਸਮੇਂ ਵਿਚ (2015) ਪੰਜਾਬੀ ਸਾਹਿਤ ਅਕਾਦਮੀ ਆਪਣੇ ਮਿਥੇ ਨਿਸ਼ਾਨਿਆਂ ਨੂੰ ਪੂਰਦੀ ਹੋਈ ਪੰਜਾਬ ਦੀ ਸ਼੍ਰੋਮਣੀ ਅਤੇ ਭਾਰਤ ਦੀਆਂ ਪ੍ਰਮੁਖ ਸੰਸਥਾਵਾਂ ਵਿਚੋਂ ਇਕ ਵਿਸ਼ੇਸ਼ ਸੰਸਥਾ ਬਣ ਗਈ ਹੈ, ਜਿਹੜੀ ਅਨੇਕ ਖੋਜਾਰਥੀਆਂ ਨੂੰ ਭਿੰਨ-ਭਿੰਨ ਪ੍ਰਕਾਰ ਦੀ ਵਿਦਿਅਕ ਸਮਗਰੀ ਮੁਹਈਆ ਕਰਵਾ ਕੇ ਆਪਣਾ ਮੁਢਲਾ ਫਰਜ਼ ਨਿਭਾਅ ਰਹੀ ਹੈ।

ਪ੍ਰਬੰਧਕੀ ਯੋਗਦਾਨ ਦੇ ਸੰਦਰਭ ਵਿਚ ਡਾ. ਸ਼ੇਰ ਸਿੰਘ ਦੀ ਇਕ ਪ੍ਰਮੁਖ ਦੇਣ ਲੜਕੀਆਂ ਦਾ ਬੀ.ਐੱਡ. ਟ੍ਰੇਨਿੰਗ ਲਈ ਮਾਲਵਾ ਸੈਂਟਰ ਕਾਲਜ ਆਫ਼ ਐਜੂਕੇਸ਼ਨ ਲੁਧਿਆਣਾ ਹੈ। ਇਹ

---

[55] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨਾ ix.

[56] *ਉਹੀ.*

[57] ਇਹ ਨਿਸ਼ਾਨੇ *ਆਲੋਚਨਾ* ਦੇ ਅੰਕ ਜੂਨ, 1955 ਵਿਚ ਪ੍ਰਕਾਸ਼ਿਤ ਹੋਈ ਪੰਜਾਬੀ ਸਾਹਿਤ ਅਕਾਦਮੀ ਦੀ ਸਲਾਨਾ ਰਿਪੋਰਟ ਵਿਚ ਦਰਜ ਹਨ।

[58] ਕਈ ਵਾਰ ਸੁਪਨੇ ਦੇਖਣਾ ਅਸਲੀਅਤ ਦੀ ਨੀਂਹ ਸਮਾਨ ਹੋ ਨਿਬੜਦਾ ਹੈ।

ਕਾਲਜ ਪੇਂਡੂ ਲੜਕੀਆਂ ਦੀ ਬੀ.ਐੱਡ. ਟ੍ਰੇਨਿੰਗ ਦੇ ਸੰਬੰਧ ਵਿਚ ਡਾ. ਸ਼ੇਰ ਸਿੰਘ ਦੀ ਇਕ ਅਮਰ ਦੇਣ ਹੈ। ਉਨ੍ਹਾਂ ਨੇ 70% ਸੀਟਾਂ ਕੇਵਲ ਪੇਂਡੂ ਲੜਕੀਆਂ ਲਈ ਰਾਖਵੀਆਂ ਕਰਾ ਦਿਤੀਆਂ। ਸਾਰੇ ਪੰਜਾਬ ਵਿਚ ਇਹ ਇਕੋ ਇਕ ਕਾਲਜ ਸੀ ਜਿਥੇ ਲੜਕੀਆਂ ਲਈ 70% ਸੀਟਾਂ ਰਾਖਵੀਆਂ ਸਨ।[59] ਮਾਲਵਾ ਟਰੇਨਿੰਗ ਕਾਲਜ ਦੇ ਉਹ ੧੨ ਸਾਲ ਪ੍ਰਿੰਸੀਪਲ ਰਹੇ। ਇਸ ਕਾਲਜ ਵਿਚ ਉਨ੍ਹਾਂ ਦੀ ਯਾਦ ਵਜੋਂ ਹਰ ਸਾਲ ਡਾ. ਸ਼ੇਰ ਸਿੰਘ ਭਾਸ਼ਣ ਪ੍ਰਤਿਯੋਗਤਾ [60] ਕਰਵਾਈ ਜਾਂਦੀ ਸੀ।[61]

## 4.5 ਸਮਕਾਲੀ ਵੰਗਾਰਾਂ ਦੇ ਉਤਰ

ਡਾ. ਸ਼ੇਰ ਸਿੰਘ ਦੇ ਸਿੱਖ ਅਧਿਐਨ ਤੋਂ ਇਕ ਗਲ ਸਪਸ਼ਟ ਹੁੰਦੀ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਕਈ ਵੰਗਾਰਾਂ ਦੇ ਉਤਰ ਵੀ ਬੜੀ ਸਪਸ਼ਟਤਾ ਤੇ ਦਲੇਰੀ ਨਾਲ ਦਿਤੇ। ਇਨ੍ਹਾਂ ਵੰਗਾਰਾਂ ਦੀ ਚਰਚਾ ਹੇਠ ਲਿਖੇ ਅਨੁਸਾਰ ਹੈ:

### 4.5.1 ਗੁਰੂ ਨਾਨਕ ਦੇਵ ਜੀ ਦੀ ਪੜ੍ਹਾਈ ਸੰਬੰਧੀ

ਸਭ ਤੋਂ ਮੁਢਲੀ ਵੰਗਾਰ ਗੁਰੂ ਨਾਨਕ ਦੇਵ ਜੀ ਦੇ ਪੜ੍ਹੇ ਜਾਂ ਅਨਪੜ੍ਹ ਹੋਣ ਸੰਬੰਧੀ ਸੀ। ਡਾ. ਸ਼ੇਰ ਸਿੰਘ ਨੇ ਆਪਣੇ ਸਮੇਂ ਗੁਰੂ ਨਾਨਕ ਦੇਵ ਜੀ ਦੇ ਅਨਪੜ੍ਹ ਹੋਣ ਸੰਬੰਧੀ ਉਠੇ ਸਵਾਲ ਦੇ ਉਤਰ ਵਜੋਂ ਦਸਿਆ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਅਨਪੜ੍ਹ ਕਹਿਣ ਵਾਲੇ ਦੋ ਤਰ੍ਹਾਂ ਦੇ ਲੋਕ ਹਨ, ਇਕ ਸਿੱਖ (ਕੱਟੜ ਸਿੱਖ) ਤੇ ਦੂਜੇ ਗੈਰ ਸਿੱਖ। ਕੱਟੜ ਸਿੱਖਾਂ ਦੀ ਇਹ ਧਾਰਨਾ ਹੈ ਕਿ ਗੁਰੂ ਸਾਹਿਬ ਪੜ੍ਹੇ ਨਹੀਂ ਸਨ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਨੂੰ ਜਦੋਂ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ ਤਾਂ ਪਾਂਧਾ ਗੁਰੂ ਸਾਹਿਬ ਨੂੰ ਪੜ੍ਹਾ ਨਹੀਂ ਸਕਿਆ। ਡਾ. ਸਾਹਿਬ ਅਨੁਸਾਰ ਗੁਰੂ ਸਾਹਿਬ ਦੇ ਕਈ ਸ਼ਰਧਾਲੂ ਸਿੱਖ ਗੁਰੂ ਸਾਹਿਬ ਨੂੰ ਕਿਸੇ ਕੋਲੋਂ ਪੜ੍ਹਨਾ ਗੁਰੂ ਨਾਨਕ ਦੇਵ ਜੀ ਦੀ ਹਤਕ ਸਮਝਦੇ ਹਨ।

ਦੂਜੇ ਪਾਸੇ ਡਾ. ਸ਼ੇਰ ਸਿੰਘ ਅਨੁਸਾਰ ਗੈਰ-ਸਿੱਖ ਲਿਖਾਰੀਆਂ: ਸੁਆਮੀ ਦਯਾਨੰਦ *(ਸਤਿਆਰਥ ਪ੍ਰਕਾਸ਼)* ਅਤੇ ਡਾ. ਗੋਕਲ ਚੰਦ ਨਾਰੰਗ ਨੇ ਵੀ ਗੁਰੂ ਸਾਹਿਬ ਨੂੰ ਅਨਪੜ੍ਹ ਕਿਹਾ ਹੈ। ਇਨ੍ਹਾਂ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਵੇਦਾਂ-ਸ਼ਾਸਤਰਾਂ ਵਿਚ ਜਿਹੜੀਆਂ

---

[59] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨਾ 6.

[60] ਮੌਜੂਦਾ ਪ੍ਰਿੰਸੀਪਲ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਪ੍ਰਤਿਯੋਗਤਾ ਹੁਣ ਪਿਛਲੇ ਲੰਮੇ ਅਰਸੇ ਤੋਂ ਨਹੀਂ ਕਰਵਾਈ ਗਈ।

[61] ਰਾਜਿੰਦਰ ਕੌਰ, *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ,* ਪੰਨਾ 82.

ਊਣਤਾਈਆਂ ਦਸੀਆਂ ਹਨ, ਉਹ ਇਸ ਕਰਕੇ ਦਰਸਾਈਆਂ ਹਨ ਕਿਉਂਕਿ ਗੁਰੂ ਜੀ ਅਨਪੜ੍ਹ ਹੋਣ ਕਾਰਨ ਵੇਦਾਂ-ਸ਼ਾਸਤਰਾਂ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਸਨ। ਗੁਰੂ ਸਾਹਿਬ ਨੇ ਆਪਣੇ ਵਿਚਾਰ ਸੁਣ-ਸੁਣਾ ਕੇ ਹੀ ਬਣਾ ਲਏ ਸਨ। ਡਾ. ਸ਼ੇਰ ਸਿੰਘ ਦਸਦੇ ਹਨ ਕਿ ਦਯਾਨੰਦ ਦੀਆਂ ਲਿਖਤਾਂ ਦਾ ਬੜਾ ਯੋਗ ਉਤਰ ਗਿਆਨੀ ਦਿਤ ਸਿੰਘ ਜੀ ਨੇ ਆਪਣੀ ਪੁਸਤਕ 'ਦੰਭ ਨਿਵਾਰਣ' ਵਿਚ ਦਿਤਾ ਹੈ।

ਡਾ. ਸ਼ੇਰ ਸਿੰਘ ਦੀ ਆਪਣੀ ਰਾਇ ਅਨੁਸਾਰ ਗੁਰੂ ਨਾਨਕ ਸਾਹਿਬ ਅਨਪੜ੍ਹ ਨਹੀਂ ਸਨ, ਸਗੋਂ ਪੜ੍ਹੇ-ਲਿਖੇ ਸਨ। ਗੁਰੂ ਸਾਹਿਬ ਨੇ ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਆਦਿ ਦੀ ਵਿਦਿਆ ਪਿੰਡ ਦੇ ਮੌਲਵੀ ਤੇ ਪਾਂਧੇ ਕੋਲੋਂ ਹੀ ਪ੍ਰਾਪਤ ਕੀਤੀ। ਗੁਰੂ ਸਾਹਿਬ ਨੇ ਆਪਣੇ ਆਲੇ ਦੁਆਲੇ ਜੰਗਲਾਂ ਵਿਚ ਰਹਿੰਦੇ ਸੰਤਾਂ-ਮਹਾਂਪੁਰਖਾਂ ਤੇ ਫ਼ਕੀਰਾਂ ਤੋਂ ਵੇਦਾਂ, ਸ਼ਾਸਤਰਾਂ ਤੇ ਕੁਰਾਨ ਆਦਿ ਦੀ ਪੜ੍ਹਾਈ ਵੀ ਕੀਤੀ।[62]

ਡਾ. ਸ਼ੇਰ ਸਿੰਘ ਅਨੁਸਾਰ ਵਿਦਿਆ ਪ੍ਰਾਪਤੀ ਤੇ ਸਤਿ ਪ੍ਰਾਪਤੀ ਇਕ ਨਹੀਂ ਹਨ। ਇਸ ਕਰਕੇ ਗੁਰੂ ਸਾਹਿਬ ਨੇ ਵੀ ਵਿਦਵਾਨਾਂ, ਪੰਡਿਤਾਂ ਤੇ ਆਲਿਮਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ। ਜਿਥੋਂ ਤਕ ਸਤਿ ਪ੍ਰਾਪਤੀ ਦਾ ਸੰਬੰਧ ਹੈ, ਇਹ ਉਨ੍ਹਾਂ ਨੂੰ ਧੁਰੋਂ ਮਿਲੀ ਸੀ। ਉਨ੍ਹਾਂ ਦੇ ਅੰਦਰਲਾ ਸਚ ਬਾਹਰਲੇ ਸਚ ਨਾਲ ਇਕਮਿਕ ਹੋਣ ਕਰਕੇ, ਉਹ ਕਿਸੇ ਸਿਖਿਆ ਦੇ ਮੁਹਤਾਜ ਨਹੀਂ ਸਨ। ਇਹ ਨਾਮ ਦੀ ਦਾਤ ਸੀ, ਜੋ ਉਹ ਧੁਰੋਂ ਲੈ ਕੇ ਆਏ ਸਨ।[63]

### 4.5.2 ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਮੇਲ ਸੰਬੰਧੀ

ਡਾ. ਸ਼ੇਰ ਸਿੰਘ ਨੂੰ ਦੂਜੀ ਵਡੀ ਸਮਕਾਲੀ ਵੰਗਾਰ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਮੇਲ ਸੰਬੰਧੀ ਸੀ। ਵਰਨਣਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਆਪਸੀ ਮੇਲ ਬਾਰੇ ਅਕਾਦਮਿਕ ਖੇਤਰ ਵਿਚ ਇਕ ਲੰਮੀ ਬਹਿਸ ਚਲਦੀ ਰਹੀ ਹੈ। ਇਸ ਸੰਬੰਧ ਵਿਚ ਵਖੋ-ਵਖ ਵਿਦਵਾਨਾਂ ਨੇ ਆਪੋ-ਆਪਣੇ ਵਿਚਾਰ ਦਿਤੇ ਹਨ। ਇਨ੍ਹਾਂ ਵਿਚੋਂ ਕੁਝ ਵਿਦਵਾਨ ਇਸ ਵਿਚਾਰ ਦੇ ਹਾਮੀ ਹਨ ਕਿ ਭਗਤ ਕਬੀਰ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਸੀ। ਦੂਜੇ ਪਾਸੇ ਕਈ ਵਿਦਵਾਨਾਂ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਭਗਤ ਕਬੀਰ ਜੀ ਨਾਲ ਕਦੇ ਮੇਲ ਹੋਇਆ ਹੀ ਨਹੀਂ। ਇਸ ਬਹਿਸ ਬਾਰੇ ਡਾ. ਸ਼ੇਰ

[62] *ਗੁਰਮਤਿ ਦਰਸ਼ਨ,* ਪੰਨਾ ੪੫.
[63] *ਉਹੀ,* ਪੰਨਾ ੪੬.

ਸਿੰਘ ਨੇ ਵੀ ਆਪਣੇ ਵਿਚਾਰ ਅੰਕਿਤ ਕੀਤੇ ਹਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਆਪਸੀ ਸੰਬੰਧਾਂ ਦੀ ਖੋਜ ਲਈ ਚਾਰ ਤਰ੍ਹਾਂ ਦੀ ਵੰਡ ਵਿਦਵਾਨਾਂ ਦੇ ਹਵਾਲੇ ਨਾਲ ਕੀਤੀ ਹੈ, ਜਿਸ ਦਾ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ:

ਪਹਿਲੀ ਵੰਡ ਵਿਚ ਗੁਰੂ ਨਾਨਕ ਦੇਵ ਜੀ ਨੂੰ ਭਗਤ ਕਬੀਰ ਜੀ ਦੇ ਚੇਲੇ ਦਰਸਾਇਆ ਗਿਆ ਹੈ। ਡਾ. ਸ਼ੇਰ ਸਿੰਘ ਅਨੁਸਾਰ ਗੌਰਡਨ, ਫਰਕੂਹਰ ਤੇ ਐਫ.ਈ. ਕੀਥ ਆਦਿ ਵਿਦਵਾਨਾਂ ਦਾ ਮੰਨਣਾ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦਾ ਆਪਸੀ ਮੇਲ ਹੋਇਆ ਸੀ[64], ਜਿਸ ਦੇ ਅਧਾਰ ’ਤੇ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਜੀ ਭਗਤ ਕਬੀਰ ਜੀ ਦੇ ਚੇਲੇ ਸਨ।

ਦੂਜੀ ਵੰਡ ਅਨੁਸਾਰ ਕਬੀਰ ਜੀ ਗੁਰੂ ਨਾਨਕ ਦੇਵ ਜੀ ਦੇ ਚੇਲੇ ਸਨ। ਡਾ. ਸ਼ੇਰ ਸਿੰਘ ਅਨੁਸਾਰ ਇਸ ਮਤ ਦੇ ਧਾਰਨੀ ਵਿਦਵਾਨਾਂ ਵਿਚ ਸ. ਨਿਹਾਲ ਸਿੰਘ ਸੂਰੀ ਦਾ ਨਾਮ ਪ੍ਰਮੁਖ ਹੈ। ਨਿਹਾਲ ਸਿੰਘ ਸੂਰੀ ਦਾ ਮੰਨਣਾ ਹੈ ਕਿ ਭਗਤ ਕਬੀਰ ਜੀ ਗੁਰੂ ਨਾਨਕ ਦੇਵ ਜੀ ਦੇ ਚੇਲੇ ਸਨ। ਡਾ. ਸ਼ੇਰ ਸਿੰਘ ਅਨੁਸਾਰ ਸੂਰੀ ਨੂੰ ਇਸ ਖਿਆਲ ਦਾ ਜਨਮਦਾਤਾ ਵੀ ਮੰਨਿਆ ਜਾਂਦਾ ਹੈ।

ਤੀਜੀ ਵੰਡ ਅਨੁਸਾਰ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦਾ ਕਦੇ ਮੇਲ ਨਹੀਂ ਹੋਇਆ। ਡਾ. ਸ਼ੇਰ ਸਿੰਘ ਦਾ ਕਹਿਣਾ ਹੈ ਕਿ ਵਿਦੇਸ਼ੀ ਵਿਦਵਾਨ: ਟਰੰਪ, ਬਾਰਥ, ਆਟੋਸਟਰਾਸ ਤੇ ਕਨਿੰਘਮ ਆਦਿ ਦਾ ਮਤ ਹੈ ਕਿ ਭਾਵੇਂ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦਾ ਆਪਸੀ ਮੇਲ ਕਦੇ ਨਹੀਂ ਹੋਇਆ, ਪਰ ਗੁਰੂ ਨਾਨਕ ਦੇਵ ਜੀ ਉਤੇ ਭਗਤ ਕਬੀਰ ਜੀ ਦੇ ਵਿਚਾਰਾਂ ਦਾ ਬਹੁਤ ਅਸਰ ਹੈ।

ਚੌਥੀ ਵੰਡ ਅਨੁਸਾਰ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਦਾ ਆਪਸੀ ਕੋਈ ਸੰਬੰਧ ਨਹੀਂ ਸੀ। ਡਾ. ਸ਼ੇਰ ਸਿੰਘ ਅਨੁਸਾਰ ਇਸ ਵਿਚਾਰ ਦੇ ਹਮਾਇਤੀ ਮੈਕਾਲਿਫ਼, ਮਿਸ ਡਾਰੋਥੀ ਤੇ ਡਾਕਟਰ ਮੋਹਨ ਸਿੰਘ ਆਦਿ ਹਨ। ਡਾ. ਸ਼ੇਰ ਸਿੰਘ ਦਾ ਮਤ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦਾ ਆਪਸੀ ਮੇਲ ਹੀ ਨਹੀਂ ਹੋਇਆ ਤਾਂ ਫਿਰ ਇਕ-ਦੂਜੇ ਨਾਲ ਵਿਚਾਰ ਵਟਾਂਦਰਾ ਤੇ ਖਿਆਲਾਂ ਦਾ ਅਸਰ ਕਿਵੇਂ ਹੋ ਸਕਦਾ ਹੈ?

ਉਕਤ ਚਾਰ ਖਿਆਲਾਂ ਨੂੰ ਪਰਖਣ ਲਈ ਡਾ. ਸ਼ੇਰ ਸਿੰਘ ਤਿੰਨ ਕਸੌਟੀਆਂ ਵਰਤਦੇ ਹਨ। ਪਹਿਲੀ ਕਸੌਟੀ ਇਤਿਹਾਸਕ ਤਥਾ ਸਮੇਂ (ਸੰਨ) ਦੀ ਪੜਤਾਲ ਉਤੇ ਅਧਾਰਿਤ ਹੈ। ਡਾ.

---

[64] *ਗੁਰਮਤਿ ਦਰਸ਼ਨ,* ਪੰਨਾ ੧੬੧.

ਸਾਹਿਬ ਇਤਿਹਾਸਕ ਤੌਰ ’ਤੇ ਇਹ ਸਿਧ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਸਮਕਾਲੀ ਨਹੀਂ ਸਨ। ਡਾ. ਮੋਹਨ ਸਿੰਘ ਦੇ ਹਵਾਲੇ ਨਾਲ ਉਹ ਦਸਦੇ ਹਨ ਕਿ ਭਗਤ ਕਬੀਰ ਜੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸਰੀਰ ਤਿਆਗ ਗਏ ਸਨ। ਇਹ ਦੋਨਾਂ ਮਹਾਂਪੁਰਖਾਂ (ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ) ਦੀ ਬਾਣੀ ਵਿਚ ਕਿਤੇ ਵੀ ਇਕ ਦੂਜੇ ਵਲ ਇਸ਼ਾਰਾ ਨਹੀਂ, ਜਿਸ ਤੋਂ ਇਹ ਪਤਾ ਚਲਦਾ ਹੋਵੇ ਕਿ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਵਿਚ ਗੁਰੂ-ਚੇਲੇ ਜਾਂ ਚੇਲੇ-ਗੁਰੂ ਦਾ ਕੋਈ ਸੰਬੰਧ ਸੀ। ਡਾ. ਸ਼ੇਰ ਸਿੰਘ ਅਨੁਸਾਰ ਜੇ ਕੋਈ ਸੰਬੰਧ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਇਸ ਸੰਬੰਧ ਦਾ ਜ਼ਿਕਰ ਜ਼ਰੂਰ ਕਰਦੇ, ਲੁਕੋ ਕੇ ਨਾ ਰਖਦੇ। ਬਾਕੀ ਗੁਰੂ ਸਾਹਿਬਾਨ ਅਤੇ ਗੁਰੂ ਘਰ ਦੇ ਨਿਕਟਵਰਤੀ ਭਾਈ ਗੁਰਦਾਸ ਜੀ ਵੀ ਇਸ ਸੰਬੰਧੀ ਜ਼ਰੂਰ ਇਸ਼ਾਰਾ ਕਰਦੇ।[65] ਇਸ ਦੇ ਨਾਲ ਹੀ ਡਾ. ਸ਼ੇਰ ਸਿੰਘ ਇਹ ਕਹਿੰਦੇ ਹਨ ਕਿ ਕਬੀਰ-ਨਾਨਕ ਮੇਲ ਹੋਇਆ ਹੁੰਦਾ ਤਾਂ ਗੁਰੂ-ਘਰ ਜਾਂ ਗੁਰੂ-ਘਰ ਤੋਂ ਬਾਹਰ ਦੇ ਹਿੰਦੂ-ਮੁਸਲਮਾਨ ਲਿਖਾਰੀ ਜਾਂ ਇਤਿਹਾਸਕਾਰ ਜ਼ਰੂਰ ਇਸ ਸੰਬੰਧੀ ਲਿਖਦੇ।[66]

ਤੀਜੀ ਕਸੌਟੀ ਕਬੀਰ-ਨਾਨਕ ਦੇ ਸਿਧਾਂਤਾਂ ਦੀ ਸਮਾਲੋਚਨਾ, ਪੜਚੋਲ ਤੇ ਟਾਕਰਾ ਆਦਿ ਸੰਬੰਧੀ ਹੈ। ਇਸ ਅਨੁਸਾਰ ਡਾ. ਸਾਹਿਬ ਸਿਧਾਂਤਕ ਤੌਰ ’ਤੇ ਕਬੀਰ-ਨਾਨਕ ਦੀਆਂ ਆਪਸੀ ਸਮਾਨਤਾਵਾਂ (ਜਾਤ-ਪਾਤ, ਮੂਰਤੀ ਪੂਜਾ ਤੇ ਕਰਮ-ਕਾਂਡ) ਤੇ ਅਸਮਾਨਤਾਵਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਭਗਤ ਕਬੀਰ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅਤੇ ਜੀਵਨ ਦੇ ਵਿਵਹਾਰ ਵਿਚ ਜਾਤ-ਪਾਤ ਦੀ ਕਰੜੀ ਨਿੰਦਾ ਕੀਤੀ ਹੈ। ਕਬੀਰ ਜੀ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਸ਼ੂਦਰ ਕਹਿੰਦੇ ਹਨ। ਜ਼ਿਕਰਯੋਗ ਹੈ ਕਿ ਉਸ ਸਮੇਂ ਬ੍ਰਾਹਮਣੀ ਸਮਾਜ ਵਲੋਂ ਸ਼ੂਦਰਾਂ ਦਾ ਰਜ ਕੇ ਨਿਰਾਦਰ ਕੀਤਾ ਜਾਂਦਾ ਸੀ। ਸ਼ੂਦਰਾਂ ਦੀ ਨਿਰਾਦਰੀ ਨੇ ਕਬੀਰ ਜੀ ਦੇ ਮਨ ਉਤੇ ਭਾਰੀ ਸਟ ਮਾਰੀ। ਇਸ ਕਰਕੇ ਭਗਤ ਕਬੀਰ ਜੀ ਬਾਣੀ ਵਿਚ ਬ੍ਰਾਹਮਣ ਦੀ ਵਿਰੋਧਤਾ ਕਰਦੇ ਲਿਖਦੇ ਹਨ:

*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥*
*ਤਉ ਆਨ ਬਾਟ ਕਾਹੇ ਨਹੀ ਆਇਆ॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ॥*
*ਹਮ ਕਤ ਲੋਹੂ ਤੁਮ ਕਤ ਦੂਧ॥*[67]

---

[65] *ਗੁਰਮਤਿ ਦਰਸ਼ਨ*, ਪੰਨਾ ੧੯੨.
[66] *ਉਹੀ.*
[67] ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੪.

ਗੁਰੂ ਨਾਨਕ ਦੇਵ ਜੀ ਨੇ ਵੀ ਜਾਤ-ਪਾਤ ਦੇ ਵਿਰੁਧ ਆਵਾਜ਼ ਉਠਾਈ। ਸਿਧਾਂਤਕ ਤੇ ਵਿਵਹਾਰਕ ਦੋਨਾਂ ਪਖੋਂ ਤੋਂ ਗੁਰੂ ਸਾਹਿਬ ਨੇ ਜਾਤ-ਪਾਤ ਨੂੰ ਤੋੜਨ ਦੇ ਸਫਲ ਜਤਨ ਕੀਤੇ। ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਜਾਤ-ਪਾਤ ਨੂੰ ਬਹੁਤ ਨਿੰਦਿਆ ਹੈ:

*ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ॥*[68]

ਗੁਰੂ ਸਾਹਿਬ ਨੇ ਅਮਲੀ ਜੀਵਨ ਵਿਚ ਜਾਤ-ਪਾਤ ਨੂੰ ਖਤਮ ਕਰਨ ਲਈ ਸਭ ਨਾਲ (ਹਿੰਦੂ, ਮੁਸਲਮਾਨ ਆਦਿ) ਇਕੋ ਜਿਹਾ ਵਿਵਹਾਰ ਕੀਤਾ। ਗੁਰੂ ਸਾਹਿਬ ਸ਼ੂਦਰਾਂ ਤੇ ਅਛੂਤਾਂ ਦੇ ਘਰਾਂ ਵਿਚ ਗਏ, ਉਨ੍ਹਾਂ ਦੇ ਘਰਾਂ ਵਿਚੋਂ ਭੋਜਨ ਵੀ ਛਕਿਆ। ਕਦੇ ਵੀ ਕਿਸੇ ਨਾਲ, ਚਾਹੇ ਉਹ ਹਿੰਦੂ ਹੁੰਦਾ ਜਾਂ ਮੁਸਲਮਾਨ, ਵਿਤਕਰਾ ਨਹੀਂ ਕਰਦੇ ਸਨ। ਮਲਕ ਭਾਗੋ ਵਰਗੇ ਅਮੀਰ ਦੀ ਦਾਅਵਤ ਨੂੰ ਛਡ ਕੇ ਗੁਰੂ ਜੀ ਨੇ ਭਾਈ ਲਾਲੋ ਵਰਗੇ ਗਰੀਬ ਦੀ ਰੁਖੀ-ਸੁਖੀ ਨੂੰ ਤਰਜੀਹ ਦਿਤੀ।

ਜਾਤ-ਪਾਤ ਤੋਂ ਬਿਨਾਂ ਦੋਨਾਂ ਮਹਾਂਪੁਰਖਾਂ ਦੀ ਦੂਜੀ ਸਮਾਨਤਾ ਮੂਰਤੀ ਪੂਜਾ ਦੇ ਖੰਡਨ ਪ੍ਰਤੀ ਦੇਖਣ ਨੂੰ ਮਿਲਦੀ ਹੈ। ਕਬੀਰ-ਨਾਨਕ ਬਾਣੀ ਵਿਚ ਮੂਰਤੀ ਪੂਜਾ ਦੀ ਸਖਤ ਵਿਰੋਧਤਾ ਕੀਤੀ ਹੈ। ਮੂਰਤੀ ਪੂਜਾ ਸੰਬੰਧੀ ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿਚ ਹਵਾਲੇ ਇਸ ਪ੍ਰਕਾਰ ਹਨ:

- *ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥*
  *ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥*[69]
- *ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥*
  *ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥*
  *ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥੧॥ ਰਹਾਉ॥*
  *ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥*
  *ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥*
  *ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ॥*
  *ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥੩॥*
  *ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥*
  *ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥੪॥*

---

[68] ਸ੍ਰੀ ਗੁਰੂ ਗ੍ਰੰਥ ਸਾਹਿਬ, ੫੩.
[69] ਉਹੀ, ੬੫੪.

*ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥*

*ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ॥੫॥*[70]

ਡਾ. ਸ਼ੇਰ ਸਿੰਘ ਅਨੁਸਾਰ ਦੋਹਾਂ ਮਹਾਂਪੁਰਖਾਂ ਵਿਚ ਤੀਜੀ ਸਾਂਝ ਕਰਮ-ਕਾਂਡ ਦੀ ਵਿਰੋਧਤਾ ਬਾਰੇ ਹੈ। ਦੋਨਾਂ ਮਹਾਂਪੁਰਖਾਂ ਨੇ ਆਪੋ-ਆਪਣੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਫੋਕੀਆਂ ਰੀਤਾਂ-ਰਸਮਾਂ, ਦਿਖਾਵਾ, ਕਰਮ-ਕਾਂਡ ਆਦਿ ਦਾ ਬੜੇ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ ਹੈ। ਦੋਨਾਂ ਮਹਾਂਪੁਰਖਾਂ ਦੀ ਬਾਣੀ ਵਿਚ ਇਸ ਸੰਬੰਧੀ ਹਵਾਲੇ ਪ੍ਰਾਪਤ ਹਨ:

- *ਮਾਥੇ ਤਿਲਕੁ ਹਥਿ ਮਾਲਾ ਬਾਨਾਂ॥*
  *ਲੋਗਨ ਰਾਮੁ ਖਿਲਉਨਾ ਜਾਨਾਂ॥੧॥*
  *ਜਉ ਹਉ ਬਉਰਾ ਤਉ ਰਾਮ ਤੋਰਾ॥*
  *ਲੋਗੁ ਮਰਮੁ ਕਹ ਜਾਨੈ ਮੋਰਾ॥੧॥ ਰਹਾਉ॥*
  *ਤੋਰਉ ਨ ਪਾਤੀ ਪੂਜਉ ਨ ਦੇਵਾ॥*
  *ਰਾਮ ਭਗਤਿ ਬਿਨੁ ਨਿਹਫਲ ਸੇਵਾ॥...*[71]
- *ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ॥*
  *ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ॥*[72]

ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਵਿਚ ਜਿਥੇ ਆਪਸੀ ਸਮਾਨਤਾਵਾਂ ਹਨ, ਉਥੇ ਨਾਲ ਹੀ ਡਾ. ਸ਼ੇਰ ਸਿੰਘ ਉਨ੍ਹਾਂ ਵਿਚ ਕਈ ਅਸਮਾਨਤਾਵਾਂ ਵੀ ਦਰਸਾਉਂਦੇ ਹਨ:

ਡਾ. ਸ਼ੇਰ ਸਿੰਘ ਅਨੁਸਾਰ ਭਾਵੇਂ ਕਬੀਰ ਜੀ ਵੇਦਾਂ ਦੇ ਪਾਠ-ਮਾਤਰ ਨੂੰ ਲਾਹੇਵੰਦ ਨਹੀਂ ਮੰਨਦੇ, ਪਰ ਫਿਰ ਵੀ ਉਹ ਵੇਦਾਂ ਨੂੰ ਪ੍ਰਮਾਣਿਕ ਦਰਸਾਉਣ ਦਾ ਪੂਰਨ ਤਿਆਗ ਨਹੀਂ ਕਰ ਸਕੇ। ਇਸ ਦਾ ਕਾਰਨ ਡਾ. ਸਾਹਿਬ ਕਬੀਰ ਜੀ ਦਾ ਵੈਸ਼ਨੋ ਮਤ ਨਾਲ ਜੁੜੇ ਹੋਣਾ ਵੀ ਮੰਨਦੇ ਹਨ।[73] ਡਾ. ਸ਼ੇਰ ਸਿੰਘ ਭਗਤ ਕਬੀਰ ਜੀ ਦੀ ਬਾਣੀ ਵਿਚੋਂ ਵੇਦਾਂ ਦੀ ਪ੍ਰਮਾਣਿਕਤਾ ਸੰਬੰਧੀ ਹਵਾਲੇ ਦਿੰਦੇ ਹਨ:

- *ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥*[74]

---

[70] ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੯.
[71] ਉਹੀ, ੧੧੫੮.
[72] ਉਹੀ, ੩੩੫.
[73] *ਗੁਰਮਤਿ ਦਰਸ਼ਨ*, ਪੰਨਾ ੧੬੭.
[74] ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭.

– *ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥*[75]

ਬੇਸ਼ਕ ਉਪਰੋਕਤ ਹਵਾਲੇ ਨਾਲ ਡਾ. ਸਾਹਿਬ ਇਹ ਸਿਧ ਕਰਦੇ ਹਨ ਕਿ ਕਬੀਰ ਸਾਹਿਬ ਵੇਦਾਂ ਦੀ ਪ੍ਰਮਾਣਿਕਤਾ ਦਾ ਪੂਰਨ ਤਿਆਗ ਨਹੀਂ ਕਰ ਸਕੇ, ਪਰੰਤੂ ਉਕਤ ਪੰਕਤੀਆਂ ਵਿਚ ਇਹ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਕਬੀਰ ਸਾਹਿਬ ਵੇਦਾਂ ਦੀ ਪ੍ਰਮਾਣਿਕਤਾ ਦੀ ਕਿਤੇ ਵੀ ਹਾਮੀ ਨਹੀਂ ਭਰਦੇ। ਸਗੋਂ ਕਬੀਰ ਸਾਹਿਬ ਇਨ੍ਹਾਂ ਪੰਕਤੀਆਂ ਵਿਚ ਦਸਦੇ ਹਨ ਕਿ ਵੇਦਾਂ ਕਤੇਬਾਂ ਦੇ ਹਵਾਲੇ ਦੇ ਕੇ ਵਧ ਤੋਂ ਵਧ ਗੱਲਾਂ ਕਰਨ ਨਾਲ ਮਨੁਖ ਆਪਣੇ ਦਿਲ ਦਾ ਸਹਿਮ ਦੂਰ ਨਹੀਂ ਕਰ ਸਕਦਾ।[76]

ਡਾ. ਸ਼ੇਰ ਸਿੰਘ 'ਡਾਕਟਰ ਗੋਕਲ ਚੰਦ ਨਾਰੰਗ' ਦੇ ਹਵਾਲੇ ਨਾਲ ਦਸਦੇ ਹਨ ਕਿ ਕਬੀਰ ਜੀ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਦੀ ਅਵਤਾਰ ਰੂਪ ਵਿਚ ਪੂਜਾ ਕਰਦੇ ਸਨ। ਇਸ ਦੇ ਨਾਲ ਹੀ ਡਾ. ਸਾਹਿਬ ਇਹ ਵਿਚਾਰ ਵੀ ਸਪਸ਼ਟ ਦਸਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੀ ਕੇਵਲ ਉਹ ਬਾਣੀ ਹੀ ਅੰਕਿਤ ਹੈ ਜਿਹੜੀ ਭਗਤ ਜੀ ਨੇ ਸਰਗੁਣਵਾਦੀ ਤੋਂ ਨਿਰਗੁਣਵਾਦੀ ਹੋਣ ਉਪਰੰਤ ਉਚਾਰੀ, ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਹੜੀ ਬਾਣੀ ਭਗਤ ਕਬੀਰ ਜੀ ਦੀ ਦਰਜ ਹੈ ਉਹ ਸਿਰਫ਼ ਨਿਰਗੁਣ ਬ੍ਰਹਮ ਦੀ ਹੀ ਉਪਾਸਨਾ ਹੈ।[77] ਗੁਰੂ ਨਾਨਕ ਦੇਵ ਜੀ ਨੇ ਅਵਤਾਰਵਾਦ ਨੂੰ ਪ੍ਰਵਾਨ ਨਹੀਂ ਕੀਤਾ। ਡਾ. ਸ਼ੇਰ ਸਿੰਘ ਅਨੁਸਾਰ ਹਿੰਦੁਸਤਾਨ ਦੀ ਪਰੰਪਰਾ ਵਿਚ ਸਿਰਫ਼ ਗੁਰੂ ਨਾਨਕ ਦੇਵ ਜੀ ਹੀ ਪਹਿਲੇ ਮਹਾਂਪੁਰਖ ਹਨ ਜਿਨ੍ਹਾਂ ਨੇ ਅਵਤਾਰਵਾਦ ਦੀ ਵਿਰੋਧਤਾ ਕੀਤੀ ਹੈ। ਭਾਵੇਂ ਗੁਰੂ ਸਾਹਿਬ ਰੱਬੀ ਜੋਤਿ ਨਾਲ ਇਕਮਿਕ ਸਨ, ਪਰ ਫਿਰ ਵੀ ਉਹ ਆਪਣੇ ਆਪ ਨੂੰ ਆਮ ਮਨੁਖ ਤੋਂ ਵਖਰਾ ਨਹੀਂ ਜਿਤਾਉਂਦੇ ਸਨ। ਡਾ. ਸ਼ੇਰ ਸਿੰਘ ਇਥੇ ਆਪ ਹੀ ਮੰਨਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਸਾਹਿਬ ਦੀ ਜਿਹੜੀ ਬਾਣੀ ਦਰਜ ਹੈ, ਉਹ ਬਾਣੀ ਵਿਚਾਰਾਧਾਰਕ ਪਖ ਤੋਂ ਕੋਈ ਅਸਮਾਨਤਾ ਨਹੀਂ ਰਖਦੀ। ਜੇ ਬਾਣੀ ਵਿਚਾਰਾਧਾਰਕ ਪਖ ਤੋਂ ਸਮਾਨ ਹੈ ਤਾਂ ਫਿਰ ਕਬੀਰ ਸਾਹਿਬ ਅਵਤਾਰਾਂ ਦੇ ਪੂਜਕ ਕਿਵੇਂ ਹੋ ਸਕਦੇ ਹਨ?

ਡਾ. ਸ਼ੇਰ ਸਿੰਘ ਕਹਿੰਦੇ ਹਨ ਕਿ ਕਬੀਰ ਜੀ ਭਾਵੇਂ ਗ੍ਰਹਿਸਤੀ ਸਨ, ਪਰ ਉਨ੍ਹਾਂ ਵਿਚ ਕਿਤੇ-ਕਿਤੇ ਵੈਰਾਗ ਦੀ ਭਾਵਨਾ ਵੀ ਸੀ। ਗੁਰੂ ਸਾਹਿਬ ਜੀ ਵੈਰਾਗ ਨੂੰ ਕੋਈ ਥਾਂ ਨਹੀਂ

---

[75] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੦.
[76] ਸਾਹਿਬ ਸਿੰਘ (ਪ੍ਰੋ.), *ਭਗਤ ਬਾਣੀ ਸਟੀਕ*, ਪੰਨੇ ੨੫੧; ੩੭੦.
[77] *ਗੁਰਮਤਿ ਦਰਸ਼ਨ*, ਪੰਨਾ ੧੬੭.

ਦਿਤੀ, ਕਿਉਂਕਿ ਗੁਰੂ ਜੀ ਦਾ ਮਾਰਗ ਗ੍ਰਹਿਸਤੀ ਦਾ ਮਾਰਗ ਹੈ। ਇਸ ਪ੍ਰਥਾਇ ਡਾ. ਸਾਹਿਬ ਕਬੀਰ ਜੀ ਦੀ ਬਾਣੀ ਵਿਚੋਂ ਇਉਂ ਹਵਾਲਾ ਦਿੰਦੇ ਹਨ:

*ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥*[78]...

ਕਬੀਰ ਜੀ ਇਨ੍ਹਾਂ ਪੰਕਤੀਆਂ ਵਿਚ ਦਸਦੇ ਹਨ ਕਿ ਮਨੁਖ ਲਈ ਘਰ-ਬਾਰੀ ਜੀਵਨ ਜ਼ਿੰਦਗੀ ਦਾ ਸਹੀ ਰਸਤਾ ਹੈ, ਪਰ ਉਹ ਵੀ ਤਦੋਂ ਤਕ ਹੀ, ਜੇ ਇਸ ਵਿਚ ਹਰਿ ਨਾਮ ਸਿਮਰੇ; ਨਹੀਂ ਤਾਂ ਜੀਵਨ ਗੰਦਾ ਕਰਨ ਨਾਲੋਂ ਘਰ-ਬਾਰ ਛਡ ਦੇਵੋ। ਇਸ ਦਾ ਦੂਜਾ ਪਖ ਕਬੀਰ ਸਾਹਿਬ ਇਹ ਵੀ ਦਸਦੇ ਹਨ ਕਿ ਜੇਕਰ ਮਨੁਖ ਘਰ ਛਡ ਕੇ ਵੀ ਮਾਇਆ ਦੇ ਜੰਜਾਲਾਂ ਵਿਚ ਫਸਿਆ ਹੋਇਆ ਹੈ ਤਾਂ ਫਿਰ ਜੀਵ ਦੀ ਬਦਕਿਸਮਤੀ ਜਾਂ ਮੰਦੇ ਭਾਗ ਹਨ। ਇਸ ਤਰ੍ਹਾਂ ਕਬੀਰ ਜੀ ਵੀ ਗੁਰੂ ਸਾਹਿਬ ਦੀ ਤਰ੍ਹਾਂ ਗ੍ਰਹਿਸਤੀ ਮਾਰਗ ਨੂੰ ਤਰਜੀਹ ਦਿੰਦੇ ਹਨ।

ਗੁਰੂ ਸਾਹਿਬ ਤੇ ਕਬੀਰ ਜੀ ਦੀ ਆਪਸੀ ਅਸਮਾਨਤਾ ਦੇ ਪ੍ਰਸੰਗ ਵਿਚ ਡਾ. ਸਾਹਿਬ ਇਹ ਵੀ ਮੰਨਦੇ ਹਨ ਕਿ ਕਬੀਰ ਜੀ ਸੰਸਾਰ ਨੂੰ ਦੁਖਾਂ ਦਾ ਘਰ ਮੰਨਦੇ ਹਨ, ਜਦੋਂ ਕਿ ਗੁਰੂ ਸਾਹਿਬ ਅਨੁਸਾਰ ਮਨੁਖ ਆਪਣੇ ਕਰਮਾਂ ਮੁਤਾਬਿਕ ਦੁਖੀ-ਸੁਖੀ ਜੀਵਨ ਬਤੀਤ ਕਰਦਾ ਹੈ। ਗੁਰੂ ਸਾਹਿਬ ਜੀਵਨ ਨੂੰ ਦੁਖ ਨਹੀਂ ਸੁਖ ਹੀ ਮੰਨਦੇ ਹਨ। ਕਬੀਰ ਜੀ ਦੁਖ ਸੰਬੰਧੀ ਫੁਰਮਾਉਂਦੇ ਹਨ:

*ਜਮ ਤੇ ਉਲਟਿ ਭਏ ਹੈ ਰਾਮ॥*
*ਦੁਖ ਬਿਨਸੇ ਸੁਖ ਕੀਓ ਬਿਸਰਾਮ॥*[79]

ਕਬੀਰ ਜੀ ਕਹਿੰਦੇ ਹਨ ਜਦੋਂ ਨਾਮ ਸਿਮਰ-ਸਿਮਰ ਕੇ ਪ੍ਰਭੂ ਦੇ ਚਰਨਾਂ ਵਿਚ ਜੀਵ ਦਾ ਚਿਤ ਜੁੜ ਜਾਏ ਤਾਂ ਫਿਰ ਇਹ ਸੁਖੀ ਹੋ ਜਾਂਦਾ ਹੈ।

ਡਾ. ਸ਼ੇਰ ਸਿੰਘ ਕਬੀਰ ਜੀ ਦੇ ਹੇਠ ਲਿਖੇ ਪ੍ਰਵਚਨ ਰਾਹੀਂ ਮੌਤ ਨੂੰ ਦੁਖਾਂ ਦਾ ਅੰਤ ਮੰਨਦੇ ਹਨ:

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*[80]

ਡਾ. ਸ਼ੇਰ ਸਿੰਘ ਅਨੁਸਾਰ ਕਬੀਰ ਜੀ ਜੀਵਨ ਦਾ ਅੰਤ ਮੌਤ ਨੂੰ ਮੰਨਦੇ ਹਨ, ਪਰ ਉਨ੍ਹਾਂ ਅਨੁਸਾਰ ਹੀ ਗੁਰੂ ਜੀ ਇਹ ਜੀਵਨ ਪਾਪ-ਪੁੰਨ ਦਾ ਘੋਲ ਹੈ। ਜਿਹੜੇ ਮਨੁਖ ਇਸ ਘੋਲ ਨੂੰ

---

[78] ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੭.
[79] ਉਹੀ, ੩੨੬.
[80] ਉਹੀ, ੧੩੬੫.

ਜਿਤ ਜਾਣਗੇ, ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਣਗੇ ਅਤੇ ਜਿਹੜੇ ਹਾਰ ਜਾਣਗੇ ਉਨ੍ਹਾਂ ਨੂੰ ਇਹ ਘੋਲ ਵਿਚ ਫਿਰ ਤੋਂ ਘੁਲਣਾ ਪਵੇਗਾ:

*ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥*
*ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥*[81]

ਵਰਨਣਯੋਗ ਹੈ ਕਿ ਭਗਤ ਕਬੀਰ ਜੀ ਮੌਤ ਨੂੰ ਇਸ ਪ੍ਰਕਾਰ ਬਿਆਨ ਕਰਦੇ ਹਨ:

*ਜਿਹ ਮਰਨੈ ਸਭੁ ਜਗਤੁ ਤਰਾਸਿਆ॥*
*ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥*
*ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥*
*ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥*
*ਮਰਨੋ ਮਰਨੁ ਕਹੈ ਸਭੁ ਕੋਈ॥*
*ਸਹਜੇ ਮਰੈ ਅਮਰੁ ਹੋਇ ਸੋਈ॥*
*ਕਹੁ ਕਬੀਰ ਮਨਿ ਭਇਆ ਅਨੰਦਾ॥*
*ਗਇਆ ਭਰਮੁ ਰਹਿਆ ਪਰਮਾਨੰਦਾ॥*[82]

ਭਾਵ ਕਿ ਜੋ ਮਨੁਖ ਪ੍ਰਭੂ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਮੌਤ ਦਾ ਡਰ ਨਹੀਂ ਰਹਿੰਦਾ, ਬਾਕੀ ਸਾਰਾ ਜਹਾਨ ਮੌਤ ਤੋਂ ਡਰ ਰਿਹਾ ਹੈ।

ਉਪਰੋਕਤ ਸਾਰੀ ਵਿਚਾਰ ਤੋਂ ਸਪਸ਼ਟ ਹੈ ਕਿ ਡਾ. ਸ਼ੇਰ ਸਿੰਘ ਉਪਰਲੀ ਸ਼੍ਰੇਣੀ-ਵੰਡ ਵਿਚੋਂ ਚੌਥੀ ਧਿਰ ਨਾਲ ਸਹਿਮਤ ਜਾਪਦੇ ਹਨ। ਚੌਥੀ ਧਿਰ ਦਾ ਮੰਨਣਾ ਹੈ ਕਿ ਜਦੋਂ ਗੁਰੂ ਜੀ ਤੇ ਕਬੀਰ ਜੀ ਦਾ ਆਪਸੀ ਮੇਲ ਹੀ ਨਹੀਂ ਹੋਇਆ ਤਾਂ ਫਿਰ ਇਕ ਦੂਜੇ ਨਾਲ ਵਿਚਾਰ-ਵਟਾਂਦਰਾ ਤੇ ਖਿਆਲਾਂ ਦਾ ਅਸਰ ਕਿਵੇਂ ਹੋ ਸਕਦਾ ਹੈ। ਡਾ. ਸ਼ੇਰ ਸਿੰਘ ਵੀ ਇਹੀ ਮੰਨਦੇ ਹਨ ਕਿ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਦਾ ਮੇਲ ਨਹੀਂ ਹੋਇਆ। ਇਸ ਲਈ ਉਨ੍ਹਾਂ ਨੇ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦੀ ਪੜਚੋਲ ਕਰਦਿਆਂ ਹੇਠ ਲਿਖੇ ਭੇਦ-ਅਭੇਦ ਦਸੇ ਹਨ:

---

[81] ਸ੍ਰੀ ਗੁਰੂ ਗ੍ਰੰਥ ਸਾਹਿਬ, ੭੪.
[82] ਉਹੀ, ੩੨੭.

- ਡਾ. ਸ਼ੇਰ ਸਿੰਘ ਇਤਿਹਾਸਕ ਤੌਰ 'ਤੇ ਮੰਨਦੇ ਹਨ ਕਿ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਸਮਕਾਲੀ ਨਹੀਂ ਸਨ। ਉਹ ਆਪਣਾ ਇਹ ਫੈਸਲਾ ਇਕ-ਦੋ ਵਿਦਵਾਨਾਂ ਦੇ ਅਧਾਰ 'ਤੇ ਹੀ ਕਰਦੇ ਹਨ।
- ਡਾ. ਸ਼ੇਰ ਸਿੰਘ ਇਹ ਵੀ ਮੰਨਦੇ ਹਨ ਕਿ ਭਗਤ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਆਪਸੀ ਸੰਬੰਧ ਪ੍ਰਥਾਇ ਕੋਈ ਬਾਹਰਲੀ ਗਵਾਹੀ ਨਹੀਂ ਮਿਲਦੀ। ਉਨ੍ਹਾਂ ਅਨੁਸਾਰ ਜੇ ਅਜਿਹੀ ਕੋਈ ਗਵਾਹੀ ਹੁੰਦੀ ਤਾਂ ਗੁਰੂ ਸਾਹਿਬ ਜਾਂ ਭਾਈ ਗੁਰਦਾਸ ਜ਼ਰੂਰ ਲਿਖਦੇ। ਡਾ. ਸਾਹਿਬ ਆਪ ਹੀ ਡਾ. ਟਰੰਪ ਦੇ ਹਵਾਲੇ ਨਾਲ ਲਿਖਦੇ ਹਨ:

  > *ਡਾਕਟਰ ਟਰੰਪ ਦੇ ਸ਼ੰਕੇ ਦਾ ਉਤਰ ਇਹੋ ਹੈ ਕਿ ਗੁਰੂ ਗ੍ਰੰਥ ਸਾਹਿਬ ਕੋਈ ਇਤਿਹਾਸਕ ਜਾਂ ਪੌਰਾਣਿਕ ਪੁਸਤਕ ਨਹੀਂ ਹੈ। ਗੁਰਬਾਣੀ ਦਾ ਵਿਸ਼ਾ ਕੇਵਲ ਅਕਾਲਪੁਰਖ ਦਾ ਜਸ਼ ਹੈ, ਜਿਸ ਨਾਲ ਕਿ ਪਾਠ ਕਰਨ ਵਾਲੇ ਦੇ ਮਨ ਨੂੰ ਸ਼ਾਂਤੀ ਈਸ਼੍ਵਰ-ਭਗਤੀ ਤੇ ਨਿਜ-ਸਾਧਨ ਦੀ ਸੂਝ ਹੋਵੇ।*[83]

  ਉਕਤ ਦੇ ਅਧਾਰ ਉਤੇ ਜਦ ਉਹ ਖੁਦ ਹੀ ਮੰਨਦੇ ਹਨ ਕਿ ਗੁਰਬਾਣੀ ਕੋਈ ਇਤਿਹਾਸਕ ਗ੍ਰੰਥ ਨਹੀਂ, ਤਾਂ ਫਿਰ ਨਾਨਕ-ਕਬੀਰ ਸੰਬੰਧੀ ਇਤਿਹਾਸਕ ਜਾਣਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਵੇਂ ਹੋ ਸਕਦੀ ਹੈ?
- ਡਾ. ਸ਼ੇਰ ਸਿੰਘ ਨੇ ਦੋਹਾਂ ਮਹਾਂਪੁਰਖਾਂ ਦੀ ਬਾਣੀ ਵਿਚ ਭੇਦ-ਅਭੇਦ ਮੰਨਿਆ ਹੈ। ਡਾ. ਸਾਹਿਬ ਦੀ ਇਸ ਵਿਚਾਰ ਨਾਲ ਤਾਂ ਸਹਿਮਤ ਹੋਇਆ ਜਾ ਸਕਦਾ ਹੈ ਕਿ ਕਬੀਰ ਸਾਹਿਬ ਤੇ ਗੁਰੂ ਨਾਨਕ ਇਤਿਹਾਸਕ ਤੌਰ 'ਤੇ ਸਮਕਾਲੀ ਨਹੀਂ ਹਨ। ਵਿਚਾਰਧਾਰਕ ਤੌਰ 'ਤੇ ਉਨ੍ਹਾਂ ਦੇ ਬਾਣੀ-ਪ੍ਰਗਟਾਵੇ ਵਿਚ ਤਾਂ ਫ਼ਰਕ ਹੋ ਸਕਦਾ ਹੈ, ਪਰ ਉਨ੍ਹਾਂ ਦੀਆਂ ਮਾਨਤਾਵਾਂ ਦੇ ਪਖ ਤੋਂ ਕੋਈ ਭਿੰਨ-ਭੇਦ ਨਹੀਂ। ਜੇਕਰ ਅਜਿਹਾ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਕਬੀਰ ਬਾਣੀ ਨੂੰ ਕਦੇ ਵੀ ਗੁਰਬਾਣੀ ਦੇ ਤੁਲ ਨਾ ਰਖਦੇ। ਜਿਥੋਂ ਤਕ ਉਨ੍ਹਾਂ ਦੇ ਵਿਚਾਰਧਾਰਕ ਵਖਰੇਵੇਂ ਦੇ ਵਿਚਾਰ ਡਾ. ਸਾਹਿਬ ਨੇ ਦਰਸਾਏ ਹਨ ਉਹ ਉਨ੍ਹਾਂ ਦੇ ਬਹੁਤੇ ਨਿਜੀ ਜਾਪਦੇ ਹਨ। ਜਿਵੇਂ ਉਹ ਕਹਿੰਦੇ ਹਨ:

[83] *ਗੁਰਮਤਿ ਦਰਸ਼ਨ*, ਪੰਨਾ ੪੯.

*ਕਬੀਰ ਜੀ ਨੇ ਆਪਣੇ ਸਥਾਨਕ ਅਸਰ ਹੇਠ ਤੇ ਕੁਝ ਸਮੇਂ ਦੀਆਂ ਅਤੇ ਕੁਝ ਨਿਜੀ ਔਕੜਾਂ ਦੇ ਕਾਰਨ ਇਹ ਕੁਝ ਕੀਤਾ, ਪਰ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਧਾਰਮਿਕ ਤੇ ਸਮਾਜੀ ਜੀਵਨ ਨੂੰ ਸਾਰੇ ਭਾਰਤ ਵਿਚ ਫਿਰ ਕੇ ਹੀ ਨਹੀਂ, ਸਗੋਂ ਭਾਰਤ ਤੋਂ ਬਾਹਰ ਮਕੇ ਮਦੀਨੇ ਤਕ ਜਾ ਕੇ ਤੇ ਉਧਰ ਤਿਬਤ ਚੀਨ ਤਕ ਪਹੁੰਚ ਕੇ ਅਖੀਂ ਡਿਠਾ।... ਏਸ ਲਈ ਗੁਰੂ ਜੀ ਦੇ ਸਿਧਾਂਤਾਂ ਵਿਚ ਇਹਨਾਂ ਗੱਲਾਂ ਸੰਬੰਧੀ ਵਧੇਰੇ ਪੁਰ-ਜ਼ੋਰ ਅਪੀਲ ਤੇ ਖਿਚ ਹੈ।*[84]

ਸਮੁਚੀ ਵਿਚਾਰ ਤੋਂ ਇਹ ਸਿਧ ਹੁੰਦਾ ਹੈ ਕਿ ਆਪਣੇ ਸਮਕਾਲ ਤਕ ਡਾ. ਸ਼ੇਰ ਸਿੰਘ ਨੂੰ ਜੋ ਗਵਾਹੀਆਂ ਗੁਰੂ ਨਾਨਕ ਸਾਹਿਬ ਤੇ ਕਬੀਰ ਸਾਹਿਬ ਦੇ ਆਪਸੀ ਸੰਬੰਧਾਂ ਬਾਰੇ ਪ੍ਰਾਪਤ ਹੋਈਆਂ, ਉਹ ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਪੇਸ਼ ਕੀਤੀਆਂ ਹਨ, ਪਰ ਫਿਰ ਵੀ ਡਾ. ਸਾਹਿਬ ਦਾ ਇਹ ਜਤਨ ਸੀਮਾਵਾਂ ਵਿਚ ਹੀ ਹੈ। ਇਸ ਖੇਤਰ ਵਿਚ ਬਹੁਤ ਸਾਰੀ ਖੋਜ ਹੋ ਚੁਕੀ ਹੈ। ਪ੍ਰਾਪਤ ਖੋਜ ਦੇ ਚਾਨਣ ਵਿਚ ਡਾ. ਸਾਹਿਬ ਦੇ ਵਿਚਾਰਾਂ ਨੂੰ ਨਵਿਆਉਣਾ ਬਹੁਤ ਜ਼ਰੂਰੀ ਹੈ।

ਉਕਤ ਦੇ ਅਧਾਰ ਉਤੇ ਅਸੀਂ ਕਹਿ ਸਕਦੇ ਹਾਂ ਕਿ ਡਾ. ਸ਼ੇਰ ਸਿੰਘ ਸਮਕਾਲੀ ਵਿਦਵਾਨਾਂ ਵਿਚੋਂ ਜ਼ਿਕਰਯੋਗ ਹਸਤੀ ਸਨ। ਡਾ. ਸ਼ੇਰ ਸਿੰਘ ਦਾ ਸਮਾਂ ਸਿੰਘ ਸਭਾ ਲਹਿਰ ਦੇ ਉਥਾਨ ਦੇ ਪਤਨ ਦਾ ਸਮਾਂ ਸੀ। ਇਸ ਸਮੇਂ ਦੇ ਵਿਦਵਾਨ ਪੂਰੀ ਤਨਦੇਹੀ ਨਾਲ ਆਪੋ-ਆਪਣੇ ਖੇਤਰਾਂ ਵਿਚ ਕੀਰਤੀਮਾਨ ਸਥਾਪਿਤ ਕਰ ਰਹੇ ਸਨ। ਇਸੇ ਲੀਹ ਉਤੇ ਡਾ. ਸ਼ੇਰ ਸਿੰਘ ਨੇ ਸਿੱਖ ਦਰਸ਼ਨ ਵਿਚ ਆਪਣਾ ਜ਼ਿਕਰਯੋਗ ਸਥਾਨ ਬਣਾਇਆ। ਉਨ੍ਹਾਂ ਦੀ ਦੇਣ ਭਾਵੇਂ ਬਹੁ-ਪਖੀ ਹੈ, ਪਰ ਸਿੱਖ ਦਰਸ਼ਨ ਦੀ ਸੁਤੰਤਰ ਸਥਾਪਨਾ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾਂ ਯਾਦ ਰਖਿਆ ਜਾਵੇਗਾ।

ਡਾ. ਸ਼ੇਰ ਸਿੰਘ ਵਲੋਂ ਵਖੋ-ਵਖ ਖੇਤਰਾਂ ਵਿਚ ਪਾਏ ਯੋਗਦਾਨ ਅਤੇ ਉਨ੍ਹਾਂ ਦੁਆਰਾ ਨਿਭਾਈ ਗਈ ਭੂਮਿਕਾ ਉਨ੍ਹਾਂ ਦੇ ਜੀਵਨ ਦੀ ਇਕ ਝਲਕ-ਮਾਤਰ ਹੈ। ਡਾ. ਸ਼ੇਰ ਸਿੰਘ ਦੀ ਜਿਨ੍ਹਾਂ ਸਜਣਾਂ ਨੇ ਸੰਗਤ ਕੀਤੀ, ਉਨ੍ਹਾਂ ਦੀ ਜ਼ੁਬਾਨੀ ਪਤਾ ਚਲਦਾ ਹੈ ਕਿ ਉਨ੍ਹਾਂ ਦਾ ਜੀਵਨ ਸਿੱਖ ਧਰਮ ਅਤੇ ਮਨੁਖਤਾ ਦੀ ਸੇਵਾ ਪ੍ਰਥਾਇ ਸਮਰਪਿਤ ਸੀ। ਸੇਵਾ ਦੀ ਅਜਿਹੀ ਘਾੜਤ ਵਾਲਾ

---

[84] *ਗੁਰਮਤਿ ਦਰਸ਼ਨ*, ਪੰਨਾ ੧੯੬.

ਪੁਤਲਾ ਆਪਣੇ ਸਮੇਂ ਵਿਚ ਘਾਲਣਾ ਘਾਲ ਕੇ ਆਪਣਾ ਜੀਵਨ ਤਾਂ ਸਫਲ ਕਰ ਹੀ ਗਿਆ, ਇਸ ਦੇ ਨਾਲ ਹੀ ਆਉਣ ਵਾਲੀ ਪਨੀਰੀ ਨੂੰ ਇਕ ਲਾਗ ਤੇ ਪ੍ਰੇਰਨਾ ਵੀ ਦੇ ਗਿਆ। ਭਵਿਖ ਦੇ ਵਿਦਿਆਰਥੀ/ਖੋਜਾਰਥੀਆਂ ਲਈ ਉਨ੍ਹਾਂ ਦਾ ਜੀਵਨ ਚਾਨਣ ਮੁਨਾਰੇ ਦੀ ਤਰ੍ਹਾਂ ਰੌਸ਼ਨੀ ਅਤੇ ਸੇਧ ਦਿੰਦਾ ਰਹੇਗਾ।

ਡਾ. ਸ਼ੇਰ ਸਿੰਘ ਦੇ ਜੀਵਨ, ਸ਼ਖਸੀਅਤ, ਰਚਨਾਵਾਂ, ਸਿੱਖ ਅਧਿਐਨ ਅਤੇ ਯੋਗਦਾਨ ਨੂੰ ਵਿਚਾਰਨ ਉਪਰੰਤ ਅਸੀਂ ਜਿਹੜੇ ਸਿਟਿਆਂ ਉਤੇ ਪਹੁੰਚੇ ਹਾਂ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਡਾ. ਸ਼ੇਰ ਸਿੰਘ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਅਧਿਐਨ ਕਰਦਿਆਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਬਹੁ-ਪਖੀ ਸ਼ਖਸੀਅਤ ਦੇ ਮਾਲਕ ਸਨ। ਸਿੱਖ ਦਰਸ਼ਨ, ਸਭਿਆਚਾਰ, ਧਰਮ ਅਤੇ ਇਤਿਹਾਸ, ਆਦਿ ਬਾਰੇ ਉਨ੍ਹਾਂ ਦੀ ਸਮਝ ਡੂੰਘੀ ਅਤੇ ਵਿਸ਼ਾਲ ਸੀ।

ਉਨ੍ਹਾਂ ਦੁਆਰਾ ਰਚੇ ਸਾਹਿਤ ਦੀ ਲੰਮੀ ਸੂਚੀ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਉਨ੍ਹਾਂ ਦੀ ਸਾਹਿਤਕ ਸਾਧਨਾ ਬਾਰੇ ਕਿਸੇ ਕਿਸਮ ਦਾ ਕਿੰਤੂ ਨਹੀਂ ਕੀਤਾ ਜਾ ਸਕਦਾ। ਇਹ ਸਾਧਨਾ ਗੁਣਾਤਮਿਕ ਪਖੋਂ ਵਿਸ਼ਾਲ ਦਰਜੇ ਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਕਿੰਤੂ-ਮੁਕਤ ਪੰਜਾਬੀ ਸਾਹਿਤ ਦੇ ਖੇਤਰ ਵਿਚ ਵੀ ਸ਼ਲਾਘਾਯੋਗ ਵਾਧਾ ਕਰਦੀਆਂ ਹਨ। ਅਧਿਐਨ ਕਰਦਿਆਂ ਅਸੀਂ ਵੇਖਿਆ ਕਿ ਉਨ੍ਹਾਂ ਦੀਆਂ ਰਚਨਾਵਾਂ ਦਾ ਮੁਹਾਵਰਾ ਅਤੇ ਪਿਛੋਕੜ ਸਮਕਾਲੀ ਅਕਾਦਮਿਕ ਵਾਤਾਵਰਨ ਵਿਚ ਪੈਦਾ ਹੁੰਦਾ ਹੈ। ਉਨ੍ਹਾਂ ਦੁਆਰਾ ਰਚਿਤ ਸਾਹਿਤ ਦੀ ਪ੍ਰਕ੍ਰਿਆ ਦਾਰਸ਼ਨਿਕ, ਧਾਰਮਿਕ, ਸਾਹਿਤਕ ਅਤੇ ਇਤਿਹਾਸਕ ਰੰਗਣ ਦੀ ਹੈ। ਦਰਸ਼ਨ, ਉਨ੍ਹਾਂ ਦਾ ਅਕਾਦਮਿਕ ਵਿਸ਼ਾ ਹੋਣ ਕਾਰਨ, ਸਭ ਤੋਂ ਵਧੇਰੇ ਰੁਚੀ ਉਨ੍ਹਾਂ ਦੀ ਦਰਸ਼ਨ ਵਿਚ ਹੀ ਸੀ। ਇਸ ਕਰ ਕੇ ਉਨ੍ਹਾਂ ਨੇ ਸਭ ਤੋਂ ਵਧ ਸਿੱਖ ਦਰਸ਼ਨ ਦੀਆਂ ਗਲਾਂ ਨਿਰਖੀਆਂ-ਪਰਖੀਆਂ। ਦੂਜੇ ਸ਼ਬਦਾਂ ਵਿਚ ਗੁਰਬਾਣੀ ਦੇ ਵਾਕਾਂ ਨੂੰ ਉਨ੍ਹਾਂ ਨੇ ਦਰਸ਼ਨ ਦੇ ਸੋਮੇ ਜਾਂ ਪ੍ਰਮਾਣਾਂ ਵਜੋਂ ਵਰਤਿਆ ਹੈ। ਸਿਧਾਂਤਕ ਦ੍ਰਿਸ਼ਟੀ ਤੋਂ ਅਸੀਂ ਉਨ੍ਹਾਂ ਦੁਆਰਾ ਰਚਿਤ ਸਾਹਿਤ ਨੂੰ ਵਿਆਖਿਆ ਸਾਹਿਤ ਨਾਲ ਸੰਬੰਧਿਤ ਕੀਤਾ ਹੈ।

ਡਾ. ਸ਼ੇਰ ਸਿੰਘ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਦਸਿਆ ਕਿ ਸਿੱਖ ਦਰਸ਼ਨ ਦਾ ਸੁਤੰਤਰ ਅਸਤਿਤਵ ਹੈ। ਭਾਵ ਕਿ ਸਿੱਖ ਦਰਸ਼ਨ ਦੀ ਜਾਂ ਤਾਂ ਹੋਂਦ ਪ੍ਰਵਾਨ ਹੀ ਨਹੀਂ ਕੀਤੀ ਗਈ, ਇਸ ਨੂੰ ਮਹਿਜ਼ ਜੀਵਨ-ਜਾਚ ਹੀ ਦਸਿਆ ਗਿਆ, ਜਾਂ ਇਸ ਨੂੰ ਇਸਲਾਮ ਅਤੇ ਹਿੰਦੂ ਮਤ ਦਾ ਸੁਮੇਲ ਮੰਨਿਆ ਗਿਆ, ਜਾਂ ਫਿਰ ਪਰੰਪਰਾ ਦਾ ਇਕ ਹਿਸਾ। ਇਥੋਂ ਤਕ ਕਿ ਸਿੱਖ ਸੰਪਰਦਾਵਾਂ ਨੇ ਵੀ ਇਸ ਨੂੰ ਵੇਦਾਂਤ ਦਾ ਹੀ ਹਿਸਾ ਬਣਾ ਦਿਤਾ। ਅਜਿਹੀ ਸਥਿਤੀ ਵਿਚ ਡਾ. ਸ਼ੇਰ ਸਿੰਘ ਨੇ ਸਿੱਖ ਦਰਸ਼ਨ ਦੀ ਸੁਤੰਤਰਤਾ ਨੂੰ ਸਾਹਮਣੇ ਲਿਆਂਦਾ।

ਡਾ. ਸ਼ੇਰ ਸਿੰਘ ਨੇ ਜਿੰਨਾ ਵੀ ਕੰਮ ਕੀਤਾ, ਉਸ ਦਾ ਇਕੋ ਇਕ ਉਦੇਸ਼ ਦਾਰਸ਼ਨਿਕ ਤੇ ਤੁਲਨਾਤਮਿਕ ਅਧਿਐਨ ਰਾਹੀਂ ਗੁਰਮਤਿ ਨੂੰ ਹੋਰਨਾਂ ਮਤਾਂ ਨਾਲੋਂ ਨਿਖੇੜਨਾ ਹੈ। ਉਨ੍ਹਾਂ ਦੇ ਸਿੱਖ ਅਧਿਐਨ ਉਪਰੰਤ ਅਸੀਂ ਇਹ ਜਾਣਨ ਦਾ ਉਪਰਾਲਾ ਕੀਤਾ ਹੈ ਕਿ ਉਹ ਸਿੱਖ ਦਾਰਸ਼ਨਿਕਤਾ ਨੂੰ ਸਿੱਖ ਇਤਿਹਾਸ ਨਾਲੋਂ ਨਿਖੇੜ ਕੇ ਨਹੀਂ ਦੇਖਦੇ। ਉਨ੍ਹਾਂ ਦੀ ਲਿਖਤ ਦਾ ਇਹ ਅਮੀਰੀ ਗੁਣ ਹੈ ਕਿ ਉਹ ਦਾਰਸ਼ਨਿਕਤਾ ਨੂੰ ਨਿਰੋਲ ਚਿੰਤਨ-ਮੰਨਣ ਦਾ ਕੰਮ ਨਹੀਂ ਸਮਝਦੇ, ਸਗੋਂ ਸਿੱਖ ਦ੍ਰਿਸ਼ਟੀਕੋਣ ਤੋਂ ਜੀਵਨ ਵਿਹਾਰ ਦਾ ਕਾਰਜ ਸਮਝਦੇ ਹਨ।

ਡਾ. ਸ਼ੇਰ ਸਿੰਘ ਨੇ ਪਹਿਲੀ ਵਾਰ ਸਿੱਖ ਫਲਸਫੇ/ਗੁਰਮਤਿ ਦਰਸ਼ਨ ਨੂੰ ਪ੍ਰਬੰਧ ਰੂਪ ਵਿਚ ਸਾਹਮਣੇ ਲਿਆਂਦਾ। ਬੇਸ਼ਕ ਇਨ੍ਹਾਂ ਤੋਂ ਪਹਿਲਾਂ ਕਈ ਵਿਦਵਾਨਾਂ (ਖਜਾਨ ਸਿੰਘ ਅਤੇ ਸਰਦੂਲ ਸਿੰਘ ਕਵੀਸ਼ਰ ਆਦਿ) ਨੇ ਗੁਰਮਤਿ ਦਰਸ਼ਨ ਦੀ ਵਿਆਖਿਆ ਕੀਤੀ ਹੈ, ਪਰੰਤੂ ਡਾ. ਸ਼ੇਰ ਸਿੰਘ ਨੇ ਪਛਮੀ ਦ੍ਰਿਸ਼ਟੀਕੋਣ ਤੋਂ ਗੁਰਮਤਿ ਦਰਸ਼ਨ ਦੀ ਦਾਰਸ਼ਨਿਕ ਪਖ ਤੋਂ ਵਿਲਖਣਤਾ ਦ੍ਰਿੜ ਕਰਵਾਈ ਹੈ। ਡਾ. ਸ਼ੇਰ ਸਿੰਘ ਨੇ ਆਪਣੇ ਤੋਂ ਪਹਿਲਾਂ ਹੋਏ ਅੰਗਰੇਜ਼ ਵਿਦਵਾਨਾਂ, ਜਿਵੇਂ ਕਿ ਕਨਿੰਘਮ, ਟਰੰਪ ਤੇ ਮੈਕਾਲਫ ਦੇ ਕੰਮਾਂ ਦਾ ਮੁਲੰਕਣ ਕਰਨ ਉਪਰੰਤ ਉਨ੍ਹਾਂ ਦੀਆਂ ਵਿਵਾਦਪੂਰਨ ਧਾਰਨਾਵਾਂ ਦੀ ਸੋਧ ਕਰਕੇ ਗੁਰਮਤਿ ਦਰਸ਼ਨ ਦੇ ਕਾਰਜ ਨੂੰ ਨਿਹਚੇਆਤਮਕ ਦ੍ਰਿਸ਼ਟੀ ਤੋਂ ਹੋਰ ਅਗੇ ਤੋਰਿਆ ਹੈ।

ਡਾ. ਸ਼ੇਰ ਸਿੰਘ ਨੇ ਪਹਿਲੀ ਵਾਰ ਗੁਰਮਤਿ ਨੂੰ ਆਧੁਨਿਕ ਦਾਰਸ਼ਨਿਕ ਪਧਰ ਉਤੇ ਭਾਰਤੀ ਤੇ ਵਿਸ਼ੇਸ਼ ਕਰਕੇ ਪਛਮੀ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਜਤਨ ਕੀਤਾ ਹੈ। ਇਸ ਲਈ ਉਹ ਹਰੇਕ ਵਿਸ਼ੇ ਦੀ ਵਿਆਖਿਆ ਤੋਂ ਪਹਿਲਾਂ ਪੂਰਾ ਪਿਛੋਕੜ ਸਿਰਜਦੇ ਹਨ, ਜਿਸ ਵਿਚ ਇਤਿਹਾਸ ਵੀ ਸ਼ਾਮਿਲ ਹੁੰਦਾ ਹੈ। ਮਿਸਾਲ ਵਜੋਂ ਸਿੱਖ ਧਰਮ ਵਿਚ ਪਛੜੀਆਂ ਸ਼੍ਰੇਣੀਆਂ ਦੀ ਸਥਿਤੀ ਤੇ ਸਥਾਨ ਨੂੰ ਦਰਸਾਉਣ ਲਈ ਉਹ ਯੂਨਾਨ ਤਕ ਦਾ ਪਿਛੋਕੜ ਸਿਰਜ ਲੈਂਦੇ ਹਨ, ਜਿਹੜਾ ਕਿ ਨਿਰੋਲ ਇਤਿਹਾਸ ਦਾ ਖੇਤਰ ਹੈ।

ਡਾ. ਸ਼ੇਰ ਸਿੰਘ ਦੀ ਵਿਆਖਿਆ ਤੋਂ ਕਿਸੇ ਪਖਵਾਦ ਦਾ ਝਲਕਾਰਾ ਨਹੀਂ ਪੈਂਦਾ। ਉਨ੍ਹਾਂ ਦੀ ਵਿਆਖਿਆ ਦਾ ਬੁਨਿਆਦੀ ਲਛਣ ਦਾਰਸ਼ਨਿਕ ਤੇ ਤੁਲਨਾਤਮਿਕ ਦ੍ਰਿਸ਼ਟੀਕੋਣ ਅਪਨਾਉਣਾ ਹੈ। ਉਨ੍ਹਾਂ ਨੇ ਹਰੇਕ ਨਿਕੇ ਤੋਂ ਨਿਕੇ ਸੰਕਲਪ/ਵਿਸ਼ੇ ਨੂੰ ਸਾਮੀ ਤੇ ਭਾਰਤੀ ਪਰੰਪਰਾਵਾਂ ਦੇ ਸੰਦਰਭ ਵਿਚ ਰਖ ਕੇ ਵਿਆਖਿਆ ਕੀਤੀ ਹੈ। ਇਸ ਤੁਲਨਾਤਮਿਕ ਵਿਆਖਿਆ ਵਿਚ ਹੋਰਨਾਂ ਮਤਾਂ ਦੇ ਟਾਕਰੇ ਗੁਰਮਤਿ ਦੇ ਸਿਧਾਂਤਾਂ ਦੀ ਸਾਫ ਤਸਵੀਰ ਪੇਸ਼ ਕੀਤੀ ਗਈ ਹੈ,

ਜਿਸ ਰਾਹੀਂ ਗੁਰਮਤਿ ਦੀ ਵਿਲਖਣਤਾ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਗੁਰਮਤਿ ਦੀ ਸ੍ਰੇਸ਼ਠਤਾ ਦ੍ਰਿੜ ਕਰਵਾਉਣ ਦੇ ਇਰਾਦੇ ਨਾਲ ਡਾ. ਸ਼ੇਰ ਸਿੰਘ ਨੇ ਦੂਜੇ ਮਤਾਂ ਨੂੰ ਨਿਖੇਧਾਤਮਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਉਨ੍ਹਾਂ ਨੇ ਗੁਰਮਤਿ ਦੇ ਸਿਧਾਂਤਾਂ ਦੀ ਵਿਲਖਣਤਾ ਸਪਸ਼ਟ ਕਰਨ ਲਈ ਗੁਰਬਾਣੀ ਦੇ ਪ੍ਰਮਾਣ ਵੀ ਨਾਲੋਂ-ਨਾਲ ਦਿਤੇ ਹਨ।

ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ ਦਾ ਅਧਿਐਨ ਕਰਨ ਉਪਰੰਤ ਸਪਸ਼ਟ ਹੁੰਦਾ ਹੈ ਕਿ ਉਹ ਬਾਣੀ ਦੇ ਅਰਥਾਂ ਦੀ ਵਿਆਖਿਆ ਦੇ ਆਹਰ ਵਿਚ ਕੋਈ ਵੀ ਪਖ/ਪਾਸਾਰ ਨਹੀਂ ਛਡਦੇ। ਜੇਕਰ ਉਹ ਭਾਰਤੀ ਦਰਸ਼ਨ ਦੇ ਪ੍ਰਸੰਗ ਵਿਚ ਗੁਰਬਾਣੀ ਦੀ ਵਿਆਖਿਆ ਕਰਨ ਦਾ ਜਤਨ ਕਰਦੇ ਹਨ ਤਾਂ ਭਾਰਤੀ ਦਰਸ਼ਨ ਦੀ ਸੋਝੀ ਕਰਵਾਉਣ ਹਿਤ *ਵਿਚਾਰਧਾਰਾ* ਵਰਗੀ ਪੂਰੀ ਪੁਸਤਕ ਇਸ ਵਿਸ਼ੇ ਉਤੇ ਲਿਖ ਦਿੰਦੇ ਹਨ। ਸੰਤ ਸੁੰਦਰ ਸਿੰਘ ਦਾ ਜੀਵਨ ਤੇ ਸਾਧਨਾ ਉਤੇ ਪੁਸਤਕ ਲਿਖਣਾ ਗੁਰਮਤਿ ਵਿਆਖਿਆ ਦਾ ਹੀ ਇਕ ਜਤਨ ਹੈ। ਡਾ. ਸ਼ੇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਰਸਾਏ ਮਾਰਗ ਤੋਂ ਸੇਧ ਲੈ ਕੇ ਖਾਲਸੇ ਦਾ ਸਮਾਜ ਅਤੇ ਰਾਜਨੀਤੀ ਵਿਚ ਸਰੂਪ *Social and Political Philosophy of Guru Gobind Singh* ਪੁਸਤਕ ਰਾਹੀਂ ਸਪਸ਼ਟ ਕੀਤਾ। ਸਿੱਖ ਅਧਿਐਨ ਵਿਚ ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਹ ਪ੍ਰਬੰਧ ਰੂਪ ਵਿਚ ਪਹਿਲਾ ਉਦਮ ਹੈ।

ਹਥਲੇ ਕਾਰਜ ਰਾਹੀਂ ਡਾ. ਸ਼ੇਰ ਸਿੰਘ ਦੁਆਰਾ ਸਿੱਖ ਸਿਧਾਂਤਾਂ ਨੂੰ ਵਿਸ਼ਵ ਦਰਸ਼ਨ ਦੇ ਪ੍ਰਸੰਗ ਵਿਚ ਰਖ ਕੇ ਸਮਝਣ ਦੀ ਕੀਤੀ ਗਈ ਕੋਸ਼ਿਸ਼ ਦਾ ਤੁਛ ਜਿਹਾ ਰਿਣ ਚੁਕਾਉਣ ਦਾ ਮੁਢਲਾ ਜਤਨ ਹੈ। ਇਹ ਛੋਟਾ ਜਿਹਾ ਪਰੰਤੂ ਮਹਤਵਪੂਰਨ ਉਦਮ ਸਾਡੇ ਹਿਸੇ ਆਇਆ, ਇਸ ਲਈ ਵਹਿਗੁਰੂ ਦੇ ਸ਼ੁਕਰਾਨੇ ਤੇ ਡਾ. ਸ਼ੇਰ ਸਿੰਘ ਜੀ ਦੀ ਸਿਮ੍ਰਤੀ ਵਿਚ ਸਾਡਾ ਸਿਰ ਮਾਣ ਨਾਲ ਝੁਕਦਾ ਹੈ।

## ਪੰਜਾਬੀ


ਉਜਾਗਰ ਸਿੰਘ (ਸੰਪਾ.), ***ਪੰਜਾਬੀ ਵਾਰਤਕ ਵੰਨਗੀਆਂ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976 (ਚੌਥੀ ਵਾਰ)।

ਅਮਰ ਸਿੰਘ (ਸੰਪਾ.), ***ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ,*** ਭਾਸ਼ਾ ਵਿਭਾਗ, ਪੰਜਾਬ, 1999.

ਅਮਰ ਸਿੰਘ ਚਾਕਰ (ਸੰਪਾ.), ***ਵਾਰਾਂ ਭਾਈ ਗੁਰਦਾਸ,*** ਸ਼੍ਰੋਮਣੀ ਗੁਰਆਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998 (ਸਤਵੀਂ ਵਾਰ)।

***ਇਤਿਹਾਸ ਦਮਦਮੀ ਟਕਸਾਲ***, ਜਥਾ ਭਿੰਡਰਾਂ (ਮਹਿਤਾ), ਅੰਮ੍ਰਿਤਸਰ, ੧੯੯੪.

ਸੁੰਦਰ ਸਿੰਘ (ਪ੍ਰੋ.), ***ਸੁਹਜ ਸਵਾਦ,*** ਲਾਹੌਰ ਬੁਕ ਸ਼ਾਪ, ਲੁਧਿਆਣਾ, 1948 (ਦੂਜੀ ਵਾਰ)।

ਸਰਦਲ ਸਿੰਘ ਕਵੀਸ਼ਰ, ***ਸਿੱਖ ਧਰਮ ਦਰਸ਼ਨ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

ਸਾਹਿਬ ਸਿੰਘ (ਪ੍ਰੋ.), ***ਭਗਤ ਬਾਣੀ ਸਟੀਕ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੭੫ (ਦੂਜੀ ਵਾਰ)।

ਸੇਵਾ ਸਿੰਘ (ਭਾਈ) (ਸੰਪਾ.), ***ਕਬਿਤ ਸਵਯੇ ਭਾਈ ਗੁਰਦਾਸ ਜੀ ਸਟੀਕ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001 (ਤੀਜੀ ਵਾਰ)।

ਸਵਿੰਦਰ ਸਿੰਘ ਉੱਪਲ (ਡਾ.), ***ਪਸਿਧ ਪੰਜਾਬੀ ਨਿਬੰਧਕਾਰ***, ਨੈਸ਼ਨਲ ਬੁਕ ਕੰਪਨੀ, ਦਿੱਲੀ, 2006.

ਸੋਹਣ ਸਿੰਘ ਐਮ. ਏ. (ਲੰਡਨ), ***ਮਾਨਸਰੋਵਰ,*** ਲਾਹੌਰ ਬੁਕ ਸ਼ਾਪ, ਲਾਹੌਰ, 1946.

ਹਰੀ ਸਿੰਘ ਗਿਆਨੀ ਅਤੇ ਪਰਮਦੀਪ, ***ਵਿਦਿਆ ਦੇ ਪਿੜ ਵਿਚ,*** ਮਹਿੰਦਰਾ ਆਰਟ ਪ੍ਰੈਸ, ਲੁਧਿਆਣਾ, 1975.

ਹਰੀ ਸਿੰਘ ਗਿਆਨੀ, ***ਬਿਲਾਸਪੁਰ ਦਾ ਫਿਲਾਸਫਰ : ਪ੍ਰਿੰਸੀਪਲ ਸ਼ੇਰ ਸਿੰਘ,*** ਮਹਿੰਦਰਾ ਆਰਟ ਪ੍ਰੈਸ, ਲੁਧਿਆਣਾ (ਮਿਤੀ ਹੀਣ)।

ਹਰਦਿਆਲ ਸਿੰਘ, ***ਰਾਹਾਂ ਦੇ ਰਾਹੀ,*** ਹਜ਼ੂਰੀਆ ਐਂਡ ਸਨਜ਼, ਜਲੰਧਰ, 1953.

ਹਰਨਾਮ ਸਿੰਘ ਸ਼ਾਨ (ਸੰਪਾ.), ***ਚੋਣਵੀਂ ਗੱਦ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1962 (ਦੂਜੀ ਵਾਰ)।

– ***ਪਰਖ-ਪੜਚੋਲ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1963 (ਦੂਜੀ ਵਾਰ),

ਹਰਬੰਸ ਸਿੰਘ (ਸੰਪਾ.), ***ਭਾਈ ਵੀਰ ਸਿੰਘ ਅਭਿਨਦਨ ਗ੍ਰੰਥ,*** ਭਾਈ ਵੀਰ ਸਿੰਘ ਅਭਿਨਦਨ ਗ੍ਰੰਥ ਸਮਿਤਿ, ਦਿੱਲੀ, 1954.

ਹਿੰਮਤ ਸਿੰਘ (ਪ੍ਰੋ.), ***ਡਾ. ਸ਼ੇਰ ਸਿੰਘ: ਜੀਵਨ ਤੇ ਰਚਨਾ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਕਾਨ੍ਹ ਸਿੰਘ ਨਾਭਾ (ਭਾਈ), ***ਗੁਰੁਮਤ ਪ੍ਰਭਾਕਰ,*** ਭਾਸ਼ਾ ਵਿਭਾਗ ਪੰਜਾਬ, 1988 (ਪੰਜਵੀਂ ਵਾਰ)।

– ***ਗੁਰੁਮਤ ਮਾਰਤੰਡ*** (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1999 (ਛੇਵੀਂ ਵਾਰ)।

– ***ਹਮ ਹਿੰਦੂ ਨਹੀਂ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011 (ਅੱਠਵੀਂ ਵਾਰ)।

ਕਿਰਪਾਲ ਸਿੰਘ (ਸੰਪਾ.), ***ਜਨਮਸਾਖੀ ਪਰੰਪਰਾ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਕੁਲਵਿੰਦਰ ਸਿੰਘ ਬਾਜਵਾ (ਸੰਪਾ.), ***ਮਹਿਮਾ ਪ੍ਰਕਾਸ਼*** *(ਵਾਰਤਕ)*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਕੇਸਰ ਸਿੰਘ ਛਿਬਰ, ***ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,*** (ਸੰਪਾ.) ਰਾਏਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਗੁਰਚਰਨ ਸਿੰਘ (ਡਾ.), (ਸੰਪਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਫ਼ਾਰਸੀ–ਅਰਬੀ ਮੂਲਕ ਸ਼ਬਦਾਂ ਦਾ ਕੋਸ਼,*** ਪ੍ਰੋ. ਸਾਹਿਬ ਸਿੰਘ ਗੁਰਮਤਿ ਟਰਸਟ, ਪਟਿਆਲਾ, 2006 (ਤੀਜੀ ਵਾਰ)।

ਗੁਰਨੇਕ ਸਿੰਘ (ਡਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ : ਵਿਆਖਿਆ ਤੇ ਸੰਦੇਸ਼,*** *ਗੁਰਮਤਿ ਪਕਾਸ਼ਨ,* ਪਟਿਆਲਾ, 2008.

ਗੁਰਮੁਖ ਨਿਹਾਲ ਸਿੰਘ (ਸੰਪਾ.), ***ਗੁਰੂ ਨਾਨਕ : ਜੀਵਨ, ਯੁਗ ਅਤੇ ਉਪਦੇਸ਼,*** ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ, 1969.

ਗੋਕਲ ਚੰਦ ਨਾਰੰਗ, ***ਸਿੱਖ ਮਤ ਦਾ ਪਰਿਵਰਤਨ***, ਗੁਰਚਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਜਸਵੰਤ ਸਿੰਘ ਜਸ (ਪ੍ਰੋ.), ***ਬਾਬਾ ਰਾਮ ਸਿੰਘ ਨਾਮਧਾਰੀ,*** ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1958.

ਜਗਜੀਤ ਸਿੰਘ, ***ਸਿੱਖ ਇਨਕਲਾਬ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002.

ਜੋਗਿੰਦਰ ਸਿੰਘ ਛਾਬੜਾ (ਪ੍ਰੋ.) (ਸੰਪਾ.), ***ਗੁਰਮੁਖ ਕਲਿ ਵਿਚ ਪਰਗਟ ਹੋਆ***, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ, 1969.

ਜੋਧ ਸਿੰਘ (ਭਾਈ), ***ਗੁਰਮਤਿ ਨਿਰਣਯ***, ਕਪੂਰ ਆਰਟ ਪ੍ਰਿੰਟਿਗ ਵਰਕਸ, ਲਾਹੌਰ, 1932.

ਤਾਰਨ ਸਿੰਘ (ਡਾ.), ***ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਤੇਜਾ ਸਿੰਘ (ਪ੍ਰਿੰ.) ਅਤੇ ਪ੍ਰੋ. ਹਰਨਾਮ ਸਿੰਘ ਸ਼ਾਨ (ਸੰਪਾ.), ***ਮਹਾਂ ਪੁਰਖ,*** ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963 (ਦੂਜੀ ਵਾਰ)।

ਦਰਸ਼ਨ ਸਿੰਘ (ਡਾ.), ***ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਪਿਆਰ ਸਿੰਘ (ਡਾ.), ***ਖੋਜ: ਸਿਧਾਂਤ ਤੇ ਵਿਵਹਾਰ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008 (ਦੂਜੀ ਵਾਰ)।

ਪਿਆਰ ਸਿੰਘ (ਡਾ.), (ਸੰਪਾ.), ***ਆਦਿ ਸਾਖੀਆਂ,*** ਲੋਅਰ ਮਾਲ, ਪਟਿਆਲਾ, 1969.

ਪ੍ਰੀਤਮ ਸਿੰਘ (ਸੰਪਾ.), ***ਭਾਵ-ਚਿਤਰ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1954 (ਦੂਜੀ ਵਾਰ)।

ਪ੍ਰੀਤਮ ਸਿੰਘ (ਪ੍ਰੋ.), ***ਦਸਵਾਂ ਗੁਰੂ ਨਾਨਕ ਤੇ ਹੋਰ ਲੇਖਕ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999.

ਬਲਬੀਰ ਸਿੰਘ (ਡਾ.), ***ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*** (ਜਿਲਦ ਪਹਿਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਭਗਤ ਸਿੰਘ (ਭਾਈ), ***ਗੁਰਬਿਲਾਸ ਪਾਤਸ਼ਾਹੀ ੬,*** (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, 1998.

ਮਨਮੋਹਨ ਸਿੰਘ (ਡਾ.), ***ਗੁਰੂ ਗ੍ਰੰਥ ਸਾਹਿਬ ਜੀ ਦੀ ਦਾਰਸ਼ਨਿਕ ਯਾਤਰਾ,*** ਮਨਦੀਪ ਪ੍ਰਕਾਸ਼ਨ, ਦਿੱਲੀ, 1981.

ਰਮਜ਼ਾਨ ਸਈਦ (ਅਨੁ.), ***ਕੁਰਅਨ ਮਜੀਦ: ਅਨੁਵਾਦ ਤੇ ਸੰਖੇਪ ਟੀਕਾ ਸਹਿਤ***, ਪੰਜਾਬੀ ਇਸਲਾਮਿਕ ਪਬਲੀਕੇਸ਼ਨਜ, ਮਲੇਰਕੋਟਲਾ, 2002 (ਦੂਜੀ ਵਾਰ)।

ਰਾਜਿੰਦਰ ਕੌਰ, ***ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ***, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1986.

ਲਾਲ ਸਿੰਘ (ਸੰਪਾ.), ***ਮਧ-ਕਾਲੀਨ ਪੰਜਾਬੀ ਸਾਹਿਤ***, ਭਾਸ਼ਾ ਵਿਭਾਗ ਪੰਜਾਬ, 1970.

ਵਿਸਾਖਾ ਸਿੰਘ, ***ਮਾਲਵਾ ਸਿੱਖ ਇਤਿਹਾਸ*** (ਭਾਗ ਦੂਜਾ), ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1998 (ਦੂਜੀ ਵਾਰ)।

ਵੀਰ ਸਿੰਘ (ਭਾਈ), ***ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*** (ਪੋਥੀ ਪਹਿਲੀ), (ਸੰਪਾ.) ਡਾ. ਬਲਬੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, 1993 (ਪੰਜਵੀਂ ਵਾਰ)।

– (ਸੰਪਾ.) ***ਪੁਰਾਤਨ ਜਨਮਸਾਖੀ,*** ਸਾਹਿਤ ਸਦਨ, ਨਵੀਂ ਦਿੱਲੀ, 1996 (ਛੇਵੀਂ ਵਾਰ)।

ਵਜੀਰ ਸਿੰਘ (ਡਾ.), ***ਸਿੱਖ ਦਰਸ਼ਨਧਾਰਾ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸ਼ੇਰ ਸਿੰਘ, ***ਅੰਮ੍ਰਿਤ ਜੀਵਣ,*** ਕ੍ਰਿਪਾ ਸਾਗਰ ਪ੍ਰੈਸ, ਲਾਹੌਰ, 1934.

– ***ਮਰਨ ਤੋਂ ਪਿਛੋਂ,*** ਅੰਮ੍ਰਿਤ ਪ੍ਰੈਸ, ਤਰਨਤਾਰਨ, 1934.

– ***ਬੁੱਧ ਕਸੌਟੀ,*** ਪੰਜਾਬ ਦਰਬਾਰ, ਲਾਹੌਰ, 1936.

– ***ਪ੍ਰਦੇਸ ਯਾਤਰਾ,*** ਲਾਹੌਰ ਬੁਕ ਸ਼ਾਪ, ਲਾਹੌਰ, 1937.

– ***ਸੋਹਣੀ ਮਹੀਵਾਲ***, ਲਾਹੌਰ ਬੁਕ ਸ਼ਾਪ, ਲੁਧਿਆਣਾ, 1944.

– ***ਸਿੱਖ ਧਰਮ ਤੇ ਪਛੜੀਆਂ (ਦਲਿਤ) ਸ਼੍ਰੇਣੀਆਂ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1949.

– ***ਪਾਠਾਵਲੀ*** (ਪਹਿਲੀ ਤੋਂ ਅੱਠਵੀਂ), ਨਵੀਨ ਖੋਜ ਸਭਾ, ਲੁਧਿਆਣਾ, 1949.

– ***ਪੰਜਾਬੀ ਬਾਲ ਬੋਧ,*** ਨਵੀਨ ਖੋਜ ਸਭਾ, ਲੁਧਿਆਣਾ, 1949.

– ***ਕੰਜੂਸ ਠੇਕੇਦਾਰ***, ਪੰਜਾਬੀ ਪਬਲਿਸ਼ਰਜ਼, ਲੁਧਿਆਣਾ, 1950.

– ***ਨਵੀਨ ਪੰਜਾਬੀ ਭੰਡਾਰ***, ਖਾਲਸਾ ਬੁਕ ਸਟਾਲ, ਲੁਧਿਆਣਾ, 1950.

– ***ਗੁਰਮਤਿ ਦਰਸ਼ਨ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1951.

– ***ਵਿਚਾਰਮਾਲਾ,*** ਲਾਹੌਰ ਬੁਕ ਸ਼ਾਪ, ਲੁਧਿਆਣਾ, 1951.

– ***ਸਾਹਿਤ ਸਮਾਲੋਚਨਾ*****,** ਅਤਰ ਚੰਦ ਕਪੂਰ ਐਂਡ ਸਨਜ਼, ਦਿੱਲੀ, 1952.

– ***ਜਪੁ ਜੀ ਦਰਸ਼ਨ***, ਲਾਹੌਰ ਬੁਕ ਸ਼ਾਪ, 1969.

– ***ਵਿਚਾਰਧਾਰਾ*****,** ਲਾਹੌਰ ਬੁਕ ਸ਼ਾਪ, ਲਾਹੌਰ, (ਮਿਤੀ ਹੀਣ).

– ***ਜੀਵਣ ਉਸਰਈਏ*****,** ਅਤਰ ਚੰਦ ਕਪੂਰ ਐਂਡ ਸਨਜ਼, ਦਿੱਲੀ, (ਮਿਤੀ ਹੀਣ).

**ਅੰਗਰੇਜ਼ੀ**

Ganda Singh (ed.), ***A Bibliography of Panjab,*** Punjabi University, Patiala,1966.

Gurnek Singh, ***Guru Granth Sahib : Interpretation, Meaning and Nature***, National Book Shop, Delhi,1993.

Gurmukh Nihal Singh (ed.), *Guru Nanak : His Life, Time & Teachings*, Guru Nanak Foundation, New Delhi, 1969.

Jasmer Singh and others (eds.) ***Bibliography Of Sikh Studies*** (Vol. 2), National Book Shop, Delhi, 1993.

Sher Singh (Dr.) (ed.), ***Thoughts on Forms and Symbols in Sikhism***, Mercantile Press, Lahore, 1927.

- ***Philosophy of Sikhism***, Sterling Publishers (P) Ltd. Delhi and Jullundur, 1944.
- ***Social and Political Philosophy of Guru Gobind Singh,*** Sterling Publishers (P) Ltd. Delhi and Jullundur, 1967.
- ***Guru Nanak on the Malady of Man*** (Translated and Compiled), Sterling Publishers (P) Ltd., Delhi and Jullundur, 1968.

W. Owen Cole, ***The Guru in Sikhism***, The Anchor Press Ltd., London,1981.

## ਕੋਸ਼

ਕਾਨ੍ਹ ਸਿੰਘ ਨਾਭਾ (ਭਾਈ), ***ਮਹਾਨ ਕੋਸ਼,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999 (ਛੇਵੀਂ ਵਾਰ)।

***ਪੰਜਾਬੀ ਪੁਸਤਕ ਕੋਸ਼,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

***ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971 (ਦੂਜੀ ਵਾਰ)।

ਪ੍ਰੀਤਮ ਸਿੰਘ (ਪ੍ਰੋ.), (ਸੰਪਾ.), ***ਪੰਜਾਬੀ ਲੇਖਕ ਕੋਸ਼,*** ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ, ਚੰਡੀਗੜ੍ਹ, 2003.

ਰਤਨ ਸਿੰਘ ਜੱਗੀ (ਡਾ.), ***ਸਿੱਖ ਪੰਥ ਵਿਸ਼ਵਕੋਸ਼,*** (ਦੋ ਭਾਗ), ਗੁਰ ਰਤਨ ਪਬਲਿਸ਼ਰਜ਼, ਦਿੱਲੀ, 2005.

ਵੀਰ ਸਿੰਘ (ਭਾਈ), (ਸੰਪਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003 (ਸਤਵੀਂ ਵਾਰ)।

Harban Singh (ed.), ***The Encyclopedia of Sikhism***, (4 Vols.), Punjabi University, Patiala, 1998.

James Hastings (ed.), ***The Encyclopedia of Religion and Ethics***, Vol. VII, New York, 1964.

R.N. Singh (ed.), ***Encyclopaedia of Sikh Heritage*** (Vol. II), Common Wealth Publishers, New Delhi, 2002.

## ਟੀਕੇ

ਸਾਹਿਬ ਸਿੰਘ (ਪ੍ਰੋ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*** (10 ਭਾਗ), ਰਾਜ ਪਬਲਿਸ਼ਰਜ਼, ਜਲੰਧਰ, 1961-64.

ਤੇਜਾ ਸਿੰਘ (ਪ੍ਰਿੰ.), ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*** (ਚਾਰ ਭਾਗ), ਸ਼੍ਰੋ. ਗੁ. ਪ੍ਰੰ. ਕਮੇਟੀ, ਸ੍ਰੀ ਅੰਮ੍ਰਿਤਸਰ, 1980.

ਰਤਨ ਸਿੰਘ ਜੱਗੀ (ਡਾ.), ***ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ*** (ਭਾਗ ਪੰਜਵਾਂ), ਗੋਬਿੰਦ ਸਦਨ, ਨਵੀਂ ਦਿੱਲੀ, 1999.

ਰਣਧੀਰ ਸਿੰਘ (ਭਾਈ), ***ਸ਼ਬਦਾਰਥ: ਸ੍ਰੀ ਦਸਮ ਗ੍ਰੰਥ ਸਾਹਿਬ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

## ਪਤ੍ਰਿਕਾਵਾਂ

***ਆਲੋਚਨਾ,*** ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ। ਅੰਕ : ਜੂਨ, 1955; ਸਤੰਬਰ, 1955; ਅਪ੍ਰੈਲ, 1958; ਅਪ੍ਰੈਲ, 1959; ਜਨਵਰੀ, 1960; ਅਪ੍ਰੈਲ, 1969.

***ਪੰਜ ਦਰਿਆ,*** ਅੰਮ੍ਰਿਤਸਰ। ਅੰਕ : ਫਰਵਰੀ, 1940; ਸਤੰਬਰ, 1955; ਜੁਲਾਈ, 1959; ਦਸੰਬਰ, 1981; ਅਗਸਤ, 1983.

***ਪੰਜਾਬੀ ਦੁਨੀਆ,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। ਅੰਕ : ਮਾਰਚ-ਅਪ੍ਰੈਲ, 1951; ਸਤੰਬਰ, 1952; ਜੂਨ-ਜੁਲਾਈ, 1953; ਫਰਵਰੀ-ਮਾਰਚ, 1954; ਜੂਨ, 1958.

***ਗੁਰਦੁਆਰਾ ਗਜ਼ਟ,*** ਅੰਮ੍ਰਿਤਸਰ। ਅੰਕ : ਮਾਰਚ 1950.

***ਗੁਰਮਤਿ,*** ਲੁਧਿਆਣਾ। ਅੰਕ : ਮਾਰਚ, 1955; ਜੁਲਾਈ, 1955; ਅਗਸਤ, 1955; ਦਸੰਬਰ, 1957.

***ਸੀਸ ਗੰਜ,*** ਦਿੱਲੀ । ਅੰਕ : ਮਾਰਚ 2012.

***ਸਾਹਿਤ ਸਮਾਚਾਰ,*** ਲੁਧਿਆਣਾ। ਅੰਕ : ਫਰਵਰੀ, 1962.

***ਅਕਾਲੀ ਪਤ੍ਰਕਾ,*** ਲਾਹੌਰ। ਅੰਕ : ਮਾਰਚ, 1933.

***The Sikh Review*** ਅੰਕ : April, 1981.

## ਮੁਲਾਕਾਤਾਂ

1. ਸ. ਗੁਰਭਜਨ ਸਿੰਘ ਪੁਤਰ ਡਾ. ਸ਼ੇਰ ਸਿੰਘ - ਮਿਤੀ : 01.12.2008; 2-11-2014.
2. ਡਾ. ਨਗਿੰਦਰ ਕੌਰ, ਮੌਜੂਦਾ ਪ੍ਰਿੰਸੀਪਲ (2015), ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਲੁਧਿਆਣਾ - ਮਿਤੀ : 02-11-2014.
3. ਸੁਰਿੰਦਰ ਕੌਰ ਗਿਲ, ਸਾਬਕਾ ਪ੍ਰਿੰਸੀਪਲ, ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਲੁਧਿਆਣਾ - ਮਿਤੀ : 02-11-2014.


4. ਡਾ. ਧਰਮ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ (ਲੜਕੇ), ਲੁਧਿਆਣਾ - ਮਿਤੀ : 02-11-2014.
5. ਸ. ਪ੍ਰੇਮ ਸਿੰਘ ਬਜਾਜ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ - ਮਿਤੀ: 01.12.2008; 02-11-2014.
6. ਰਾਜਿੰਦਰ ਕੌਰ, ਮੋਗਾ, ਮਿਤੀ : 02-11-2014.
7. ਪ੍ਰਭਜੋਤ ਕੌਰ, ਸਾਬਕਾ ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ, ਮਿਤੀ : 12-12-2013.

# ਅੰਤਿਕਾ – 1




ਡਾ. ਸ਼ੇਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਅਮਰਜੀਤ ਕੌਰ।

**ਅੰਤਿਕਾ – 2**




ਪ੍ਰਿੰਸੀਪਲ, ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਲੁਧਿਆਣਾ ਦੇ ਦਫਤਰ ਵਿਚ ਲਗੀ ਪ੍ਰਿੰਸੀਪਲਾਂ ਦੀ ਸੂਚੀ ਵਿਚ ਦੂਜੇ ਨੰ. ਉਤੇ ਡਾ. ਸ਼ੇਰ ਸਿੰਘ ਦਾ ਨਾਂ ਸ਼ਾਮਿਲ ਹੈ।

ਅੰਤਿਕਾ - 3




ਡਾ. ਸ਼ੇਰ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀਆਂ ਦੁਆਰਾ ਲੁਧਿਆਣਾ ਵਿਖੇ ਬਣਾਈ ਪੰਜਾਬੀ ਸਾਹਿਤ ਅਕਾਦਮੀ ਦੇ ਦਫਤਰ ਦੀ ਤਸਵੀਰ।

# ਅੰਤਿਕਾ – 4




ਡਾ. ਸ਼ੇਰ ਸਿੰਘ ਦੀ ਯਾਦ ਵਿਚ ਪੰਜਾਬ ਮਾਤਾ ਨਗਰ, ਲੁਧਿਆਣਾ ਵਿਖੇ ਉਨ੍ਹਾਂ ਦੇ ਨਾਮ ਉਤੇ ਬਣੀ ਇਕ ਸੜਕ, ਜਿਸ ਦਾ ਨਾਂ ਡਾ. ਸ਼ੇਰ ਸਿੰਘ ਲੇਨ ਰਖਿਆ ਹੋਇਆ ਹੈ।

# ਘੋਸ਼ਣਾ ਪੱਤਰ

**ਮੈਂ** ਬਿਆਨ ਕਰਦੀ ਹਾਂ ਕਿ ***ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ : ਇਕ ਆਲੋਚਨਾਤਮਿਕ ਵਿਸ਼ਲੇਸ਼ਣ*** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

ਦਰਸ਼ਨ ਸਿੰਘ
**ਦਰਸ਼ਨ ਸਿੰਘ (ਡਾ.)**
(ਰਿਟਾ. ਪ੍ਰੋਫੈਸਰ)
(ਨਿਗਰਾਨ)

ਪਲਵਿੰਦਰ ਕੌਰ
**ਪਲਵਿੰਦਰ ਕੌਰ**
(ਖੋਜਾਰਥਣ)

## ਤਤਕਰਾ


**ਪੰਨਾ**

**ਭੂਮਿਕਾ** - i - ix

ਅਧਿਆਇ ਪਹਿਲਾ - 1-37

**ਡਾ. ਸ਼ੇਰ ਸਿੰਘ : ਜੀਵਨ ਤੇ ਸ਼ਖਸੀਅਤ**

**ੳ 1. ਜੀਵਨ**

1.1 ਜਨਮ

1.2 ਪਰਿਵਾਰ

1.3 ਵਿਦਿਆ

1.4 ਨੌਕਰੀਆਂ

1.5 ਸੇਵਾਵਾਂ

1.6 ਅੰਤਿਮ ਸਮਾਂ

**ਅ 2. ਸ਼ਖਸੀਅਤ**

ਅਧਿਆਇ ਦੂਜਾ

**ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ: ਸਰਵੇਖਣ ਤੇ ਵਿਵਰਨ** - 38-98

**2.1 ਰਚਨਾਵਾਂ**

**2.2 ਵਰਗੀਕਰਨ**

**2.3 ਵਿਵਰਨ**

ਅਧਿਆਇ ਤੀਜਾ

**ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ : ਆਲੋਚਨਾਤਮਿਕ ਵਿਸ਼ਲੇਸ਼ਣ** - 99-160

**3.1 ਸਿਧਾਂਤਕ**

3.1.1 ਪਰਮਸਤਿ

3.1.2 ਸ੍ਰਿਸ਼ਟੀ

3.1.3 ਮਨੁਖ

3.1.4 ਮਰਨ ਤੋਂ ਪਿਛੋਂ

3.1.5 ਮੁਕਤੀ

**3.2 ਧਾਰਮਿਕ**

3.2.1 ਸਚੁ

3.2.2 ਭਾਣਾ

3.2.3 ਅਹਿੰਸਾ

3.2.4 ਪੰਜ ਵਿਕਾਰ

**3.3 ਸਮਾਜਿਕ**

**3.4 ਸੰਸਥਾਗਤ**
3.4.1 ਗੁਰੂ-ਸੰਸਥਾ
3.4.2 ਗੁਰਦੁਆਰਾ
3.4.3 ਲੰਗਰ ਸੰਸਥਾ

ਅਧਿਆਇ ਚੌਥਾ

**ਡਾ. ਸ਼ੇਰ ਸਿੰਘ ਦਾ ਯੋਗਦਾਨ** - 161-196
**4.1 ਸਿੱਖ ਦਰਸ਼ਨ ਦਾ ਸੁਤੰਤਰ ਅਸਤਿਤਵ**
**4.2 ਸਿੱਖ ਸਿਧਾਂਤਾਂ ਦੀ ਨਵੀਂ ਵਿਆਖਿਆ**
4.2.1 ਵਿਆਖਿਆ ਦੇ ਵਿਸ਼ੇ
4.2.2 ਬਾਣੀ ਦਾ ਅੰਗਰੇਜ਼ੀ ਅਨੁਵਾਦ
4.2.3 ਤੁਲਨਾਤਮਿਕ
**4.3 ਸਿੱਖ ਅਧਿਆਪਨ ਦਾ ਨਵੀਨੀਕਰਨ**
**4.4 ਪ੍ਰਬੰਧਕੀ**
**4.5 ਸਮਕਾਲੀ ਵੰਗਾਰਾਂ ਦੇ ਉਤਰ**
4.5.1 ਗੁਰੂ ਨਾਨਕ ਦੇਵ ਜੀ ਦੀ ਪੜ੍ਹਾਈ ਸੰਬੰਧੀ
4.5.2 ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਜੀ ਦੇ ਮੇਲ ਸੰਬੰਧੀ

**ਸਾਰ** - 197-199

**ਅੰਤਿਕਾਵਾਂ** - 200-203

**ਪੁਸਤਕ ਸੂਚੀ** - 204-211

**ਉ**ਨੀਵੀਂ ਸਦੀ ਦੇ ਅੰਤਲੇ ਅਤੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਨੂੰ ਸਿੱਖ-ਪੁਨਰ ਜਾਗ੍ਰਿਤੀ ਕਾਲ ਨਾਲ ਸਦਿਆ ਜਾ ਸਕਦਾ ਹੈ, ਜਿਸ ਸਮੇਂ ਬਹੁਤ ਸਾਰੀਆਂ ਲਹਿਰਾਂ (ਨਿਰੰਕਾਰੀ, ਕੂਕਾ, ਗੁਰਦੁਆਰਾ ਪ੍ਰਬੰਧ ਸੁਧਾਰ, ਅਕਾਲੀ ਅਤੇ ਵਿਸ਼ੇਸ਼ ਕਰਕੇ ਸਿੰਘ ਸਭਾ ਲਹਿਰ) ਪੈਦਾ ਹੋਈਆਂ। ਇਨ੍ਹਾਂ ਲਹਿਰਾਂ ਨੇ ਕਈ ਉਘੇ ਵਿਦਵਾਨ ਵੀ ਪੈਦਾ ਕੀਤੇ, ਜਿਨ੍ਹਾਂ ਨੇ ਆਪਣੇ ਵਿਰਸੇ ਨੂੰ ਨਵੀਂ ਰੌਸ਼ਨੀ, ਲੋੜ ਅਤੇ ਸਥਿਤੀ ਅਨੁਸਾਰ ਵਾਚਿਆ, ਪਰਖਿਆ ਅਤੇ ਪ੍ਰਚਾਰਿਆ। ਇਨ੍ਹਾਂ ਵਿਦਵਾਨਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿ. ਦਿੱਤ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜੋਧ ਸਿੰਘ, ਕਰਮ ਸਿੰਘ ਹਿਸਟੋਰੀਅਨ, ਡਾ. ਗੰਡਾ ਸਿੰਘ, ਪ੍ਰਿੰ. ਗੰਗਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਬਾਬਾ ਪ੍ਰੇਮ ਸਿੰਘ ਹੋਤੀ, ਗਿ. ਸਰਦੂਲ ਸਿੰਘ ਕਵੀਸ਼ਰ, ਪ੍ਰੋ. ਸਾਹਿਬ ਸਿੰਘ, ਭਾਈ ਵੀਰ ਸਿੰਘ ਆਦਿ ਦਾ ਨਾਂ ਬੜੇ ਮਾਣ ਨਾਲ ਲਿਆ ਜਾ ਸਕਦਾ ਹੈ। ਇਨ੍ਹਾਂ ਵਿਦਵਾਨਾਂ ਦੀ ਲੜੀ ਵਿਚੋਂ ਹੀ ਇਕ ਵਿਦਵਾਨ ਡਾ. ਸ਼ੇਰ ਸਿੰਘ ਸਨ, ਜਿਨ੍ਹਾਂ ਦੇ ਅਧਿਐਨ ਕਾਰਜ ਨੂੰ ਇਸ ਖੋਜ-ਕਾਰਜ ਦਾ ਬਿੰਦੂ ਬਣਾਇਆ ਹੈ।

ਉਕਤ ਵਰਣਿਤ ਵਿਦਵਾਨਾਂ ਬਾਰੇ ਬਹੁਤ ਸਾਰੀਆਂ ਪੁਸਤਕਾਂ ਅਕਸਰ ਉਪਲਬਧ ਹਨ। ਇਨ੍ਹਾਂ ਸ਼ਖਸੀਅਤਾਂ ਵਿਚੋਂ ਇਕ ਦੇ ਕਾਰਜ ਨੂੰ ਅਸੀਂ ਅਧਿਐਨ ਲਈ ਚੁਣਿਆ ਹੈ, ਜਿਨ੍ਹਾਂ ਬਾਰੇ ਬਹੁਤ ਘਟ ਲਿਖਤੀ ਖੋਜ-ਕਾਰਜ ਪ੍ਰਾਪਤ ਹੁੰਦਾ ਹੈ। ਡਾ. ਸ਼ੇਰ ਸਿੰਘ ਦਾ ਨਾਂ ਸਿੱਖ ਅਕਾਦਮਿਕ ਖੇਤਰ ਵਿਚ ਬਹੁਤ ਜਾਣਿਆ-ਪਛਾਣਿਆ ਹੈ। ਉਨ੍ਹਾਂ ਦਾ ਸਮੁਚਾ ਜੀਵਨ ਗੁਰਮਤਿ ਦੇ ਵਿਆਖਿਆ ਕਾਰਜ ਨੂੰ ਸਮਰਪਿਤ ਰਿਹਾ।

ਪਾਠਕਾਂ ਨੂੰ ਕਈ ਵਾਰ ਖੋਜ ਅਧੀਨ ਕਾਰਜ ਵਿਚ ਡਾ. ਸ਼ੇਰ ਸਿੰਘ ਦੇ ਨਾਮ ਬਾਰੇ ਭੁਲੇਖਾ ਵੀ ਪੈਂਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਨੂੰ ਕਈ ਵਾਰ ਉਨ੍ਹਾਂ ਦੇ ਹਮਨਾਮ ਹੋਰ ਸ਼ੇਰ ਸਿੰਘਾਂ (ਜਿਵੇਂ ਸ਼ੇਰ ਸਿੰਘ ਗਿਆਨੀ, ਕਸ਼ਮੀਰ ਵਾਲੇ ਸ਼ੇਰ ਸਿੰਘ, ਆਦਿ) ਨਾਲ ਜੋੜ ਲਿਆ ਜਾਂਦਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਡਾ. ਸ਼ੇਰ ਸਿੰਘ ਨੇ ਆਪਣੀਆਂ ਪੁਸਤਕਾਂ ਉਤੇ ਆਪਣਾ ਨਾਮ ਸ਼ੇਰ ਸਿੰਘ ਗਿਆਨੀ, ਪ੍ਰੋ. ਸ਼ੇਰ ਸਿੰਘ, ਡਾ. ਸ਼ੇਰ ਸਿੰਘ, ਆਦਿ ਲਿਖਿਆ ਹੈ।

## II

*ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ: ਇਕ ਆਲੋਚਨਾਤਮਿਕ ਵਿਸ਼ਲੇਸ਼ਣ* ਖੋਜ-ਪ੍ਰਬੰਧ 20ਵੀਂ ਸਦੀ ਦੇ ਸਿੱਖ ਵਿਦਵਾਨ ਦੇ ਸਿੱਖ ਅਧਿਐਨ ਵਿਚ ਪਾਏ ਯੋਗਦਾਨ ਨੂੰ ਉਜਾਗਰ ਕਰਨ ਦਾ ਜਤਨ-ਮਾਤਰ ਹੈ, ਜਿਹੜਾ ਨਾ ਕੇਵਲ ਵਿਸ਼ੇ ਵਜੋਂ ਗਹਿਰਾ, ਨਿਵੇਕਲਾ ਤੇ ਵਿਲੱਖਣ ਹੀ ਹੈ,

ਬਲਕਿ ਸਿੱਖ ਅਧਿਐਨ ਦੇ ਦਾਰਸ਼ਨਿਕ ਦ੍ਰਿਸ਼ਟੀਕੋਣ ਦਾ ਮੋਢੀ ਵੀ ਹੈ। ਇਹ ਬੜੀ ਹੈਰਤ ਦੀ ਗੱਲ ਹੈ ਕਿ ਸਿੱਖ ਦਾਰਸ਼ਨਿਕ ਅਧਿਐਨ ਵਿਚ ਅਕਾਦਮਿਕ ਪਹਿਲ ਕਰਨ ਵਾਲੇ ਇਸ ਗੰਭੀਰ ਵਿਦਵਾਨ ਨੂੰ *The Encyclopaedia of Sikhism* (Punjabi University, Patiala) ਵਰਗੀ ਵਡੀ ਤੇ ਯਾਦਗਾਰੀ ਕਿਰਤ ਵਿਚ ਵੀ ਥਾਂ ਨਹੀਂ ਦਿਤੀ ਗਈ ਅਤੇ ਇਸੇ ਅਧਾਰ ਉਤੇ ਤਿਆਰ ਹੋਏ ਕੁਝ ਹੋਰ ਹਵਾਲਾ ਗ੍ਰੰਥ ਜਿਵੇਂ, ਡਾ. ਰਤਨ ਸਿੰਘ ਜੱਗੀ ਦਾ *ਸਿੱਖ ਪੰਥ ਵਿਸ਼ਵਕੋਸ਼*, ਭਾਸ਼ਾ ਵਿਭਾਗ ਦਾ *ਪੰਜਾਬੀ ਕੋਸ਼* ਆਦਿ ਵਿਚ ਵੀ ਇਨ੍ਹਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਸਿਰਫ ਪ੍ਰੀਤਮ ਸਿੰਘ ਨੇ ਆਪਣੇ *ਪੰਜਾਬੀ ਲੇਖਕ ਕੋਸ਼* ਵਿਚ ਡਾ. ਸ਼ੇਰ ਸਿੰਘ ਬਾਰੇ ਅੰਦਰਾਜ਼ ਜ਼ਰੂਰ ਅੰਤਿਕ ਕੀਤਾ ਹੈ, ਜਿਸ ਵਿਚ ਕਰਤਾ ਨੇ ਡਾ. ਸ਼ੇਰ ਸਿੰਘ ਦੇ ਸੰਖੇਪ ਰੂਪ ਵਿਚ ਜੀਵਨ-ਮੂਲਕ ਵੇਰਵੇ ਦੇ ਕੇ ਉਨ੍ਹਾਂ ਦੀਆਂ ਰਚਨਾਵਾਂ ਦੀ ਸੂਚੀ ਅੰਕਿਤ ਕੀਤੀ ਹੈ।

ਡਾ. ਸ਼ੇਰ ਸਿੰਘ ਦਾ ਜਨਮ ਸ. ਵਰਿਆਮ ਸਿੰਘ ਦੇ ਘਰ 1 ਫਰਵਰੀ, 1903 ਈ. ਨੂੰ ਪਿੰਡ ਬਿਲਾਸਪੁਰ ਵਿਖੇ ਹੋਇਆ। ਉਨ੍ਹਾਂ ਨੇ ਐਮ. ਏ. ਫਿਲਾਸਫੀ ਅਤੇ ਫਾਰਸੀ ਤੋਂ ਇਲਾਵਾ ਯੂਨੀਵਰਸਿਟੀ ਆਫ ਲੰਡਨ ਤੋਂ ਪੀਐਚ. ਡੀ. ਦੀ ਡਿਗਰੀ ਵੀ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੇ ਜੀਵਨ ਦਾ ਲੰਮਾ ਸਮਾਂ ਸਿੱਖ ਅਧਿਐਨ ਤੇ ਅਧਿਆਪਨ ਨੂੰ ਸਮਰਪਿਤ ਕੀਤਾ। ਅਧਿਆਪਨ ਦੇ ਨਾਲ-ਨਾਲ ਉਨ੍ਹਾਂ ਨੇ ਸਾਹਿਤਕ ਖੇਤਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਦੀਆਂ ਇਕ ਦਰਜਨ ਤੋਂ ਵਧ ਅੰਗਰੇਜ਼ੀ ਤੇ ਪੰਜਾਬੀ ਦੀਆਂ ਰਚਨਾਵਾਂ ਵਿਚੋਂ ਪ੍ਰਮੁਖ ਰਚਨਾ *Philosophy of Sikhism* ਤੇ ਉਸਦਾ ਪੰਜਾਬੀ ਅਨੁਵਾਦ *ਗੁਰਮਤਿ ਦਰਸ਼ਨ* ਹੈ। ਇਹ ਪੁਸਤਕ ਅਕਾਦਮਿਕ ਜਗਤ ਵਿਚ ਐਨੀ ਸਾਲਾਹੀ ਗਈ ਕਿ ਅਜ (2015) ਲਗਪਗ 70 ਸਾਲ ਬੀਤਣ ਬਾਅਦ ਵੀ ਇਸ ਕਿਤਾਬ ਦੀ ਮਹੱਤਾ ਉਸੇ ਤਰ੍ਹਾਂ ਬਰਕਰਾਰ ਹੈ। ਵਿਦਵਾਨਾਂ ਦੁਆਰਾ ਉਨ੍ਹਾਂ ਦੀ ਇਹ ਪੁਸਤਕ ਮਿਆਰੀ ਪੁਸਤਕ ਵਜੋਂ ਪ੍ਰਵਾਨ ਕੀਤੀ ਜਾਂਦੀ ਰਹੀ ਹੈ ਅਤੇ ਮੌਜੂਦਾ ਸਮੇਂ ਵਿਚ ਵੀ ਵਿਦਵਾਨਾਂ, ਖੋਜਰਾਥੀਆਂ, ਵਿਦਿਆਰਥੀਆਂ, ਆਦਿ ਵਲੋਂ ਇਹ ਪੁਸਤਕ ਲਗਾਤਾਰ ਆਪਣੇ ਖੋਜ-ਕਾਰਜਾਂ ਵਿਚ ਵਰਤੀ ਜਾ ਰਹੀ ਹੈ।

## III

ਇਸ ਖੋਜ-ਕਾਰਜ ਵਿਚ ਅਸੀਂ ਉਨ੍ਹਾਂ ਦੇ ਸਿੱਖ ਅਧਿਐਨ ਵਿਚ ਪਾਏ ਯੋਗਦਾਨ ਦੇ ਉਨ੍ਹਾਂ ਕੁਝ ਪਹਿਲੂਆਂ ਤਕ ਸੀਮਿਤ ਰਹਾਂਗੇ, ਜਿਨ੍ਹਾਂ ਦਾ ਸੰਬੰਧ ਸਿੱਖ ਦਰਸ਼ਨ, ਵਿਆਖਿਆ, ਆਦਿ ਨਾਲ ਜੁੜਿਆ ਹੋਇਆ ਹੈ। ਹਥਲੇ ਕਾਰਜ ਤੋਂ ਪਹਿਲਾਂ ਸਾਨੂੰ ਇਸ ਵਿਸ਼ੇ ਨਾਲ

ਸੰਬੰਧਿਤ ਮੁਖ ਰੂਪ ਵਿਚ ਦੋ ਕਾਰਜ ਮਿਲਦੇ ਹਨ, ਜਿਨ੍ਹਾਂ ਵਿਚੋਂ ਪਹਿਲਾ ਬੀਬੀ ਰਜਿੰਦਰ ਕੌਰ ਦੁਆਰਾ ਕੀਤਾ ਗਿਆ ਐਮ. ਫਿਲ. ਦਾ ਖੋਜ-ਨਿਬੰਧ (1986) *ਡਾ. ਸ਼ੇਰ ਸਿੰਘ: ਜੀਵਨ ਤੇ ਰਚਨਾ* ਹੈ, ਜਿਸ ਨੂੰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੇ 1986 ਵਿਚ ਪ੍ਰਕਾਸ਼ਿਤ ਕੀਤਾ। ਇਸ ਕਾਰਜ ਵਿਚ ਖੋਜਾਰਥਣ ਨੇ ਡਾ. ਸ਼ੇਰ ਸਿੰਘ ਜੀ ਦਾ ਜੀਵਨ ਤੇ ਸ਼ਖਸੀਅਤ ਤੋਂ ਇਲਾਵਾ ਉਨ੍ਹਾਂ ਦੀਆਂ ਰਚਨਾਵਾਂ ਦਾ ਸਾਹਿਤਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਹੈ। ਦੂਜਾ ਕਾਰਜ ਪ੍ਰੋ. ਹਿੰਮਤ ਸਿੰਘ ਦਾ *ਡਾ. ਸ਼ੇਰ ਸਿੰਘ: ਜੀਵਨ ਤੇ ਰਚਨਾ* ਹੈ, ਜਿਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2011 ਵਿਚ ਪ੍ਰਕਾਸ਼ਿਤ ਕੀਤਾ। ਇਸ ਵਿਚ ਵੀ ਕਰਤਾ ਨੇ ਡਾ. ਸ਼ੇਰ ਸਿੰਘ ਦਾ ਜੀਵਨ ਤੇ ਸ਼ਖਸੀਅਤ ਦੇਣ ਤੋਂ ਇਲਾਵਾ ਉਨ੍ਹਾਂ ਦੀਆਂ ਰਚਨਾਵਾਂ ਦੀ ਸੂਚੀ ਤੇ ਕੁਝ ਵੇਰਵੇ ਦੇਣ ਦਾ ਜਤਨ ਕੀਤਾ ਹੈ। ਇਹ ਦੋਵੇਂ ਕਾਰਜ ਪ੍ਰਕਿਰਤੀ ਪਖੋਂ ਸਾਡੇ ਵਿਸ਼ੇ ਨਾਲੋਂ ਬਿਲਕੁਲ ਵਖਰੇ ਹਨ।

ਇਨ੍ਹਾਂ ਤੋਂ ਬਿਨਾਂ ਕੁਝ ਕੁ ਪਰਚੇ ਵਖ-ਵਖ ਕਿਤਾਬਾਂ ਅਤੇ ਪ੍ਰਕਾਸ਼ਨਾਵਾਂ ਵਿਚ ਵੀ ਮਿਲਦੇ ਹਨ, ਜਿਵੇਂ ਹਰੀ ਸਿੰਘ ਗਿਆਨੀ ਦੀ ਕ੍ਰਿਤ 'ਬਿਲਾਸਪੁਰ ਦਾ ਫਿਲਾਸਫਰ : ਪ੍ਰਿੰਸੀਪਲ ਸ਼ੇਰ ਸਿੰਘ' (ਮਹਿੰਦਰਾ ਆਰਟ ਪ੍ਰੈਸ, ਲੁਧਿਆਣਾ (ਮਿਤੀ ਹੀਣ) ਪੰਨੇ 24-7); ਡਾ. ਸਵਿੰਦਰ ਸਿੰਘ ਉੱਪਲ ਦੀ ਕ੍ਰਿਤ *ਪ੍ਰਸਿੱਧ ਪੰਜਾਬੀ ਨਿਬੰਧਕਾਰ* (ਨੈਸ਼ਨਲ ਬੁਕ ਸ਼ਾਪ, ਦਿੱਲੀ, 2006, ਪੰਨੇ 73-93) ਵਿਚ ਲੇਖ 'ਡਾ. ਸ਼ੇਰ ਸਿੰਘ'; ਵਿਸਾਖਾ ਸਿੰਘ ਦੀ ਕ੍ਰਿਤ *ਮਾਲਵਾ ਸਿੱਖ ਇਤਿਹਾਸ* (ਭਾਗ ਦੂਜਾ) (ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1998 (ਦੂਜੀ ਵਾਰ), ਪੰਨਾ 249) ਵਿਚ ਅੰਦਰਾਜ਼ 'ਡਾਕਟਰ ਸ਼ੇਰ ਸਿੰਘ' ਅਤੇ *ਨਾਨਕ ਪ੍ਰਕਾਸ਼ ਪੱਤ੍ਰਿਕਾ,* (ਸੰਪਾ.) ਸਰਬਜਿੰਦਰ ਸਿੰਘ, (ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2007, ਪੰਨੇ 360-81) ਵਿਚ 'ਡਾ. ਸ਼ੇਰ ਸਿੰਘ ਗਿਆਨੀ' ਆਦਿ। ਇਹ ਪਰਚੇ ਅਸਲ ਵਿਚ ਉਕਤ ਖੋਜ-ਨਿਬੰਧ ਦੇ ਸੰਖੇਪ ਮਾਤਰ ਹੀ ਹਨ।

ਇਸ ਤੋਂ ਬਿਨਾਂ ਕੁਝ ਹੋਰ ਸੂਚਨਾਨੁਮਾ ਕਾਰਜ ਵੀ ਮਿਲਦੇ ਹਨ, ਜਿਵੇਂ ਸ. ਹਰਦਿੱਤ ਸਿੰਘ ਢਿਲੋਂ ਦਾ ਲੇਖ 'ਡਾ. ਸ਼ੇਰ ਸਿੰਘ ਗਿਆਨੀ, ਐਮ. ਏ., ਪੀਐਚ. ਡੀ. ਬਾਰੇ ਜਾਣ-ਪਛਾਣ'[1]; 'ਬਿਲਾਸਪੁਰ ਦਾ ਫਿਲਾਸਫਰ: ਪ੍ਰਿੰਸੀਪਲ ਸ਼ੇਰ ਸਿੰਘ' ਗਿਆਨੀ ਹਰੀ ਸਿੰਘ ਅਤੇ ਪਰਮਦੀਪ ਦੁਆਰਾ ਲਿਖੀ ਪੁਸਤਕ *ਵਿਦਿਆ ਦੇ ਪਿੜ ਵਿਚ* (ਮਹਿੰਦਰਾ ਆਰਟ ਪ੍ਰੈਸ, ਲੁਧਿਆਣਾ, 1975.); ਪ੍ਰੋ. ਸੁੰਦਰ ਸਿੰਘ ਦੀ ਕ੍ਰਿਤ *ਸੁਹਜ ਸਵਾਦ* (ਲਾਹੌਰ ਬੁਕ ਸ਼ਾਪ, ਲੁਧਿਆਣਾ,

---

1. ਮੂਲ ਰੂਪ ਵਿਚ ਇਹ ਲੇਖ ਪ੍ਰਾਪਤ ਨਹੀਂ ਹੋ ਸਕਿਆ।

1948 (ਦੂਜੀ ਵਾਰ) ਵਿਚ 'ਡਾ. ਸ਼ੇਰ ਸਿੰਘ (ਪ੍ਰਦੇਸ ਯਾਤਰਾ 'ਚੋਂ ਚਿਠੀਆਂ)' ਅਤੇ ਤਾਰਨ ਸਿੰਘ ਦੀ ਕ੍ਰਿਤ *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* (ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨੇ 376-8) ਵਿਚ 'ਡਾਕਟਰ ਸ਼ੇਰ ਸਿੰਘ' ਆਦਿ। ਇਹ ਸਭ ਕਾਰਜ ਭਾਵੇਂ ਇਸ ਖੋਜ-ਪ੍ਰਬੰਧ ਦਾ ਬਦਲ ਮਾਤਰ ਤਾਂ ਨਹੀਂ, ਪਰ ਇਸ ਕਾਰਜ ਲਈ ਮੁਢਲੀ ਸੂਚਨਾ ਮੁਹਈਆ ਕਰਵਾਉਣ ਵਿਚ ਸਹਾਇਕ ਜ਼ਰੂਰ ਸਿਧ ਹੋਏ ਹਨ।

## IV

ਵਿਸ਼ੇ ਦੀ ਲੋੜ ਅਨੁਸਾਰ ਇਸ ਖੋਜ-ਕਾਰਜ ਨੂੰ ਹੇਠ ਲਿਖੇ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ :

1. **ਡਾ. ਸ਼ੇਰ ਸਿੰਘ : ਜੀਵਨ ਤੇ ਸ਼ਖਸੀਅਤ**
2. **ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ : ਸਰਵੇਖਣ ਤੇ ਵਿਵਰਣ**
3. **ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ : ਆਲੋਚਨਾਤਮਿਕ ਵਿਸ਼ਲੇਸ਼ਣ**
4. **ਡਾ. ਸ਼ੇਰ ਸਿੰਘ ਦਾ ਯੋਗਦਾਨ**

ਪਹਿਲਾ ਅਧਿਆਇ **ਡਾ. ਸ਼ੇਰ ਸਿੰਘ : ਜੀਵਨ ਤੇ ਸ਼ਖਸੀਅਤ,** ਜਿਸ ਤਰ੍ਹਾਂ ਕਿ ਨਾਮ ਤੋਂ ਹੀ ਪ੍ਰਗਟ ਹੈ ਡਾ. ਸਾਹਿਬ ਦੇ ਜੀਵਨ ਤੇ ਸ਼ਖਸੀਅਤ ਨਾਲ ਸੰਬੰਧਿਤ ਹੈ। ਇਥੇ ਅਸੀਂ ਉਨ੍ਹਾਂ ਦੇ ਜਨਮ, ਪਰਿਵਾਰ, ਵਿਦਿਆ, ਨੌਕਰੀਆਂ, ਸੇਵਾਵਾਂ ਆਦਿ ਦੇ ਵੇਰਵਿਆਂ ਦੀ ਤੰਦ ਅੰਤਿਮ ਸਮੇਂ ਤਕ ਪੜਤਾਲੀ ਹੈ। ਇਸੇ ਅਧਿਆਇ ਵਿਚ ਡਾ. ਸ਼ੇਰ ਸਿੰਘ ਦੀ ਉਘੜਦੀ ਵਿਲਖਣ ਸ਼ਖਸੀਅਤ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਡਾ. ਸ਼ੇਰ ਸਿੰਘ ਇਕ ਵਿਲਖਣ ਸ਼ਖਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਆਪਣਾ ਸਮੁਚਾ ਜੀਵਨ ਅਣਖ ਤੇ ਨਿਮਰਤਾ ਨਾਲ ਬਿਤਾਇਆ। ਭਾਵੇਂ ਉਹ ਉਚ ਕੋਟੀ ਦੇ ਵਿਦਵਾਨ ਸਨ, ਪਰ ਉਨ੍ਹਾਂ ਦੇ ਅੰਦਰ ਕਦੇ ਇਸ ਗਲ ਦੀ ਹਉਮੈਂ ਨਹੀਂ ਆਈ। ਸਮਝਦਾਰੀ ਨਾਲ ਚਲਣਾ ਉਨ੍ਹਾਂ ਦੀ ਸ਼ਖਸੀਅਤ ਦਾ ਮੀਰੀ ਗੁਣ ਸੀ। ਉਨ੍ਹਾਂ ਦੀ ਸ਼ਖਸੀਅਤ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਦੀਆਂ ਟਿਪਣੀਆਂ ਰਾਹੀਂ ਵੀ ਮੂਲ ਰੂਪ ਵਿਚ ਅੰਕਿਤ ਕੀਤੀ ਗਈ ਹੈ।

ਦੂਜਾ ਅਧਿਆਇ **ਡਾ. ਸ਼ੇਰ ਸਿੰਘ ਦੀਆਂ ਰਚਨਾਵਾਂ : ਸਰਵੇਖਣ ਤੇ ਵਿਵਰਣ,** ਡਾ. ਸਾਹਿਬ ਦੀਆਂ ਰਚਨਾਵਾਂ ਦੇ ਸਰਵੇਖਣ ਤੇ ਵਿਵਰਣ ਨਾਲ ਸੰਬੰਧਿਤ ਹੈ। ਇਸ ਅਧਿਆਇ ਨੂੰ ਖੋਜ-ਪ੍ਰਬੰਧ ਦੇ ਪਿਛੋਕੜ ਵਜੋਂ ਲਿਆ ਗਿਆ ਹੈ, ਜਿਸ ਵਿਚ ਉਨ੍ਹਾਂ ਦੀਆਂ ਰਚਨਾਵਾਂ

ਬਾਰੇ ਸਰਵੇਖਣ ਕਰਕੇ, ਉਨ੍ਹਾਂ ਦੀ ਪਹੁੰਚ ਤੇ ਦ੍ਰਿਸ਼ਟੀਕੋਣ ਨੂੰ ਸਮਝਣ ਦਾ ਜਤਨ ਕੀਤਾ ਗਿਆ ਹੈ। ਉਨ੍ਹਾਂ ਦੀਆਂ ਰਚਨਾਵਾਂ ਨੂੰ ਵਿਸ਼ਾ ਕ੍ਰਮਾਨੁਸਾਰ ਮੋਟੇ ਤੌਰ ’ਤੇ ਅਠ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਦਰਸ਼ਨ, ਧਰਮ, ਸਫਰਨਾਮਾ, ਆਲੋਚਨਾ, ਜੀਵਨੀ, ਵਿਆਕਰਨ, ਰਾਜਨੀਤੀ ਅਤੇ ਅਨੁਵਾਦ। ਇਥੇ ਇਨ੍ਹਾਂ ਵਿਚੋਂ ਕੇਵਲ ਗੁਰਮਤਿ ਨਾਲ ਸੰਬੰਧਤ/ਉਪਲਬਧ ਰਚਨਾਵਾਂ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕੀਤਾ ਗਿਆ ਹੈ, ਇਹ ਹਨ: *ਵਿਚਾਰਧਾਰਾ, ਵਿਚਾਰਮਾਲਾ, ਗੁਰਮਤਿ ਦਰਸ਼ਨ, ਜਪੁ ਜੀ ਦਰਸ਼ਨ, ਅੰਮ੍ਰਿਤ ਜੀਵਣ, ਮਰਨ ਤੋਂ ਪਿਛੋਂ, ਸਿੱਖ ਧਰਮ ਤੇ ਪਛੜੀਆਂ (ਦਲਿਤ) ਸ਼੍ਰੇਣੀਆਂ, ਜੀਵਣ ਉਸਰਈਏ, ਪ੍ਰਦੇਸ ਯਾਤ੍ਰਾ, Thoughts on Forms and Symbols in Sikhism, Philosophy of Sikhism, Sikhism and Politics, Social and Political Philosophy of Guru Gobind Singh and Guru Nanak on the Malady of Man.*

ਇਸ ਵਿਸ਼ਲੇਸ਼ਣ ਤੋਂ ਉਨ੍ਹਾਂ ਦੇ ਲਿਖਣ ਅਤੇ ਸਮਝਣ ਦੇ ਘੇਰੇ ਦਾ ਫੈਲਾਅ ਦੇਖਿਆ ਗਿਆ ਹੈ। ਡਾ. ਸ਼ੇਰ ਸਿੰਘ ਕੇਵਲ ‘ਵਿਦਵਾਨ’ ਹੀ ਨਹੀਂ ਸਨ, ਉਨ੍ਹਾਂ ਅੰਦਰ ਸਿੱਖੀ ਪਿਆਰ ਤੇ ਪੰਥਕ ਦਰਦ ਵੀ ਸੀ, ਜਿਸ ਦੀ ਪ੍ਰਤਖ ਉਦਾਹਰਨ ਉਨ੍ਹਾਂ ਦੀਆਂ ਲਿਖਤਾਂ ਤੋਂ ਮਿਲਦੀ ਹੈ। ਬੇਸ਼ਕ ਉਨ੍ਹਾਂ ਦੀਆਂ ਬਹੁਤੀਆਂ ਪੁਸਤਕਾਂ ਵਿਚ ਗੁਰਮਤਿ ਸਿਧਾਂਤਾਂ ਦੀ ਦਾਰਸ਼ਨਿਕ ਵਿਆਖਿਆ ਕਰਨਾ ਹੀ ਮੁਖ ਵਿਸ਼ਾ ਰਿਹਾ ਹੈ, ਪਰੰਤੂ ਫਿਰ ਵੀ ਕਿਤੇ-ਕਿਤੇ ਉਨ੍ਹਾਂ ਨੇ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਭਾਵੁਕ ਹੋ ਕੇ ਅਜਿਹੀਆਂ ਸਿਰਜਣਾਵਾਂ (ਜਿਵੇਂ *ਅੰਮ੍ਰਿਤ ਜੀਵਣ*) ਵੀ ਕੀਤੀਆਂ, ਜਿਹੜੀਆਂ ਚਿਰ ਸਥਾਈ ਪ੍ਰਕਿਰਤੀ ਦੀਆਂ ਧਾਰਨੀ ਹਨ। ਦਾਰਸ਼ਨਿਕ ਸਿਰਜਣਾਵਾਂ ਵਿਚ *ਗੁਰਮਤਿ ਦਰਸ਼ਨ* ਪੁਸਤਕ ਇਸ ਲੜੀ ਵਿਚ ਮੀਲ ਪਥਰ ਤੋਂ ਘਟ ਨਹੀਂ।

ਤੀਜਾ ਅਧਿਆਇ **ਡਾ. ਸ਼ੇਰ ਸਿੰਘ ਦਾ ਸਿੱਖ ਅਧਿਐਨ : ਆਲੋਚਨਾਤਮਿਕ ਵਿਸ਼ਲੇਸ਼ਣ** ਇਸ ਖੋਜ-ਪ੍ਰਬੰਧ ਦਾ ਕੇਂਦਰ ਬਿੰਦੂ ਹੈ, ਜਿਹੜਾ ਡਾ. ਸ਼ੇਰ ਸਿੰਘ ਦੇ ਸਮੁਚੇ ਅਧਿਐਨ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਵੀ ਹੈ। ਇਸ ਕਾਰਜ ਲਈ ਉਨ੍ਹਾਂ ਦੀਆਂ ਰਚਨਾਵਾਂ ਨੂੰ ਵਿਸ਼ੇ ਅਧਾਰਿਤ ਚਾਰ ਵਰਗਾਂ ਵਿਚ ਵੰਡਿਆ ਹੈ: ਸਿਧਾਂਤਕ, ਧਾਰਮਿਕ, ਸਮਾਜਿਕ ਅਤੇ ਸੰਸਥਾਗਤ। ਇਨ੍ਹਾਂ ਵਿਚਲੀ ਸਿਧਾਂਤਕ ਵੰਡ ਵਿਚ ਦਰਸ਼ਨ (ਫਿਲਾਸਫੀ) ਦੇ ਪ੍ਰਮੁਖ ਵਿਸ਼ੇ ਪਰਮਸਤਿ, ਸ੍ਰਿਸ਼ਟੀ, ਮਨੁਖ, ਮਰਨ ਤੋਂ ਪਿਛੋਂ ਅਤੇ ਮੁਕਤੀ ਆਦਿ ਦਾ ਵਿਸ਼ਲੇਸ਼ਣ ਕੀਤਾ ਹੈ। ਦੂਜੇ ਵਰਗ ਧਾਰਮਿਕ ਵਿਚ ਲਏ ਗਏ ਵਿਸ਼ੇ ਹਨ: ਸਚੁ, ਅਹਿੰਸਾ, ਭਾਣਾ ਅਤੇ ਪੰਜ

ਵਿਕਾਰ, ਆਦਿ। ਤੀਜੀ ਸਮਾਜਿਕ ਵਰਗ ਵਿਚ ਡਾ. ਸ਼ੇਰ ਸਿੰਘ ਦੀ ਪੁਸਤਕ *ਸਿੱਖ ਧਰਮ ਅਤੇ ਪੱਛੜੀਆਂ (ਦਲਿਤ) ਸ਼੍ਰੇਣੀਆਂ* ਨੂੰ ਅਧਾਰ ਬਣਾ ਕੇ ਵਿਸ਼ਲੇਸ਼ਣ ਕੀਤਾ ਗਿਆ ਹੈ। ਚੌਥੇ ਵਰਗ ਵਿਚ ਸੰਸਥਾਗਤ ਪਖਾਂ ਦੀ ਪੜਚੋਲ ਕੀਤੀ ਹੈ। ਇਸ ਵਰਗ ਵਿਚਲੇ ਵਿਸ਼ੇ ਹਨ: ਗੁਰੂ, ਗੁਰਦੁਆਰਾ, ਲੰਗਰ ਆਦਿ।

ਡਾ. ਸ਼ੇਰ ਸਿੰਘ ਨੇ ਗੁਰਬਾਣੀ ਦੀ ਦਾਰਸ਼ਨਿਕ ਵਿਆਖਿਆ ਲਈ ਜਿਥੇ ਦੁਨੀਆਂ ਭਰ ਦੀਆਂ ਮੂਲ ਦਾਰਸ਼ਨਿਕ ਲਿਖਤਾਂ ਦਾ ਗੰਭੀਰ ਅਧਿਐਨ ਕੀਤਾ, ਉਥੇ ਉਨ੍ਹਾਂ ਨੇ ਆਪਣੇ ਸਮੇਂ ਦੇ ਸਮਕਾਲੀ ਜਾਂ ਪੂਰਬਲੇ ਅਧਿਕਾਰੀ ਵਿਦਵਾਨਾਂ ਨੂੰ ਵੀ ਨਿਠ ਕੇ ਘੋਖਿਆ ਹੈ। ਡਾ. ਸ਼ੇਰ ਸਿੰਘ ਦੁਆਰਾ ਕੀਤੀ ਵਿਆਖਿਆ ਦੀ ਬੁਨਿਆਦੀ ਟੇਕ ਗੁਰਬਾਣੀ ਅਤੇ ਇਸ ਦੀ ਪਹਿਲੀ ਪ੍ਰਮਾਣਿਕ ਵਿਆਖਿਆ ਭਾਈ ਗੁਰਦਾਸ ਜੀ ਦੀਆਂ ਵਾਰਾਂ ਉਤੇ ਹੈ। ਡਾ. ਸ਼ੇਰ ਸਿੰਘ ਅਨੁਸਾਰ ਗੁਰਮਤਿ ਦਰਸ਼ਨ ਇਕ ਸੁਤੰਤਰ ਦਰਸ਼ਨਧਾਰਾ ਹੈ, ਜਿਸ ਦਾ ਅਧਾਰ ਕੇਵਲ ਤੇ ਕੇਵਲ ਗੁਰਬਾਣੀ ਹੈ, ਜੋ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵ ਦਾ ਕਾਵਿਆਤਮਕ ਤੇ ਰਾਗਬਧ ਪ੍ਰਗਟਾਵਾ ਹੈ।

ਚੌਥੇ ਅਧਿਆਇ **ਡਾ. ਸ਼ੇਰ ਸਿੰਘ ਦਾ ਯੋਗਦਾਨ** ਵਿਚ ਡਾ. ਸ਼ੇਰ ਸਿੰਘ ਦੁਆਰਾ ਵਿਭਿੰਨ ਖੇਤਰਾਂ ਵਿਚ ਪਾਏ ਯੋਗਦਾਨ ਦਾ ਮੁਲੰਕਣ ਕੀਤਾ ਹੈ। ਉਨ੍ਹਾਂ ਦੁਆਰਾ ਪਾਏ ਯੋਗਦਾਨ ਨੂੰ ਵਰਗਾਂ ਵਿਚ ਵੰਡ ਕੇ ਵਿਚਾਰਿਆ ਹੈ: ਸਿੱਖ ਦਰਸ਼ਨ ਦਾ ਸੁਤੰਤਰ ਅਸਤਿਤਵ, ਸਿੱਖ ਸਿਧਾਂਤਾਂ ਦੀ ਨਵੀਂ ਵਿਆਖਿਆ, ਸਿੱਖ ਅਧਿਆਪਨ ਦਾ ਨਵੀਨੀਕਰਨ, ਪ੍ਰਬੰਧਕੀ ਅਤੇ ਸਮਕਾਲੀ ਵੰਗਾਰਾਂ ਦੇ ਉਤਰ।

ਸਾਰ ਰਾਹੀਂ ਸਮੁਚੇ ਖੋਜ-ਕਾਰਜ ਦਾ ਨਿਚੋੜ ਪੇਸ਼ ਕੀਤਾ ਹੈ। ਉਪਰੰਤ ਅੰਤਿਕਾਵਾਂ ਦਿਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਪਹਿਲੀ ਅੰਤਿਕਾ ਵਿਚ ਡਾ. ਸ਼ੇਰ ਸਿੰਘ ਤੇ ਉਨ੍ਹਾਂ ਦੀ ਪਤਨੀ ਦੀ ਤਸਵੀਰ ਹੈ। ਦੂਜੀ ਅੰਤਿਕਾ ਵਿਚ ਪ੍ਰਿੰਸੀਪਲ, ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਲੁਧਿਆਣਾ ਦੇ ਦਫਤਰ ਵਿਚ ਲਗੀ ਪ੍ਰਿੰਸੀਪਲਾਂ ਦੀ ਸੂਚੀ ਵਿਚ ਦਿਤੇ ਡਾ. ਸ਼ੇਰ ਸਿੰਘ ਦੇ ਨਾਂ ਦੀ ਤਸਵੀਰ ਹੈ। ਤੀਜੀ ਅੰਤਿਕਾ ਵਿਚ ਡਾ. ਸ਼ੇਰ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀਆਂ ਦੁਆਰਾ ਲੁਧਿਆਣਾ ਵਿਖੇ ਬਣਾਈ ਪੰਜਾਬੀ ਸਾਹਿਤ ਅਕਾਦਮੀ ਦੇ ਦਫਤਰ ਦੀ ਤਸਵੀਰ ਹੈ। ਇਸੇ ਤਰ੍ਹਾਂ ਚੌਥੀ ਅੰਤਿਕਾ ਵਿਚ ਡਾ. ਸ਼ੇਰ ਸਿੰਘ ਦੀ ਯਾਦ ਵਿਚ ਪੰਜਾਬ ਮਾਤਾ ਨਗਰ, ਲੁਧਿਆਣਾ ਵਿਖੇ ਉਨ੍ਹਾਂ ਦੇ ਨਾਮ ਉਤੇ ਬਣੀ ਇਕ ਸੜਕ, ਜਿਸ ਦਾ ਨਾਂ ਡਾ.

ਸ਼ੇਰ ਸਿੰਘ ਲੇਨ ਰਖਿਆ ਹੋਇਆ ਹੈ, ਉਤੇ ਲਗੇ ਬੋਰਡ ਦੀ ਤਸਵੀਰ ਸ਼ਾਮਿਲ ਹੈ। ਅੰਤ ਵਿਚ ਪੁਸਤਕ ਸੂਚੀ ਦਿਤੀ ਗਈ ਹੈ।

ਡਾ. ਸ਼ੇਰ ਸਿੰਘ ਦੁਆਰਾ ਸਿੱਖ ਅਧਿਐਨ ਵਿਚ ਨਿਭਾਈ ਗਈ ਭੂਮਿਕਾ ਉਨ੍ਹਾਂ ਦੇ ਜੀਵਨ ਨਾਲ ਤਦਰੂਪ ਰਹੀ। ਉਨ੍ਹਾਂ ਦੀ ਜਿਨ੍ਹਾਂ ਸਜਣਾਂ ਨੇ ਸੰਗਤ ਕੀਤੀ, ਉਨ੍ਹਾਂ ਦੀ ਜ਼ੁਬਾਨੀ ਪਤਾ ਚਲਦਾ ਹੈ ਕਿ ਉਨ੍ਹਾਂ ਦਾ ਜੀਵਨ ਸਿੱਖ ਧਰਮ ਅਤੇ ਮਨੁਖਤਾ ਦੀ ਸੇਵਾ ਪ੍ਰਥਾਇ ਸਮਰਪਿਤ ਸੀ। ਸੇਵਾ ਦੀ ਅਜਿਹੀ ਘਾੜਤ ਵਾਲਾ ਪੁਤਲਾ ਆਪਣੇ ਸਮੇਂ ਵਿਚ ਘਾਲਣਾ ਘਾਲ ਕੇ ਆਪਣਾ ਜੀਵਨ ਤਾਂ ਸਫਲ ਕਰ ਹੀ ਗਿਆ, ਇਸ ਦੇ ਨਾਲ ਹੀ ਆਉਣ ਵਾਲੀ ਪਨੀਰੀ ਨੂੰ ਇਕ ਲਾਗ ਤੇ ਪ੍ਰੇਰਨਾ ਵੀ ਦੇ ਕੇ ਗਿਆ। ਭਵਿਖ ਦੇ ਖੋਜਾਰਥੀਆਂ/ਵਿਦਿਆਰਥੀਆਂ ਲਈ ਉਨ੍ਹਾਂ ਦਾ ਜੀਵਨ ਚਾਨਣ ਮੁਨਾਰੇ ਦੀ ਤਰ੍ਹਾਂ ਰੌਸ਼ਨੀ ਅਤੇ ਸੇਧ ਦਿੰਦਾ ਰਹੇਗਾ।

**V**

ਅਸੀਂ ਆਪਣੇ ਖੋਜ-ਵਿਸ਼ੇ ਨੂੰ ਧਰਮਸ਼ਾਸਤਰੀ ਪਹੁੰਚ ਵਿਧੀ (Theological approach) ਦੇ ਨਾਲ-ਨਾਲ ਦਾਰਸ਼ਨਿਕ ਤੇ ਤੁਲਨਾਤਮਿਕ ਪਹੁੰਚ ਵਿਧੀਆਂ ਦੀਆਂ ਮਾਣਤਾਵਾਂ ਤਹਿਤ ਜਾਂਚਿਆ-ਪਰਖਿਆ ਹੈ। ਇਸ ਖੋਜ-ਕਾਰਜ ਲਈ ਅਸੀਂ ਡਾ. ਸ਼ੇਰ ਸਿੰਘ ਦੀ ਪੁਸਤਕ *ਗੁਰਮਤਿ ਦਰਸ਼ਨ* ਨੂੰ ਮੂਲ ਅਧਾਰ ਬਣਾਇਆ ਹੈ। ਹਵਾਲੇ ਦੀ ਪੁਸ਼ਟੀ ਲਈ ਭਾਈ ਗੁਰਦਾਸ ਜੀ ਤੋਂ ਇਲਾਵਾ ਸਿੱਖ ਅਧਿਐਨ ਦੇ ਪ੍ਰਸਿਧ ਵਿਦਵਾਨਾਂ ਨੂੰ ਵੀ ਵਰਤਿਆ ਹੈ। ਡਾ. ਸ਼ੇਰ ਸਿੰਘ ਦੀਆਂ ਮੂਲ ਲਿਖਤਾਂ ਵਿਚੋਂ ਹਵਾਲੇ ਉਦਰਿਤ ਕਰਦਿਆਂ ਕੋਈ ਛੇੜ-ਛਾੜ ਨਹੀਂ ਕੀਤੀ, ਸ਼ਬਦ-ਜੋੜਾਂ ਨੂੰ 'ਜਿਉਂ ਦਾ ਤਿਉਂ' ਹੀ ਬਰਕਰਾਰ ਰਖਿਆ ਹੈ। ਸਮੁਚੇ ਖੋਜ-ਪ੍ਰਬੰਧ ਦੀ ਸਿਰਜਣਾ ਕਰਦਿਆਂ ਉਨ੍ਹਾਂ ਦੇ ਜੀਵਨ, ਪ੍ਰਾਪਤੀਆਂ ਅਤੇ ਲਿਖਤਾਂ ਆਦਿ ਨੂੰ ਇਤਿਹਾਸਕ ਕਾਲਕ੍ਰਮ ਵਿਚ ਰਖ ਕੇ ਵਾਚਿਆ ਹੈ। ਲੋੜ, ਸਥਿਤੀ ਜਾਂ ਪ੍ਰਸੰਗ ਅਨੁਸਾਰ ਕੁਝ ਮਹਤਵਪੂਰਨ ਜਾਪਦੀਆਂ ਘਟਨਾਵਾਂ ਜਾਂ ਸੰਕਲਪਾਂ ਆਦਿ ਨੂੰ ਹੋਰਾਂ ਪ੍ਰਮਾਣਿਤ ਲਿਖਤਾਂ ਦੇ ਹਵਾਲੇ ਨਾਲ ਪਦ-ਟਿਪਣੀਆਂ ਵਿਚ ਸਪਸ਼ਟ ਕੀਤਾ ਹੈ। ਡਾ. ਸ਼ੇਰ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਗੁਰਬਾਣੀ ਦੇ ਜਿੰਨੇ ਵੀ ਹਵਾਲੇ ਵਰਤੇ ਹਨ, ਉਨ੍ਹਾਂ ਨੂੰ ਮੂਲ ਨਾਲ ਦੁਬਾਰਾ ਸੋਧ ਕੇ ਵਰਤਿਆ ਹੈ, ਕਿਉਂਕਿ ਪੁਰਾਣੀਆਂ ਪੁਸਤਕਾਂ ਦੇ ਛਾਪੇ ਵਿਚ ਗੁਰਬਾਣੀ ਹਵਾਲਿਆਂ ਵਿਚ ਪਰੂਫ ਦੀਆਂ ਉਕਾਈਆਂ ਅਕਸਰ ਰਹੀਆਂ ਹਨ। ਡਾ. ਸ਼ੇਰ ਸਿੰਘ ਨੇ ਜਿਹੜੇ ਹੋਰ ਗ੍ਰੰਥਾਂ ਵਿਚੋਂ ਆਪਣੀਆਂ ਲਿਖਤਾਂ ਵਿਚ ਹਵਾਲੇ ਲਏ ਹਨ, ਪਰ ਉਨ੍ਹਾਂ ਦੀ ਕੋਈ ਸੂਚਨਾ ਨਹੀਂ ਦਿਤੀ, ਵਾਹ ਲਗਦੀ ਉਹ

ਸੂਚਨਾ ਵੀ ਦਿਤੀ ਗਈ ਹੈ। ਡਾ. ਸ਼ੇਰ ਸਿੰਘ ਦੀ ਸ਼ਖਸੀਅਤ ਬਾਰੇ ਦਿਤੀਆਂ ਵਿਦਵਾਨਾਂ ਦੀਆਂ ਟਿਪਣੀਆਂ, ਰਿਵਿਊ ਅਤੇ ਪ੍ਰਸੰਸਾ ਪੱਤਰ ਉਨ੍ਹਾਂ ਦੀ ਪੁਸਤਕ *Guru Nanak On The Malady Of Man* ਅਤੇ ਬੀਬੀ ਰਾਜਿੰਦਰ ਕੌਰ ਦੀ ਪੁਸਤਕ *ਡਾ. ਸ਼ੇਰ ਸਿੰਘ : ਜੀਵਨ ਤੇ ਰਚਨਾ* ਵਿਚੋਂ ਦਿਤੇ ਗਏ ਹਨ। ਇਨ੍ਹਾਂ ਟਿਪਣੀਆਂ, ਰਿਵਿਊਆਂ ਅਤੇ ਪੱਤਰਾਂ ਦੇ ਅਸਲ ਸਰੋਤ ਤਕ ਪਹੁੰਚ ਨਹੀਂ ਹੋ ਸਕੀ।

ਖੋਜ-ਕਾਰਜ ਵਿਚ ਪਦ-ਟਿਪਣੀਆਂ ਦਿਤੀਆਂ ਗਈਆਂ ਹਨ। ਇਹ ਪਦ ਸੰਕੇਤ ਅੰਕ ਪੂਰੇ ਅਧਿਆਇ ਤਕ ਲਗਾਤਾਰ ਚਲਦੇ ਹਨ। ਟਿਪਣੀਆਂ ਜਾਂ ਹਵਾਲੇ ਲਈ ਨਾਂ ਅਤੇ ਪੰਨੇ ਦੇ ਸੰਕੇਤ ਹੀ ਦਿਤੇ ਹਨ, ਪੂਰੇ ਪ੍ਰਕਾਸ਼ਨ ਦੇ ਹਵਾਲੇ ਪੁਸਤਕ-ਸੂਚੀ ਵਿਚ ਸ਼ਾਮਲ ਹਨ। ਵਿਸ਼ਾ-ਵਿਸਤਾਰ ਲਈ ਅੰਕਣ-ਵਿਧੀ ਦਾ ਪ੍ਰਯੋਗ ਕੀਤਾ ਹੈ ਅਤੇ ਲੋੜੀਂਦੀ ਥਾਂ ਸਿਰਲੇਖ ਅਤੇ ਉਪ-ਸਿਰਲੇਖ ਵੀ ਦਿਤੇ ਹਨ। ਅੰਕਾਂ ਦਾ ਵਿਸਤਾਰ ਉਥੇ ਤਕ ਚਲਦਾ ਹੈ, ਜਿਥੇ ਤਕ ਇਕ ਸੰਕਲਪ ਵਿਸ਼ੇਸ਼ ਦੀ ਵਿਆਖਿਆ ਪੂਰੀ ਨਹੀਂ ਹੋ ਜਾਂਦੀ।

## VI

**ਅੰ**ਤ ਵਿਚ ਕਿਹਾ ਜਾ ਸਕਦਾ ਹੈ ਕਿ ਮੇਰੇ ਪੀਐਚ.ਡੀ. ਖੋਜ-ਪ੍ਰਬੰਧ ਦਾ ਇਹ ਵਿਸ਼ਾ ਸਿੱਖ-ਅਧਿਐਨ ਵਿਚ ਕਿਣਕਾ ਮਾਤਰ ਯੋਗਦਾਨ ਪਾਵੇਗਾ। ਹਥਲੇ ਕਾਰਜ ਰਾਹੀਂ ਪਹਿਲੀ ਵਾਰ ਸਿੱਖ ਅਧਿਐਨਕਾਰੀ ਵਿਚ ਡਾ. ਸ਼ੇਰ ਸਿੰਘ ਦੀ ਜਾਣ-ਪਛਾਣ ਕਰਾਉਣ ਦਾ ਮੁਢਲਾ ਜਿਹਾ ਜਤਨ ਕੀਤਾ ਗਿਆ ਹੈ, ਜਿਸ ਰਾਹੀਂ ਆਸ ਕੀਤੀ ਜਾ ਸਕਦੀ ਹੈ ਕਿ ਇਹ ਉਨ੍ਹਾਂ ਗੰਭੀਰ ਰੁਚੀ ਵਾਲੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਏਗਾ, ਜਿਹੜੇ ਸਿੱਖ ਦਰਸ਼ਨ ਨੂੰ ਅਧਿਐਨ ਪਖੋਂ ਵਿਸ਼ਵ ਦਰਸ਼ਨ ਦੇ ਬਰਾਬਰ ਖੜ੍ਹਾ ਕਰਨਾ ਲੋਚਦੇ ਹਨ ਅਤੇ ਇਸ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਗੁੰਮਨਾਮ ਸਜਣਾਂ ਨੂੰ ਅਕਾਦਮਿਕ ਜਗਤ ਵਿਚ ਰੁਸ਼ਨਾਉਣਾ ਚਾਹੁੰਦੇ ਹਨ।

ਸਮੁਚਾ ਕਾਰਜ ਅਕਾਲਪੁਰਖ ਵਾਹਿਗੁਰੂ ਦੀ ਬਖਸ਼ਿਸ਼ ਨਾਲ ਹੀ ਨੇਪਰੇ ਚੜ੍ਹ ਸਕਿਆ ਹੈ। ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਡਾ. ਦਰਸ਼ਨ ਸਿੰਘ ਜੀ ਹਨ, ਜੋ ਨਾ ਕੇਵਲ ਮੇਰੇ ਨਿਗਰਾਨ ਹੀ ਹਨ, ਬਲਕਿ ਰਾਹ ਦਸੇਰੇ ਵੀ ਹਨ। ਵਿਭਾਗ ਦੇ ਮੁਖੀ ਡਾ. ਰਾਜਿੰਦਰ ਕੌਰ ਰੋਹੀ ਦਾ ਵੀ ਧੰਨਵਾਦ ਹੈ। ਮੇਰੇ ਮਾਤਾ-ਪਿਤਾ ਤੇ ਉਨ੍ਹਾਂ ਵਰਗੇ ਸਸ-ਸਹੁਰਾ, ਜਿਨ੍ਹਾਂ ਦੁਆਰਾ ਦਿਤਾ ਪਿਆਰ ਤੇ ਸਹਿਯੋਗ ਕਿਸੇ ਪ੍ਰਕਾਰ ਵੀ ਭੁਲਾਇਆ ਨਹੀਂ ਜਾ ਸਕਦਾ, ਦਾ ਵੀ ਧੰਨਵਾਦ ਹੈ। ਮੇਰੇ ਪਤੀ ਡਾ. ਤੇਜਿੰਦਰ ਪਾਲ ਸਿੰਘ, ਜਿਨ੍ਹਾਂ ਨੇ ਨਾ ਕੇਵਲ ਮੇਰੀ

ਖੋਜ-ਕਾਰਜ ਦੌਰਾਨ ਹੌਂਸਲਾ ਅਫਜ਼ਾਈ ਕੀਤੀ, ਬਲਕਿ ਭਰਪੂਰ ਸਹਿਯੋਗ ਵੀ ਦਿਤਾ, ਦਾ ਵੀ ਧੰਨਵਾਦ ਹੈ। ਸਾਡੀ ਬੇਟੀ ਹਰਨੂਰ ਕੌਰ ਇਸ ਖੋਜ-ਕਾਰਜ ਦੇ ਨਾਲ ਹੀ ਜਨਮੀ, ਪਲੀ ਤੇ ਵਡੀ ਹੋਈ ਹੈ। ਖੋਜ-ਕਾਰਜ ਦੇ ਰੁਝੇਵਿਆਂ ਕਾਰਨ ਮੈਂ ਉਸ ਨੂੰ ਓਨਾ ਸਮਾਂ ਨਹੀਂ ਦੇ ਸਕੀ ਜਿੰਨੇ ਸਮੇਂ ਦੀ ਉਹ ਹਕਦਾਰ ਸੀ। ਆਸ ਹੈ ਕਿ ਵਡੀ ਹੋ ਕੇ ਜਦੋਂ ਉਸ ਨੂੰ ਇਸ ਗਲ ਦੀ ਸਮਝ ਆਵੇਗੀ, ਉਹ ਮੈਨੂੰ ਮੁਆਫ ਕਰ ਦੇਵੇਗੀ। ਇਸ ਪਖੋਂ ਇਸ ਖੋਜ-ਕਾਰਜ ਵਿਚ ਉਸ ਦਾ ਯੋਗਦਾਨ ਸਭ ਤੋਂ ਅਹਿਮ ਹੈ। ਮੇਰੇ ਵਡੇ ਵੀਰ ਡਾ. ਗੁਰਮੇਲ ਸਿੰਘ (ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਜਿਹੜੇ ਗੁਰਮਤਿ ਕਾਲਜ ਵਿਖੇ ਮੇਰੇ ਅਧਿਆਪਕ ਵੀ ਰਹੇ ਹਨ, ਦਾ ਵੀ ਧੰਨਵਾਦ ਹੈ, ਜਿਨ੍ਹਾਂ ਨੇ ਇਸ ਖੋਜ-ਕਾਰਜ ਦੌਰਾਨ ਆਪਣੀਆਂ ਵਡਮੁਲੀਆਂ ਸਲਾਹਾਂ ਦਿਤੀਆਂ। ਹੋਰ ਅਨੇਕ ਸਜਣਾਂ ਜਿਨ੍ਹਾਂ ਤੋਂ ਸਹਾਇਤਾ ਜਾਂ ਸਮਗਰੀ ਲਈ ਗਈ, ਸਭ ਦਾ ਧੰਨਵਾਦ ਹੈ।

**ਜੁਲਾਈ, 2015** **ਪਲਵਿੰਦਰ ਕੌਰ**